TAJ INSURANCE SERVICES
*Local or Long Haul Trucking (48 States) *Personal or Commercial Lines *Standard or Non Satandard Market *Auto and Home package Available
To beat your rates, Visit or Call
Gurdawar S. Mann Or Pal Rai
37485 Fremont Blvd, #D, Fremont, CA 94536
Ph:(510)739-1700, Fax (510)740-3451
Note:Also Income Tax filing Available
Gurdawar S. Mann
Lic#0F34231

Hardeep S.Rai Attorney-at-Law
ਇੰਮੀਗਰੇਸ਼ਨ ਵਕੀਲ
□ਨੌਂਵੀਂ ਸਰਕਟ ਕੋਰਟ □ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ □ਇਮੀਗ੍ਰੇਸ਼ਨ ਕੋਰਟ ਦੇ ਕੇਸ □ਫੈਮਿਲੀ ਪਟੀਸ਼ਨਾਂ □ਲੇਬਰ ਦੇ ਕੇਸ □ਡਿਪੋਰਟੇਸ਼ਨ ਦੇ ਕੇਸ □ਅਮੈਰਿਕਨ ਅੰਬੈਸੀ ਦੇ ਕੇਸ □ਬੈਂਕਰਪਸੀ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Eleventh Year in Publication
ਕੈਲੇਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 23, June 5, 2010
20451 N Plum Grove Rd. Palatine, IL 60074
Ph:847-359-0746, Fax:847-705-9388

## ਭਾਰਤੀ ਪਾਸਪੋਰਟ ਜਮ੍ਹਾ ਕਰਵਾਉਣ ਬਾਰੇ ਨਵੇਂ ਆਦੇਸ਼ਾਂ ਤੋਂ ਪਰਵਾਸੀ ਪ੍ਰੇਸ਼ਾਨ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਅਮਰੀਕੀ (ਵਿਦੇਸ਼ੀ) ਨਾਗਰਿਕਤਾ ਲੈਣ ਤੋਂ ਬਾਅਦ ਭਾਰਤੀ ਪਾਸਪੋਰਟ ਲਈ ਦਰਖਾਸਤ ਦੇਣਾ ਤੇ ਇਕ ਹੋਰ ਭਾਰਤੀ ਪਾਸਪੋਰਟ ਲੈਣਾ ਅਤੇ ਇਸ ਪਾਸਪੋਰਟ 'ਤੇ ਸਫ਼ਰ ਕਰਨਾ ਅਤੇ ਇਸੇ ਤਰ੍ਹਾਂ ਆਪਣੀ ਨਾਗਰਿਕਤਾ ਬਾਰੇ ਜਾਣਕਾਰੀ ਛੁਪਾ ਕੇ ਭਾਰਤੀ ਪਾਸਪੋਰਟ ਹਾਸਲ ਕਰਨਾ ਜਾਂ ਜਾਅਲੀ ਭਾਰਤੀ ਪਾਸਪੋਰਟ ਜਾਂ ਟਰੈਵਲ ਡਾਕੂਮੈਂਟ ਰੱਖਣਾ ਸਜ਼ਾਯੋਗ ਕਾਨੂੰਨੀ ਅਪਰਾਧ ਹੈ ਜਿਸ ਲਈ ਭਾਰੀ ਜੁਰਮਾਨਾ ਜਾਂ ਸਜ਼ਾ ਹੋ ਸਕਦੀ ਹੈ।

ਭਾਰਤੀ ਦੂਤਾਵਾਸ ਵੱਲੋਂ ਜਾਰੀ ਇਕ ਸੂਚਨਾ ਅਨੁਸਾਰ 'ਪਾਸਪੋਰਟ ਕਾਨੂੰਨ 1967' ਤਹਿਤ ਅਜਿਹੇ ਮਾਮਲੇ 'ਚ ਦੋਸ਼ੀ ਪਾਏ ਗਏ ਵਿਅਕਤੀ ਨੂੰ 5 ਸਾਲ ਤੱਕ ਦੀ ਕੈਦ ਤੇ 1250 ਅਮਰੀਕੀ ਡਾਲਰ ਤੱਕ ਜੁਰਮਾਨ ਹੋ ਸਕਦਾ ਹੈ। ਵਿਦੇਸ਼ੀ ਨਾਗਰਿਕਤਾ ਹਾਸਲ ਕਰਨ ਤੋਂ ਬਾਅਦ ਭਾਰਤੀ ਪਾਸਪੋਰਟ 'ਤੇ ਹਰ ਭਾਰਤੀ ਫੇਰੀ ਲਈ ਜੁਰਮਾਨਾ 250 ਡਾਲਰ ਹੈ। 'ਪਾਸਪੋਰਟ ਕਾਨੂੰਨ 1967' ਦੀਆਂ ਵਿਵਸਥਾਵਾਂ ਭਾਰਤੀ ਕੌਂਸਲਖਾਨੇ ਦੀ ਵੈਬਸਾਈਟ www.indianconsulate.com 'ਤੇ ਦੇਖੀਆਂ ਜਾ ਸਕਦੀਆਂ ਹਨ।

ਅਮਰੀਕੀ (ਜਾਂ ਕੋਈ ਵਿਦੇਸ਼ੀ) ਨਾਗਰਿਕਤਾ ਹਾਸਲ ਕਰਨ 'ਤੇ ਭਾਰਤੀ ਨਾਗਰਿਕਾਂ ਲਈ ਭਾਰਤੀ ਨਾਗਰਿਕਤਾ ਦਾ ਤਿਆਗ ਕਰਨਾ ਲਾਜ਼ਮੀ ਹੈ ਅਤੇ ਵਿਦੇਸ਼ੀ ਨਾਗਰਿਕਤਾ ਮਿਲਣ

*(ਬਾਕੀ ਸਫਾ 6 'ਤੇ)*

## ਪੰਜਾਬ 'ਚ ਨਕਸਲੀ ਸਰਗਰਮੀ ਬਾਰੇ ਪੁਲਿਸ ਮੁਖੀ ਦੀ ਦੁਹਾਈ

**ਬਿੰਦਰ ਬਸਰਾ**

**ਜਲੰਧਰ:** ਪੰਜਾਬ 'ਚ ਨਕਸਲਵਾਦ ਦੇ ਮੁੜ ਉਭਰਨ ਬਾਰੇ ਪ੍ਰਗਟਾਏ ਜਾ ਰਹੇ ਤੌਖਲੇ ਅਤੇ ਇਸ ਸੰਭਾਵੀ ਚੁਣੌਤੀ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਅਤੇ ਪੁਲਿਸ ਤੰਤਰ, ਜਿਸ ਸਰਗਰਮੀ ਨਾਲ ਵਿਆਪਕ ਪੱਧਰ 'ਤੇ ਰੱਸੇ ਪੈੜੇ ਵੱਟ ਰਹੇ ਹਨ, ਉਸ ਨੂੰ ਦੇਖਦਿਆਂ ਲੱਗਦਾ ਹੈ ਕਿ ਪੰਜਾਬ 'ਚ ਕਾਲੇ ਦਿਨਾਂ ਦਾ ਦੌਰ ਫਿਰ ਤੋਂ ਸ਼ੁਰੂ ਹੋਣ ਵਾਲਾ ਹੈ। ਦੂਜੇ ਪਾਸੇ ਕੁਝ ਨਿਰਪੱਖ ਵਿਚਾਰਵਾਨਾਂ ਦਾ ਖਿਆਲ ਹੈ ਇਹ ਸਭ ਕੁਝ ਪੁਲਿਸ ਵਲੋਂ ਆਪਣੀ ਅਹਿਮੀਅਤ ਵਧਾਉਣ ਅਤੇ ਲੋਕਾਂ ਦੇ ਮਸਲੇ ਹੱਲ ਕਰਨ ਵਿਚ ਅਸਫਲ ਰਹਿਣ ਵਾਲੀ ਸਰਕਾਰ ਦਾ ਇਕ ਢੱਕਵੰਜ ਹੀ ਹੈ।

*(ਬਾਕੀ ਸਫਾ 15 'ਤੇ)*



ਪੰਜਾਬੀ ਅਮੈਰਿਕਨ ਹੈਰੀਟੇਜ ਸੁਸਾਇਟੀ, ਯੂਬਾ ਸਿਟੀ ਵਲੋਂ ਯੂਬਾ ਸਿਟੀ ਵਿਚ 30 ਮਈ ਨੂੰ ਕਰਵਾਏ ਗਏ ਮੇਲੇ ਦੌਰਾਨ ਲੋਕ ਗਾਇਕ ਸਰਬਜੀਤ ਚੀਮਾ, ਮੇਲੇ ਦੀ ਰਿਪੋਰਟ ਅਗਲੇ ਅੰਕ ਵਿਚ

## ਸਾਕਾ ਨੀਲਾ ਤਾਰਾ ਦੀ ਵਰ੍ਹੇਗੰਢ ਦੇ ਮੱਦੇਨਜ਼ਰ ਸਿੱਖ ਸਿਆਸਤ ਮਘੀ

**ਪੰਜਾਬ ਟਾਈਮਜ਼ ਬਿਊਰੋ**

**ਅੰਮ੍ਰਿਤਸਰ:** ਸਾਕਾ ਨੀਲਾ ਤਾਰਾ ਦੀ ਵਰ੍ਹੇਗੰਢ ਦੇ ਮੱਦੇਨਜ਼ਰ ਸਿੱਖ ਸਿਆਸੀ ਸਫਾਂ ਵਿਚ ਬੀਤੇ ਕੁਝ ਦਿਨਾਂ ਤੋਂ ਇਕ ਬੇਚੈਨੀ ਵਾਲਾ ਮਾਹੌਲ ਵੇਖਣ ਨੂੰ ਮਿਲ ਰਿਹਾ ਹੈ। ਇਕ ਪਾਸੇ ਤਾਂ ਇਸ ਇਤਿਹਾਸਕ ਘਟਨਾ ਦੇ ਮੱਦੇਨਜ਼ਰ ਰੈਡੀਕਲ ਸਿੱਖ ਜਥੇਬੰਦੀ ਦਲ ਖਾਲਸਾ ਨੇ 72 ਘੰਟੇ ਲਈ ਧਰਨਾ ਦੇਣ ਦਾ ਪ੍ਰੋਗਰਾਮ ਉਲੀਕਿਆ ਹੈ, ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ-ਪੰਚ ਪ੍ਰਧਾਨੀ ਵਾਲਿਆਂ ਨੇ 1 ਤੋਂ 5 ਜੂਨ ਤੱਕ ਘੱਲੂਘਾਰਾ ਯਾਦਗਾਰੀ ਮਾਰਚ ਦਾ ਪ੍ਰੋਗਰਾਮ ਉਲੀਕਿਆ ਹੋਇਆ ਹੈ। ਇਨ੍ਹਾਂ ਦੋ ਜਥੇਬੰਦੀਆਂ ਦੇ ਇਨ੍ਹਾਂ ਪ੍ਰੋਗਰਾਮਾਂ ਦੇ ਐਲਾਨਾਂ ਨੂੰ ਵੇਖਦਿਆਂ ਸਰਕਾਰ ਨੇ ਇਹਤਿਆਤੀ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਹਨ। ਇਸ ਦੇ ਸਿੱਟੇ ਵਜੋਂ ਪੰਜਾਬ ਸਰਕਾਰ ਨੇ ਪੰਚ ਪ੍ਰਧਾਨੀ ਦੇ ਸੈਂਕੜੇ ਕਾਰਕੁਨ ਗ੍ਰਿਫਤਾਰ ਕਰ ਲਏ ਹਨ। ਉਧਰ ਦਲ ਖਾਲਸਾ ਵਲੋਂ ਉਲੀਕੇ ਪ੍ਰੋਗਰਾਮ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ. ਅਵਤਾਰ ਸਿੰਘ ਮੱਕੜ ਵਲੋਂ ਜ਼ੋਰਦਾਰ ਵਿਰੋਧ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਜਥੇਬੰਦੀ ਦੇ ਕਾਰਕੁਨਾਂ ਨੂੰ ਦਰਬਾਰ ਸਾਹਿਬ ਦੇ ਨਜ਼ਦੀਕ ਨਹੀਂ ਫਟਕਣ ਦਿੱਤਾ ਜਾਵੇਗਾ।

ਯਾਦ ਰਹੇ ਸਿੱਖ ਪੰਥ ਹਰ ਸਾਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਪਹੁੰਚਦਾ ਹੈ। ਇਸ ਸੰਬੰਧੀ ਸਾਰੀਆਂ ਪੰਥਕ ਧਿਰਾਂ ਆਪੋ-ਆਪਣੀਆਂ ਯੋਜਨਾਵਾਂ ਅਨੁਸਾਰ ਪ੍ਰੋਗਰਾਮ ਉਲੀਕਦੀਆਂ ਹਨ। ਪਿਛਲੇ 26 ਸਾਲਾਂ ਦੌਰਾਨ ਹਰ ਸਾਲ ਜੂਨ ਦਾ ਪਹਿਲਾ ਹਫਤਾ ਸਰਗਰਮੀਆਂ

*(ਬਾਕੀ ਸਫਾ 6 'ਤੇ)*

Delo
Mobil Delvac
GILL EXPRESS
WASH, TIRE & REPAIR
CALIFORNIA LOCATIONS
BAKERSFIELD @ HWY 58 & 184
FRESNO @ HWY 99, 5TH WHEEL TRUCK STOP
MADERA @ HWY 99, EXIT 18½ NEXT TO PILOT
RIPON @ HWY 99, EXIT JACK TONE @ JIMCO
ਅਸੀਂ ਸਾਰੇ ਰੇਟਾਂ ਨੂੰ ਬੀਟ ਕਰਦੇ ਹਾਂ
ਮਕੈਨਕ ਸ਼ਾਪ ਵਿਚ ਹਰ ਤਰ੍ਹਾਂ ਦੀ ਤਸੱਲੀਬਖ਼ਸ਼ ਰਿਪੇਅਰ ਕੀਤੀ ਜਾਂਦੀ ਹੈ। ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ
Call Gill 661-301-8978

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Raja Indian Cuisine & Bar
Ph: 510-264-9300
1275 W Winton Ave
Hayward, CA 94545
Wholesale and Retail
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of Manpreet S. Gahra
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਲੀਜ਼ਾ ਗਰੀਨ ਦਾ ਕਰਨ ਕਾਊਂਟੀ ਲਈ ਡਿਸਟ੍ਰਿਕਟ ਅਟਾਰਨੀ ਚੁਣਿਆ ਜਾਣਾ ਤੈਅ

**ਬੇਕਰਜ਼ਫੀਲਡ:** ਆਉਂਦੀ 8 ਜੂਨ ਨੂੰ ਹੋ ਰਹੀ ਚੋਣ ਵਿਚ ਸ੍ਰੀਮਤੀ ਲੀਜ਼ਾ ਗਰੀਨ ਦਾ ਕਰਨ ਕਾਊਂਟੀ ਦੀ ਨਵੀਂ ਡਿਸਟ੍ਰਿਕਟ ਅਟਾਰਨੀ ਚੁਣਿਆ ਜਾਣਾ ਕਰੀਬ ਕਰੀਬ ਤੈਅ ਹੈ ਕਿਉਂਕਿ ਉਨ੍ਹਾਂ ਦੇ ਮੁਕਾਬਲੇ ਕੋਈ ਵੀ ਹੋਰ ਉਮੀਦਵਾਰ ਚੋਣ ਮੈਦਾਨ ਵਿਚ ਨਹੀਂ ਹੈ। ਫਿਰ ਵੀ ਉਨ੍ਹਾਂ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਨੂੰ ਵੋਟ ਪਾ ਕੇ ਵੱਡੀ ਜਿੱਤ ਦਿਵਾਈ ਜਾਵੇ।



*ਲੀਜ਼ਾ ਗਰੀਨ*

ਇਸ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਸ੍ਰੀਮਤੀ ਲੀਜ਼ਾ ਗਰੀਨ ਨੇ ਦੱਸਿਆ ਕਿ ਡਿਸਟ੍ਰਿਕਟ ਅਟਾਰਨੀ ਲਈ ਕੋਈ ਵੀ ਵਕੀਲ ਚੋਣ ਲੜ ਸਕਦਾ ਹੈ ਅਤੇ ਇਸ ਅਹੁਦੇ ਦੀ ਮਿਆਦ ਚਾਰ ਸਾਲ ਹੁੰਦੀ ਹੈ ਪਰ ਤੁਸੀਂ ਜਿੰਨੀ ਵਾਰ ਚਾਹੋ ਚੋਣ ਲੜ ਸਕਦੇ ਹੋ। ਚੇਤੇ ਰਹੇ ਮੌਜੂਦਾ ਡਿਸਟ੍ਰਿਕਟ ਅਟਾਰਨੀ ਸ੍ਰੀ ਜੇਗਲ ਪਿਛਲੇ 28 ਸਾਲ ਤੋਂ ਇਸ ਅਹੁਦੇ ਉਪਰ ਹਨ। ਸ੍ਰੀਮਤੀ ਗਰੀਨ ਨੇ ਦੱਸਿਆ ਕਿ ਡਿਸਟ੍ਰਿਕਟ ਅਟਾਰਨੀ ਦਾ ਮੁੱਖ ਕੰਮ ਫੌਜਦਾਰੀ ਕੇਸਾਂ ਨੂੰ ਹੱਲ ਕਰਨ ਦਾ ਹੁੰਦਾ ਹੈ। ਭਾਵੇਂ ਕਿਸੇ ਵੀ ਤਰ੍ਹਾਂ ਦਾ ਜੁਰਮ ਕਿਉਂ ਨਾ ਹੋਵੇ, ਇਸ ਦੀ ਸਾਰੀ ਕਾਨੂੰਨੀ ਕਾਰਵਾਈ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਵਿਚੋਂ ਹੋ ਕੇ ਜਾਂਦੀ ਹੈ।

ਪਰਿਵਾਰ ਬਾਰੇ ਪੁੱਛੇ ਜਾਣ 'ਤੇ ਸ੍ਰੀਮਤੀ ਗਰੀਨ ਨੇ ਦੱਸਿਆ ਕਿ ਉਨ੍ਹਾਂ ਦੇ ਤਿੰਨ ਬੱਚੇ ਮੈਟ, ਐਂਡਰੀਓ ਅਤੇ ਬੇਟੀ ਬੇਕਾ ਹਨ। ਉਹ ਪਿਛਲੇ 25 ਸਾਲ ਤੋਂ ਮਿਸਟਰ ਜੈਕ ਨਾਲ ਆਪਣਾ ਵਿਆਹੁਤਾ ਜੀਵਨ ਬਤੀਤ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਸ੍ਰੀਮਤੀ ਲੀਜ਼ਾ ਗਰੀਨ ਇਕ ਇਮਾਨਦਾਰ ਪਰ ਸਖਤ ਮਿਜ਼ਾਜ਼ ਵਾਲੇ ਵਿਅਕਤੀ ਮੰਨੇ ਜਾਂਦੇ ਹਨ। ਉਨ੍ਹਾਂ ਨੇ ਅਨੇਕਾਂ ਅਪਰਾਧੀਆਂ ਨੂੰ ਜੇਲ੍ਹ ਦੀਆਂ ਸਲਾਖਾਂ ਪਿਛੇ ਧੱਕਿਆ ਹੈ ਅਤੇ ਉਹ ਆਪਣੇ ਕੰਮ ਵਿਚ ਕਿਸੇ ਤਰ੍ਹਾਂ ਦੀ ਦਖਲਅੰਦਾਜ਼ੀ ਪਸੰਦ ਨਹੀਂ ਕਰਦੇ। ਸ੍ਰੀਮਤੀ ਗਰੀਨ ਨੇ ਪੰਜਾਬੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਵੋਟਾਂ ਪਾ ਕੇ ਵੱਡੀ ਜਿੱਤ ਦਰਜ ਕਰਵਾਈ ਜਾਵੇ। ਉਨ੍ਹਾਂ ਦੀ ਚੋਣ ਸਬੰਧੀ ਜਾਣਕਾਰੀ ਲੈਣ ਲਈ ਮਨਦੀਪ ਮਾਨ ਨਾਲ ਫੋਨ 661-889-1927 'ਤੇ ਸੰਪਰਕ ਕੀਤਾ ਜਾ ਸਕਦਾ ਹੈ।


**Change of Name**

I Satnam Singh s/o Chanan Singh, resident of VPO Jamsher, Distt. Jalandhar (Pb), India, now living at 1506 Elden Ct., Yuba City, CA 95993, have changed my name to Satnam Singh Shergill. All concerned please note.





## ਫਰਿਜ਼ਨੋ 'ਚ ਸਭਿਆਚਾਰਕ ਮੇਲਾ 13 ਜੂਨ ਨੂੰ

**ਫਰਿਜ਼ਨੋ (ਮਨਦੀਪ ਮਾਨ):** ਰੇਂਜਰਜ਼ ਕਲੱਬ, ਫਰਿਜ਼ਨੋ ਵਲੋਂ ਇਕ ਸਭਿਆਚਾਰਕ ਮੇਲਾ ਆਉਂਦੀ 13 ਜੂਨ ਨੂੰ ਸਥਾਨਕ ਵੂਡਵਰਡ ਪਾਰਕ ਵਿਚ ਦੁਪਹਿਰ ਇਕ ਵਜੇ ਤੋਂ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਗਿੱਲ ਹਰਦੀਪ, ਗੀਤਾ ਜੈਲਦਾਰ, ਤਾਨੀਆ ਗਿੱਲ, ਸੱਤੀ ਸਤਵਿੰਦਰ ਅਤੇ ਇਸ਼ਮੀਤ ਨਰੂਲਾ ਤੋਂ ਇਲਾਵਾ ਇਕ ਗੋਰੀ ਕਲਾਕਾਰ ਜੈਨਿਸ ਮਿਲਰ ਸਰੋਤਿਆਂ ਦਾ ਮਨੋਰੰਜਨ ਕਰਨਗੇ। ਜ਼ਿਕਰਯੋਗ ਹੈ ਕਿ ਜੈਨਿਸ ਮਿਲਰ ਪੰਜਾਬੀ ਗੀਤ ਵੀ ਬਹੁਤ ਸੋਹਣੇ ਗਾ ਲੈਂਦੀ ਹੈ।

ਰੇਂਜਰਜ਼ ਕਲੱਬ ਫਰਿਜ਼ਨੋ ਪਿਛਲੇ ਲੰਮੇ ਸਮੇਂ ਤੋਂ ਪੰਜਾਬੀ ਸਭਿਆਚਾਰ ਨੂੰ ਜਿਊਂਦਾ ਰੱਖਣ ਲਈ ਵੱਡੇ ਵੱਡੇ ਮੇਲੇ ਕਰਵਾਉਂਦਾ ਆ ਰਿਹਾ ਹੈ। ਇਸ ਮੇਲੇ ਦੌਰਾਨ ਮੇਜ਼ਬਾਨ ਉਸਤਾਦ ਸ਼ਾਇਰ ਹਰਜਿੰਦਰ ਕੰਗ ਅਤੇ ਉਘੇ ਰੇਡੀਓ ਹੋਸਟ ਗੁਰਦੀਪ ਸ਼ੇਰਗਿੱਲ ਹੋਣਗੇ। ਮੇਲੇ ਸਬੰਧੀ ਹੋਰ ਜਾਣਕਾਰੀ ਲੈਣ ਲਈ ਰਣਦੀਪ ਗਿੱਲ ਫੋਨ 559-681-4309 ਜਾਂ ਰਾਜਦੀਪ ਪੰਨੂ ਫੋਨ 559-259-1815 ਨਾਲ ਸੰਪਰਕ ਕੀਤਾ ਜਾ ਸਕਦਾ ਹੈ।










ੴ ਸਤਿਗੁਰ ਪ੍ਰਸਾਦਿ


ਦੇਗ ਤੇਗ ਫਤਿਹ

ਜੇ ਜੀਵੈ ਪਤਿ ਲਥੀ ਜਾਇ ਸਭ ਹਰਾਮ ਜੇਤਾ ਕਿਛੁ ਖਾਇ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

3636 Murillo Ave, San Jose CA 95148



*ਅਪਰੇਸ਼ਨ ਬਲੂ ਸਟਾਰ ਤੋਂ ਬਾਦ ਸ੍ਰੀ ਅਕਾਲ ਤਖਤ ਸਾਹਿਬ*

ਭਾਰਤ ਸਰਕਾਰ ਵਲੋਂ 1984 ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਹੋਰ ਗੁਰਧਾਮਾਂ 'ਤੇ ਅਪਰੇਸ਼ਨ ਬਲੂ ਸਟਾਰ ਦੇ ਰੂਪ ਵਿਚ ਫੌਜੀ ਹਮਲਾ ਕੀਤਾ ਗਿਆ ਜਿਸ ਵਿਚ ਅਨੇਕਾਂ ਸਿੰਘ ਅਤੇ ਸਿੰਘਣੀਆਂ ਸ਼ਹੀਦ ਹੋ ਗਏ ਸਨ, ਉਨ੍ਹਾਂ ਸ਼ਹੀਦ ਸਿੰਘ-ਸਿੰਘਣੀਆਂ ਦੀ ਯਾਦ ਵਿਚ

## ਸ਼ਹੀਦੀ ਸਮਾਗਮ

**6 ਜੂਨ, 2010 ਦਿਨ ਐਤਵਾਰ**

ਇਸੇ ਸ਼ਹੀਦੀ ਸਾਕੇ ਦੇ ਸਬੰਧ ਵਿਚ ਸ੍ਰੀ ਅਖੰਡ ਪਾਠ ਸਾਹਿਬ 4 ਜੂਨ ਨੂੰ ਅਰੰਭ ਹੋਣਗੇ ਅਤੇ ਭੋਗ 6 ਜੂਨ ਨੂੰ ਪਾਏ ਜਾਣਗੇ। ਸਮੂਹ ਸੰਗਤ ਨੂੰ ਇਸ ਸ਼ਹੀਦੀ ਸਮਾਗਮ ਵਿਚ ਪੁੱਜਣ ਦੀ ਬੇਨਤੀ ਕੀਤੀ ਜਾਂਦੀ ਹੈ ਜੀ।

ਇਸ ਸ਼ਹੀਦੀ ਸਮਾਗਮ ਵਿਚ ਭਾਈ ਬਲਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸਿੰਦਰਪਾਲ ਸਿੰਘ ਪਟਿਆਲੇ ਵਾਲੇ, ਭਾਈ ਤਾਰਾ ਸਿੰਘ, ਭਾਈ ਕੁਲਵੰਤ ਸਿੰਘ ਅਤੇ ਭਾਈ ਰਛਪਾਲ ਸਿੰਘ ਦੇ ਰਾਗੀ ਜਥੇ, ਨਾਭੇ ਵਾਲੀਆਂ ਬੀਬੀਆਂ ਦਾ ਢਾਡੀ ਜਥਾ ਅਤੇ ਕਥਾਵਾਚਕ ਭਾਈ ਸਤਵੀਰ ਸਿੰਘ ਪਾਹਵਾ ਹਾਜ਼ਰੀਆਂ ਭਰਨਗੇ।

ਸ੍ਰੀ ਅਖੰਡ ਪਾਠ ਸਾਹਿਬ ਅਤੇ ਗੁਰੂ ਕੇ ਲੰਗਰ ਦੀ ਸੇਵਾ ਭਾਈ ਚਰਨ ਸਿੰਘ ਭੰਡਾਲ ਅਤੇ ਭਾਈ ਕੁਲਦੀਪ ਸਿੰਘ ਭੰਡਾਲ ਵਲੋਂ ਹੋਵੇਗੀ।

*ਨੋਟ:6 ਜੂਨ ਰਾਤ ਨੂੰ ਸੰਗਤ ਵਲੋਂ ਮੋਮਬੱਤੀਆਂ ਜਗਾ ਕੇ ਸ਼ਹੀਦ ਸਿੰਘਾਂ-ਸਿੰਘਣੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ।*

**ਗੁਰੂ ਪੰਥ ਦੇ ਦਾਸ: ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ**


# LISA GREEN

**FOR**

## KERN COUNTY DISTRICT ATTORNEY



LISA GREEN

8 ਜੂਨ ਦਿਨ ਮੰਗਲਵਾਰ ਨੂੰ ਹੋਣ ਜਾ ਰਹੀਆਂ ਚੋਣਾਂ ਵਿੱਚ ਲੀਜ਼ਾ ਗਰੀਨ ਜੋ ਕਿ ਕਰਨ ਕਾਊਂਟੀ ਦੇ ਡਿਸਟ੍ਰਿਕ ਅਟਾਰਨੀ ਦੇ ਆਹੁਦੇ ਲਈ ਇਕੋ ਇਕ ਉਮੀਦਵਾਰ ਹਨ ਜਿਸ ਕਰਕੇ ਉਹਨਾਂ ਦਾ ਡਿਸਟ੍ਰਿਕ ਅਟਾਰਨੀ ਚੁਣਿਆਂ ਜਾਣਾ ਤਹਿ ਹੈ।

ਲੀਜ਼ਾ ਗਰੀਨ ਆਪਣੇ ਕੰਮ ਪ੍ਰਤੀ ਮਿਹਨਤੀ, ਇਮਾਨਦਾਰੀ ਅਤੇ ਦ੍ਰਿੜਤਾ ਕਰਕੇ ਜਾਣੇ ਜਾਂਦੇ ਹਨ ਆਓ 8 ਜੂਨ ਦਿਨ ਮੰਗਲਵਾਰ ਨੂੰ ਉਹਨਾਂ ਨੂੰ ਵੋਟਾਂ ਪਾ ਕੇ ਉਹਨਾਂ ਦੀ ਜਿੱਤ ਦੇ ਅੰਤਰ ਨੂੰ ਵੱਡੇ ਪੱਧਰ ਤੇ ਦਰਜ ਕਰਵਾਈਏ। ਉਹਨਾਂ ਨਾਲ ਸੰਪਰਕ ਉਹਨਾਂ ਦੇ ਈ-ਮੇਲ lisa@greenforda.com ਉਪਰ ਕੀਤਾ ਜਾ ਸਕਦਾ ਹੈ।



*For More Information*

Mandeep Mann 661.889.1927

*E-mail:gurmann@hotmail.com*

# ਸ਼੍ਰੋਮਣੀ ਕਮੇਟੀ 84 ਦੇ ਸ਼ਹੀਦਾਂ ਦੀ ਯਾਦਗਾਰ ਬਣਾਵੇ-ਅਮੈਰਿਕਨ ਸਿੱਖ ਆਰਗੇਨਾਈਜੇਸ਼ਨ

**ਨਿਊ ਯਾਰਕ:** ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਨੇ ਇਥੇ ਜਾਰੀ ਇਕ ਬਿਆਨ ਵਿਚ ਅਕਾਲੀ ਦਲ (ਬਾਦਲ) ਅਤੇ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਬਾਦਲਕਿਆਂ ਨੂੰ ਵੰਗਾਰਦਿਆਂ ਆਖਿਆ ਹੈ ਕਿ ਜੇ ਉਨ੍ਹਾਂ ਦੀ ਰਤਾ ਜਿੰਨੀ ਵੀ ਜ਼ਮੀਰ ਜਿੰਦਾ ਹੈ ਤਾਂ ਜੂਨ 84 ਦੇ ਮਹਾਨ ਯੋਧਿਆਂ ਦੀ ਯਾਦਗਾਰ ਕਾਇਮ ਕਰੇ ਜੋ ਇਤਿਹਾਸ ਦਾ ਅਨਿਖੜਵਾਂ ਅੰਗ ਬਣਕੇ ਆਉਣ ਵਾਲੀਆਂ ਪੀੜੀਆਂ ਨੂੰ ਇਸ ਘੱਲੂਘਾਰੇ ਦੀ ਯਾਦ ਦਿਵਾਉਂਦੀ ਰਹੇ।

ਜਥੇਬੰਦੀ ਵਲੋਂ ਅਪਰੇਸ਼ਨ ਬਲੂ ਸਟਾਰ ਦੀ 26ਵੀਂ ਵਰ੍ਹੇਗੰਢ ਉਤੇ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ 18ਵੀਂ ਸਦੀ ਵਿਚ ਜਦੋਂ ਅਹਿਮਦਸ਼ਾਹ ਅਬਦਾਲੀ ਦੀਆਂ 38000 ਫੌਜਾਂ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਸੀ ਤਾਂ ਬਾਬਾ ਗੁਰਬਖਸ਼ ਸਿੰਘ 30 ਕੁ ਸਿੰਘਾਂ ਦੇ ਨਾਲ ਵੈਰੀ ਦਲ ਨਾਲ ਜੂਝਦਿਆਂ ਜਾਮ-ਏ-ਸ਼ਹਾਦਤ ਤਾਂ ਪੀ ਗਏ ਪਰ ਆਪਣੀ ਅੱਖੀਂ ਦਰਬਾਰ ਸਾਹਿਬ ਦੀ ਬੇਅਦਬੀ ਬਰਦਾਸ਼ਤ ਨਹੀਂ ਕਰ ਸਕੇ। ਫਿਰ ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਸ਼ਹੀਦ ਬਾਬਾ ਦੀਪ ਸਿੰਘ ਵਲੋਂ ਲੜੀ ਜੰਗ ਨੇ ਵੀ ਕੌਮ ਨੂੰ ਇਹ ਸੁਨੇਹਾ ਦਿੱਤਾ ਸੀ ਕਿ ਸਿੱਖ ਹੋਰ ਵਧੀਕੀਆਂ ਤਾਂ ਬਰਦਾਸ਼ਤ ਕਰ ਸਕਦੇ ਹਨ ਪਰ ਦਰਬਾਰ ਸਾਹਿਬ ਤੇ ਹਮਲਾ ਕਦੀ ਵੀ ਬਰਦਾਸ਼ਤ ਨਹੀਂ ਕਰਨਗੇ। ਆਪਣੇ ਪੁਰਖਿਆਂ ਦੇ ਕਦਮਾਂ ਤੇ ਚੱਲਦਿਆਂ 20ਵੀਂ ਸਦੀ ਵਿਚ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਮੁੱਠੀ ਭਰ ਸਿੰਘਾਂ ਨਾਲ ਤੀਜੇ ਘੱਲੂਘਾਰੇ ਦੀ ਜਿਸ ਢੰਗ ਨਾਲ ਆਸਾਵੀਂ ਲੜਾਈ ਲੜੀ ਉਹ ਵੀ ਕੌਮ ਦਾ ਮਾਣਮੱਤਾ ਅਤੇ ਗੌਰਵਮਈ ਇਤਿਹਾਸ ਹੈ।

ਬਿਆਨ ਅਨੁਸਾਰ ਜੂਨ 1984 ਦੇ ਘੱਲੂਘਾਰੇ ਦੇ ਰਿਸਦੇ ਜ਼ਖਮ ਕੌਮ ਨੂੰ ਉਨ੍ਹਾਂ ਪੀੜਾਂ ਦੀ ਹਰ ਸਾਲ ਯਾਦ ਕਰਾਉਂਦੇ ਹਨ ਜਿਸ ਵਿਚ ਦੇਸ਼ ਦੀ ਹੀ ਸਰਕਾਰ ਨੇ ਘੱਟ ਗਿਣਤੀ ਕੌਮ ਤੇ ਬਾਹਰਲੇ ਧਾੜਵੀਆਂ ਵਾਂਗ ਟੈਂਕਾਂ ਤੇ ਤੋਪਾਂ ਨਾਲ ਹਮਲਾ ਕਰਕੇ ਉਨ੍ਹਾਂ ਦੇ ਪਵਿੱਤਰ ਮਰਕਜ਼ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕੀਤਾ ਸੀ। ਅਸੀ ਚਾਹੁੰਦੇ ਹਾਂ ਕਿ ਇਹ ਜ਼ਖਮ ਉਦੋਂ ਤੱਕ ਰਿਸਦੇ ਰਹਿਣੇ ਚਾਹੀਦੇ ਹਨ ਜਦੋਂ ਤੱਕ ਕੌਮ ਆਪਣੀ ਮੰਜ਼ਿਲ ਤੱਕ ਨਾ ਪਹੁੰਚ ਜਾਵੇ ਕਿਉਂਕਿ ਕਈ ਰਿਸਦੇ ਜ਼ਖਮ ਕੌਮਾਂ ਲਈ ਕਦੀ ਨਾ ਕਦੀ ਵਰਦਾਨ ਸਾਬਤ ਹੋ ਜਾਂਦੇ ਹਨ।

ਜਥੇਬੰਦੀ ਦੇ ਆਗੂਆਂ ਭਾਈ ਦਵਿੰਦਰ ਸਿੰਘ, ਭਾਈ ਸੁਰਿੰਦਰ ਸਿੰਘ ਸਰਪੰਚ, ਭਾਈ ਦੀਦਾਰ ਸਿੰਘ, ਭਾਈ ਸੁਖਦੇਵ ਸਿੰਘ, ਭਾਈ ਤਰਜਿੰਦਰ ਸਿੰਘ, ਭਾਈ ਕੁਲਦੀਪ ਸਿੰਘ, ਭਾਈ ਜਰਨੈਲ ਸਿੰਘ ਖਾਲਸਾ, ਭਾਈ ਕਰਨੈਲ ਸਿੰਘ ਸਲੇਮਪੁਰ, ਭਾਈ ਮਨਜੀਤ ਸਿੰਘ, ਭਾਈ ਬਲਜਿੰਦਰਪਾਲ ਸਿੰਘ, ਭਾਈ ਸੁਖਵਿੰਦਰ ਸਿੰਘ, ਸੁਖਵੀਰ ਸਿੰਘ, ਨਸੀਬ ਸਿੰਘ ਅਤੇ ਚਰਨਜੀਤ ਸਿੰਘ ਸਮਰਾ ਵਲੋਂ ਜਾਰੀ ਇਸ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਇਸ ਤੋਂ ਬਾਅਦ ਵੀ ਸਿੱਖ ਕੌਮ 'ਤੇ ਹਮਲੇ ਰੁਕੇ ਨਹੀਂ ਸਗੋਂ ਬਿਪਰਾਂ ਵਲੋਂ ਬੌਧਿਕ ਹਮਲੇ ਲਗਾਤਾਰ ਜਾਰੀ ਹਨ। ਉਨ੍ਹਾਂ ਬੌਧਿਕ ਹਮਲਿਆਂ ਰਾਹੀਂ ਭਾਰਤੀ ਖੁਫੀਆ ਤੰਤਰ ਅਤੇ ਬਿਪਰਵਾਦੀ ਤਾਕਤਾਂ ਦਾ ਇਸ ਗੱਲ 'ਤੇ ਹੀ ਜੋਰ ਲੱਗਾ ਹੋਇਆ ਹੈ ਕਿ ਸਿੱਖ ਵਾਰਸਾਂ ਦੀ ਸੋਚ ਦਾ ਸ਼ੋਸ਼ਣ ਕਰਕੇ ਇਨ੍ਹਾਂ ਦਾ ਕੌਮ ਅਤੇ ਧਰਮ ਨਾਲੋਂ ਮੋਹ ਤੋੜ ਦਿਤਾ ਜਾਵੇ ਤਾਂ ਕਿ ਉਹ ਘੱਲੂਘਾਰੇ ਜਿਹੇ ਕਹਿਰ ਦਾ ਬਦਲਾ ਲੈਣ ਦੇ ਸਮੱਰਥ ਨਾ ਹੋ ਸਕਣ। ਇਹ ਹੀ ਕਾਰਨ ਹੈ ਕਿ ਪੰਜਾਬ ਨੂੰ ਨਸ਼ਈ, ਬੇਗੈਰਤ, ਬੇਜ਼ਮੀਰ, ਡਾਕੂ ਅਤੇ ਜਾਂਗਲੀ ਬਣਾਇਆ ਜਾ ਰਿਹਾ ਹੈ।

ਸਿੱਖ ਆਗੂਆਂ ਨੇ ਇਸ ਬਿਆਨ ਵਿਚ ਹੋਰ ਕਿਹਾ ਹੈ ਕਿ ਹਿੰਦੂ ਵੋਟਾਂ ਲੈਣ ਦੀ ਖਾਤਰ ਇਨ੍ਹਾਂ ਬੌਧਿਕ ਹਮਲਿਆਂ ਨੂੰ ਸਿਰੇ ਚਾੜਨ ਲਈ ਪੁੱਤਰ ਮੋਹ ਵਿਚ ਖਚਿਤ ਸ. ਪ੍ਰਕਾਸ਼ ਸਿੰਘ ਬਾਦਲ ਉਨ੍ਹਾਂ ਦੀ ਪੂਰੀ ਮਦਦ ਕਰ ਰਿਹਾ ਹੈ ਕਿਉਂਕਿ ਬਾਦਲ ਸਰਕਾਰ ਸਮੇਂ ਜਿਸ ਢੰਗ ਨਾਲ ਸਿੱਖ ਸਿਧਾਂਤਾਂ ਦਾ ਘਾਣ ਹੋ ਰਿਹਾ ਹੈ ਉਹ 26 ਸਾਲ ਪਹਿਲਾਂ ਹੋਏ ਹਮਲੇ ਨਾਲੋਂ ਵੀ ਖਤਰਨਾਕ ਹੈ। ਬਿਆਨ ਅਨੁਸਾਰ ਪਿਛਲੇ ਦਿਨੀਂ ਗੁਰਦੁਆਰਾ ਚੋਣ ਕਮਿਸ਼ਨ ਨੇ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਸਬੰਧੀ ਜੋ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਗੈਰ ਸਿੱਖ ਵੀ ਵੋਟਾਂ ਬਣਾ ਸਕਦੇ ਹਨ ਅਤੇ ਵੋਟਾਂ ਬਣਾਉਣ ਲਈ ਨਾਂ ਪਿਛੇ ਸਿੰਘ ਜਾਂ ਕੌਰ ਹੋਣਾ ਲਾਜ਼ਮੀ ਨਹੀਂ, ਇਹ ਸਭ ਗੈਰ ਸਿੱਖਾਂ ਅਤੇ ਡੇਰਾਵਾਦ ਦੀਆਂ ਵੋਟਾਂ ਬਣਾਉਣ ਲਈ ਸ. ਬਾਦਲ ਦੇ ਹੁਕਮਾਂ 'ਤੇ ਹੀ ਹੋਇਆ ਹੈ ਜਦੋਂਕਿ ਪਿਛਲੇ ਸਮੇਂ ਸੁਪਰੀਮ ਕੋਰਟ ਨੇ ਵੀ ਸਿੱਖ ਦੀ ਪਰਿਭਾਸ਼ਾ ਨੂੰ ਸਪਸ਼ਟ ਕਰ ਦਿਤਾ ਹੈ।

## ਗੁਰਬਾਣੀ ਕਥਾ ਵਿਆਖਿਆ ਦਾ ਪ੍ਰੋਗਰਾਮ 6 ਨੂੰ

**ਸੈਕਰਾਮੈਂਟੋ:** ਸਥਾਨਕ ਗੁਰਦੁਆਰਾ ਸੱਚ ਖੰਡ ਰੋਜ਼ਵਿਲ ਵਿਖੇ ਪਾਵਨ ਬਾਣੀ ਜਪੁਜੀ ਸਾਹਿਬ ਦੀ ਅੰਗਰੇਜ਼ੀ ਵਿਚ ਕਥਾ-ਵਿਆਖਿਆ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ ਜਿਸ ਤਹਿਤ ਭਾਈ ਜਤਿੰਦਰਪਾਲ ਸਿੰਘ ਜੀ 2 ਮਈ ਤੋਂ ਇਹ ਕਥਾ ਵਿਆਖਿਆ ਕਰਦੇ ਆ ਰਹੇ ਹਨ। ਇਸ ਪ੍ਰੋਗਰਾਮ ਤਹਿਤ ਆਖਰੀ ਕਥਾ-ਵਿਆਖਿਆ ਹੁਣ 6 ਜੂਨ ਨੂੰ ਬਾਅਦ ਦੁਪਹਿਰ 3 ਤੋਂ 5:30 ਵਜੇ ਤੱਕ ਹੋਵੇਗੀ। ਗੁਰਬਾਣੀ ਦੀ ਅੰਗਰੇਜ਼ੀ 'ਚ ਕਥਾ-ਵਿਆਖਿਆ ਸਬੰਧੀ ਸਥਾਨਕ ਬੱਚਿਆਂ ਨੇ ਭਾਰੀ ਉਤਸ਼ਾਹ ਵਿਖਾਇਆ ਹੈ। ਇਸ ਪ੍ਰੋਗਰਾਮ ਦੌਰਾਨ ਗੁਰੂ ਕਾ ਲੰਗਰ ਅਤੇ ਸਨੈਕਸ ਦਾ ਪ੍ਰਬੰਧ ਹੋਵੇਗਾ। ਹੋਰ ਜਾਣਕਾਰੀ ਫੋਨ 510-201-4648 ਤੋਂ ਹਾਸਲ ਕੀਤੀ ਜਾ ਸਕਦੀ ਹੈ।

**ਬਰਾਡਸ਼ਾਅ ਵਿਚ ਜਾਪ ਸਾਹਿਬ ਦੀ ਕਥਾ:** ਭਾਈ ਜਤਿੰਦਰਪਾਲ ਸਿੰਘ ਵਲੋਂ ਜਾਪ ਸਾਹਿਬ ਉਤੇ ਆਧਾਰਤ ਕਥਾ ਵਿਆਖਿਆ ਦਾ ਵਿਸ਼ੇਸ਼ ਪ੍ਰੋਗਰਾਮ ਗੁਰਦੁਆਰਾ ਬਰਾਡਸ਼ਾਅ ਵਿਖੇ ਪਿਛਲੇ ਇਕ ਹਫਤੇ ਤੋਂ ਰੋਜ਼ਾਨਾ ਸ਼ਾਮ 7:15 ਤੋਂ 8:15 ਤੱਕ ਚੱਲ ਰਿਹਾ ਹੈ ਜੋ ਕਿ 6 ਜੂਨ ਤੱਕ ਜਾਰੀ ਰਹੇਗਾ।

## ਅਕਸ਼ਧਾਮ ਮਾਮਲਾ; 3 ਦੋਸ਼ੀਆਂ ਦੀ ਫਾਂਸੀ ਦੀ ਸਜ਼ਾ ਬਰਕਰਾਰ

**ਅਹਿਮਦਾਬਾਦ:** ਗੁਜਰਾਤ ਹਾਈਕੋਰਟ ਨੇ ਸਾਲ 2002 'ਚ ਅਕਸ਼ਧਾਮ ਮੰਦਿਰ 'ਤੇ ਹੋਏ ਅਤਿਵਾਦੀ ਹਮਲੇ ਦੇ ਤਿੰਨ ਦੋਸ਼ੀਆਂ ਨੂੰ ਪੋਟਾ ਦੀ ਇਕ ਅਦਾਲਤ ਵਲੋਂ ਸੁਣਾਈ ਗਈ ਮੌਤ ਦੀ ਸਜ਼ਾ ਬਰਕਰਾਰ ਰੱਖੀ। ਇਸ ਹਮਲੇ 'ਚ 32 ਲੋਕ ਮਾਰੇ ਗਏ ਸਨ।

ਜਸਟਿਸ ਆਰ.ਐਮ. ਦੋਸ਼ਿਤ ਅਤੇ ਜਸਟਿਸ ਕੇ. ਐਮ. ਠਾਕੁਰ ਦੀ ਬੈਂਚ ਨੇ ਤਿੰਨਾਂ ਦੋਸ਼ੀਆਂ ਦੀ ਮੌਤ ਦੀ ਸਜ਼ਾ ਬਰਕਰਾਰ ਰੱਖਦੇ ਹੋਏ 6 ਦੋਸ਼ੀਆਂ ਦੀ ਪੋਟਾ ਅਦਾਲਤ ਦੇ ਫੈਸਲੇ ਵਿਰੁਧ ਕੀਤੀ ਗਈ ਅਪੀਲ ਖਾਰਜ ਕਰ ਦਿੱਤੀ।

## ਲੁਟੇਰਿਆਂ ਹੱਥੋਂ ਇਕ ਹੋਰ ਪੰਜਾਬੀ ਕੈਸ਼ੀਅਰ ਹਲਾਕ

**ਮਾਰਟਿਨਜ਼ਵਿਲ, ਵਰਜੀਨੀਆ:** ਸਨਿਚਰਵਾਰ ਕਰੀਬ ਅੱਧੀ ਰਾਤ ਵੇਲੇ ਤਿੰਨ ਲੁਟੇਰੇ ਇਥੇ ਬੀ ਜੀ ਐਕਸਪ੍ਰੈਸ#2 ਸਟੋਰ 'ਤੇ ਆਏ ਅਤੇ ਗੋਲੀਆਂ ਚਲਾ ਕੇ ਨਿਰਮਲ ਸਿੰਘ ਨਾਂ ਦੇ ਇਕ ਕੈਸ਼ੀਅਰ ਨੂੰ ਹਲਾਕ ਕਰ ਗਏ ਜਦੋਂਕਿ ਵਿਲੀਅਮ ਡੇਵਿਡ ਥਾਮਸ ਨਾਂ ਦੇ ਇਕ ਹੋਰ ਕੈਸ਼ੀਅਰ ਨੂੰ ਸਖ਼ਤ ਜ਼ਖਮੀ ਕਰ ਗਏ। ਨਿਰਮਲ ਸਿੰਘ 57 ਸਾਲਾਂ ਦਾ ਸੀ ਅਤੇ ਪੰਜਾਬ ਵਿਚ ਰੋਪੜ ਜ਼ਿਲ੍ਹੇ ਦੇ ਪਿੰਡ ਮੀਆਂਪੁਰ ਤੋਂ ਸੀ। ਇਹ ਵਾਰਦਾਤ ਕਰਨ ਪਿਛੋਂ ਲੁਟੇਰੇ ਨਕਦੀ, ਸਿਗਰਟਾਂ ਅਤੇ ਸਿਗਾਰ ਵਗੈਰਾ ਲੈ ਕੇ ਫਰਾਰ ਹੋ ਗਏ। ਪੁਲਿਸ ਅਨੁਸਾਰ ਸਰਵੇਲੈਂਸ ਫਿਲਮ ਤੋਂ ਪਤਾ ਲੱਗਦਾ ਹੈ ਕਿ ਇਸ ਸਾਰੀ ਵਾਰਦਾਤ ਨੂੰ ਮਸੀਂ ਅੱਧਾ-ਪੌਣਾ ਮਿੰਟ ਲੱਗਿਆ।

ਪੁਲਿਸ ਮੁਜਰਿਮਾਂ ਦੀ ਸਰਗਰਮੀ ਨਾਲ ਭਾਲ ਕਰ ਰਹੀ ਹੈ ਅਤੇ ਪੁਲਿਸ ਨੇ ਆਮ ਜਨਤਾ ਨੂੰ ਅਪੀਲ ਕੀਤੀ ਹੈ ਕਿ ਕਿਸੇ ਨੂੰ ਵੀ ਇਸ ਵਾਰਦਾਤ ਬਾਰੇ ਕਿਸੇ ਤਰ੍ਹਾਂ ਦੀ ਸੂਹ ਹੋਵੇ ਤਾਂ ਪੁਲਿਸ ਨੂੰ 911 'ਤੇ ਇਤਲਾਹ ਦਿੱਤੀ ਜਾਵੇ। ਇਸੇ ਦੌਰਾਨ ਇਹ ਵੀ ਸ਼ੱਕ ਹੈ ਕਿ ਇਸ ਵਾਰਦਾਤ ਵਿਚ ਸ਼ਾਮਲ ਲੁਟੇਰੇ ਉਹੀ ਲੋਕ ਹੋ ਸਕਦੇ ਹਨ ਜਿਨ੍ਹਾਂ ਨੇ ਇਸ ਵਾਰਦਾਤ ਤੋਂ ਇਕ ਹਫਤਾ ਪਹਿਲਾਂ ਸ਼ਹਿਰ ਵਿਚ ਮੈਮੋਰੀਅਲ ਬੁਲੇਵਾਰਡ ਉਤੇ ਪੀਪਲਜ਼ ਸੇਵ ਸਟੇਸ਼ਨ ਉਤੇ ਲੁੱਟ ਦੀ ਵਾਰਦਾਤ ਵਿਚ ਕੈਸ਼ੀਅਰ ਨੂੰ ਜ਼ਖਮੀ ਕਰ ਦਿੱਤਾ ਸੀ। ਪੁਲਿਸ ਨੇ ਲੋਕਾਂ ਨੂੰ ਖਬਰਦਾਰ ਕੀਤਾ ਹੈ ਕਿ ਉਹ ਕਿਸੇ ਵੀ ਸ਼ੱਕੀ ਸਥਿਤੀ ਵਿਚ ਝੱਟ ਪੁਲਿਸ ਨੂੰ ਇਤਲਾਹ ਕਰਨ।

## ਸੈਕਰਾਮੈਂਟੋ ਦੇ ਗਦਰੀ ਮੇਲੇ 'ਚ ਸਰਬਜੀਤ ਚੀਮਾ ਪਹੁੰਚੇਗਾ

**ਸੈਕਰਾਮੈਂਟੋ:** ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ ਵਲੋਂ ਗਦਰ ਲਹਿਰ ਦੇ ਮਹਾਨ ਯੋਧਿਆਂ ਦੀ ਯਾਦ ਵਿਚ ਕਰਵਾਏ ਜਾ ਰਹੇ ਦਸਵੇਂ ਸਭਿਆਚਾਰਕ ਮੇਲੇ ਵਿਚ ਪੰਜਾਬੀ ਫਿਲਮ ਕਲਾਕਾਰ ਅਤੇ ਲੋਕ ਗਾਇਕ ਸਰਬਜੀਤ ਚੀਮਾ ਦੇਸ਼ ਪਿਆਰ ਅਤੇ ਪੰਜਾਬੀ ਸਭਿਆਚਾਰ ਦੇ ਗੀਤ ਪੇਸ਼ ਕਰਕੇ ਸਰੋਤਿਆਂ ਦਾ ਮਨੋਰੰਜਨ ਕਰੇਗਾ।

ਸੰਸਥਾ ਦੇ ਮੀਤ ਪ੍ਰਧਾਨ ਜਰਨੈਲ ਸਿੰਘ ਮੰਡੇਰ, ਜਨਰਲ ਸਕੱਤਰ ਜਗਜੀਤ ਸਿੰਘ ਕੰਦੋਲਾ ਅਤੇ ਵਿੱਤ ਸਕੱਤਰ ਬਲਵਿੰਦਰ ਸਿੰਘ ਡੁਲਕੂ ਨੇ ਇਕ ਬਿਆਨ ਵਿਚ ਦੱਸਿਆ ਕਿ ਸਭਿਆਚਾਰਕ ਮੇਲਾ 10 ਜੁਲਾਈ ਨੂੰ ਸਵੇਰੇ 11 ਵਜੇ ਤੋਂ ਸ਼ਾਮੀ 7:30 ਵਜੇ ਤੱਕ ਸੈਲਡਨ ਹਾਈ ਸਕੂਲ ਦੇ ਪਰਫਾਰਮਿੰਗ ਆਰਟ ਸੈਂਟਰ ਵਿਚ ਹੋਵੇਗਾ।


# ਸੇਖਵਾਂ ਅਤੇ ਹੇਅਰ ਨੂੰ ਯੂ ਏ ਈ ਜਾਣ ਦੀ ਇਜਾਜ਼ਤ ਨਾ ਦਿੱਤੇ ਜਾਣ ਦੀ ਪਰਵਾਸੀ ਪੰਜਾਬੀਆਂ ਵਲੋਂ ਆਲੋਚਨਾ

**ਸੈਕਰਾਮੈਂਟੋ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਸ. ਸੇਵਾ ਸਿੰਘ ਸੇਖਵਾਂ ਅਤੇ ਐਨ ਆਰ ਆਈ ਸਭਾ ਪੰਜਾਬ ਦੇ ਪ੍ਰਧਾਨ ਕੰਵਲਜੀਤ ਸਿੰਘ ਹੇਅਰ ਨੂੰ ਕੇਂਦਰ ਸਰਕਾਰ ਵਲੋਂ ਸੰਯੁਕਤ ਅਰਬ ਅਮੀਰਾਤ (ਯੂ ਏ ਈ) ਵਿਚ ਫਸੇ 17 ਪੰਜਾਬੀਆਂ ਦੀ ਕਾਨੂੰਨੀ ਇਮਦਾਦ ਕਰਨ ਲਈ ਅਮੀਰਾਤ ਜਾਣ ਦੀ ਇਜਾਜ਼ਤ ਨਾ ਦਿਤੇ ਜਾਣ ਦੀ ਪਰਵਾਸੀ ਪੰਜਾਬੀਆਂ ਨੇ ਸਖ਼ਤ ਆਲੋਚਨਾ ਕੀਤੀ ਹੈ। ਚੇਤੇ ਰਹੇ ਇਨ੍ਹਾਂ 17 ਪੰਜਾਬੀਆਂ ਨੂੰ ਇਕ ਪਾਕਿਸਤਾਨੀ ਦੇ ਕਤਲ ਦੇ ਮਾਮਲੇ ਵਿਚ ਫਾਂਸੀ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਪਰਵਾਸੀ ਪੰਜਾਬੀਆਂ ਦਾ ਖਿਆਲ ਹੈ ਕਿ ਸ੍ਰੀ ਸੇਖਵਾਂ ਅਤੇ ਸ੍ਰੀ ਹੇਅਰ ਦੇ ਉਥੇ ਜਾਣ ਨਾਲ ਫਾਂਸੀ ਦੀ ਉਡੀਕ ਕਰ ਰਹੇ ਇਨ੍ਹਾਂ ਨੌਜਵਾਨਾਂ ਨੂੰ ਵੱਡਾ ਹੌਸਲਾ ਮਿਲਣਾ ਸੀ।

ਇਕ ਸਾਂਝੇ ਬਿਆਨ ਵਿਚ ਪਰਵਾਸੀ ਆਗੂਆਂ ਅਟਾਰਨੀ ਜਸਪ੍ਰੀਤ ਸਿੰਘ, ਜੋਬਨਜੀਤ ਸਿੰਘ, ਨਾਜਰ ਸਿੰਘ ਕੂਨਰ, ਬਲਜੀਵਨ ਧਾਰੀਵਾਲ, ਨਰਿੰਦਰਪਾਲ ਸਿੰਘ ਹੁੰਦਲ, ਦਲਵੀਰ ਸਿੰਘ ਨਿੱਜਰ, ਰਾਣਾ ਗੁਰਮੀਤ ਸਿੰਘ ਸੰਧੂ, ਨਵਿੰਦਰ ਸਿੰਘ ਭੰਡਾਲ, ਤੇਜਪਾਲ ਸਿੰਘ, ਮਨਜੀਤ ਸਿੰਘ, ਗੁਰਦੀਪ ਸਿੰਘ ਨਿੱਜਰ, ਪ੍ਰੀਤਮ ਸਿੰਘ ਗਿਲਜ਼ੀਆਂ, ਗੁਰਮੇਲ ਸਿੰਘ ਕੰਗ, ਗੁਰਮੁਖ ਸਿੰਘ, ਮੋਹਨ ਸਿੰਘ ਖੱਟੜਾ, ਹਾਕਮ ਸਿੰਘ ਗਰੇਵਾਲ, ਹਰਦੇਵ ਸਿੰਘ ਪੱਡਾ, ਭੁਪਿੰਦਰ ਸਿੰਘ ਅਟਵਾਲ, ਤਰਲੋਚਨ ਸਿੰਘ ਭੱਟੀ, ਕੁਲਦੀਪ ਸਿੰਘ, ਪ੍ਰੀਤਮ ਸਿੰਘ ਗਰੇਵਾਲ, ਵਿਕਰਮ ਪਾਸੀ, ਰਘਵੀਰ ਸਿੰਘ ਗਿਲਜ਼ੀਆਂ, ਜਤਿੰਦਰ ਸਿੰਘ, ਮਲਕੀਤ ਸਿੰਘ ਧਾਮੀ ਅਤੇ ਕਰਨੈਲ ਸਿੰਘ ਸੈਣੀ ਨੇ ਸਰਕਾਰ ਦੀ ਇਸ ਧੱਕੇਸ਼ਾਹੀ ਦੀ ਸਖ਼ਤ ਨਿੰਦਾ ਕੀਤੀ ਹੈ। ਅਟਾਰਨੀ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਸ੍ਰੀ ਸੇਖਵਾਂ ਜੋ ਪਰਵਾਸੀਆਂ ਦੇ ਮਾਮਲੇ ਅਤੇ ਸਮੱਸਿਆਵਾਂ ਹੱਲ ਕਰਵਾਉਣ ਲਈ ਹਮੇਸ਼ਾ ਤਤਪਰ ਰਹਿੰਦੇ ਹਨ, ਨੇ ਪਿਛਲੇ ਦਿਨੀਂ ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲਖਾਨੇ ਦੇ ਅਧਿਕਾਰੀਆਂ ਨਾਲ ਅਮਰੀਕਾ ਵਿਚ ਵਸਦੇ ਸਿਟੀਜ਼ਨ ਪੰਜਾਬੀਆਂ ਨੂੰ ਵੀਜ਼ੇ ਸਬੰਧੀ ਆ ਰਹੀਆਂ ਮੁਸ਼ਕਿਲਾਂ ਬਾਰੇ ਵੀ ਗੱਲਬਾਤ ਕੀਤੀ ਸੀ।

ਇਸੇ ਦੌਰਾਨ ਅਟਾਰਨੀ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਲੰਘੀ 18 ਮਈ ਨੂੰ ਕੈਲੀਫੋਰਨੀਆ ਦੀ ਈਸਟਰਨ ਫੈਡਰਲ ਕੋਰਟ ਨੇ ਇਕ ਅਹਿਮ ਫੈਸਲੇ ਰਾਹੀਂ ਅਮਰੀਕੀ ਇਮੀਗਰੇਸ਼ਨ ਵਿਭਾਗ ਨੂੰ ਨਿਰਦੇਸ਼ ਜਾਰੀ ਕੀਤੇ ਹਨ ਕਿ 1981 ਦੇ ਉਹ ਸੀ ਐਸ ਐਸ ਲੂਲੈਕ ਕੇਸ ਮੁੜ ਤੋਂ ਖੋਲ੍ਹੇ ਜਾਣ ਜੋ ਇੰਟਰਵਿਊ 'ਤੇ ਨਾ ਜਾਣ ਕਾਰਨ ਬੰਦ ਕਰ ਦਿੱਤੇ ਗਏ ਸਨ। ਉਨ੍ਹਾਂ ਵਿਅਕਤੀਆਂ ਦੇ ਕੇਸ ਵੀ ਖੋਲ੍ਹਣ ਦੇ ਹੁਕਮ ਦਿੱਤੇ ਗਏ ਹਨ ਜੋ ਕਿਸੇ ਕਾਰਨ ਅਮਰੀਕਾ ਤੋਂ ਬਾਹਰ ਹੋਰਨਾਂ ਦੇਸ਼ਾਂ ਵਿਚ ਚਲੇ ਗਏ ਸਨ। ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ ਸੀ ਐਸ ਐਸ ਲੂਲੈਕ ਦੇ 1981 ਵਾਲੇ ਹਜ਼ਾਰਾਂ ਕੇਸ ਮੁੜ ਤੋਂ ਖੋਲ੍ਹੇ ਜਾਣਗੇ। ਅਦਾਲਤ ਨੇ ਫੈਸਲਾ ਦਿੱਤਾ ਹੈ ਕਿ ਇਮੀਗਰੇਸ਼ਨ ਵਿਭਾਗ ਇਨ੍ਹਾਂ ਕੇਸਾਂ ਉਪਰ ਅਬੰਡਨਮੈਂਟ ਕਲਾਜ਼ ਲਗਾ ਕੇ ਇਨ੍ਹਾਂ ਨੂੰ ਬੰਦ ਨਹੀਂ ਕਰ ਸਕਦਾ। ਅਦਾਲਤ ਦੇ ਹੁਕਮਾਂ ਅਨੁਸਾਰ ਇਮੀਗਰੇਸ਼ਨ ਵਿਭਾਗ ਇਨ੍ਹਾਂ ਕੇਸਾਂ ਨੂੰ 180 ਦਿਨਾਂ ਦੇ ਅੰਦਰ ਖੋਲ੍ਹੇਗਾ ਜੋ ਕਿ ਨੋਟਿਸ ਆਫ ਇੰਟੈਂਟ ਜਾਰੀ ਕਰਕੇ ਬੰਦ ਕਰ ਦਿੱਤੇ ਗਏ ਸੀ।


ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???



ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ



- ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
- ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
- ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
- ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com

We Work in All 50 States

Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers



Gurbans Singh Gill
Realtor
12 Years Experiance in Real Estate
e-mail: gurbans@gotracy.com

REALTY WORLD
Millennium

Fax: 209-836-0706
www.gotracy.com

Gurbans Gill 209-815-1869

# ਪੰਜਾਬੀਆਂ ਦਾ 1500 ਕਰੋੜ ਰੁਪਈਆ ਹੜੱਪਿਆ

**ਚੰਡੀਗੜ੍ਹ :** ਪੰਜਾਬ ਵਿਚ ਨੈਟਵਰਕ ਮਾਰਕੀਟਿੰਗ ਰਾਹੀਂ ਲੋਕਾਂ ਨੂੰ ਮੋਟੀ ਕਮਾਈ ਕਰਨ ਦੇ ਸਬਜ਼ਬਾਗ ਦਿਖਾ ਕੇ ਲੋਕਾਂ ਦੀ ਤਕਰੀਬਨ 1500 ਕਰੋੜ ਰੁਪਏ ਦੀ ਲਹੂ ਪਸੀਨੇ ਦੀ ਕਮਾਈ ਨੂੰ ਕਈ ਅਣਅਧਿਕਾਰਤ ਕੰਪਨੀਆਂ ਨੇ ਲੁੱਟ ਲਿਆ ਹੈ। ਇਹ ਕੰਪਨੀਆਂ ਲੋਕਾਂ ਨੂੰ ਜਨਰਲ ਅਤੇ ਲਾਈਫ ਇੰਸ਼ੋਰੈਂਸ ਦੀਆਂ ਪਾਲਸੀਆਂ ਵੇਚ ਕੇ ਆਪਣਾ ਗੋਰਖਧੰਦਾ ਚਲਾਉਂਦੀਆਂ ਹਨ।

ਪੰਜਾਬ ਵਿਚ ਤਕਰੀਬਨ ਡੇਢ ਦਰਜਨ ਅਜਿਹੀਆਂ ਕੰਪਨੀਆਂ ਨੇ ਆਪਣਾ ਜਾਲ ਵਿਛਾਇਆ ਹੋਇਆ ਹੈ ਜੋ ਲੋਕਾਂ ਨੂੰ ਬੁੱਧੂ ਬਣਾ ਕੇ ਉਨ੍ਹਾਂ ਦੀ ਲੁੱਟ ਕਰ ਰਹੀਆਂ ਹਨ। ਇਨ੍ਹਾਂ ਦਿਨਾਂ ਵਿਚ ਅੱਧੀ ਦਰਜਨ ਦੇ ਕਰੀਬ ਕੰਪਨੀਆਂ ਪੂਰੀ ਤਰ੍ਹਾਂ ਸਰਗਰਮ ਹਨ। ਜਨਰਲ ਇੰਸ਼ੋਰੈਂਸ ਪਾਲਿਸੀ ਵੇਚ ਕੇ ਨਾਲ ਇਕ ਸੂਟ ਦੀ ਲੈਂਥ ਦੇ ਕੇ ਇਕ ਕੰਪਨੀ ਨੇ ਪੰਜਾਬ ਵਿਚ 10 ਲੱਖ ਲੋਕਾਂ ਦੇ ਬੀਮੇ ਕਰ ਦਿੱਤੇ ਹਨ। ਇਹ ਕੰਪਨੀ ਜਨਰਲ ਪਬਲਿਕ ਇੰਸ਼ੋਰੈਂਸ (ਜੀ.ਪੀ.ਏ.) ਤਹਿਤ 3 ਲੱਖ ਰੁਪਏ ਦਾ ਬੀਮਾ ਅਤੇ ਨਾਗਰਿਕ ਸੁਰੱਖਿਆ ਪਾਲਸੀ ਦੇ ਨਾਂਅ 'ਤੇ 2 ਲੱਖ ਰੁਪਏ ਦਾ ਬੀਮਾ ਕਰਦੀ ਹੈ। ਜੀ.ਪੀ.ਏ. ਦੀ ਪਾਲਸੀ ਪ੍ਰਤੀ ਲੱਖ ਦੇ ਹਿਸਾਬ ਨਾਲ 66 ਰੁਪਏ ਵਿਚ ਆਮ ਮਿਲਦੀ ਹੈ ਜਦੋਂਕਿ ਨਾਗਰਿਕ ਸੁਰੱਖਿਆ ਪਾਲਸੀ ਪ੍ਰਤੀ ਲੱਖ ਬੀਮਾ 44 ਰੁਪਏ ਦੇ ਹਿਸਾਬ ਨਾਲ ਹੋ ਜਾਂਦੀ ਹੈ। ਸੂਟ ਦੀ ਲੈਂਥ ਦੇਣ ਵਾਲੀ ਇਹ ਕੰਪਨੀ ਲੋਕਾਂ ਤੋਂ 4500 ਰੁਪਏ ਵਸੂਲ ਕਰਦੀ ਹੈ ਜਦੋਂ ਕਿ ਬੀਮੇ 'ਤੇ ਕੇਵਲ 250 ਰੁਪਏ ਖਰਚ ਆਉਂਦੇ ਹਨ। ਜੋ ਸੂਟ ਦੀ ਲੈਂਥ ਦਿੱਤੀ ਜਾਂਦੀ ਹੈ ਉਸ ਦੀ ਕੀਮਤ ਵੀ ਤਕਰੀਬਨ 250 ਰੁਪਏ ਹੀ ਹੈ। ਇਸ ਹਿਸਾਬ ਨਾਲ ਲੋਕਾਂ ਨੂੰ ਪ੍ਰਤੀ ਪਾਲਿਸੀ 4 ਹਜ਼ਾਰ ਰੁਪਏ ਦਾ ਰਗੜਾ ਲਾਇਆ ਜਾਂਦਾ ਹੈ। ਇਹ ਕੰਪਨੀ ਆਪਣੀ ਵੈਬਸਾਈਟ ਰਾਹੀਂ ਓਰੀਐਂਟਲ ਇੰਸ਼ੋਰੈਂਸ ਕੰਪਨੀ ਲਿਮਟਿਡ ਦੀ ਬੀਮਾ ਪਾਲਸੀ ਪ੍ਰਿੰਟ ਕਰਕੇ ਲੋਕਾਂ ਨੂੰ ਦੇ ਰਹੀ ਹੈ। ਇਸ ਪਾਲਸੀ 'ਤੇ ਲੋਕਾਂ ਤੋਂ ਕਿੰਨੇ ਪੈਸੇ ਲਏ ਗਏ, ਦਾ ਵਰਨਣ ਨਹੀਂ ਕੀਤਾ ਜਾਂਦਾ। ਜਿੰਨੀ ਰਕਮ ਦਾ ਬੀਮਾ ਕੀਤਾ ਹੁੰਦਾ ਹੈ, ਉਸ ਦਾ ਵੇਰਵਾ ਹੀ ਲਿਖਿਆ ਹੁੰਦਾ ਹੈ। ਇਹ ਬੀਮਾ ਪਾਲਸੀ ਇਕ ਸਾਲ ਲਈ ਹੁੰਦੀ ਹੈ, ਜਦੋਂਕਿ ਨੈਟਵਰਕ ਮਾਰਕੀਟਿੰਗ ਵਾਲੀ ਕੰਪਨੀ ਲੋਕਾਂ ਨੂੰ ਇਹ ਕਹਿੰਦੀ ਹੈ ਕਿ ਉਨ੍ਹਾਂ ਦਾ ਸਾਰੀ ਉਮਰ ਦਾ ਬੀਮਾ ਹੋ ਗਿਆ ਹੈ। ਉਹ ਹਰ ਸਾਲ 500 ਰੁਪਏ ਦੇ ਕੇ ਆਪਣੀ ਬੀਮਾ ਪਾਲਸੀ ਜਾਰੀ ਰੱਖ ਸਕਦੇ ਹਨ। ਇਹ ਵੀ ਪਤਾ ਲੱਗਾ ਹੈ ਕਿ ਜਿਹੜੀ ਕੰਪਨੀ ਨੇ ਪੰਜਾਬ ਵਿਚ 10 ਲੱਖ ਦੇ ਕਰੀਬ ਲੋਕਾਂ ਦੇ ਬੀਮੇ ਕਰਕੇ 500 ਕਰੋੜ ਰੁਪਏ ਤੋਂ ਵਧੇਰੇ ਕਮਾਈ ਕੀਤੀ ਹੈ, ਉਸਦਾ ਮਾਲਕ 7-8 ਸਾਲ ਪਹਿਲਾਂ ਦਿੱਲੀ ਵਿਖੇ ਇਕ ਦੁਕਾਨ 'ਤੇ 70 ਰੁਪਏ ਦੀ ਦਿਹਾੜੀ ਕਰਦਾ ਸੀ ਅਤੇ ਚੂੜੀਆਂ ਵੇਚਦਾ ਸੀ। ਹੁਣ ਉਹ ਵਿਅਕਤੀ ਆਪਣੇ ਆਪ ਨੂੰ ਬਿਲਡਰ ਕਹਾਉਂਦਾ ਹੈ, ਉਸ ਨੇ ਇਕ ਕਾਲਜ ਵੀ ਖੋਲ੍ਹ ਲਿਆ ਹੈ ਅਤੇ ਹੋਰ ਕਈ ਕੰਪਨੀਆਂ ਚਲਾਉਣ ਦਾ ਦਾਅਵਾ ਕਰ ਰਿਹਾ ਹੈ। ਆਪਣੇ ਗੋਰਖਧੰਦੇ ਵਿਚ ਸ਼ਾਮਲ ਵਿਅਕਤੀਆਂ ਨੂੰ ਉਹ ਜ਼ਿਆਦਾਤਰ ਨਕਦ ਅਦਾਇਗੀ ਕਰਦਾ ਹੈ ਅਤੇ ਲੋਕਾਂ ਨੂੰ ਸਬਜ਼ ਬਾਗ ਦਿਖਾਉਣ ਲਈ ਲੱਖਾਂ ਰੁਪਏ ਦੇ ਚੈਕ ਕੱਟ ਕੇ ਦੇ ਦਿੰਦਾ ਹੈ ਜਿਨ੍ਹਾਂ ਦੀ ਕਿ ਕਦੀ ਵੀ ਅਦਾਇਗੀ ਨਹੀਂ ਹੁੰਦੀ।

ਇਕ ਅਜਿਹੀ ਕੰਪਨੀ ਸਰਗਰਮ ਹੈ ਜੋ ਬਜਾਜ ਅਲਾਇੰਸ ਦੀ ਮਾਰਕੀਟਿੰਗ ਪਲੱਸ ਵਾਲੀ ਪਾਲਸੀ ਵੇਚਦੀ ਹੈ। ਇਹ ਕੰਪਨੀ ਲੋਕਾਂ ਨੂੰ ਕਹਿੰਦੀ ਹੈ ਕਿ ਇਕ ਵਾਰ 12 ਹਜ਼ਾਰ ਰੁਪਏ ਜਮ੍ਹਾਂ ਕਰਵਾਕੇ ਹੀ ਉਨ੍ਹਾਂ ਦਾ 10 ਲੱਖ ਰੁਪਏ ਦੇ ਕਰੀਬ ਬੀਮਾ ਹੋ ਜਾਂਦਾ ਹੈ ਅਤੇ ਸਾਲ ਬਾਅਦ ਉਹ ਆਪਣੀ ਰਕਮ ਵਾਪਸ ਵੀ ਲੈ ਸਕਦੇ ਹਨ ਪਰ ਜਦੋਂ ਲੋਕੀਂ ਬੀਮਾ ਕੰਪਨੀ ਤੋਂ ਰਕਮ ਵਾਪਸ ਲੈਣ ਜਾਂਦੇ ਹਨ ਤਾਂ ਕਿਹਾ ਜਾਂਦਾ ਹੈ ਕਿ ਉਹ ਲਗਾਤਾਰ ਤਿੰਨ ਸਾਲ ਆਪਣੀ ਕਿਸ਼ਤਾਂ ਜਮ੍ਹਾਂ ਕਰਵਾ ਕੇ ਹੀ ਰਕਮ ਵਾਪਸ ਲੈ ਸਕਦੇ ਹਨ। ਜਦੋਂ ਤਿੰਨ ਸਾਲ ਬਾਅਦ ਲੋਕੀਂ ਰਕਮ ਵਾਪਸ ਲੈਂਦੇ ਹਨ ਤਾਂ ਪਾਲਸੀ ਪ੍ਰੀਮੈਚਿਓਰ ਕਰਵਾਉਣ ਦੇ ਹਜ਼ਾਰਾਂ ਰੁਪਏ ਕੱਟ ਲਏ ਜਾਂਦੇ ਹਨ। ਨੈਟਵਰਕ ਮਾਰਕੀਟਿੰਗ ਦਾ ਧੰਦਾ ਕਿਸੇ ਵੀ ਨਿਯਮ ਤਹਿਤ ਨਹੀਂ ਚਲਦਾ ਅਤੇ ਨਾ ਹੀ ਲੋਕਾਂ ਨਾਲ ਧੋਖਾਦੇਹੀ ਕਰਨ ਵਾਲਿਆਂ ਖਿਲਾਫ ਪੁਲਸ ਕਾਰਵਾਈ ਕਰਦੀ ਹੈ।

ਪੰਜਾਬ ਪੁਲਸ ਦੇ ਕਈ ਅਧਿਕਾਰੀ ਵੀ ਇਸ ਕੰਮ ਵਿਚ ਲੱਗੇ ਹੋਏ ਹਨ। ਉਹ ਖਾਕੀ ਵਰਦੀ ਦਾ ਦਬਾਅ ਪਾ ਕੇ ਲੋਕਾਂ ਦੇ ਬੀਮੇ ਕਰ ਦਿੰਦੇ ਹਨ ਅਤੇ ਚੰਗੀ ਕਮਾਈ ਕਰਦੇ ਹਨ। ਜਦੋਂ ਉਨ੍ਹਾਂ ਕੋਲ ਕੋਈ ਸ਼ਿਕਾਇਤ ਪਹੁੰਚਦੀ ਹੈ ਤਾਂ ਉਹ ਉਲਟਾ ਸ਼ਿਕਾਇਤ ਕਰਨ ਵਾਲਿਆਂ 'ਤੇ ਪਰਚੇ ਦਰਜ ਕਰਨ ਦੀਆਂ ਧਮਕੀਆਂ ਦੇ ਕੇ ਕੰਪਨੀ ਅਤੇ ਉਸ ਦੇ ਏਜੰਟਾਂ ਨੂੰ ਬਚਾ ਰਹੇ ਹਨ। ਇਸ ਸਬਜ਼ ਬਾਗ ਦਾ ਸ਼ਿਕਾਰ ਹੋਏ 5 ਦਰਜਨ ਦੇ ਕਰੀਬ ਲੋਕਾਂ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਪੰਜਾਬ ਪੁਲਸ ਮੁਖੀ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਵਿਚ ਅਣਅਧਿਕਾਰਤ ਕੰਪਨੀਆਂ ਵਲੋਂ ਗਰੁੱਪ ਬੀਮਾ ਪਾਲਸੀਆਂ ਵੇਚਣ ਦੇ ਧੰਦੇ 'ਤੇ ਰੋਕ ਲਾਈ ਜਾਵੇ ਤਾਂ ਕਿ ਲੋਕਾਂ ਦੀ ਹੋ ਰਹੀ ਲੁੱਟ ਨੂੰ ਠੱਲ੍ਹ ਪੈ ਸਕੇ।

## ਲੋਕ ਗਾਇਕ ਆਜ਼ਾਦ ਨੂੰ ਗਹਿਰਾ ਸਦਮਾ, ਬੇਟੇ ਦੀ ਮੌਤ

**ਸੈਕਰਾਮੈਂਟੋ:** ਉਘੇ ਪੰਜਾਬੀ ਲੋਕ ਗਾਇਕ ਸ੍ਰੀ ਐਸ ਐਸ ਆਜ਼ਾਦ ਦੇ ਇਕਲੌਤੇ ਬੇਟੇ ਸ੍ਰੀ ਨਵਪ੍ਰੀਤ ਆਜ਼ਾਦ ਦਾ ਪਿਛਲੇ ਦਿਨੀਂ ਪੀ ਜੀ ਆਈ ਚੰਡੀਗੜ੍ਹ ਵਿਚ ਦਿਹਾਂਤ ਹੋ ਗਿਆ। ਉਹ ਇਕ ਲੰਮੇ ਸਮੇਂ ਤੋਂ ਬਿਮਾਰ ਚਲਿਆ ਆ ਰਿਹਾ ਸੀ ਅਤੇ ਸਿਰਫ 15 ਸਾਲ ਦਾ ਸੀ। ਸ੍ਰੀ ਆਜ਼ਾਦ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਅਤੇ ਡਾ. ਭੀਮ ਰਾਓ ਅੰਬੇਦਕਰ ਦੇ ਮਿਸ਼ਨ ਦਾ ਇਕ ਲੰਮੇ ਸਮੇਂ ਤੋਂ ਪ੍ਰਚਾਰ ਕਰਦੇ ਆ ਰਹੇ ਹਨ। ਨਵਪ੍ਰੀਤ ਆਜ਼ਾਦ ਦਾ ਸਸਕਾਰ ਉਨ੍ਹਾਂ ਦੇ ਜੱਦੀ ਪਿੰਡ ਅਮਰਗੜ੍ਹ (ਛੋਟੀਆਂ ਭੰਗਲਾਂ) ਜ਼ਿਲਾ ਨਵਾਂਸ਼ਹਿਰ ਵਿਚ ਕਰ ਦਿੱਤਾ ਗਿਆ।

ਇਸੇ ਦੌਰਾਨ ਗੁਰੂ ਰਵਿਦਾਸ ਸਭਾ ਰਿਓ ਲਿੰਡਾ ਸੈਕਰਾਮੈਂਟੋ ਦੀ ਪ੍ਰਬੰਧਕ ਕਮੇਟੀ ਦੀ ਇਕ ਸ਼ੋਕ ਇਕੱਤਰਤਾ ਹੋਈ ਜਿਸ ਵਿਚ ਵਿਛੜੀ ਰੂਹ ਦੀ ਸ਼ਾਂਤੀ ਲਈ ਅਰਦਾਸ ਕੀਤੀ ਗਈ ਅਤੇ ਪ੍ਰਭੂ ਚਰਨਾਂ ਵਿਚ ਬੇਨਤੀ ਕੀਤੀ ਗਈ ਕਿ ਸ੍ਰੀ ਆਜ਼ਾਦ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ। ਸ੍ਰੀ ਐਸ ਐਸ ਆਜ਼ਾਦ ਨਾਲ ਫੋਨ 91-94173-12678 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪੁਲਿਸ ਤੋਂ ਪ੍ਰੇਸ਼ਾਨ ਹੋ ਕੇ ਖੁਦਕੁਸ਼ੀ

**ਜਗਰਾਉਂ :** ਪਿੰਡ ਦੇਹੜਕਾ ਦੇ 54 ਸਾਲਾ ਵਿਅਕਤੀ ਨੇ ਪੁਲੀਸ ਦੀ ਵਧੀਕੀ ਅਤੇ ਆਰਥਿਕ ਤੰਗੀ ਕਾਰਨ ਜ਼ਹਿਰੀਲੀ ਦਵਾਈ ਪੀ ਕੇ ਆਤਮ ਹੱਤਿਆ ਕਰ ਲਈ। ਮ੍ਰਿਤਕ ਗੁਰਚਰਨ ਸਿੰਘ ਪੁੱਤਰ ਕੇਹਰ ਸਿੰਘ 5 ਲੜਕੀਆਂ ਦਾ ਪਿਉ ਅਤੇ ਚਾਰ ਭੈਣਾਂ ਦਾ ਇਕੱਲਾ ਭਰਾ ਸੀ। ਉਸ ਕੋਲੋਂ ਆਤਮ ਹੱਤਿਆ ਨੋਟ ਵੀ ਮਿਲਿਆ ਹੈ, ਜਿਸ 'ਤੇ ਉਸਨੇ ਪੁਲੀਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੀ ਇਕ ਮਹਿਲਾ ਏ.ਐਸ.ਆਈ. ਅਤੇ ਇਕ ਹੌਲਦਾਰ ਦਾ ਨਾਂਅ ਲਿਖਿਆ ਹੈ, ਜਿਨ੍ਹਾਂ ਨੇ ਉਸ ਦੀ ਵਿਆਹੁਤਾ ਲੜਕੀ ਦੇ ਘਰੇਲੂ ਝਗੜੇ 'ਚ ਫੈਸਲਾ ਉਸਦੇ ਪੱਖ 'ਚ ਕਰਨ ਬਦਲੇ ਕਥਿਤ ਤੌਰ 'ਤੇ ਕ੍ਰਮਵਾਰ 10 ਹਜ਼ਾਰ ਅਤੇ 5 ਹਜ਼ਾਰ ਰੁਪਏ ਮੰਗੇ। ਗੁਰਚਰਨ ਸਿੰਘ ਨੇ ਬੀਤੀ 26 ਮਈ ਨੂੰ ਜ਼ਹਿਰ ਖਾਣ ਤੋਂ ਪਹਿਲਾਂ ਆਪਣੇ ਦੋਸਤ ਬੂਟਾ ਸਿੰਘ ਵਾਸੀ ਰਸੂਲਪੁਰ ਨੂੰ ਫੋਨ ਕਰਕੇ ਇਸ ਬਾਰੇ ਦੱਸਿਆ।

# ਦਿੱਲੀਓਂ ਛਪਦੇ ਰਸਾਲੇ 'ਤੇ ਪਰਚਾ ਦੇਣ ਲਈ ਸ਼੍ਰੋਮਣੀ ਕਮੇਟੀ ਕਾਹਲੀ

**ਅੰਮ੍ਰਿਤਸਰ :** ਦਿੱਲੀ ਤੋਂ ਛਪਦੇ ਹਿੰਦੀ ਦੇ ਇਕ ਰਸਾਲੇ ਵਿਰੁਧ ਸਿੱਖੀ ਭਾਵਨਾਵਾਂ ਨੂੰ ਭੜਕਾਉਣ ਦੇ ਮਾਮਲੇ 'ਚ ਦਿੱਲੀ ਕਮੇਟੀ ਤੋਂ ਬਾਅਦ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੂਸਰਾ ਪਰਚਾ ਦਰਜ ਕਰਵਾਉਣ ਜਾ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਰਸਾਲੇ ਵਿਰੁਧ ਕਾਨੂੰਨੀ ਕਾਰਵਾਈ ਕਰਨ ਲਈ ਆਦੇਸ਼ ਦੇ ਦਿੱਤੇ ਹਨ ਤੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਵਲੋਂ ਪੁਲਸ ਕਮਿਸ਼ਨਰ ਨੂੰ ਪੱਤਰ ਲਿਖ ਕੇ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨ ਤੇ ਗੁਰੂ ਸਾਹਿਬਾਨ ਦੇ ਅਦਬ-ਸਤਿਕਾਰ ਨੂੰ ਠੇਸ ਪਹੁੰਚਾਉਣ ਵਾਲੇ ਇਸ ਮੈਗਜ਼ੀਨ ਦੇ ਸੰਪਾਦਕ, ਸਰਪ੍ਰਸਤ ਤੇ ਮੁੱਖ ਪ੍ਰਬੰਧਕ ਵਿਰੁਧ ਅੰਮ੍ਰਿਤਸਰ 'ਚ ਵੀ ਪਰਚਾ ਦਰਜ ਕਰਨ ਦੀ ਮੰਗ ਕਰ ਦਿੱਤੀ ਹੈ।

ਦਲਮੇਘ ਸਿੰਘ ਨੇ ਆਪਣੇ ਪੱਤਰ ਵਿਚ ਲਿਖਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਮਨੁੱਖਤਾ ਨੂੰ ਖੰਡੇ ਬਾਟੇ ਦਾ ਪਾਹੁਲ ਛਕਾ, ਜਾਤ-ਪਾਤ ਤੇ ਊਚ-ਨੀਚ ਦਾ ਭੇਦ ਮਿਟਾ ਕੇ ਐਸੀ ਰੂਹ ਫੂਕੀ ਕਿ ਇਕ ਸਿੰਘ ਨੂੰ ਵੱਡੀ ਗਿਣਤੀ 'ਚ ਮੁਗਲ ਫੌਜ ਦਾ ਟਾਕਰਾ ਕਰਨ ਦੇ ਸਮਰੱਥ ਬਣਾ ਦਿੱਤਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਅੰਮ੍ਰਿਤ ਛਕਾਉਣ ਉਪਰੰਤ ਚੰਗੇ ਸਮਾਜ ਦੀ ਸਿਰਜਣਾ ਲਈ ਸਮਾਜਿਕ ਬੁਰਾਈਆਂ ਤੇ ਕੁਰਹਿਤਾਂ ਤੋਂ ਦੂਰ ਰਹਿਣ ਦੇ ਆਦੇਸ਼ ਕੀਤੇ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਦੇ ਨਾਮ ਨਾਲ 'ਸ਼ਰਾਬ' ਸ਼ਬਦ ਦੀ ਵਰਤੋਂ ਵੀ ਸਿੱਖ ਸੰਗਤਾਂ ਦੀ ਬਰਦਾਸ਼ਤ ਤੋਂ ਬਾਹਰ ਹੈ, ਜਦਕਿ ਇਸ ਮੈਗਜ਼ੀਨ ਦੇ ਸੰਪਾਦਕ ਨੇ ਜਾਣ ਬੁੱਝ ਕੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ, ਜਿਸ ਨਾਲ ਸੰਗਤਾਂ 'ਚ ਭਾਰੀ ਰੋਸ ਤੇ ਰੋਹ ਪਾਇਆ ਜਾ ਰਿਹਾ ਹੈ। ਉਨ੍ਹਾਂ ਪੱਤਰ 'ਚ ਲਿਖਿਆ ਹੈ ਕਿ ਮੈਗਜ਼ੀਨ ਦੇ ਸੰਪਾਦਕ, ਸਰਪ੍ਰਸਤ, ਮੁੱਖ ਪ੍ਰਬੰਧਕ, ਪ੍ਰਬੰਧਕ, ਡਿਜ਼ਾਈਨਰ ਵਿਰੁਧ ਆਈ.ਪੀ.ਸੀ. ਦੀ ਧਾਰਾ 295ਏ ਤਹਿਤ ਪਰਚਾ ਦਰਜ ਕਰਕੇ ਸੰਬੰਧਿਤਾਂ ਨੂੰ ਗ੍ਰਿਫਤਾਰ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਜੋ ਸਿੱਖ ਸੰਗਤਾਂ ਦੇ ਹਿਰਦੇ ਸ਼ਾਂਤ ਹੋ ਸਕਣ। ਉਕਤ ਰਸਾਲੇ 'ਚ ਗੁਰੂ ਗੋਬਿੰਦ ਸਿੰਘ ਜੀ ਬਾਰੇ ਅਪ੍ਰੈਲ ਅੰਕ ਵਿਚ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਗਈਆਂ ਸਨ, ਜਿਸ ਤੋਂ ਤੁਰੰਤ ਬਾਅਦ ਹੀ ਦਿੱਲੀ ਦੇ ਸਿੱਖ ਭੜਕ ਉਠੇ ਸਨ ਤੇ ਉਨ੍ਹਾਂ ਨੇ ਦਿੱਲੀ 'ਚ ਸਥਿਤ ਰਸਾਲੇ ਦੇ ਦਫਤਰ ਦੀ ਭੰਨ-ਤੋੜ ਵੀ ਕਰ ਦਿੱਤੀ ਸੀ, ਜਿਸ ਦੇ ਵਿਰੁਧ ਉਥੋਂ ਦੇ ਇਕ ਥਾਣੇ 'ਚ ਦਿੱਲੀ ਦੇ ਕੁਝ ਸਿੱਖਾਂ ਵਿਰੁਧ ਪਰਚਾ ਵੀ ਦਰਜ ਹੋ ਚੁੱਕਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਰਵ ਧਰਮ ਸੰਮਤੀ ਦੇ ਪ੍ਰਧਾਨ ਪ੍ਰਿਤਪਾਲ ਸਿੰਘ ਚਾਵਲਾ ਵਲੋਂ 5 ਮਈ ਨੂੰ ਦਿੱਲੀ ਦੇ ਥਾਣਾ ਹਰੀ ਨਗਰ (ਪੱਛਮੀ ਦਿੱਲੀ) ਵਿਖੇ ਉਕਤ ਰਸਾਲੇ ਦੇ ਸੰਪਾਦਕ, ਸਰਪ੍ਰਸਤ ਤੇ ਵਿਜ਼ੂਅਲ ਗ੍ਰਾਫਿਕ ਡਿਜ਼ਾਈਨਰ ਦੇ ਖਿਲਾਫ ਪਰਚਾ ਦਰਜ ਹੋ ਚੁੱਕਾ ਹੈ ਅਤੇ ਡਿਜ਼ਾਈਨਰ ਨੂੰ ਗ੍ਰਿਫਤਾਰ ਵੀ ਕੀਤਾ ਜਾ ਚੁੱਕਾ ਹੈ।

## ਘੱਲੂਘਾਰਾ ਯਾਦਗਾਰੀ ਮਾਰਚ ਰੋਕਣ ਲਈ ਪੰਚ ਪ੍ਰਧਾਨੀ ਦੇ ਆਗੂ ਫੜੇ

**ਜਲੰਧਰ:** ਸਾਕਾ ਨੀਲਾ ਤਾਰਾ ਦੀ 26ਵੀਂ ਵਰੇਗੰਢ ਮੌਕੇ ਅਕਾਲੀ ਦਲ ਪੰਚ ਪ੍ਰਧਾਨੀ ਵੱਲੋਂ 1 ਤੋਂ 6 ਜੂਨ ਤੱਕ ਚੱਪੜਚਿੜੀ ਤੋਂ ਸ੍ਰੀ ਅਕਾਲ ਤਖਤ ਸਾਹਿਬ ਤੱਕ ਐਲਾਨੇ ਗਏ ਘੱਲੂਘਾਰਾ ਯਾਦਗਾਰੀ ਮਾਰਚ ਦੇ ਮੱਦੇਨਜ਼ਰ ਕਾਰਵਾਈ ਕਰਦਿਆਂ ਪੁਲਿਸ ਵਲੋਂ ਬੀਤੀ 29-30 ਮਈ ਦੀ ਦਰਮਿਆਨੀ ਰਾਤ ਨੂੰ ਅਕਾਲੀ ਦਲ ਪੰਚ ਪ੍ਰਧਾਨੀ ਦੇ ਲਗਪਗ ਅੱਧੀ ਦਰਜਨ ਪ੍ਰਮੁੱਖ ਆਗੂਆਂ ਨੂੰ ਗ੍ਰਿਫਤਾਰ ਕਰ ਲਏ ਜਾਣ ਦੀ ਖਬਰ ਹੈ। ਪਾਰਟੀ ਦੀ ਪੰਜ ਮੈਂਬਰੀ ਪੰਚਾਇਤ ਦੇ ਦੋ ਮੈਂਬਰਾਂ ਕੁਲਬੀਰ ਸਿੰਘ ਬੜਾ ਪਿੰਡ ਅਤੇ ਦਯਾ ਸਿੰਘ ਕੱਕੜ ਤੋਂ ਇਲਾਵਾ ਪਾਰਟੀ ਦੇ ਸਕੱਤਰ ਸ: ਬਲਦੇਵ ਸਿੰਘ ਸਿਰਸਾ, ਧਾਰਮਿਕ ਵਿੰਗ ਦੇ ਮੁਖੀ ਸ: ਹਰਦੀਪ ਸਿੰਘ ਬਾਬਾ, ਪਾਰਟੀ ਦੇ ਨੌਜਵਾਨ ਆਗੂ ਸੰਦੀਪ ਸਿੰਘ ਕੈਨੇਡੀਅਨ ਤੇ ਗੁਰਮੀਤ ਸਿੰਘ ਗੋਗਾ ਨੂੰ ਪੁਲਸ ਵਲੋਂ ਵੱਖ-ਵੱਖ ਥਾਵਾਂ ਤੋਂ ਗ੍ਰਿਫਤਾਰ ਕੀਤਾ ਗਿਆ ਹੈ ਜਦਕਿ ਕੁਝ ਆਗੂ ਪੁਲਿਸ ਦੇ ਹੱਥੇ ਨਹੀਂ ਚੜੇ, ਇਨ੍ਹਾਂ ਵਿਚ ਹਰਪਾਲ ਸਿੰਘ ਚੀਮਾ, ਦਰਸ਼ਨ ਸਿੰਘ ਰਾਮ ਤੀਰਥ ਤੇ ਅਮਰੀਕ ਸਿੰਘ ਈਸੜੂ ਆਦਿ ਸ਼ਾਮਿਲ ਹਨ।

ਭਾਈ ਕੁਲਬੀਰ ਸਿੰਘ ਬੜਾ ਪਿੰਡ ਨੂੰ ਉਸਦੇ ਪਿੰਡੋਂ, ਭਾਈ ਦਯਾ ਸਿੰਘ ਕੱਕੜ ਅਤੇ ਭਾਈ ਬਲਦੇਵ ਸਿੰਘ ਸਿਰਸਾ ਨੂੰ ਅੰਮ੍ਰਿਤਸਰ ਤੋਂ, ਬਾਬਾ ਹਰਦੀਪ ਸਿੰਘ ਨੂੰ ਤਲਵੰਡੀ ਸਾਬੋ ਨੇੜੇ ਗੁਰੂਸਰ ਮਹਿਰਾਜ ਤੋਂ ਅਤੇ ਭਾਈ ਸੰਦੀਪ ਸਿੰਘ ਕੈਨੇਡੀਅਨ ਨੂੰ ਮੁਹਾਲੀ ਤੋਂ ਗ੍ਰਿਫਤਾਰ ਕੀਤੇ ਜਾਣ ਦੀ ਸੂਚਨਾ ਪ੍ਰਾਪਤ ਹੋਈ ਹੈ।

**ਦਲ ਖਾਲਸਾ ਵਲੋਂ ਨਿਖੇਧੀ:** ਦਲ ਖਾਲਸਾ ਦੇ ਬੁਲਾਰੇ ਭਾਈ ਕੰਵਰਪਾਲ ਸਿੰਘ ਨੇ ਇਨ੍ਹਾਂ ਗ੍ਰਿਫਤਾਰੀਆਂ ਦੀ ਨਿਖੇਧੀ ਕੀਤੀ ਹੈ।

## ਪਾਕਿਸਤਾਨ ਜ਼ਿੰਦਾਬਾਦ ਦੇ ਨਾਹਰੇ ਲਾਉਂਦਾ ਨੌਜਵਾਨ ਕਾਬੂ

**ਨੰਗਲ:** ਸਥਾਨਕ ਬੱਸ ਸਟੈਂਡ ਦੇ ਲਾਗੇ ਬੀਤੀ 30 ਮਈ ਨੂੰ ਉਸ ਸਮੇਂ ਸਨਸਨੀ ਫੈਲ ਗਈ ਜਦੋਂ ਇਕ ਨੌਜਵਾਨ ਨੇ 'ਪਾਕਿਸਤਾਨ-ਜ਼ਿੰਦਾਬਾਦ' ਦੇ ਨਾਹਰੇ ਲਾਉਣੇ ਸ਼ੁਰੂ ਕਰ ਦਿੱਤੇ। ਮੌਕੇ 'ਤੇ ਤਾਇਨਾਤ ਟ੍ਰੈਫਿਕ ਪੁਲਿਸ ਦੇ ਮੁਲਾਜ਼ਮ ਉਕਤ ਨੌਜਵਾਨ ਨੂੰ ਕਾਬੂ ਕਰ ਕੇ ਥਾਣਾ ਨੰਗਲ ਲੈ ਗਏ। ਇਕੱਤਰ ਕੀਤੀ ਗਈ ਜਾਣਕਾਰੀ ਮੁਤਾਬਕ ਉਕਤ ਵਿਅਕਤੀ ਦੀ ਪਛਾਣ ਸੰਨੀ ਵਿਕਟਰ ਪੁੱਤਰ ਅਸ਼ੋਕ ਵਿਕਟਰ ਵਾਸੀ ਲੁਧਿਆਣਾ ਵਜੋਂ ਹੋਈ ਹੈ। ਇਹ ਨੌਜਵਾਨ ਡੀ.ਟੀ.ਡੀ.ਸੀ. ਕੋਰੀਅਰ ਕੰਪਨੀ ਦਾ ਮੁਲਾਜ਼ਮ ਦਸਿਆ ਜਾ ਰਿਹਾ ਹੈ ਅਤੇ ਨੰਗਲ ਵਿਚ ਅਨੰਦਪੁਰ ਸਾਹਿਬ ਅਤੇ ਨੰਗਲ ਦੇ ਕੋਰੀਅਰ ਲੈ ਕੇ ਆਇਆ ਸੀ। ਸੰਨੀ ਵਿਕਟਰ ਨੇ ਦੱਸਿਆ ਕਿ ਨਾ ਤਾਂ ਉਹ ਪਾਕਿਸਤਾਨੀ ਹੈ ਅਤੇ ਨਾ ਹੀ ਇਸ ਤਰ੍ਹਾਂ ਦੀ ਕੋਈ ਗੱਲ ਹੈ ਪਰ ਉਸ ਨੂੰ ਪਤਾ ਨਹੀਂ ਕਿਵੇਂ ਜੋਸ਼ ਆ ਜਾਂਦਾ ਹੈ ਅਤੇ ਉਹ 'ਪਾਕਿਸਤਾਨ ਜ਼ਿੰਦਾਬਾਦ' ਦੇ ਨਾਹਰੇ ਮਾਰਨ ਲੱਗ ਪੈਂਦਾ ਹੈ।

## ਅਗਵਾ ਕੇਸ-ਡੇਰਾ ਸੱਚਾ ਸੌਦਾ ਦੇ 2 ਮੁਲਜ਼ਮ ਗ੍ਰਿਫਤਾਰ

**ਧਰਮਸ਼ਾਲਾ:** ਬੀਤੀ 30 ਮਈ ਨੂੰ ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲ੍ਹੇ ਵਿਚ ਪੁਲਸ ਨੇ ਅਗਵਾ ਦੇ ਮਾਮਲੇ ਵਿਚ ਡੇਰਾ ਸੱਚਾ ਸੌਦਾ ਦੇ ਦੋ ਕਥਿਤ ਮੁਲਾਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਕਾਂਗੜਾ ਪੁਲਸ ਦੇ ਸੁਪਰਡੈਂਟ ਨੇ ਦਸਿਆ ਕਿ ਚਚੇਆ ਪਿੰਡ ਵਿਚ 3 ਬੱਚੇ ਪਸ਼ੂ ਚਰਾ ਰਹੇ ਸਨ ਅਤੇ ਉਸੇ ਸਮੇਂ ਬਿਨਾਂ ਨੰਬਰ ਦੀ ਇਕ ਗੱਡੀ ਵਿਚ ਚਾਰ ਨੌਜਵਾਨ ਆਏ ਅਤੇ 3 ਬੱਚਿਆਂ ਤੋਂ ਗੱਡੀ ਧੁਆਈ। ਬਾਅਦ ਵਿਚ ਉਹ ਲਿਫਟ ਦੇਣ ਦੇ ਬਹਾਨੇ ਉਨ੍ਹਾਂ ਦੇ ਮੂੰਹ 'ਤੇ ਪੱਟੀ ਬੰਨ੍ਹ ਕੇ ਗੱਡੀ ਵਿਚ ਬਿਠਾ ਕੇ ਲੈ ਗਏ। ਰਾਹ 'ਚ ਗੱਡੀ ਖਰਾਬ ਹੋਣ ਨਾਲ ਬੱਚੇ ਮੌਕਾ ਦੇਖ ਕੇ ਦੌੜ ਗਏ। ਅਗਵਾ ਕਰਨ ਵਾਲਿਆਂ ਦੀ ਪਛਾਣ ਗੋਪਾਲਪੁਰ ਦੇ ਡੇਰਾ ਸੱਚਾ ਸੌਦਾ 'ਚ ਚੌਕੀਦਾਰ ਅਤੇ ਰਸੋਈਏ ਵਜੋਂ ਹੋਈ ਹੈ।




**Punjab Times**
**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਾਰਤੀ ਪਾਸਪੋਰਟ ਜਮ੍ਹਾ ਕਰਵਾਉਣ ਬਾਰੇ ਨਵੇਂ ਆਦੇਸ਼ਾਂ ਤੋਂ ਪਰਵਾਸੀ ਪ੍ਰੇਸ਼ਾਨ

ਤੋਂ ਬਾਅਦ ਆਪਣਾ ਭਾਰਤੀ ਪਾਸਪੋਰਟ ਰੱਦ ਕਰਾਉਣ ਲਈ ਜਮ੍ਹਾ ਕਰਵਾ ਕੇ ਦੂਤਾਵਾਸ ਤੋਂ 'ਸਪੁਰਦਗੀ ਸਰਟੀਫਿਕੇਟ' ਪ੍ਰਾਪਤ ਕਰਨਾ ਜ਼ਰੂਰੀ ਹੈ। ਉਹ ਭਾਰਤੀ ਕੌਂਸਲਖਾਨੇ ਵਿਚ ਭਾਰਤੀ ਪਾਸਪੋਰਟ ਜਮ੍ਹਾ ਕਰਵਾ ਕੇ ਅਤੇ 175 ਅਮਰੀਕੀ ਡਾਲਰ ਫੀਸ ਜਮ੍ਹਾ ਕਰਵਾ ਕੇ 'ਸਪੁਰਦਗੀ ਸਰਟੀਫਿਕੇਟ' ਲੈ ਸਕਦੇ ਹਨ। ਭਾਰਤੀ ਦੂਤਾਵਾਸ ਵੱਲੋਂ ਇਹ ਪਾਸਪੋਰਟ ਰੱਦ ਕਰਕੇ 'ਸਪੁਰਦਗੀ ਸਰਟੀਫਿਕੇਟ' ਸਹਿਤ ਪਾਸਪੋਰਟ ਹੋਲਡਰ ਨੂੰ ਭਵਿੱਖੀ ਹਵਾਲੇ ਲਈ ਵਾਪਸ ਮੋੜ ਦਿੱਤਾ ਜਾਂਦਾ ਹੈ।

ਸ਼ਿਕਾਗੋ ਦੇ ਭਾਰਤੀ ਕੌਂਸਲਖਾਨੇ ਵਲੋਂ ਜਾਰੀ ਬਿਆਨ ਅਨੁਸਾਰ ਵਿਦੇਸ਼ੀ ਨਾਗਰਿਕਤਾ ਹਾਸਲ ਕਰਨ ਦੇ ਤਿੰਨ ਮਹੀਨੇ ਦੇ ਅੰਦਰ ਅੰਦਰ ਆਪਣੀ ਭਾਰਤੀ ਨਾਗਰਿਕਤਾ ਦਾ ਤਿਆਗ ਕਰਨਾ ਲਾਜ਼ਮੀ ਹੈ। ਭਾਰਤੀ ਵੀਜ਼ੇ\ਪੀ.ਈ.ਓ. ਕਾਰਡ ਜਾਂ ਓ.ਸੀ.ਆਈ. ਕਾਰਡ ਲਈ ਪਹਿਲੀ ਵਾਰ ਅਪਲਾਈ ਕਰਨ ਲਈ ਤੇ ਹੋਰ ਕੌਂਸਲਰ ਸੇਵਾਵਾਂ ਲਈ ਇਹ 'ਸਪੁਰਦਗੀ ਸਰਟੀਫਿਕੇਟ' ਜ਼ਰੂਰੀ ਹੈ। ਦਰਖਾਸਤਕਰਤਾ ਲਈ ਉਨ੍ਹਾਂ ਪ੍ਰਸਥਿਤੀਆਂ ਬਾਰੇ ਸਪਸ਼ਟ ਜਾਣਕਾਰੀ ਦੇਣਾ ਵੀ ਲਾਜ਼ਮੀ ਹੋਵੇਗਾ ਜਿਨ੍ਹਾਂ 'ਚ ਅਮਰੀਕੀ (ਵਿਦੇਸ਼ੀ) ਨਾਗਰਿਕਤਾ ਪ੍ਰਾਪਤ ਕੀਤੀ ਗਈ ਹੋਵੇ। ਸਪੁਰਦਗੀ ਸਰਟੀਫਿਕੇਟ ਦੀ ਵਿਧੀ ਤਫਸੀਲ ਨਾਲ ਭਾਰਤੀ ਕੌਂਸਲਖਾਨੇ ਦੀ ਵੈਬਸਾਈਟ 'ਤੇ ਦਿੱਤੀ ਗਈ ਹੈ।

ਪ੍ਰੈਸ ਬਿਆਨ ਅਨੁਸਾਰ ਭਾਰਤੀ ਨਾਗਰਿਕਤਾ ਸਬੰਧੀ ਬਿਆਨ ਦੱਸੇ ਗਏ ਫਾਰਮ ਉਤੇ ਕੌਂਸਲਖਾਨੇ ਨੂੰ ਦਿੱਤਾ ਜਾਵੇ। ਸਪੁਰਦਗੀ ਸਰਟੀਫਿਕੇਟ ਲੈਣ ਲਈ ਦਰਖਾਸਤਕਰਤਾ ਨੂੰ ਇਹ ਫਾਰਮ ਆਪਣੇ ਅਸਲ ਭਾਰਤੀ ਪਾਸਪੋਰਟ ਤੇ ਇਸ ਦੇ ਪਹਿਲੇ ਤਿੰਨ ਅਤੇ ਮਗਰਲੇ ਦੋ ਸਫਿਆਂ ਦੀਆਂ ਕਾਪੀਆਂ ਨਾਲ ਸਬੰਧਤ ਭਾਰਤੀ ਕੌਂਸਲਖਾਨੇ ਦੇ ਨਾਂ ਕੈਸ਼ੀਅਰ ਚੈਕ/ਪੋਸਟਲ ਆਰਡਰ ਜਾਂ ਮਨੀਆਰਡਰ ਦੇ ਰੂਪ ਵਿਚ 175 ਡਾਲਰ ਦੀ ਫੀਸ ਸਮੇਤ ਜਮ੍ਹਾ ਕਰਵਾਇਆ ਜਾਵੇ। ਇਸ ਤੋਂ ਬਿਨਾ ਨੈਚੂਰਲਾਈਜੇਸ਼ਨ ਸਰਟੀਫਿਕੇਟ ਦੀ ਨਕਲ, ਅਮਰੀਕੀ ਪਾਸਪੋਰਟ ਦੇ ਪਹਿਲੇ ਅਤੇ ਆਖਰੀ ਦੋ ਸਫਿਆਂ ਦੀ ਨਕਲ ਵੀ ਨਾਲ ਲੱਗੀ ਹੋਣੀ ਚਾਹੀਦੀ ਹੈ। ਜੇ ਸਰਟੀਫਿਕੇਟ ਡਾਕ ਰਾਹੀਂ ਮੰਗਿਆ ਗਿਆ ਹੈ ਤਾਂ ਡਾਕ ਖਰਚੇ ਦੇ 20 ਡਾਲਰ ਵੀ ਨਾਲ ਭੇਜੇ ਜਾਣ। ਫੀਸ ਦਰਖਾਸਤ ਜਮ੍ਹਾ ਕਰਵਾਉਂਦੇ ਸਮੇਂ ਕਾਊਂਟਰ ਉਤੇ ਵੀ ਜਮ੍ਹਾ ਕਰਵਾਈ ਜਾ ਸਕਦੀ ਹੈ ਪ੍ਰੰਤੂ ਓ ਸੀ ਆਈ ਦੀ ਦਰਖਾਸਤ ਦੇ ਨਾਲ ਫੀਸ ਕੈਸ਼ੀਅਰ ਚੈਕ/ਪੋਸਟਲ ਆਰਡਰ ਜਾਂ ਮਨੀਆਰਡਰ ਦੇ ਰੂਪ ਵਿਚ ਹੀ ਲੱਗੀ ਹੋਣੀ ਚਾਹੀਦੀ ਹੈ। ਸਪੁਰਦਗੀ ਸਰਟੀਫਿਕੇਟ ਲਈ ਫੀਸ ਓ ਸੀ ਆਈ ਨਿਵੇਦਕਾਂ ਵਲੋਂ ਵੱਖਰੀ ਜਮ੍ਹਾ ਕਰਵਾਈ ਜਾਵੇ। ਕੌਂਸਲਖਾਨੇ ਵਲੋਂ ਕਰੈਡਿਟ ਜਾਂ ਡੈਬਿਟ ਕਾਰਡ ਵੀ ਲਏ ਜਾਂਦੇ ਹਨ।

ਸਪੁਰਦਗੀ ਜਾਂ ਸੁਰੈਂਡਰ ਸਰਟੀਫਿਕੇਟ ਪਹਿਲੀ ਦਫਾ ਵੀਜ਼ਾ/ਓ ਸੀ ਆਈ ਕਾਰਡ ਜਾਂ ਪੀ ਆਈ ਓ ਕਾਰਡ ਜਾਂ ਹੋਰ ਫੁਟਕਲ ਸੇਵਾਵਾਂ ਜਾਰੀ ਕਰਨ ਤੋਂ ਪਹਿਲਾਂ ਜਾਰੀ ਕੀਤਾ ਜਾਵੇ। ਨਾਗਰਿਕਤਾ ਛੱਡਣ ਬਾਰੇ ਐਲਾਨ ਭਾਰਤ ਸਰਕਾਰ ਪਾਸ ਰਜਿਸਟਰ ਕਰਵਾਇਆ ਜਾਏਗਾ।

ਇਸ ਤੋਂ ਇਲਾਵਾ ਨਵੇਂ ਕਾਇਦੇ-ਕਾਨੂੰਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਜੇ ਅਮਰੀਕੀ (ਵਿਦੇਸ਼ੀ) ਨਾਗਰਿਕਤਾ ਹਾਸਲ ਕਰਨ ਸਮੇਂ ਆਵੇਦਕ ਪਾਸ ਭਾਰਤੀ ਪਾਸਪੋਰਟ ਨਹੀਂ ਸੀ ਤਾਂ ਉਸ ਨੂੰ ਪਾਸਪੋਰਟ ਗੁਆਚਣ/ਖਰਾਬ ਹੋਣ ਦੇ ਹਾਲਾਤ ਬਾਰੇ ਹਲਫੀਆ ਬਿਆਨ ਪੁਲਿਸ ਰਿਪੋਰਟ ਅਤੇ ਪਾਸਪੋਰਟ ਨੰਬਰ ਜਾਰੀ/ਖਤਮ ਹੋਣ ਦੀ ਤਾਰੀਖ ਸਮੇਤ ਦੇਣਾ ਪਵੇਗਾ। ਪਾਸਪੋਰਟ ਐਕਟ 1967 ਦੀਆਂ ਵਿਵਸਥਾਵਾਂ ਤਹਿਤ ਕੌਂਸਲਖਾਨਾ ਵਿਦੇਸ਼ੀ ਨਾਗਰਿਕਤਾ ਹਾਸਲ ਕਰਨ ਤੋਂ ਬਾਅਦ ਭਾਰਤ ਸਰਕਾਰ ਨੂੰ ਪਾਸਪੋਰਟ ਸਪੁਰਦ ਨਾ ਕੀਤੇ ਜਾਣ ਦੇ ਸਮੇਂ, ਭਾਰਤ ਨੂੰ ਲਾਈਆਂ ਗਈਆਂ ਫੇਰੀਆਂ ਅਤੇ ਹੋਰ ਕੌਂਸਲਰ ਸੇਵਾਵਾਂ ਦੇ ਆਧਾਰ ਉਤੇ ਜੁਰਮਾਨੇ ਦੀ ਵੱਧ ਰਕਮ ਦੀ ਮੰਗ ਵੀ ਕਰ ਸਕਦਾ ਹੈ। ਜੇ ਤੁਹਾਡੇ ਭਾਰਤੀ ਪਾਸਪੋਰਟ ਉਪਰ ਕੈਂਸਲਡ (ਰੱਦ ਹੋਣ) ਦੀ ਮੋਹਰ ਲੱਗੀ ਹੋਈ ਹੈ ਅਤੇ ਤੁਹਾਡੇ ਪਾਸ ਸਪੁਰਦਗੀ ਸਰਟੀਫਿਕੇਟ ਜਾਂ ਤਿਆਗ ਫਾਰਮ ਨਹੀਂ ਹੈ, ਉਸ ਸੂਰਤ ਵਿਚ ਅਮਰੀਕੀ (ਵਿਦੇਸ਼ੀ) ਪਾਸਪੋਰਟ ਕਈ ਸਾਲਾਂ ਤੋਂ ਹੋਣ ਦੇ ਬਾਵਜੂਦ ਤੁਹਾਨੂੰ ਉਪਰ ਦੱਸਿਆ ਢੰਗ ਤਰੀਕਾ ਹੀ ਵਰਤਣਾ ਪਵੇਗਾ। ਕੌਂਸਲਖਾਨੇ ਦੇ ਬਿਆਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਸਪੁਰਦਗੀ ਸਰਟੀਫਿਕੇਟ ਸੰਭਾਲ ਕੇ ਰੱਖਣਾ ਜ਼ਰੂਰੀ ਹੈ ਕਿਉਂਕਿ ਇਸ ਦੀ ਤੁਹਾਨੂੰ ਭਵਿੱਖ ਵਿਚ ਵੀ ਲੋੜ ਪੈ ਸਕਦੀ ਹੈ।

ਭਾਰਤ ਸਰਕਾਰ ਦੇ ਇਸ ਫੈਸਲੇ ਦਾ ਪਰਵਾਸੀ ਭਾਰਤੀਆਂ ਵਲੋਂ ਸਖ਼ਤ ਵਿਰੋਧ ਕੀਤਾ ਜਾ ਰਿਹਾ ਹੈ। ਗਲੋਬਲ ਆਰਗੇਨਾਈਜੇਸ਼ਨ ਆਫ ਪੀਪਲ ਆਫ ਇੰਡੀਅਨ ਓਰੀਜਨ (ਗੋਪੀਓ ਇੰਟਰਨੈਸ਼ਨਲ) ਨੇ ਇਸ ਕਾਨੂੰਨ ਵਿਰੁਧ ਭਾਰਤੀ ਪ੍ਰਧਾਨ ਮੰਤਰੀ ਦੇ ਨਾਂ ਇਕ ਆਨ ਲਾਈਨ ਪਟੀਸ਼ਨ ਸ਼ੁਰੂ ਕੀਤੀ ਹੈ। ਗੋਪੀਓ ਵਲੋਂ ਜਾਰੀ ਇਕ ਬਿਆਨ ਅਨੁਸਾਰ 30 ਮਈ ਤੱਕ 22,000 ਤੋਂ ਵੱਧ ਭਾਰਤੀ ਇਸ ਪਟੀਸ਼ਨ ਉਤੇ ਦਸਤਖਤ ਕਰ ਵੀ ਚੁਕੇ ਹਨ। ਇਸ ਪਟੀਸ਼ਨ ਵਿਚ ਨਵੇਂ ਕਾਨੂੰਨ ਦਾ ਜ਼ੋਰਦਾਰ ਵਿਰੋਧ ਕੀਤਾ ਗਿਆ ਹੈ।

ਗੋਪੀਓ ਇੰਟਰਨੈਸ਼ਨਲ ਵਲੋਂ ਜਾਰੀ ਇਕ ਬਿਆਨ ਵਿਚ ਆਖਿਆ ਗਿਆ ਹੈ ਕਿ ਇਸ ਸਥਿਤੀ ਦਾ ਦੁਖਦਾਈ ਪਹਿਲੂ ਇਹ ਹੈ ਕਿ ਵਿਦੇਸ਼ੀ ਨਾਗਰਿਕਤਾ ਕਈ ਕਈ ਸਾਲ ਪਹਿਲਾਂ ਹਾਸਲ ਕਰ ਲੈਣ ਵਾਲੇ ਭਾਰਤੀਆਂ ਲਈ ਆਪਣੇ ਭਾਰਤੀ ਪਾਸਪੋਰਟ ਜਮ੍ਹਾ ਕਰਵਾਉਣ ਬਾਰੇ ਕਾਨੂੰਨਾਂ ਨੂੰ ਪਿਛਲੀ ਕਿਸੇ ਤਾਰੀਖ ਤੋਂ ਲਾਗੂ ਕੀਤਾ ਜਾ ਰਿਹਾ ਹੈ ਅਤੇ ਫੀਸਾਂ ਵੀ ਬਹੁਤ ਜ਼ਿਆਦਾ ਵਸੂਲੀਆਂ ਜਾ ਰਹੀਆਂ ਹਨ। ਭਾਰਤੀ ਨਾਗਰਿਕਤਾ ਕਾਨੂੰਨ 1955 ਪਾਸ ਹੋਣ ਤੋਂ ਬਾਅਦ ਪਿਛਲੇ 50 ਸਾਲ ਦੇ ਸਮੇਂ ਵਿਚ ਲੱਖਾਂ ਭਾਰਤੀਆਂ ਨੇ ਹੋਰਨਾਂ ਮੁਲਕਾਂ ਦੀ ਨਾਗਰਿਕਤਾ ਹਾਸਲ ਕੀਤੀ ਹੈ। ਭਾਰਤੀ ਪਾਸਪੋਰਟ (1974 ਅਤੇ 2003 ਵਿਚ ਜਾਰੀ) ਵਿਚ ਪਾਸਪੋਰਟ ਸਪੁਰਦ ਕਰਨ ਬਾਰੇ ਕੋਈ ਹਦਾਇਤਾਂ ਨਹੀਂ ਹਨ। ਇਸੇ ਕਰਕੇ ਹੋਰਨਾਂ ਮੁਲਕਾਂ ਦੀ ਨਾਗਰਿਕਤਾ ਲੈਣ ਤੋਂ ਬਾਅਦ ਪਾਸਪੋਰਟ ਸਪੁਰਦ ਨਹੀਂ ਕੀਤੇ ਗਏ। ਭਾਰਤੀ ਦੂਤਘਰਾਂ ਅਤੇ ਕੌਂਸਲਖਾਨਿਆਂ ਨੇ ਆਪਣੀ ਸਰਕਾਰ ਦੇ ਕਾਇਦੇ ਕਾਨੂੰਨ ਕਦੇ ਸਖ਼ਤੀ ਨਾਲ ਲਾਗੂ ਨਹੀਂ ਕੀਤੇ ਅਤੇ ਭਾਰਤੀ ਮੂਲ ਦੇ ਲੋਕਾਂ ਨੂੰ ਵਿਦੇਸ਼ੀ ਪਾਸਪੋਰਟਾਂ ਉਤੇ ਰੁਟੀਨ ਵਿਚ ਹੀ ਵੀਜ਼ੇ ਦਿੱਤੇ ਜਾਂਦੇ ਰਹੇ ਹਨ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਭੇਜੀ ਜਾ ਰਹੀ ਪਟੀਸ਼ਨ ਵਿਚ ਮੰਗ ਕੀਤੀ ਗਈ ਹੈ ਕਿ ਜਿਹੜੇ ਭਾਰਤੀ ਲੰਮੇ ਸਮੇਂ ਤੋਂ ਵਿਦੇਸ਼ੀ ਨਾਗਰਿਕਤਾ ਹਾਸਲ ਕਰ ਚੁਕੇ ਹਨ ਉਨ੍ਹਾਂ ਨੂੰ ਸੁਰੈਂਡਰ ਸਰਟੀਫਿਕੇਟ ਹਾਸਲ ਕਰਨ ਲਈ ਉਸੇ ਤਰ੍ਹਾਂ 90 ਦਿਨ ਦਾ ਰਿਆਇਤੀ ਸਮਾਂ ਦਿੱਤਾ ਜਾਵੇ ਜਿਵੇਂ ਕਿ ਹੁਣ ਦੂਜੇ ਮੁਲਕਾਂ ਦੇ ਨਾਗਰਿਕ ਬਣਨ ਵਾਲੇ ਵਿਅਕਤੀਆਂ ਨੂੰ ਬਿਨਾ ਜੁਰਮਾਨੇ ਸੁਰੈਂਡਰ ਸਰਟੀਫਿਕੇਟ ਲੈਣ ਲਈ ਰਿਆਇਤੀ ਸਮਾਂ ਦਿੱਤਾ ਗਿਆ ਹੈ।

ਪਟੀਸ਼ਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਭਾਰਤੀ ਕੌਂਸਲਖਾਨਿਆਂ ਵਲੋਂ ਭਾਰਤੀ ਮੂਲ ਦੇ ਅਮਰੀਕੀ ਸਿਟੀਜ਼ਨਾਂ ਤੋਂ ਭਾਰੀ ਫੀਸਾਂ ਵਸੂਲੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਨੂੰ ਇਕ ਗਲਤ "ਤਿਆਗ ਫ਼ਾਰਮ" ਉਤੇ ਦਸਤਖਤ ਕਰਨ ਲਈ ਆਖਿਆ ਜਾ ਰਿਹਾ ਹੈ। ਇਹ ਫਾਰਮ ਦੋਹਰੀ ਨਾਗਰਿਕਤਾ ਹਾਸਲ ਕਰਨ ਵਾਲੇ ਲੋਕਾਂ ਤੋਂ ਵੀ ਲਿਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਭਾਰਤੀ ਨਾਗਰਿਕਤਾ ਤਿਆਗਣ ਦੇ ਬਿਆਨ ਉਤੇ ਦਸਤਖਤ ਕਰਨ ਲਈ ਆਖਿਆ ਜਾ ਰਿਹਾ ਹੈ ਜਦੋਂਕਿ ਉਹ ਹਨ ਹੀ ਦੋਹਰੇ ਨਾਗਰਿਕ। ਜੇ ਸਰਕਾਰ ਦਾ ਮਨਸ਼ਾ ਭਾਰਤੀ ਪਾਸਪੋਰਟ ਉਤੇ ਰੱਦ ਕਰਨ ਦੀ ਮੋਹਰ ਲਾਉਣ ਦਾ ਹੀ ਹੈ ਤਾਂ ਪੇਚੀਦਾ ਕਾਇਦੇ ਕਾਨੂੰਨ ਵਿਚ ਪੈਣ ਦੀ ਥਾਂ ਸੌਖਾ ਰਾਹ ਅਪਨਾਇਆ ਜਾਣਾ ਚਾਹੀਦਾ ਸੀ। ਪਾਸਪੋਰਟ ਵੈਲਿਡ ਹੈ ਜਾਂ ਇਨਵੈਲਿਡ ਇਸ ਦੀ ਕੋਈ ਸਮੱਸਿਆ ਹੀ ਨਹੀਂ ਸੀ ਹੋਣੀ ਚਾਹੀਦੀ ਪਰ ਭਾਰਤੀ ਮੂਲ ਦੇ ਅਮਰੀਕੀ ਨਾਗਰਿਕਾਂ ਨੂੰ ਕਹਿਣਾ ਕਿ ਉਹ, ਉਹ ਨਾਗਰਿਕਤਾ ਤਿਆਗਣ ਜੋ ਉਨ੍ਹਾਂ ਪਾਸ ਹੈ ਹੀ ਨਹੀਂ, ਭੰਬਲਭੂਸੇ ਵਿਚ ਪਾਉਣ ਵਾਲੀ ਗੱਲ ਹੈ।

ਗੋਪੀਓ ਨੇ ਮੰਗ ਕੀਤੀ ਹੈ ਕਿ ਕਿਉਂਕਿ ਇਹ ਕਾਇਦੇ ਕਾਨੂੰਨ ਪਿਛਲੀ ਤਾਰੀਖ ਤੋਂ ਲਾਗੂ ਕੀਤੇ ਜਾ ਰਹੇ ਹਨ ਇਸ ਲਈ ਜੋ ਲੋਕ ਕਈ ਸਾਲ ਪਹਿਲਾਂ ਕਿਸੇ ਹੋਰ ਮੁਲਕ ਦੀ ਨਾਗਰਿਕਤਾ ਹਾਸਲ ਕਰ ਚੁਕੇ ਹਨ ਉਨ੍ਹਾਂ ਨੂੰ ਸੁਰੈਂਡਰ ਸਰਟੀਫਿਕੇਟ ਲੈਣ ਲਈ 90 ਦਿਨ ਦਾ ਰਿਆਇਤੀ ਸਮਾਂ ਦਿੱਤਾ ਜਾਵੇ ਅਤੇ ਉਨ੍ਹਾਂ ਤੋਂ ਨਵੇਂ ਸਿਟੀਜ਼ਨ ਬਣਨ ਵਾਲੇ ਲੋਕਾਂ ਵਾਂਗ ਕੋਈ ਜੁਰਮਾਨਾ ਨਾ ਲਿਆ ਜਾਵੇ। ਸੁਰੈਂਡਰ ਸਰਟੀਫਿਕੇਟ ਲੈਣ ਲਈ 90 ਦਿਨ ਦੇ ਰਿਆਇਤੀ ਸਮੇਂ ਤੋਂ ਬਾਅਦ ਫੀਸ 175 ਡਾਲਰ ਤੋਂ ਘਟਾ ਕੇ 25 ਡਾਲਰ ਕੀਤੀ ਜਾਵੇ। ਗੋਪੀਓ ਨੇ ਇਹ ਵੀ ਮੰਗ ਕੀਤੀ ਹੈ ਕਿ ਭਾਰਤੀ ਮੂਲ ਦੇ ਜਿਹੜੇ ਲੋਕ ਪਹਿਲਾਂ ਹੀ ਓ ਸੀ ਆਈ ਜਾਂ ਪੀ ਆਈ ਓ ਕਾਰਡ ਲੈ ਚੁਕੇ ਹਨ ਉਨ੍ਹਾਂ ਬਾਰੇ ਇਹੋ ਸਮਝਿਆ ਜਾਵੇ ਕਿ ਉਹ ਸੁਰੈਂਡਰ ਸਰਟੀਫਿਕੇਟ ਹਾਸਲ ਕਰ ਚੁਕੇ ਹਨ। ਭਾਰਤੀ ਮੂਲ ਦੇ ਜਿਹੜੇ ਲੋਕ ਦਸ ਸਾਲ ਤੋਂ ਵੱਧ ਸਮੇਂ ਤੋਂ ਵਿਦੇਸ਼ੀ ਨਾਗਰਿਕਤਾ ਹਾਸਲ ਕਰ ਚੁਕੇ ਹਨ ਅਤੇ ਉਨ੍ਹਾਂ ਪਾਸ ਭਾਰਤੀ ਪਾਸਪੋਰਟ ਨਹੀਂ ਹੈ ਪਰ ਆਪਣੇ ਵਿਦੇਸ਼ੀ ਪਾਸਪੋਰਟ 'ਤੇ ਭਾਰਤੀ ਵੀਜ਼ਾ ਵਰਤ ਚੁਕੇ ਹਨ ਤੋਂ ਸੁਰੈਂਡਰ ਸਰਟੀਫਿਕੇਟ ਜਾਰੀ ਕਰਦੇ ਸਮੇਂ ਸਿਰਫ ਪਾਸਪੋਰਟ ਗੁੰਮ ਹੋਣ ਦੇ ਵੇਰਵੇ ਸਬੰਧੀ ਹਲਫੀਆ ਬਿਆਨ ਅਤੇ ਪੁਲਿਸ ਰਿਪੋਰਟ ਦੀ ਹੀ ਮੰਗ ਕੀਤੀ ਜਾਵੇ। ਗੋਪੀਓ ਇੰਟਰਨੈਸ਼ਨਲ ਨਾਲ ਸੰਪਰਕ ਫੋਨ 818-708-3885 'ਤੇ ਕੀਤਾ ਜਾ ਸਕਦਾ ਹੈ।

# ਸਾਕਾ ਨੀਲਾ ਤਾਰਾ ਦੀ ਵਰ੍ਹੇਗੰਢ 'ਤੇ ਸਿੱਖ ਸਿਆਸਤ ਮਘੀ

ਭਰਪੂਰ ਰਿਹਾ ਹੈ। ਭਾਵੇਂ ਕਿ ਇਥੇ ਮੁੱਖ ਸਮਾਗਮ ਸ਼੍ਰੋਮਣੀ ਕਮੇਟੀ ਵਲੋਂ ਹੀ ਕੀਤਾ ਜਾਣਾ ਹੈ ਪਰ ਇਸ ਵਿਚ ਦੂਜੀਆਂ ਪੰਥਕ ਧਿਰਾਂ ਵੀ ਵਧ ਚੜ੍ਹ ਕੇ ਸ਼ਾਮਿਲ ਹੋ ਰਹੀਆਂ ਹਨ।

ਇਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਹੀਦਾਂ ਲਈ ਅਰਦਾਸ ਕੀਤੀ ਜਾਂਦੀ ਹੈ ਤੇ ਉਸ ਤੋਂ ਬਾਅਦ ਮੰਜੀ ਸਾਹਿਬ ਦੀਵਾਨ ਹਾਲ ਵਿਚ ਧਾਰਮਿਕ-ਰਾਜਨੀਤਕ ਆਗੂਆਂ ਵਲੋਂ ਆਈਆਂ ਸੰਗਤਾਂ ਸਾਹਮਣੇ ਵਿਚਾਰ ਰੱਖੇ ਜਾਂਦੇ ਹਨ। ਵੱਖ-ਵੱਖ ਧਿਰਾਂ ਵਲੋਂ ਆਪਣੇ ਵਿਚਾਰਾਂ ਦੇ ਪ੍ਰਚਾਰ ਲਈ ਪ੍ਰਕਾਸ਼ਿਤ ਸਾਹਿਤ ਵੀ ਵੰਡਿਆ ਜਾਂਦਾ ਹੈ।

ਸਿੱਖ ਇਤਿਹਾਸ ਵਿਚ ਅਹਿਮ ਮੋੜ ਸਾਬਤ ਹੋਏ ਇਸ ਕਾਂਡ ਦੇ ਮੌਕੇ 'ਤੇ ਦੇਸ਼ ਵਿਦੇਸ਼ ਤੋਂ ਵੀ ਸੰਗਤਾਂ ਇਥੇ ਇਕੱਤਰ ਹੁੰਦੀਆਂ ਹਨ। ਇਸ ਤੋਂ ਇਲਾਵਾ ਪੰਜਾਬ ਅਤੇ ਪੰਜਾਬ ਤੋਂ ਬਾਹਰ ਵਿਦੇਸ਼ਾਂ ਵਿਚ ਥਾਂ-ਥਾਂ ਇਸ ਸਾਕੇ ਸਬੰਧੀ ਸਿੱਖ ਸੰਗਤਾਂ ਵਲੋਂ ਸਮਾਗਮ ਕੀਤੇ ਜਾਂਦੇ ਹਨ। ਪੰਥ ਦੀਆਂ ਨੁਮਾਇੰਦਾ ਧਿਰਾਂ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਦੇ ਵੱਖ-ਵੱਖ ਧੜੇ, ਸਿੱਖ ਸਟੂਡੈਂਟਸ ਫੈਡਰੇਸ਼ਨਾਂ, ਦਮਦਮੀ ਟਕਸਾਲ, ਅਖੰਡ ਕੀਰਤਨੀ ਜਥਾ ਅਤੇ ਹੋਰ ਜਥੇਬੰਦੀਆਂ ਇਸ ਸਾਕੇ ਨੂੰ ਮਨਾਉਣ ਲਈ ਵੱਖੋ-ਵੱਖਰੇ ਉਪਰਾਲੇ ਕਰਦੀਆਂ ਹਨ।

ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਇਸ ਦਿਨ ਸਬੰਧੀ ਵੱਖ-ਵੱਖ ਧਿਰਾਂ ਨੇ ਆਪੋ ਆਪਣੇ ਪ੍ਰੋਗਰਾਮ ਉਲੀਕੇ ਹਨ ਜਿਨ੍ਹਾਂ ਨੂੰ ਲੈ ਕੇ ਪੰਜਾਬ ਵਿਚ ਪਿਛਲੇ ਕੁਝ ਦਿਨਾਂ ਤੋਂ ਮਾਹੌਲ ਭਖਿਆ ਹੋਇਆ ਹੈ। ਇਸ ਭਖੇ ਹੋਏ ਮਾਹੌਲ ਵਿਚ ਦਲ ਖਾਲਸਾ, ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਅਤੇ ਪੰਜਾਬ ਸਰਕਾਰ ਪੂਰੀ ਸਰਗਰਮੀ ਨਾਲ ਆਪੋ ਆਪਣੇ ਫੈਸਲਿਆਂ 'ਤੇ ਦ੍ਰਿੜਤਾ ਨਾਲ ਡਟੇ ਹੋਏ ਹਨ।

ਸਭ ਤੋਂ ਪਹਿਲਾਂ ਬੀਤੀ 25 ਮਈ ਨੂੰ ਜੂਨ 84 ਦੇ ਘੱਲੂਘਾਰੇ ਦੀ ਯਾਦਗਾਰ ਬਣਾਉਣ ਦੀ ਮੰਗ ਨੂੰ ਲੈ ਕੇ ਦਲ ਖਾਲਸਾ ਵਲੋਂ 3 ਤੋਂ 6 ਜੂਨ ਤੱਕ ਸ੍ਰੀ ਹਰਿਮੰਦਰ ਸਾਹਿਬ ਸਮੂਹ ਦੇ ਤੇਜਾ ਸਿੰਘ ਸਮੁੰਦਰੀ ਹਾਲ ਵਾਲੇ ਪਾਸੇ ਬਣੇ ਮੁੱਖ ਦੁਆਰ ਤੋਂ ਬਾਹਰ 72 ਘੰਟੇ ਦੀ ਭੁੱਖ ਹੜਤਾਲ 'ਤੇ ਬੈਠਣ ਦਾ ਐਲਾਨ ਕੀਤਾ ਗਿਆ। ਉਨ੍ਹਾਂ ਅਨੁਸਾਰ ਇਹ ਕੋਈ ਧਰਨਾ ਜਾਂ ਰੋਸ ਮੁਜ਼ਾਹਰਾ ਨਹੀਂ ਸਗੋਂ ਜਥੇਬੰਦੀ ਵਲੋਂ ਸ਼ਾਂਤਮਈ ਢੰਗ ਨਾਲ ਮੰਗ ਦਾ ਪ੍ਰਗਟਾਵਾ ਹੈ ਅਤੇ ਇਸ ਮੌਕੇ ਮਰਿਆਦਾ ਤੇ ਸੰਗਤਾਂ ਦੇ ਸਤਿਕਾਰ ਦਾ ਪੂਰਾ ਧਿਆਨ ਰੱਖਿਆ ਜਾਵੇਗਾ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਵਲੋਂ ਜੂਨ 1984 ਦੇ ਘੱਲੂਘਾਰੇ ਦੀ ਯਾਦਗਾਰ ਬਣਾਉਣ ਦਾ ਫੈਸਲਾ ਕੀਤਾ ਗਿਆ ਸੀ ਪਰ ਬਾਅਦ ਵਿਚ ਇਸ ਮਸਲੇ ਨੂੰ ਠੰਢੇ ਬਸਤੇ ਵਿਚ ਪਾ ਦਿੱਤਾ ਗਿਆ। ਜਦਕਿ ਸਿੱਖ ਜਥੇਬੰਦੀਆਂ ਦੀ ਲੰਬੇ ਸਮੇਂ ਤੋਂ ਇਹ ਮੰਗ ਹੈ ਕਿ ਇਸ ਸਾਕੇ ਦੀ ਢੁਕਵੀਂ ਯਾਦਗਾਰ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਜ਼ਰੂਰ ਬਣਾਈ ਜਾਣੀ ਚਾਹੀਦੀ ਹੈ। ਇਸੇ ਸਿਲਸਿਲੇ ਵਿਚ ਦਲ ਖਾਲਸਾ ਵਲੋਂ ਇਸ ਮੰਗ ਨੂੰ ਲੈ ਕੇ ਜਥੇਬੰਦੀ ਦੇ ਸਾਬਕਾ ਪ੍ਰਧਾਨ ਜਥੇਦਾਰ ਸਤਨਾਮ ਸਿੰਘ ਪਾਉਂਟਾ ਸਾਹਿਬ ਨੇ ਭੁੱਖ ਹੜਤਾਲ 'ਤੇ ਬੈਠਣ ਦਾ ਫੈਸਲਾ ਕੀਤਾ।

ਇਸ ਸੰਬੰਧ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਤਿੱਖਾ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਇਹ ਕਾਰਵਾਈ ਸਿੱਖ ਭਾਵਨਾਵਾਂ ਦੀ ਵਰਤੋਂ ਕਰਕੇ ਸੌੜੀ ਰਾਜਨੀਤੀ ਕਰਨ ਵਾਲੀ ਹੈ ਅਤੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਅੰਦਰ ਕਿਸੇ ਨੂੰ ਵੀ ਮਰਿਆਦਾ ਭੰਗ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ ਅਤੇ ਨਾ ਹੀ ਇਸ ਮੌਕੇ ਕਿਸੇ ਨੂੰ ਨਾਅਰੇਬਾਜ਼ੀ ਕਰਨ ਦੀ ਇਜਾਜ਼ਤ ਹੋਵੇਗੀ। ਇਸ ਸੰਬੰਧੀ ਸ਼੍ਰੋਮਣੀ ਕਮੇਟੀ ਵਲੋਂ ਸਖਤ ਸੁਰੱਖਿਆ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਦਲ ਖਾਲਸਾ ਆਪਣਾ ਪ੍ਰੋਗਰਾਮ ਸ੍ਰੀ ਹਰਿਮੰਦਰ ਸਾਹਿਬ ਸਮੂਹ ਤੋਂ ਦੂਰ ਕਰ ਸਕਦਾ ਹੈ ਜਿਸ 'ਤੇ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਸ਼ਹੀਦਾਂ ਦੀ ਯਾਦਗਾਰ ਬਣਾਉਣ ਸਬੰਧੀ ਜਥੇਦਾਰ ਮੱਕੜ ਨੇ ਕਿਹਾ ਕਿ ਇਸ ਬਾਰੇ ਫੈਸਲਾ ਸਭ ਸਿੱਖ ਜਥੇਬੰਦੀਆਂ ਨਾਲ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਲਿਆ ਜਾਵੇਗਾ।

ਪਰ ਦਲ ਖਾਲਸਾ ਵਾਲੇ ਆਪਣੇ ਇਸ ਪ੍ਰੋਗਰਾਮ ਨੂੰ ਹਰ ਹੀਲੇ ਕਰਨ ਦੇ ਫੈਸਲੇ 'ਤੇ ਅਟੱਲ ਹਨ। ਉਨ੍ਹਾਂ ਨੇ ਦਮਦਮੀ ਟਕਸਾਲ, ਅਖੰਡ ਕੀਰਤਨੀ ਜਥਾ, ਕਾਰ ਸੇਵਾ ਵਾਲੇ ਬਾਬਾ ਸ਼ੀਸ਼ਾ ਸਿੰਘ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂਆਂ ਨੂੰ ਇਸ ਵਿਚ ਸਹਿਯੋਗ ਦੇਣ ਦਾ ਸੱਦਾ ਦਿੱਤਾ ਹੈ। 30 ਮਈ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਲ ਖਾਲਸਾ ਦੇ ਜਨਰਲ ਸਕੱਤਰ ਕੰਵਰਪਾਲ ਸਿੰਘ ਨੇ ਕਿਹਾ, "ਦਲ ਖਾਲਸਾ ਆਪਣਾ ਪ੍ਰੋਗਰਾਮ ਹਰ ਹਾਲਤ ਵਿਚ ਕਰੇਗਾ ਤੇ ਮੱਕੜ ਨਾਲ ਕਿਸੇ ਕਿਸਮ ਦੀ ਬਿਆਨਬਾਜ਼ੀ ਵਿਚ ਉਲਝਣ ਦੀ ਉਨ੍ਹਾਂ ਦੀ ਕੋਈ ਇੱਛਾ ਨਹੀਂ ਹੈ। ਦਲ ਖਾਲਸਾ ਸਮੇਤ ਹੋਰ ਸਿੱਖ ਜਥੇਬੰਦੀਆਂ ਪਿਛਲੇ 6 ਸਾਲਾਂ ਤੋਂ ਸ਼ਹੀਦੀ ਯਾਦਗਾਰ ਬਣਾਉਣ ਲਈ ਸੰਘਰਸ਼ ਕਰ ਰਹੀਆਂ ਹਨ ਪਰ ਹੁਣ ਤੱਕ ਸ਼੍ਰੋਮਣੀ ਕਮੇਟੀ ਤੇ ਕੋਈ ਵੀ ਅਸਰ ਨਹੀਂ ਹੋਇਆ। ਇਸ ਲਈ ਮਜਬੂਰੀ ਵੱਸ ਉਨ੍ਹਾਂ ਨੂੰ ਇਹ ਸਖਤ ਕਦਮ ਚੁੱਕਣਾ ਪਿਆ।"

ਇਸ ਤੋਂ ਇਲਾਵਾ ਇਸ ਵਾਰ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਵਲੋਂ ਸਾਕਾ ਨੀਲਾ ਤਾਰਾ ਦੀ 26ਵੀਂ ਵਰ੍ਹੇਗੰਢ ਮੌਕੇ 1 ਜੂਨ ਤੋਂ 5 ਜੂਨ ਤੱਕ ਚੱਪੜਚਿੜੀ ਤੋਂ ਸ੍ਰੀ ਅਕਾਲ ਤਖਤ ਸਾਹਿਬ ਤੱਕ ਘੱਲੂਘਾਰਾ ਯਾਦਗਾਰੀ ਮਾਰਚ ਕੱਢਣ ਦਾ ਐਲਾਨ ਕੀਤਾ ਗਿਆ ਸੀ। ਜਿਸ ਸਬੰਧੀ ਦਲ ਵਲੋਂ ਪੂਰੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ ਕਿ ਪੰਜਾਬ ਪੁਲਿਸ ਨੇ ਇਸ ਮਾਰਚ ਨੂੰ ਰੋਕਣ ਲਈ 29-30 ਮਈ ਦੀ ਦਰਮਿਆਨੀ ਰਾਤ ਨੂੰ ਪੰਜਾਬ ਭਰ ਵਿਚ ਛਾਪੇ ਮਾਰ ਕੇ ਪੰਚ ਪ੍ਰਧਾਨੀ ਦੇ ਸੀਨੀਅਰ ਆਗੂਆਂ ਤੇ ਸੈਂਕੜੇ ਵਰਕਰਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਕਈ ਆਗੂਆਂ ਦੇ ਘਰਾਂ ਅੱਗੇ ਪੁਲਿਸ ਚੌਂਕੀਆਂ ਬਿਠਾ ਦਿੱਤੀਆਂ ਗਈਆਂ ਹਨ। ਇਸ ਤੋਂ ਇਲਾਵਾ ਚੱਪੜਚਿੜੀ ਦੇ ਗੁਰਦੁਆਰਾ ਸਾਹਿਬ, ਜਿਥੋਂ ਇਹ ਮਾਰਚ ਆਰੰਭ ਹੋਣਾ ਸੀ, ਨੂੰ ਵੀ ਪੁਲਿਸ ਛਾਉਣੀ ਵਿਚ ਬਦਲ ਦਿੱਤਾ ਗਿਆ ਹੈ। ਪੰਚ ਪ੍ਰਧਾਨੀ ਦੇ ਭਾਈ ਕੁਲਬੀਰ ਸਿੰਘ ਬੜਾ ਪਿੰਡ, ਭਾਈ ਬਲਦੇਵ ਸਿੰਘ ਸਿਰਸਾ, ਭਾਈ ਦਯਾ ਸਿੰਘ ਕੱਕੜ, ਬਾਬਾ ਹਰਦੀਪ ਸਿੰਘ ਮਹਿਰਾਜ, ਗੁਰਮੀਤ ਸਿੰਘ ਗੋਗਾ ਅਤੇ ਸੰਦੀਪ ਸਿੰਘ ਕੈਨੇਡੀਅਨ ਸਮੇਤ ਕੋਈ 250 ਦੇ ਲਗਪਗ ਪਾਰਟੀ ਵਰਕਰਾਂ ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ ਹੈ ਤਾਂ ਕਿ ਇਹ ਮਾਰਚ ਸਫਲ ਨਾ ਹੋ ਸਕੇ। ਦਲ ਦੇ ਜਨਰਲ ਸਕੱਤਰ ਭਾਈ ਹਰਪਾਲ ਸਿੰਘ ਚੀਮਾ, ਦਰਸ਼ਨ ਸਿਘ ਜਗ੍ਹਾ ਰਾਮ ਤੀਰਥ ਅਤੇ ਅਮਰੀਕ ਸਿੰਘ ਈਸੜੂ ਦੇ ਘਰਾਂ 'ਤੇ ਵੀ ਛਾਪੇ ਮਾਰੇ ਗਏ ਪਰ ਉਹ ਘਰ ਨਾ ਹੋਣ ਕਾਰਨ ਗ੍ਰਿਫਤਾਰੀ ਤੋਂ ਬਚ ਗਏ।

ਇਸ ਤੋਂ ਇਲਾਵਾ ਸਿੱਖ ਸਟੂਡੈਂਟਸ ਫੈਡਰੇਸ਼ਨ (ਮਹਿਤਾ) ਨੇ 6 ਜੂਨ ਨੂੰ ਦੇਸ਼ ਵਿਦੇਸ਼ ਵਿਚ ਅਰਦਾਸ ਦਿਵਸ ਮਨਾ ਕੇ ਗੁਰਮਤਿ ਸਮਾਗਮ ਕਰਨ ਦਾ ਫੈਸਲਾ ਕੀਤਾ ਹੈ। ਜਥੇਬੰਦੀ ਦੇ ਪ੍ਰਧਾਨ ਭਾਈ ਪਰਮਜੀਤ ਸਿੰਘ ਖਾਲਸਾ ਨੇ ਕਿਹਾ ਹੈ ਕਿ ਉਨ੍ਹਾਂ ਵਲੋਂ ਮੁੱਖ ਸਮਾਗਮ ਗੁਰਦੁਆਰਾ ਕਲਗੀਧਰ ਸਿੰਘ ਸਭਾ, ਲੁਧਿਆਣਾ ਵਿਖੇ ਕੀਤਾ ਜਾ ਰਿਹਾ ਹੈ।

ਇਸ ਤਰ੍ਹਾਂ ਘੱਲੂਘਾਰਾ ਸਮਾਗਮ ਨੂੰ ਲੈ ਕੇ ਵੱਖ-ਵੱਖ ਧਿਰਾਂ ਵਿਚ ਜ਼ਿਆਦਾ ਤਣਾਤਣੀ ਇਸ ਕਰਕੇ ਵੀ ਹੈ ਕਿ ਸ਼੍ਰੋਮਣੀ ਕਮੇਟੀ ਚੋਣਾਂ ਨੇੜੇ ਆ ਰਹੀਆਂ ਹਨ ਜਿਨ੍ਹਾਂ ਵਿਚ ਸਖਤ ਮੁਕਾਬਲਾ ਹੋਣ ਦੀ ਆਸ ਹੈ। ਇਸ ਲਈ ਪੰਥਕ ਧਿਰਾਂ ਜ਼ੋਰ ਅਜਮਾਈ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦੇਣਾ ਚਾਹੁੰਦੀਆਂ।

## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

*National Truck Driving School*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ ਹੈ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ ਹੈ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

**Kashmir S. Thandi**
**Office: (866) 933-3038**
**Balhar S. Rana**
**Cell:916-502-7733**

4585 Pell Dr. Secramento CA, 95838



## Real Estate & Loans Under One Roof

***Call:Sam Chahal Tel: 916-612-5773***

*For Buying and Selling Residential, Commercial property and for Loans in Sacramento area*

**Multi-Million Dollars Producer-2007-08**



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

**Reo-Bankowned Properties**
Serving from Bay Area to Sacramento

### Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

**We Help You Buy/Sell Business & Homes**

**Call Master of Winners in Multiple Offers**

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

## Golden State Realty

Sacramento Office: 8695 Territorial Way, Elk Grove CA 95624
**Tel: 916-612-5773 Fax: 916-689-5707**



## American Sikh Foundation of Northern California

in association with

## Quest For Knowledge Foundation - India

Presents

**Discourse (Gurbani Vichar) in English on Sacred Bani JAPJI SAHIB by renowned Gurbani Exponent Jatinder Pal Singh, USA-Delhi.**

**Following Topics Will Also Form Part of Discourse:**

Introduction to Guru Nanak & His Teachings
Various Stages of Spiritual Growth
Importance of Sacred Teachings in Our Modern Day Life
Stress & Anger Management

*From: 3:00 PM to 5:30 PM*
At: Gurudwara Sri Sachkhand Sahib
1090 Main Street
Roseville, CA 95678

May 2, 2010
May 9, 2010
May 16, 2010
June 6, 2010

Special Invitation to Teenagers & Young Adults
All Programme wll be followed by Snacks & Beverages (Langar)
For More Information Contact:
Sony Dhillon: 916.704.4814 • Manjit Singh Sandhar: 916.224.4203 • Makhan Jhatoo: 916.799.0654 • Avtar S Johal: 916.849.4478

## ਡਾ. ਮਨਮੋਹਨ ਸਿੰਘ ਨੂੰ ਕੈਨੇਡਾ 'ਚ ਕਰਨਾ ਪੈ ਸਕਦੈ ਸਿੱਖ-ਵਿਰੋਧ ਦਾ ਸਾਹਮਣਾ

**ਮੋਹਾਲੀ:** ਕੈਨੇਡਾ ਅਤੇ ਹੋਰ ਦੂਜੇ ਦੇਸ਼ਾਂ ਵਿਚ ਵਸਦੇ ਸਿੱਖਾਂ ਦੇ ਨਾਂ ਕਾਲੀਆਂ ਸੂਚੀਆਂ ਵਿਚ ਵਾਰ-ਵਾਰ ਦਰਜ ਕੀਤੇ ਜਾਣ ਦੇ ਰੋਸ ਵਜੋਂ ਜੂਨ ਦੇ ਮਹੀਨੇ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਕੈਨੇਡਾ ਦੌਰੇ ਦੌਰਾਨ ਉਥੋਂ ਦੇ ਸਿੱਖਾਂ ਦੇ ਰੋਹ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕੈਨੇਡਾ ਦੇ ਸਿੱਖਾਂ ਵਲੋਂ ਥਾਂ-ਥਾਂ 'ਤੇ ਕਾਲੀਆਂ ਝੰਡੀਆਂ ਨਾਲ ਡਾ. ਮਨਮੋਹਨ ਸਿੰਘ ਦਾ ਵਿਰੋਧ ਕੀਤੇ ਜਾਣ ਦਾ ਪ੍ਰੋਗਰਾਮ ਹੈ।



ਇਹ ਜਾਣਕਾਰੀ ਵੈਨਕੂਵਰ ਤੋਂ 24 ਘੰਟੇ ਲਈ ਰੇਡੀਓ ਚਲਾ ਰਹੇ ਰੇਡੀਓ ਇੰਡੀਆ ਦੇ ਐਨ.ਡੀ. ਮਨਿੰਦਰ ਸਿੰਘ ਗਿੱਲ ਨੇ 29 ਮਈ ਨੂੰ ਦਿੱਤੀ। ਸ੍ਰੀ ਗਿੱਲ ਨੇ ਕਿਹਾ ਕਿ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਸਰਕਾਰ ਦੌਰਾਨ ਕੈਨੇਡਾ ਦੇ ਜਿਨ੍ਹਾਂ ਸਿੱਖਾਂ ਦੇ ਨਾਂ ਕਾਲੀ ਸੂਚੀ ਵਿਚ ਦਰਜ ਸਨ, ਉਹ ਉਨ੍ਹਾਂ ਨੇ ਕੱਢ ਦਿੱਤੇ ਸਨ ਅਤੇ ਕੇਵਲ ਤਿੰਨ ਦਰਜਨ ਦੇ ਕਰੀਬ ਹੀ ਵਿਅਕਤੀਆਂ ਦੇ ਨਾਂ ਇਸ ਕਾਲੀ ਸੂਚੀ ਵਿਚ ਰਹਿ ਗਏ ਸਨ। ਉਨ੍ਹਾਂ ਕਿਹਾ ਕਿ ਜਦੋਂ ਤੋਂ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਸੱਤਾ ਸੰਭਾਲੀ ਹੈ, ਤਦ ਤੋਂ ਦੁਬਾਰਾ ਫੇਰ ਇਨ੍ਹਾਂ ਸਿੱਖਾਂ ਨੂੰ ਬਲੈਕ ਲਿਸਟ ਕਰ ਦਿੱਤਾ ਗਿਆ ਹੈ ਤੇ ਇਨ੍ਹਾਂ ਦੀ ਗਿਣਤੀ ਮੁੜ ਸੱਤ ਅੱਠ ਸੌ ਦੇ ਕਰੀਬ ਹੋ ਗਈ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਦੁਬਾਰਾ ਕਾਲੀਆਂ ਸੂਚੀਆਂ ਵਿਚ ਪਾਇਆ ਗਿਆ ਹੈ, ਉਹ ਇਕ ਨਹੀਂ ਸਗੋਂ ਅਨੇਕਾਂ ਵਾਰੀ ਭਾਰਤ ਵਿਖੇ ਆ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਭਾਰਤ ਅਤੇ ਵਿਦੇਸ਼ਾਂ ਵਿਚ ਇਨ੍ਹਾਂ ਲੋਕਾਂ 'ਤੇ ਕੋਈ ਅਪਰਾਧਿਕ ਮਾਮਲਾ ਦਰਜ ਨਹੀਂ ਤੇ ਨਾ ਹੀ ਇਨ੍ਹਾਂ ਤੋਂ ਕਿਸੇ ਨੂੰ ਅਮਨ-ਅਮਾਨ ਦਾ ਖਤਰਾ ਹੈ।

# ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੋ ਸਕਦੀਆਂ ਨੇ ਅਗਲੇ ਸਾਲ

## ਵੋਟਰਾਂ ਦੀ ਉਮਰ ਘਟਾਉਣ ਦਾ ਮਾਮਲਾ ਲਟਕਿਆ, ਵੋਟਾਂ 1 ਜੂਨ ਤੋਂ ਬਣਨਗੀਆਂ


**ਚੰਡੀਗੜ੍ਹ :** ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਸਰਗਰਮੀਆਂ ਪੂਰੀ ਤਰ੍ਹਾਂ ਤੇਜ਼ ਹੋ ਗਈਆਂ ਹਨ ਤੇ ਚੋਣਾਂ ਅਗਲੇ ਸਾਲ ਦੇ ਅਰੰਭ 'ਚ ਕਰਾਉਣ ਦੀ ਸੰਭਾਵਨਾ ਹੈ ਕਿਉਂਕਿ ਸੋਧੀਆਂ ਹੋਈਆਂ ਵੋਟਰ ਸੂਚੀਆਂ ਦੀ ਛਪਾਈ ਦਾ ਕੰਮ ਨਵੰਬਰ ਦੇ ਅੱਧ 'ਚ ਖ਼ਤਮ ਹੋਵੇਗਾ। ਗੁਰਦਵਾਰਾ ਚੋਣ ਕਮਿਸ਼ਨ ਦੇ ਮੁੱਖ ਚੋਣ ਕਮਿਸ਼ਨਰ ਹਰਫੂਲ ਸਿੰਘ ਬਰਾੜ ਨੇ ਦਸਿਆ ਕਿ ਸੋਧੀਆਂ ਹੋਈਆਂ ਵੋਟਰ ਸੂਚੀਆਂ ਦੀ ਛਪਾਈ ਦਾ ਕੰਮ 9 ਨਵੰਬਰ ਨੂੰ ਮੁਕੰਮਲ ਹੋ ਜਾਵੇਗਾ ਤੇ ਚੋਣਾਂ ਕਰਾਉਣ ਲਈ ਦੋ ਤਿੰਨ ਮਹੀਨੇ ਦਾ ਸਮਾਂ ਹੋਰ ਲੱਗ ਜਾਵੇਗਾ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਚੋਣਾਂ ਕਰਾਉਣ ਦੀ ਮਿਤੀ ਦਾ ਫ਼ੈਸਲਾ ਕੇਂਦਰ ਨੇ ਕਰਨਾ ਹੈ। ਸ. ਬਰਾੜ ਨੇ ਕਿਹਾ ਕਿ ਵੋਟਰ ਦੀ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕਰਨ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ। ਹੁਣ ਵੋਟ ਬਨਾਉਣ ਵਾਲੇ ਦੀ ਉਮਰ ਘਟੋ-ਘੱਟ 21 ਸਾਲ ਹੋਣੀ ਚਾਹੀਦੀ ਹੈ। ਕੇਸਧਾਰੀ ਸਿੱਖ ਹੀ ਵੋਟਰ ਬਣ ਸਕੇਗਾ। ਚੋਣਾਂ ਦੇ ਅਗਲੇ ਸਾਲ ਦੇ ਅਰੰਭ 'ਚ ਹੋਣ ਬਾਰੇ ਵੀ ਯਕੀਨ ਨਾਲ ਕੁਝ ਨਹੀਂ ਕਿਹਾ ਜਾ ਸਕਦਾ।

ਸ਼੍ਰੋਮਣੀ ਅਕਾਲੀ ਦਲ ਬਾਦਲ ਵਲੋਂ ਯਤਨ ਕੀਤੇ ਜਾਣਗੇ ਕਿ ਗੁਰਦਵਾਰਾ ਚੋਣਾਂ ਹਰ ਹਾਲ ਅਗਲੇ ਸਾਲ ਮਾਰਚ ਤਕ ਮੁਕੰਮਲ ਹੋ ਜਾਣ। ਅਕਾਲੀ ਦਲ ਦੀ ਕੋਸ਼ਿਸ਼ ਹੈ ਕਿ ਪੰਜਾਬ 'ਚ ਅਕਾਲੀ-ਭਾਜਪਾ ਸਰਕਾਰ ਦੇ ਹੁੰਦਿਆਂ ਚੋਣਾਂ ਛੇਤੀ ਤੋਂ ਛੇਤੀ ਕਰਾਈਆਂ ਜਾਣ ਤਾਂ ਕਿ ਸਰਕਾਰੀ ਮਸ਼ੀਨਰੀ ਦਾ ਲਾਹਾ ਲਿਆ ਜਾ ਸਕੇ। ਦੂਜੇ ਪਾਸੇ ਵਿਰੋਧੀ ਧਿਰਾਂ ਇਹ ਖ਼ਦਸ਼ਾ ਪ੍ਰਗਟ ਕਰ ਰਹੀਆਂ ਹਨ ਕਿ ਸਰਕਾਰ ਇਨ੍ਹਾਂ ਚੋਣਾਂ 'ਚ ਵੀ ਮਿਊਂਸਪਲ ਕਮੇਟੀ ਚੋਣਾਂ ਅਤੇ ਪੰਚਾਇਤੀ ਚੋਣਾਂ ਵਾਂਗ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਅਤੇ ਧੱਕਾ ਕਰੇਗੀ। ਇਸ ਲਈ ਚੋਣਾਂ ਅਗਲੇ ਸਾਲ ਅਗਸਤ ਮਹੀਨੇ ਤੋਂ ਬਾਅਦ ਹੀ ਹੋਣ। ਇਸ ਸਮੇਂ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਗੁਰਦਵਾਰਾ ਚੋਣਾਂ ਨਾਲ ਸਬੰਧਤ ਦੋ ਮੁੱਦਿਆਂ 'ਤੇ ਫ਼ੈਸਲਾ ਲੈਣਾ ਬਾਕੀ ਪਿਆ ਹੈ। ਇਕ ਤਾਂ ਵੋਟਰ ਦੀ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕਰਨ ਦਾ ਤੇ ਦੂਜਾ ਸ਼੍ਰੋਮਣੀ ਕਮੇਟੀ ਵਲੋਂ 15 ਪ੍ਰਵਾਸੀ ਸਿੱਖਾਂ ਨੂੰ ਨਾਮਜ਼ਦ ਕਰਨ ਦੀ ਪ੍ਰਵਾਨਗੀ ਦਾ ਮੁੱਦਾ ਵੀ ਬਕਾਇਆ ਪਿਆ ਹੈ। ਜੇ ਕੇਂਦਰੀ ਗ੍ਰਹਿ ਮੰਤਰਾਲਾ ਇਸ ਸਾਲ ਦੇ ਅੰਤ 'ਚ ਵੋਟਰ ਦੀ ਉਮਰ 18 ਸਾਲ ਕਰਨ ਦਾ ਫ਼ੈਸਲਾ ਦੇ ਦਿੰਦਾ ਹੈ ਤਾਂ ਮੁੜ ਵੋਟਰ ਸੂਚੀਆਂ ਸੋਧਣ ਦਾ ਕੰਮ ਚਾਲੂ ਹੋਵੇਗਾ ਤੇ ਚੋਣਾਂ ਅਪਣੇ-ਆਪ ਅਗਲੇ ਸਾਲ ਅਗਸਤ ਤਕ ਲਟਕ ਜਾਣਗੀਆਂ। ਮੁੱਖ ਚੋਣ ਕਮਿਸ਼ਨਰ ਨੇ ਵੋਟਰ ਸੂਚੀਆਂ ਤਿਆਰ ਕਰਨ ਦੀ ਪ੍ਰਕਿਰਿਆ ਦਾ ਜ਼ਿਕਰ ਕਰਦਿਆਂ ਦਸਿਆ ਕਿ ਵੋਟਾਂ ਬਨਾਉਣ ਦਾ ਕੰਮ ਪਹਿਲੀ ਜੂਨ ਤੋਂ 15 ਜੁਲਾਈ ਤਕ ਚਲੇਗਾ। ਵੋਟਰ ਸੂਚੀਆਂ ਤਿਆਰ ਕਰਨ, ਪ੍ਰਕਾਸ਼ਤ ਕਰਨ ਤੇ ਵੱਖ-ਵੱਖ ਕੇਂਦਰਾਂ 'ਚ ਸੂਚੀਆਂ ਰਖਣ ਦੀ ਪ੍ਰਕਿਰਿਆ 19 ਜੁਲਾਈ ਤੋਂ ਅਰੰਭ ਹੋ ਕੇ ਤਿੰਨ ਅਗਸਤ ਤਕ ਚਲੇਗੀ। 6 ਅਗਸਤ ਨੂੰ ਮੁਢਲੀ ਪਬਲੀਕੇਸ਼ਨ ਹੋਵੇਗੀ। ਵੋਟਰ ਸੂਚੀਆਂ 'ਤੇ ਇਤਰਾਜ਼ ਅਤੇ ਦਾਅਵਿਆਂ ਦੀ ਪ੍ਰਕਿਰਿਆ 6 ਅਗਸਤ ਤੋਂ 31 ਅਗਸਤ ਤਕ ਚਲੇਗੀ। ਵੋਟਰ ਸੂਚੀਆਂ ਸਬੰਧੀ ਕੀਤੇ ਗਏ ਇਤਰਾਜ਼ ਅਤੇ ਦਾਅਵਿਆਂ ਦਾ ਨਿਬੇੜਾ 3 ਸਤੰਬਰ ਤੋਂ 27 ਸਤੰਬਰ ਤਕ ਹੋਵੇਗਾ। ਸਪਲੀਮੈਂਟਰੀ ਵੋਟਾਂ ਦੀ ਤਿਆਰੀ 30 ਸਤੰਬਰ ਤੋਂ 15 ਅਕਤੂਬਰ ਤਕ ਚਲੇਗੀ। ਸਪਲੀਮੈਂਟਰੀ ਵੋਟਾਂ ਦੀ ਛਪਾਈ 4 ਨਵੰਬਰ ਤਕ ਚਲੇਗੀ ਅਤੇ ਅੰਤਮ ਛਪਾਈ ਦਾ ਕੰਮ 9 ਨਵੰਬਰ ਤਕ ਚਲੇਗਾ। ਸ. ਬਰਾੜ ਨੇ ਦਸਿਆ ਕਿ ਵੋਟਰ ਫ਼ਾਰਮ 'ਤੇ ਫ਼ੋਟੋ ਲਗਾਉਣ ਦੀਆਂ ਕੋਈ ਹਦਾਇਤਾਂ ਨਹੀਂ ਹਨ। ਇਸ 'ਤੇ ਪੱਤਰਕਾਰਾਂ ਨੇ ਪੁਛਿਆ ਕਿ ਇਹ ਕਿਸ ਤਰ੍ਹਾਂ ਸਾਬਤ ਹੋਵੇਗਾ ਕਿ ਵੋਟ ਬਨਾਉਣ ਲਈ ਫ਼ਾਰਮ ਭਰਨ ਵਾਲਾ ਕੇਸਧਾਰੀ ਸਿੱਖ ਹੈ? ਇਸ 'ਤੇ ਸ. ਬਰਾੜ ਨੇ ਕਿਹਾ ਕਿ ਇਸੇ ਕਾਰਨ ਹਦਾਇਤਾਂ ਦਿਤੀਆਂ ਗਈਆਂ ਹਨ ਕਿ ਹਰ ਵੋਟਰ ਅਪਣਾ ਭਰਿਆ ਹੋਇਆ ਫ਼ਾਰਮ ਖ਼ੁਦ ਦਿਹਾਤੀ ਇਲਾਕੇ 'ਚ ਹਲਕੇ ਦੇ ਪਟਵਾਰੀ ਨੂੰ ਅਤੇ ਸ਼ਹਿਰ ਵਿਚ ਨਿਯੁਕਤ ਕੀਤੇ ਅਧਿਕਾਰੀ ਨੂੰ ਸੌਂਪੇ। ਇਸ ਤਰ੍ਹਾਂ ਅਧਿਕਾਰੀ ਖ਼ੁਦ ਦੇਖ ਸਕੇਗਾ ਕਿ ਵੋਟਰ ਕੇਸਧਾਰੀ ਹੈ ਜਾਂ ਨਹੀਂ। ਜਦ ਮੁੱਖ ਕਮਿਸ਼ਨਰ ਨੂੰ ਪੁਛਿਆ ਗਿਆ ਕਿ ਕੀ ਵੋਟ ਪਾਉਣ ਲਈ ਵੋਟਰ ਦਾ ਕਾਰਡ ਬਣੇਗਾ ਤਾਂ ਉਨ੍ਹਾਂ ਕਿਹਾ ਕਿ ਨਹੀਂ, ਵੋਟ ਸਬੂਤ ਵਜੋਂ ਪਿਛਲੀਆਂ ਅਸੈਂਬਲੀ ਜਾਂ ਲੋਕ ਸਭਾ ਚੋਣਾਂ 'ਚ ਬਣਾਏ ਗਏ ਵੋਟਰ ਕਾਰਡ ਵਿਖਾ ਕੇ ਵੋਟ ਪਾ ਸਕੇਗਾ। ਉਨ੍ਹਾਂ ਇਹ ਵੀ ਦਸਿਆ ਕਿ ਕੋਈ ਪਤਿਤ ਸਿੱਖ ਵੋਟਰ ਨਹੀਂ ਬਣ ਸਕੇਗਾ। ਜਦੋਂ ਪੱਤਰਕਾਰਾਂ ਨੇ ਇਹ ਪੁਛਿਆ ਕਿ ਇਹ ਚੰਗਾ ਨਾ ਹੁੰਦਾ ਕਿ ਜੇ ਵੋਟਾਂ ਬਨਾਉਣ ਦਾ ਕੰਮ ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਵੋਟਰ ਦੀ ਉਮਰ 18 ਸਾਲ ਕਰਨ ਤੋਂ ਬਾਅਦ ਅਰੰਭ ਹੁੰਦਾ ਤਾਂ ਉਨ੍ਹਾਂ ਕਿਹਾ ਕਿ ਉਹ ਜੋ ਵੀ ਕਰ ਰਹੇ ਹਨ, ਐਕਟ ਅਤੇ ਅਪਣੇ ਅਧਿਕਾਰਾਂ ਅਨੁਸਾਰ ਕਰ ਰਹੇ ਹਨ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਗੁਰਦਵਾਰਾ ਚੋਣਾਂ ਨਿਰਪੱਖ ਢੰਗ ਨਾਲ ਹੋਣਗੀਆਂ। ਇਸ ਪ੍ਰੈੱਸ ਕਾਨਫ਼ਰੰਸ ਵਿਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੇ ਗੁਰਦਵਾਰਾ ਚੋਣਾਂ ਨਾਲ ਸਬੰਧਤ ਅਧਿਕਾਰੀ ਵੀ ਮੌਜੂਦ ਸਨ। ਯਾਦ ਰਹੇ ਸ਼੍ਰੋਮਣੀ ਕਮੇਟੀ ਦੇ 120 ਹਲਕੇ ਹਨ।

ਇਨ੍ਹਾਂ ਵਿਚੋਂ 110 ਪੰਜਾਬ 'ਚ, 8 ਹਰਿਆਣਾ 'ਚ ਅਤੇ ਇਕ ਇਕ ਚੰਡੀਗੜ੍ਹ ਤੇ ਹਿਮਾਚਲ ਵਿਚ ਹੈ। ਜਿਥੋਂ ਤਕ ਚੁਣੇ ਹੋਏ ਮੈਂਬਰਾਂ ਦੀ ਗਿਣਤੀ ਦਾ ਸਬੰਧ ਹੈ ਉਹ 170 ਹੋਣਗੇ ਕਿਉਂਕਿ 50 ਹਲਕਿਆਂ ਵਿਚੋਂ ਦੋ ਦੋ ਮੈਂਬਰ ਚੁਣੇ ਜਾਣਗੇ। ਕੁਝ ਮੈਂਬਰ ਕੋਆਪਟ ਵੀ ਕੀਤੇ ਜਾਂਦੇ ਹਨ। ਕੋਆਪਟ ਤੇ ਨਾਮਜ਼ਦ ਮੈਂਬਰਾਂ ਨੂੰ ਪਾ ਕੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਗਿਣਤੀ 191 ਹੋ ਜਾਂਦੀ ਹੈ। ਸ਼੍ਰੋਮਣੀ ਕਮੇਟੀ ਨੇ ਪ੍ਰਵਾਸੀ ਸਿੱਖਾਂ 'ਚੋਂ 15 ਮੈਂਬਰ ਕੋਆਪਟ ਕਰਨ ਦਾ ਸੁਝਾਅ ਕੇਂਦਰ ਨੂੰ ਭੇਜਿਆ ਸੀ ਜੋ ਹਾਲੇ ਤਕ ਪ੍ਰਵਾਨ ਨਹੀਂ ਹੋਇਆ। ਮੁੱਖ ਚੋਣ ਕਮਿਸ਼ਨਰ ਨੇ ਦਸਿਆ ਕਿ 80 ਲੱਖ ਫ਼ਾਰਮ ਪ੍ਰਕਾਸ਼ਤ ਕੀਤੇ ਗਏ ਹਨ। ਹਰ ਫ਼ਾਰਮ ਪੰਜਾਬੀ ਤੇ ਹਿੰਦੀ ਵਿਚ ਹੈ।

## ਗੁਰਦੁਆਰਾ ਚੋਣ ਕਮਿਸ਼ਨ ਹਰੇਕ ਵਿਅਕਤੀ ਨੂੰ ਵੋਟ ਫ਼ਾਰਮ ਜਮ੍ਹਾਂ ਕਰਵਾਉਣ ਦਾ ਹੱਕ ਦੇਵੇ-ਮੱਕੜ

**ਕੁਹਾੜਾ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਹੈ ਕਿ ਪਹਿਲਾਂ ਚੋਣ ਕਮਿਸ਼ਨ ਵਲੋਂ ਪਿੰਡਾਂ ਵਿਚ ਜਾ ਕੇ ਵੋਟਾਂ ਦੇ ਫਾਰਮ ਭਰ ਕੇ ਵੋਟਾਂ ਬਣਾਈਆਂ ਜਾਂਦੀਆਂ ਸਨ। ਇਸ ਤੋਂ ਇਲਾਵਾ ਪਿੰਡ ਦਾ ਜ਼ਿੰਮੇਵਾਰ ਸੱਜਣ ਸਿੱਖਾਂ ਦੀਆਂ ਵੋਟਾਂ ਬਣਾਉਣ ਵਾਲੇ ਫਾਰਮ ਭਰ ਕੇ ਆਪ ਦਫਤਰ ਜਮ੍ਹਾਂ ਕਰਵਾ ਕੇ ਵੋਟਾਂ ਬਣਵਾ ਦਿੰਦਾ ਸੀ। ਪਰ ਹੁਣ ਚੋਣ ਕਮਿਸ਼ਨ ਨੇ ਹੁਕਮ ਜਾਰੀ ਕਰ ਦਿੱਤਾ ਹੈ ਕਿ ਜਿਹੜੇ ਵਿਅਕਤੀ ਨੇ ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟ ਬਣਾਉਣੀ ਹੈ, ਉਹ ਵੋਟ ਬਣਾਉਣ ਵਾਲਾ ਫਾਰਮ ਭਰ ਕੇ ਆਪ ਕਮਿਸ਼ਨ ਦੇ ਦਫਤਰ ਜਮ੍ਹਾਂ ਕਰਵਾ ਕੇ ਜਾਵੇ। ਜੇ ਇਹ ਹੀ ਹੁਕਮ ਲਾਗੂ ਰਿਹਾ ਤਾਂ ਸ਼੍ਰੋਮਣੀ ਕਮੇਟੀ ਚੋਣਾਂ ਦੇ ਵਿਚ ਸਿਰਫ 10 ਪ੍ਰਤੀਸ਼ਤ ਸਿੱਖ ਹੀ ਵੋਟ ਪਾ ਸਕਣਗੇ।



ਸ੍ਰੀ ਮੱਕੜ ਨੇ ਕਿਹਾ ਕਿ ਉਹ ਛੇਤੀ ਹੀ ਸ਼੍ਰੋਮਣੀ ਕਮੇਟੀ ਵਲੋਂ ਇਕ ਵਫਦ ਲੈ ਕੇ ਚੰਡੀਗੜ੍ਹ ਵਿਖੇ ਗੁਰਦੁਆਰਾ ਚੋਣ ਕਮਿਸ਼ਨਰ ਨੂੰ ਮਿਲਣ ਜਾ ਰਹੇ ਹਨ ਅਤੇ ਵੋਟਰਾਂ ਦੀ ਸੁਵਿਧਾ ਅਨੁਸਾਰ ਹੀ ਵੋਟਾਂ ਬਣਾਉਣ ਲਈ ਉਹ ਚੋਣ ਕਮਿਸ਼ਨ ਨਾਲ ਹਰ ਲੜਾਈ ਲੜਨਗੇ।


# "ਸੁਭ ਕਰਮਨ ਤੇ ਕਬਹੂੰ ਨ ਟਰੋਂ"

ਮਾਨੁਖਤਾ ਦੇ ਭਲੇ ਲਈ, ਸਤਿ ਕਰਤਾਰ ਚੈਰੀਟੇਬਲ ਟਰੱਸਟ ਠੇਠਰਕੇ ਰਜਿ: (ਬਲਾਕ ਡੇਰਾ ਬਾਬਾ ਨਾਨਕ) ਹੇਠ ਲਿਖੇ ਬਹੁਤ ਗਰੀਬ, ਅਤਿ ਲੋੜਵੰਦ ਅਤੇ ਬੇਸਹਾਰਾ ਪਰਿਵਾਰਾਂ ਦੀ, ਜਿਨ੍ਹਾਂ ਦੀ ਆਮਦਨ ਦਾ ਕੋਈ ਵੀ ਵਸੀਲਾ (ਸਾਧਨ) ਨਹੀਂ ਹੈ, ਮਈ 2001 ਤੋਂ ਲਗਾਤਾਰ ਹਰ ਮਹੀਨੇ ਚਾਰ ਤਰੀਕ ਨੂੰ ਮਾਲੀ ਸਹਾਇਤਾ ਕਰ ਰਿਹਾ ਹੈ:

1. ਵਿਧਵਾਵਾਂ:
   ਇਨ੍ਹਾਂ ਦੀ ਸਹਾਇਤਾ ਇਨ੍ਹਾਂ ਦੇ ਸਭ ਤੋਂ ਵੱਡੇ ਦੋ ਬੱਚਿਆਂ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਇਨ੍ਹਾਂ ਦੇ 5 ਸਾਲ ਤੋਂ ਵੱਧ ਉਮਰ ਦੇ ਲੜਕੇ ਸਰਕਾਰੀ ਸਕੂਲ ਵਿਚ ਜਰੂਰ ਪੜ੍ਹਦੇ ਹੋਣ। ਇਨ੍ਹਾਂ ਦੀਆਂ ਲੜਕੀਆਂ ਵੀ ਪੜ੍ਹਦੀਆਂ ਹੋਣ ਜਾਂ ਇਨ੍ਹਾਂ ਨੇ ਘੱਟ ਤੋਂ ਘੱਟ ਪ੍ਰਾਇਮਰੀ/ਮਿਡਲ/ਹਾਈ/ਸੀਨੀਅਰ ਸੈਕੰਡਰੀ ਸਕੂਲ ਪਾਸ ਕਰ ਲਿਆ ਹੋਵੇ ਅਤੇ ਅਜੇ ਤੱਕ ਇਹ ਵਿਆਹੀਆਂ ਨਾ ਗਈਆਂ ਹੋਣ ਜਾਂ ਇਨ੍ਹਾਂ ਦੀ ਉਮਰ 20 ਸਾਲ ਤੋਂ ਵੱਧ ਨਾ ਹੋਵੇ।
2. ਯਤੀਮ ਬੱਚੇ ——————————''''''''''''——————————
3. ਪੂਰਨ ਪਾਗਲ ਆਦਮੀ: ——————————''''''''''''——————————
4. ਕਦੀਮੀ/ਲੰਬੀ ਬੀਮਾਰੀ ਵਾਲੇ ਰੋਗੀ ਆਦਮੀ: ——————————''''''''''''——————————
5. ਪੂਰਨ ਨੇਤਰਹੀਣ ਆਦਮੀ: ——————————''''''''''''——————————
6. ਪੂਰਨ ਨਕਾਰਾ ਅੰਗਹੀਣ ਆਦਮੀ: ——————————''''''''''''——————————
7. 75 ਸਾਲਾਂ ਤੋਂ ਵੱਧ ਉਮਰ ਵਾਲੇ ਬੇਸਹਾਰਾ ਵਿਅਕਤੀ
8. ਅੰਗਹੀਣ ਵਿਦਿਆਰਥੀ
9. ਗਰੀਬ ਹੋਣਹਾਰ ਵਿਦਿਆਰਥੀ
10. ਉਪਰ ਲਿਖੇ ਪਰਿਵਾਰਾਂ ਦੀਆਂ ਕੇਵਲ ਲੜਕੀਆਂ ਦੇ ਵਿਆਹ ਤੇ ਸਹਾਇਤਾ
11. ਉਪਰ ਲਿਖੇ ਪਰਿਵਾਰਾਂ ਵਿਚੋਂ ਕਿਸੇ ਜੀਅ ਦੇ ਅਚਾਨਕ ਸੀਰੀਅਸ ਐਕਸੀਡੈਂਟ ਜਾਂ ਸੀਰੀਅਸ ਬੀਮਾਰ ਹੋਣ 'ਤੇ ਸਹਾਇਤਾ
12. ਉਪਰ ਲਿਖੇ ਪਰਿਵਾਰਾਂ ਵਿਚ ਪਾਣੀ ਵਾਸਤੇ ਨਲਕਾ/ਟੂਟੀ ਆਦਿ ਲਵਾਉਣ ਵਿਚ ਸਹਾਇਤਾ
13. ਕੁਦਰਤੀ ਭਿਆਨਕ ਆਫਤਾਂਵਾਂ ਅਤੇ ਦੁਰਘਨਾਵਾਂ (ਕ੍ਰੋਪੀ) ਕਾਰਨ ਪੀੜਿਤ ਪਰਿਵਾਰਾਂ ਦੀ ਸਹਾਇਤਾ

ਨੋਟ: ਦਾਨੀਆਂ ਦਾ ਦਾਨ ਸਦਾ ਲਈ ਟਰੱਸਟ ਦੇ ਐਫ ਡੀ ਖਾਤੇ ਵਿਚ ਜਮ੍ਹਾ ਕਰ ਦਿੱਤਾ ਜਾਂਦਾ ਹੈ। ਖੈਰਾਤ ਦੇ ਸਾਰੇ ਕਾਰਜ ਉਸ ਤੋਂ ਮਿਲਣ ਵਾਲੇ ਵਿਆਜ ਨਾਲ ਹੀ ਕੀਤੇ ਜਾਂਦੇ ਹਨ। ਇਸ ਵੇਲੇ ਟਰੱਸਟ ਦਾ ਕਰੀਬ 93 ਪਿੰਡਾਂ ਵਿਚ 460 ਪਰਿਵਾਰਾਂ ਦੇ ਵਾਰਸ਼ਿਕ ਖੈਰਾਤ ਦਾ ਖਰਚ ਲਗਭਗ 6 ਲੱਖ 36 ਹਜ਼ਾਰ ਰੁਪਏ ਹੈ। ਲੋੜਵੰਦਾਂ ਦੀ ਸਹੂਲਤ ਲਈ ਸਾਰੇ ਪਿੰਡਾਂ ਨੂੰ 13 ਵੰਡ ਕੇਂਦਰਾਂ ਵਿਚ ਵੰਡਿਆ ਗਿਆ ਹੈ ਤਾਂ ਕਿ ਉਹ ਨੇੜਲੇ ਵੰਡ ਕੇਂਦਰ ਤੋਂ ਆਪਣੀ ਸਹਾਇਤਾ ਆਦਿ ਆਸਾਨੀ ਨਾਲ ਪ੍ਰਾਪਤ ਕਰ ਸਕਣ। ਟਰੱਸਟ ਵਲੋਂ ਸਾਰੇ ਗੁਰਮੁਖਿ ਦਾਨੀਆਂ ਨੂੰ ਹਾਰਦਿਕ ਬੇਨਤੀ ਕਰਦੇ ਹਾਂ ਕਿ ਉਹ ਇਸ ਮਹਾਨ ਯੱਗ (ਮਿਨੀ ਪਿੰਗਲਵਾੜਾ) ਵਿਚ ਆਪੋ ਆਪਣੀ ਸ਼ਰਧਾ ਅਨੁਸਾਰ ਦਾਨ ਦੇਣ ਦੀ ਕ੍ਰਿਪਾਲਤਾ ਕਰਨ। ਤੁਸੀਂ ਆਪਣਾ ਵੱਡਮੁੱਲਾ ਦਾਨ ਸਿੱਧੇ ਵੀ ਸਤਿ ਕਰਤਾਰ ਚੈਰੀਟੇਬਲ ਟਰੱਸਟ, ਠੇਠਰਕੇ ਦੇ ਖਾਤੇ ਵਿਚ ਪੰਜਾਬ ਐਂਡ ਸਿੰਧ ਬੈਂਕ ਜਾਂ ਓਰੀਐਂਟਲ ਬੈਂਕ ਆਫ ਕਾਮਰਸ ਜਾਂ ਪੰਜਾਬ ਨੈਸ਼ਨਲ ਬੈਂਕ, ਡੇਰਾ ਬਾਬਾ ਨਾਨਕ - 143604, ਜ਼ਿਲਾ ਗੁਰਦਾਸਪੁਰ ਵਿਖੇ ਜਮ੍ਹਾ ਕਰਵਾ ਸਕਦੇ ਹੋ। ਸਤਿ ਕਰਤਾਰ ਤੁਹਾਡੇ ਸਾਰਿਆਂ 'ਤੇ ਸਦਾ ਹੀ ਆਪਣੀ ਮਿਹਰ ਦੀ ਨਦਰਿ ਰੱਖੇ।

"ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥"

**ਸੇਵਕ: ਅਵਤਾਰ ਸਿੰਘ 1871-247272**

## ਗਵਾਹਾਂ ਦੀ ਰੱਖਿਆ ਲਈ ਸੁਖਬੀਰ ਵਲੋਂ ਪ੍ਰਧਾਨ ਮੰਤਰੀ ਨੂੰ ਪੱਤਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਅਪੀਲ ਕੀਤੀ ਹੈ ਕਿ '84 ਦੇ ਸਿੱਖ ਵਿਰੋਧੀ ਕਤਲੇਆਮ ਦੇ, ਸੱਜਣ ਕੁਮਾਰ ਅਤੇ ਟਾਇਟਲਰ ਦੇ ਨਾਲ ਸਬੰਧਤ ਮਾਮਲਿਆਂ 'ਚ ਸਾਰੇ ਗਵਾਹਾਂ ਨੂੰ ਢੁੱਕਵੀਂ ਸੁਰੱਖਿਆ ਦੇਣ ਤੋਂ ਇਲਾਵਾ ਉਨ੍ਹਾਂ ਨੂੰ ਸੁਰੱਖਿਅਤ ਗੁਪਤ ਥਾਵਾਂ 'ਤੇ ਰੱਖਿਆ ਜਾਵੇ।

ਉਨ੍ਹਾਂ ਇਹ ਵੀ ਮੰਗ ਕੀਤੀ ਕਿ ਟਾਇਟਲਰ ਨਾਲ ਸਬੰਧਤ ਮਾਮਲਿਆਂ ਦੀ ਪੁਨਰ ਜਾਂਚ ਲਈ ਤੁਰੰਤ ਇੱਕ ਏਡੀਜੀਪੀ ਰੈਂਕ ਦੇ ਅਧਿਕਾਰੀ ਦੀ ਅਗਵਾਈ ਹੇਠ ਮੁੜ ਜਾਂਚ ਟੀਮ ਦਾ ਗਠਨ ਕਰਨ ਅਤੇ '84 ਕਤਲੇਆਮ ਨਾਲ ਸਬੰਧਤ ਸਾਰੇ ਮਾਮਲਿਆਂ ਦੀ ਸੁਣਵਾਈ ਰੋਜ਼ਾਨਾ ਆਧਾਰ 'ਤੇ ਕੀਤੀ ਜਾਵੇ।

ਬੀਤੀ 29 ਮਈ ਨੂੰ ਪ੍ਰਧਾਨ ਮੰਤਰੀ ਨੂੰ ਭੇਜੇ ਗਏ ਇੱਕ ਪੱਤਰ ਵਿਚ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਨੇ ਜਿੱਥੇ ਸੱਜਣ ਕੁਮਾਰ ਵਿਰੁਧ ਦੋਸ਼ ਆਇਦ ਹੋਣ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ, ਉਥੇ ਇਹ ਵੀ ਖਦਸ਼ਾ ਪ੍ਰਗਟ ਕੀਤਾ ਹੈ ਕਿ ਸੱਜਣ ਕੁਮਾਰ ਨੂੰ ਯਕੀਨੀ ਸਜ਼ਾ ਹੋਣ ਦੀ ਸੰਭਾਵਨਾ ਨੂੰ ਦੇਖਦਿਆਂ 25 ਸਾਲਾਂ ਦੇ ਲੰਬੇ ਸਮੇ ਤੱਕ ਦ੍ਰਿੜ ਰਹੇ ਗਵਾਹਾਂ ਨੂੰ ਸਰੀਰਕ ਤੌਰ 'ਤੇ ਨੁਕਸਾਨ ਜਾਂ ਖਤਮ ਕੀਤੇ ਜਾਣ ਦੀ ਕੋਸ਼ਿਸ਼ ਵੀ ਕੀਤੀ ਜਾ ਸਕਦੀ ਹੈ। ਉਨ੍ਹਾਂ ਪ੍ਰਧਾਨ ਮੰਤਰੀ ਦੇ ਧਿਆਨ ਵਿਚ ਲਿਆਂਦਾ ਕਿ ਪਿਛਲੇ 25 ਸਾਲਾਂ ਦੌਰਾਨ ਸੱਜਣ ਕੁਮਾਰ ਅਤੇ ਟਾਈਟਲਰ ਵਿਰੁਧ ਮਾਮਲਿਆਂ ਦੀ ਸੁਣਵਾਈ ਦੌਰਾਨ ਗਵਾਹਾਂ ਨੂੰ ਡਰਾਉਣ, ਧਮਕਾਉਣ ਅਤੇ ਲਾਲਚ ਦੇਣ ਦੇ ਯਤਨ ਕੀਤੇ ਗਏ ਹਨ।

# ਕਾਂਗਰਸ ਦੇ ਡੈਲੀਗੇਟ ਇਜਲਾਸ 'ਚ ਕੈਪਟਨ ਦਾ ਵਿਰੋਧ

**ਚੰਡੀਗੜ੍ਹ :** ਪੰਜਾਬ ਪ੍ਰਦੇਸ਼ ਕਾਂਗਰਸ ਦੀ ਮੀਟਿੰਗ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਰੁਧ ਭੜਾਸ ਕੱਢਣ ਦਾ ਇਕ ਪਲੇਟਫਾਰਮ ਹੋ ਨਿੱਬੜੀ। ਇਹ ਮੀਟਿੰਗ ਸਤੰਬਰ ਵਿਚ ਕੁੱਲ ਹਿੰਦ ਕਾਂਗਰਸ ਦੇ ਡੈਲੀਗੇਟ ਸਮਾਗਮ ਦੀਆਂ ਤਿਆਰੀਆਂ ਲਈ ਬੁਲਾਈ ਗਈ ਸੀ।



ਕੈਪਟਨ ਅਮਰਿੰਦਰ ਸਿੰਘ 31 ਮਈ ਦੀ ਮੀਟਿੰਗ ਵਿਚੋਂ ਗੈਰਹਾਜ਼ਰ ਸਨ। ਮੀਟਿੰਗ ਨੂੰ ਸੰਬੋਧਨ ਕਰਨ ਵਾਲੇ ਜ਼ਿਆਦਾਤਰ ਆਗੂ ਪਾਰਟੀ ਅੰਦਰ ਅਮਰਿੰਦਰ ਧੜੇ ਦੇ ਵਿਰੋਧੀਆਂ ਵਜੋਂ ਮੰਨੇ ਜਾਂਦੇ ਹਨ।ਪਾਰਟੀ ਸੂਤਰਾਂ ਮੁਤਾਬਕ ਪੰਜਾਬ ਕਾਂਗਰਸ ਦੇ ਸੀਨੀਅਰ ਆਗੂਆਂ ਨੇ ਸਾਬਕਾ ਮੁੱਖ ਮੰਤਰੀ ਨੂੰ ਅਸਿੱਧੇ ਢੰਗ ਨਾਲ 'ਬੇਲਗਾਮ' ਤੇ 'ਅਨੁਸ਼ਾਸਨਹੀਣ' ਆਗੂ ਕਰਾਰ ਦਿੰਦਿਆਂ ਕਿਹਾ ਕਿ ਕੋਈ ਵੀ ਆਗੂ ਪਾਰਟੀ ਤੋਂ ਉਪਰ ਜਾਂ ਵੱਡਾ ਨਹੀਂ ਹੋ ਸਕਦਾ, ਇਸ ਲਈ ਸਭ ਨੂੰ ਪਾਰਟੀ ਅਨੁਸ਼ਾਸਨ ਦੀ ਧਾਰਾ ਵਿਚ ਵਹਿਣਾ ਚਾਹੀਦਾ ਹੈ। ਡੈਲੀਗੇਟ ਸਮਾਗਮ ਦੀਆਂ ਤਿਆਰੀਆਂ ਦੇ ਮੁਖ ਏਜੰਡੇ ਤੋਂ ਹਟ ਕੇ 31 ਮਈ ਦੀ ਮੀਟਿੰਗ ਪੰਜਾਬ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਦੀ ਕੁਰਸੀ ਦੇ ਦੁਆਲੇ ਜ਼ਿਆਦਾ ਕੇਂਦਰਤ ਰਹੀ। ਪਾਰਟੀ ਆਗੂਆਂ ਨੇ ਇਥੋਂ ਤੱਕ ਕਿਹਾ ਕਿ ਕਾਂਗਰਸ ਹਾਈਕਮਾਨ ਵਲੋਂ ਪਾਰਟੀ ਦਾ ਡੈਲੀਗੇਟ ਸਮਾਗਮ ਪੰਜਾਬ ਵਿਚ ਕਰਨ ਦਾ ਫੈਸਲਾ ਆਪਣੇ ਆਪ ਵਿਚ ਸਿੱਧ ਕਰਦਾ ਹੈ ਕਿ ਸੋਨੀਆ ਗਾਂਧੀ ਨੇ ਸੂਬਾਈ ਲੀਡਰਸ਼ਿਪ ਵਿਚ ਭਰੋਸਾ ਪ੍ਰਗਟਾਇਆ ਹੈ। ਮੀਟਿੰਗ ਦੌਰਾਨ ਕਾਂਗਰਸੀਆਂ ਨੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਸਾਬਕਾ ਮੁੱਖ ਮੰਤਰੀ ਦੀ ਹਾਈਕਮਾਨ ਵਿਚ ਪੁੱਛ ਪਹਿਲਾਂ ਨਾਲੋਂ ਘਟ ਗਈ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਸੂਬਾ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਦੀ ਸੁਰ ਬਹੁਤ ਮੱਠੀ ਰਹੀ। ਸ੍ਰੀ ਕੇ.ਪੀ. ਨੇ ਕਿਸੇ ਵੀ ਵਿਰੁਧ ਬੋਲਣ ਤੋਂ ਗੁਰੇਜ਼ ਕੀਤਾ। ਉਨ੍ਹਾਂ ਡੈਲੀਗੇਟ ਸਮਾਗਮ ਨੂੰ ਇਤਿਹਾਸਕ ਘਟਨਾ ਕਰਾਰ ਦਿੰਦਿਆਂ ਸਾਰੇ ਕਾਂਗਰਸੀਆਂ ਨੂੰ ਇਸ ਕੰਮ ਵਿਚ ਹੁਣੇ ਤੋਂ ਜੁਟਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ 36 ਸਾਲਾਂ ਬਾਅਦ ਪੰਜਾਬ ਨੂੰ ਇਹ ਮੁੜ ਤੋਂ ਮੌਕਾ ਮਿਲਿਆ ਹੈ ਤੇ ਇਸ ਤੋਂ ਇਹ ਵੀ ਸਪੱਸ਼ਟ ਹੈ ਕਿ ਸੂਬੇ ਵਿਚ ਆਉਣ ਵਾਲੀ ਸਰਕਾਰ ਕਾਂਗਰਸ ਪਾਰਟੀ ਦੀ ਹੀ ਬਣੇਗੀ। ਬੀਬੀ ਰਾਜਿੰਦਰ ਕੌਰ ਭੱਠਲ ਦਾ ਕਹਿਣਾ ਸੀ ਕਿ 'ਮੇਰੇ ਸਮੇਤ ਸਾਰੇ ਵਿਧਾਇਕਾਂ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਵਿਰੋਧੀ ਧਿਰ ਦਾ ਨੇਤਾ ਬਨਾਉਣ ਲਈ ਪਾਰਟੀ ਹਾਈਕਮਾਨ ਨੂੰ ਲਿਖਤੀ ਤੌਰ 'ਤੇ ਬੇਨਤੀ ਕੀਤੀ ਸੀ ਪਰ ਹੋਇਆ ਇਸ ਦੇ ਬਿਲਕੁਲ ਉਲਟ'। ਸ੍ਰੀਮਤੀ ਭੱਠਲ ਨੇ ਕਿਹਾ ਕਿ ਸਾਰੇ ਆਗੂਆਂ ਨੂੰ ਪਾਰਟੀ ਅਨੁਸ਼ਾਸਨ ਵਿਚ ਰਹਿਣਾ ਚਾਹੀਦਾ ਹੈ ਤੇ ਹਾਈਕਮਾਨ ਦੇ ਫੈਸਲਿਆਂ ਦਾ ਸਵਾਗਤ ਕਰਨਾ ਚਾਹੀਦਾ ਹੈ। ਪਾਰਟੀ ਦੇ ਸਾਬਕਾ ਸੂਬਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋਂ ਨੇ ਟੇਢੇ ਢੰਗ ਨਾਲ ਜਿੱਥੇ ਸਾਬਕਾ ਮੁੱਖ ਮੰਤਰੀ ਨੂੰ ਨਿਸ਼ਾਨਾ ਬਣਾਇਆ, ਉਥੇ ਸੂਬਾ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਦੀ ਪਿੱਠ ਥਪਥਪਾਈ। ਉਨ੍ਹਾਂ ਕਿਹਾ ਕਿ ਸਾਡੀ ਦਿੱਖ ਪਾਰਟੀ ਕਰਕੇ ਹੀ ਹੈ, ਇਸ ਲਈ ਜੇਕਰ ਕੋਈ ਵਿਅਕਤੀ ਆਪਣੇ ਆਪ ਨੂੰ ਪਾਰਟੀ ਤੋਂ ਵੱਡਾ ਸਮਝਦਾ ਹੈ ਤਾਂ ਉਸ ਨੂੰ ਭਰਮ ਭੁਲੇਖੇ ਕੱਢ ਦੇਣੇ ਚਾਹੀਦਾ ਹੈ।

ਸ੍ਰੀ ਦੂਲੋਂ ਨੇ ਅਮਰਿੰਦਰ ਸਿੰਘ ਦੀ ਗੈਰਹਾਜ਼ਰੀ ਵਲ ਪਾਰਟੀ ਆਗੂਆਂ ਦਾ ਧਿਆਨ ਖਿੱਚਦਿਆਂ ਕਿਹਾ ਕਿ ਪਾਰਟੀ ਦੀਆਂ ਮੀਟਿੰਗਾਂ ਵਿਚ ਸਾਰਿਆਂ ਨੂੰ ਆਉਣਾ ਚੀਹਦਾ ਹੈ। ਸ੍ਰੀ ਕੇ.ਪੀ. ਦੀ ਪ੍ਰਸ਼ੰਸ਼ਾ ਕਰਦਿਆਂ ਸਾਬਕਾ ਪ੍ਰਦੇਸ਼ ਪ੍ਰਧਾਨ ਨੇ ਕਿਹਾ ਕਿ ਕਾਂਗਰਸ ਹਾਈਕਮਾਨ ਨੇ ਜਿਸ ਤਰ੍ਹਾਂ ਉਤਰੀ ਭਾਰਤ ਦੇ ਸੂਬਿਆਂ ਦਾ ਡੈਲੀਗੇਟ ਇਜਲਾਸ ਪੰਜਾਬ ਵਿਚ ਕਰਨ ਦਾ ਫੈਸਲਾ ਕੀਤਾ ਹੈ, ਉਸ ਤੋਂ ਸਾਬਤ ਹੁੰਦਾ ਹੈ ਕਿ ਪਾਰਟੀ ਹਾਈਕਮਾਨ ਮੌਜੂਦਾ ਲੀਡਰਸ਼ਿਪ ਦੀ ਕਾਰਗੁਜ਼ਾਰੀ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੈ। ਜਗਮੀਤ ਸਿੰਘ ਬਰਾੜ ਨੇ ਵੀ ਹੋਰਨਾਂ ਆਗੂਆਂ ਦੀ ਪੈੜ 'ਚ ਪੈੜ ਧਰਦਿਆਂ ਅਸਿੱਧੇ ਤਰੀਕੇ ਨਾਲ ਸਾਬਕਾ ਮੁੱਖ ਮੰਤਰੀ ਨੂੰ ਭੰਡਿਆ ।

ਕੁੱਕ ਅਤੇ ਹਲਵਾਈ ਦੀ ਲੋੜ ਹੈ
ਕੈਲੀਫੋਰਨੀਆ ਵਿਚ ਇਕ ਇੰਡੀਅਨ ਵੈਜੀਟੇਰੀਅਨ ਰੈਸਟੋਰੈਂਟ ਵਾਸਤੇ ਪੰਜਾਬੀ ਅਤੇ ਭਾਰਤੀ ਕੁੱਕ ਤੇ ਹਲਵਾਈ ਚਾਹੀਦੇ ਹਨ ਜੋ ਸਫਾਈਪਸੰਦ ਅਤੇ ਕੰਮ ਵਿਚ ਮਾਹਿਰ ਹੋਣ
ਕਾਲ ਕਰੋ:(559) 287-4488

## Matrimonials

### Bride Wanted

Need pretty, educated USA settled family girl for Ramgharia Sikh cleanshaved boy, 28, 5'10", M.S (USA), permanent job in MI. Call 425-773-9030 or email: psingh03850@gmail.com.

Wanted match for 28 yrs, 5'-8", Gursikh Ramgariah boy on H1B, working and holds master's deg of US.Tel: 9815062407 (Parents currently in India). e-mail@ paramjeet.1@hotmail.com

Khatri Sikh family looking for a qualified match for their US citizen son, 29, 5'-5", undergraduate in biology, good job. e-mail: ninakr4@yahoo.com

US Jat Sikh Parents seek US citizen match for their India based B.Tech (CSE) CCNP (CISCO) 3G Mob.Tech. 27, 5'11", son, Contact: 425-609-8431 or e-mail: bahader.grewal@gmail.com

### Bridegroom Wanted

**ਵਰ ਦੀ ਲੋੜ**

ਜੱਟ ਸਿੱਖ ਸਿੱਧੂ ਇੰਡੀਆ ਰਹਿ ਰਹੀ ਲੜਕੀ, 22 ਸਾਲ, 5'5", ਬੀ ਐਸ ਸੀ ਨਰਸਿੰਗ ਵਾਸਤੇ ਅਮਰੀਕਨ ਸਿਟੀਜ਼ਨ ਲੜਕੇ ਦੀ ਲੋੜ ਹੈ। ਬੇਕਰਜ਼ਫੀਲਡ ਜਾਂ ਆਸ ਪਾਸ ਦੇ ਲੜਕੇ ਨੂੰ ਤਰਜ਼ੀਹ। ਸੰਪਰਕ ਕਰੋ: ਜਸਵੰਤ ਸਿੰਘ ਗਿੱਲ, ਫੋਨ 661-319-1505

ਰਾਮਗੜੀਆ ਸਿੱਖ, 30 ਸਾਲ, ਇੰਗਲੈਂਡ ਵਿਚ ਪੜ੍ਹਦੀ ਲੜਕੀ ਲਈ ਸਿੱਖੀ ਸਰੂਪ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਵਡੀ ਭੈਣ ਕੈਲੀਫੋਰਨੀਆ ਵਸਦੀ ਹੈ। ਕੈਲੀਫੋਰਨੀਆ ਦੇ ਲੜਕੇ ਨੂੰ ਤਰਜੀਹ। ਸੰਪਰਕ ਕਰੋ: 209-470-3732

Ramgarhia Sikh family looking for Medico/ Engineer/ professionally qualified, under 35, issueless match from US/Canada for their Dentist (D.D.S) daughter, 31, 5'-5", PR Canada, divorced/ issueless.email:match2k@gmail.com

*To Advertise with us*
*call: 847-359-0746*
*Fax:847-705-9388*


MRP TRAVEL
*Lowest International and Domestic Fares*
A·R·C FLY ANY AIRLINE OF YOUR CHOICE IATA
*Providing the lowest Air-fare, Cruise and Travel Packages to Asia, Africa, Europe, the Middle East and North America*
408-929-8005
E-mail:mrptravel@gmail.com
2123 Port Way, San Jose, CA 95133
*CST: 2097308-40*
Emirates
Asiana Airlines
KOREAN AIR
SINGAPORE AIRLINES CATHAY PACIFIC Lufthansa CHINA AIRLINES
We Also Offer Notary Service



B & Sons Travel
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri:
9am -6pm
Saturday
9am-5pm
CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere



NCP College of Nursing
Educate | Grow | Succeed
100% NCLEX-PN Pass Rate!
SSF Campus
5 Consecutive Quarters
January 1008 - March 2009
Affordable Payment Plans!
Up to 10 years Repayment Terms on Approved Credit
Start your career now!
Find a job fast using our Job Placement Office.
Full Time
Part Time
Day & Evening
Start Your Nursing Career Today!
12 Month LVN Program • 20 Day CNA Program
• LVN Vocational Nursing Program
• CNA Nursing Assistant Training
• CNA Acute Care Training
• IV Therapy & Blood Withdrawal Certification Course
• NCLEX-PN Test Preparation Workshop
• CPR
• Medical Terminology
• Continuing Education for RNs
Peninsula Campus
257 Longford Drive #5
So. San Francisco, CA 94080
1.800.339.5145
East Bay Campus
21615 Hesperian Blvd, Ste A
Hayward, CA 94541
1.800.611.4054
Choose which is right for you...
Your career is a call away. Call today!
www.ncpcollegeofnursing.com



FARMERS INSURANCE GROUP
Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫ[redacted]
Gurcharan Singh Mann
Ins[redacted]nt
Lice[redacted]672



# ਵੱਡੇ ਪੁਲਿਸ ਅਫਸਰਾਂ ਨੂੰ ਲਗਜ਼ਰੀ ਕਾਰਾਂ, ਜ਼ਿਲ੍ਹਿਆਂ 'ਚ ਵਗਾਰਾਂ

**ਚੰਡੀਗੜ੍ਹ :** ਪੰਜਾਬ ਪੁਲੀਸ ਦੇ ਵੀ ਰੰਗ ਨਿਆਰੇ ਹਨ। ਅਧਿਕਾਰੀਆਂ ਲਈ ਤਾਂ ਲਗਜ਼ਰੀ ਕਾਰਾਂ ਖਰੀਦਣ ਲਈ ਸਭ ਨਿਯਮ ਛਿੱਕੇ ਟੰਗੇ ਜਾ ਰਹੇ ਹਨ ਤੇ ਜ਼ਿਲ੍ਹਾ ਪੁਲੀਸ ਨੂੰ ਕਾਰਾਂ ਜਾਂ ਹੋਰਨਾਂ ਲੋੜੀਂਦੇ ਵਾਹਨ ਖਰੀਦਣ ਲਈ ਹੱਥ ਘੁੱਟਿਆ ਜਾ ਰਿਹਾ ਹੈ।

ਸੂਤਰਾਂ ਮੁਤਾਬਕ ਪੁਲੀਸ ਵਲੋਂ ਲੰਘੇ ਵਿੱਤੀ ਵਰ੍ਹੇ (2009-10) ਦੌਰਾਨ 27 'ਇਨੋਵਾ' ਕਾਰਾਂ ਖਰੀਦੀਆਂ ਗਈਆਂ। ਨਿਯਮਾਂ ਮੁਤਾਬਕ ਪੁਲੀਸ ਅਧਿਕਾਰੀਆਂ ਲਈ 6 ਲੱਖ 71 ਹਜ਼ਾਰ 709 ਰੁਪਏ ਦੇ ਭਾਅ ਵਾਲੀ ਕਾਰ ਖਰੀਦਣੀ ਬਣਦੀ ਸੀ, ਪਰ ਪੁਲੀਸ ਨੇ 9 ਲੱਖ 10 ਹਜ਼ਾਰ ਰੁਪਏ ਦੇ ਮਾਡਲ ਵਾਲੀਆਂ ਕਾਰਾਂ ਦੀ ਖਰੀਦ ਕੀਤੀ। ਇਸ ਦੇ ਉਲਟ ਜ਼ਿਲ੍ਹਾ ਪੁਲੀਸ ਹੰਗਾਮੀ ਹਾਲਤ ਨਾਲ ਸਿੱਝਣ ਲਈ ਗੱਡੀਆਂ ਵਗਾਰ 'ਤੇ ਲੈਂਦੀ ਹੈ। ਜਾਣਕਾਰੀ ਮੁਤਾਬਿਕ ਪੁਲੀਸ ਦੇ ਸਾਰੇ 24 ਜ਼ਿਲ੍ਹਿਆਂ ਵਿਚ 1006 ਵਾਹਨਾਂ ਦੀ ਕਮੀ ਪਾਈ ਜਾ ਰਹੀ ਹੈ। ਇਨ੍ਹਾਂ ਵਾਹਨਾਂ ਦੀ ਕਮੀ ਕਾਰਨ ਪੁਲੀਸ ਅਪਰਾਧੀਆਂ ਨਾਲ ਨਜਿੱਠਣ ਵਿਚ ਹੀ ਅਸਮਰੱਥ ਨਹੀਂ ਸਗੋਂ ਹੰਗਾਮੀ ਹਾਲਤ ਸਮੇਂ ਸਥਿਤੀ ਨੂੰ ਕਾਬੂ ਵਿਚ ਲਿਆਉਣ ਤੋਂ ਵੀ ਨਾਕਾਮ ਰਹਿੰਦੀ ਹੈ। ਸੂਬੇ ਦੇ ਸਿਰਫ 6 ਜ਼ਿਲ੍ਹਿਆਂ ਵਿਚ ਜਲ ਤੋਪਾਂ ਵਾਲੀਆਂ ਗੱਡੀਆਂ ਹਨ ਜਦੋਂਕਿ 18 ਜ਼ਿਲ੍ਹਿਆਂ ਨੂੰ ਇਹ ਗੱਡੀਆਂ ਦਿੱਤੀਆਂ ਨਹੀਂ ਜਾ ਸਕੀਆਂ।

ਪੰਜਾਬ ਪੁਲੀਸ ਵਲੋਂ ਪਿਛਲੇ ਵਿੱਤੀ ਵਰ੍ਹੇ ਦੌਰਾਨ ਨਿਯਮਾਂ ਨੂੰ ਛਿੱਕੇ ਟੰਗ ਕੇ ਕਾਰਾਂ ਦੀ ਖਰੀਦ ਕਰਨ ਕਾਰਨ 64 ਲੱਖ 33 ਹਜ਼ਾਰ 857 ਰੁਪਏ ਜ਼ਿਆਦਾ ਖਰਚ ਕਰਨੇ ਪਏ। ਪੁਲੀਸ ਵਲੋਂ ਇਸ ਰੁਝਾਨ ਨੂੰ ਜਾਰੀ ਰਖਦਿਆਂ 10 ਕਾਰਾਂ ਹੋਰ ਖਰੀਦਣ ਦਾ ਪ੍ਰਸਤਾਵ ਤਿਆਰ ਕੀਤਾ ਗਿਆ ਹੈ। ਨਵੀਂ ਇਨੋਵਾ ਕਾਰ ਪੁਲੀਸ ਨੂੰ 9 ਲੱਖ 70 ਹਜ਼ਾਰ ਰੁਪਏ ਵਿਚ ਮਿਲਣੀ ਹੈ। ਇਸ ਤਰ੍ਹਾਂ ਨਾਲ ਪੁਲੀਸ ਅਧਿਕਾਰੀਆਂ ਵਲੋਂ ਨਵੀਨੀਕਰਨ ਲਈ ਆਈ ਗਰਾਂਟ ਵਿਚ ਚਾਲੂ ਵਿੱਤੀ ਵਰ੍ਹੇ ਦੌਰਾਨ ਵੀ 29 ਲੱਖ 82 ਹਜ਼ਾਰ 910 ਰੁਪਏ ਦਾ ਨੁਕਸਾਨ ਕਰਨ ਦਾ ਮੁੱਢ ਬੰਨ੍ਹ ਦਿੱਤਾ ਗਿਆ ਹੈ। ਪੰਜਾਬ ਪੁਲੀਸ ਦੇ ਕਈ ਅਧਿਕਾਰੀਆਂ ਨੇ ਮੀਟਿੰਗਾਂ ਦੌਰਾਨ ਇਹ ਵੀ ਵਿਚਾਰ ਰੱਖੇ ਕਿ ਥਾਣਿਆਂ ਨੂੰ ਗਸ਼ਤ ਆਦਿ ਲਈ ਆਧੁਨਿਕ ਗੱਡੀਆਂ ਨਾਲ ਲੈਸ ਕੀਤਾ ਜਾਵੇ ਤਾਂ ਜੋ ਲੋਕਾਂ ਵਿਚ ਸੁਰੱਖਿਆ ਦੀ ਭਾਵਨਾ ਆਵੇ ਤੇ ਪੁਲੀਸ ਨੂੰ ਅਪਰਾਧੀ ਅਨਸਰਾਂ 'ਤੇ ਕਾਬੂ ਪਾਉਣ ਵਿਚ ਕੋਈ ਦਿੱਕਤ ਨਾ ਆਵੇ। ਪਰ ਇਨ੍ਹਾਂ ਅਧਿਕਾਰੀਆਂ ਦੀ ਮੰਗ ਵਲ ਸੀਨੀਅਰ ਅਧਿਕਾਰੀਆਂ ਨੇ ਕੋਈ ਧਿਆਨ ਨਹੀਂ ਦਿੱਤਾ ਤੇ ਆਪਣੀ ਸਹੂਲਤ ਲੈਣ ਲਈ ਨਵੀਨੀਕਰਨ ਲਈ ਆਉਂਦੀ ਕੇਂਦਰੀ ਗਰਾਂਟ ਨੂੰ ਮਨਮਰਜ਼ੀ ਨਾਲ ਖਰਚਿਆ ਜਾ ਰਿਹਾ ਹੈ। ਸੂਤਰਾਂ ਦਾ ਇਹ ਵੀ ਦੱਸਣਾ ਹੈ ਕਿ ਥਾਣਾ ਮੁਖੀਆਂ ਤਕ ਨੂੰ ਲਗਜ਼ਰੀ ਕਾਰਾਂ ਦੀ ਸਹੂਲਤ ਦੇਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਡੀ.ਜੀ.ਪੀ. ਪੱਧਰ 'ਤੇ ਹੋਈਆਂ ਮੀਟਿੰਗਾਂ ਦੌਰਾਨ ਥਾਣਾ ਮੁਖੀ ਨੂੰ ਟਾਟਾ ਸਫਾਰੀ ਅਤੇ ਡੀ.ਐਸ.ਪੀ. ਤੋਂ ਉਪਰ ਸਾਰੇ ਰੈਂਕ ਦੇ ਪੁਲੀਸ ਅਧਿਕਾਰੀਆਂ ਨੂੰ 'ਇਨੋਵਾ' ਦੇਣ ਬਾਰੇ ਗੰਭੀਰਤਾ ਨਾਲ ਵਿਚਾਰ ਕੀਤਾ ਜਾ ਰਿਹਾ ਹੈ। ਪੰਜਾਬ ਪੁਲੀਸ ਦੇ ਮੁਖੀ ਸ੍ਰੀ ਪੀ.ਐਸ. ਗਿੱਲ ਨੂੰ 'ਫਾਰਚਿਊਨਰ' ਦੀ ਸਹੂਲਤ ਦਿੱਤੀ ਗਈ ਹੈ। ਨਿਯਮਾਂ ਮੁਤਾਬਕ ਡੀ.ਜੀ.ਪੀ. ਵੀ ਏਨੀ ਮਹਿੰਗੀ ਕਾਰ ਦੀ ਸਹੂਲਤ ਨਹੀਂ ਲੈ ਸਕਦੇ। ਡੀ.ਜੀ.ਪੀ. ਵਲੋਂ ਮਹਿੰਗੀ ਕਾਰ ਵਿਚ ਝੂਟੇ ਲੈਣੇ ਆਈ.ਏ.ਐਸ. ਅਧਿਕਾਰੀਆਂ ਦੀਆਂ ਅੱਖਾਂ ਵਿਚ ਰੜਕ ਰਹੇ ਹਨ। ਸੂਤਰਾਂ ਦਾ ਦੱਸਣਾ ਹੈ ਕਿ ਪੰਜਾਬ ਪੁਲੀਸ ਵਲੋਂ ਲਗਜ਼ਰੀ ਕਾਰਾਂ ਦੀ ਸਹੂਲਤ ਲਈ ਸਾਰਾ ਪੈਸਾ ਕੇਂਦਰ ਸਰਕਾਰ ਵਲੋਂ ਨਵੀਨੀਕਰਨ ਲਈ ਭੇਜੀ ਜਾਂਦੀ ਗਰਾਂਟ ਵਿਚੋਂ ਲਿਆ ਜਾਂਦਾ ਹੈ। ਪੁਲੀਸ ਨੂੰ ਕੇਂਦਰ ਤੋਂ ਮਿਲਦੀ ਇਸ ਗਰਾਂਟ ਦਾ ਲਾਭ ਇਹ ਹੈ ਕਿ ਪੰਜਾਬ ਦੇ ਵਿੱਤ ਵਿਭਾਗ ਤੋਂ ਇਸ ਗਰਾਂਟ ਵਿਚੋਂ ਕਾਰਾਂ ਖਰੀਦਣ ਲਈ ਪ੍ਰਵਾਨਗੀ ਨਹੀਂ ਲੈਣੀ ਪੈਂਦੀ। ਇਹ ਗੱਲ ਵੱਖਰੀ ਹੈ ਕਿ ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਕੀਤੀ ਜਾਣ ਵਾਲੀ ਆਡਿਟਿੰਗ ਤੋਂ ਖੜੇ ਹੋਣ ਵਾਲੇ ਸਵਾਲਾਂ ਨੂੰ ਲੈ ਕੇ ਪੰਜਾਬ ਪੁਲੀਸ ਦੇ ਸੰਬੰਧਿਤ ਵਿੰਗ ਦੇ ਅਧਿਕਾਰੀ ਚਿੰਤਾ ਵਿਚ ਹਨ।

ਮਹੱਤਵਪੂਰਨ ਤੱਥ ਇਹ ਵੀ ਹੈ ਕਿ ਮਹਾਂ ਲੇਖਾ ਪਰੀਖਕ (ਕੈਗ) ਵਲੋਂ ਮਾਰਚ ਮਹੀਨੇ ਬਜਟ ਸੈਸ਼ਨ ਦੌਰਾਨ ਪੰਜਾਬ ਵਿਧਾਨ ਸਭਾ ਵਿਚ ਪੇਸ਼ ਕੀਤੀ ਆਡਿਟ ਰਿਪੋਰਟ ਵਿਚ ਪੰਜਾਬ ਪੁਲੀਸ ਵਲੋਂ ਨਵੀਨੀਕਰਨ ਲਈ ਕੇਂਦਰ ਸਰਕਾਰ ਵਲੋਂ ਆਈ ਗਰਾਂਟ ਨੂੰ ਗੱਡੀਆਂ 'ਤੇ ਖਰਚ ਕਰਨ ਦੇ ਤੱਥ ਸਾਹਮਣੇ ਲਿਆਂਦੇ ਗਏ ਸਨ।

ਇਸ ਰਿਪੋਰਟ ਮੁਤਾਬਕ ਪੰਜਾਬ ਪੁਲੀਸ ਦੇ ਅਧਿਕਾਰੀਆਂ ਨੇ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਤੋਂ ਬਿਨਾਂ ਹੀ 12.51 ਕਰੋੜ ਰੁਪਏ ਦੇ ਫੰਡ ਮਰਜ਼ੀ ਨਾਲ ਹੀ ਤਬਦੀਲ ਕਰ ਲਏ ਸਨ। ਪੰਜਾਬ ਦੇ ਪ੍ਰਮੁੱਖ ਸਕੱਤਰ (ਗ੍ਰਹਿ) ਸ੍ਰੀ ਏ.ਆਰ. ਤਲਵਾਰ ਦਾ ਕਹਿਣਾ ਹੈ ਕਿ ਪੁਲੀਸ ਵਲੋਂ ਨਵੀਨੀਕਰਨ ਦੀ ਗਰਾਂਟ ਵਿਚ ਨਿਯਮਾਂ ਨੂੰ ਛਿੱਕੇ ਟੰਗ ਕੇ ਕਾਰਾਂ ਦੀ ਖਰੀਦ ਕਰਨ ਦਾ ਮਾਮਲਾ ਫਿਲਹਾਲ ਉਨ੍ਹਾਂ ਦੇ ਧਿਆਨ ਵਿਚ ਨਹੀਂ ਹੈ।

## ਕਾਂਗਰਸੀ ਵਿਧਾਇਕ ਦਾ ਕਾਕਾ ਕੁੜੀਆਂ ਛੇੜਦਾ ਫੜਿਆ

**ਫਰੀਦਕੋਟ:** ਪੰਜਗਰਾਈਂ ਕਲਾਂ ਤੋਂ ਕਾਂਗਰਸੀ ਵਿਧਾਇਕ ਠੇਕੇਦਾਰ ਜੋਗਿੰਦਰ ਸਿੰਘ ਦਾ ਲੜਕਾ ਇਥੇ ਮੈਡੀਕਲ ਕਾਲਜ ਦੇ ਰਿਹਾਇਸ਼ੀ ਕੈਂਪਸ ਵਿਚ ਕੁੜੀਆਂ ਨੂੰ ਛੇੜਦਾ ਯੂਨੀਵਰਸਿਟੀ ਦੇ ਸੁਰੱਖਿਆ ਕਰਮਚਾਰੀਆਂ ਵਲੋਂ ਨਜ਼ਰਬੰਦ ਕਰ ਲਿਆ ਗਿਆ, ਜਿਸ ਨੂੰ ਬਾਅਦ ਵਿਚ ਇਕ ਅਕਾਲੀ ਆਗੂ ਦੀ ਸਿਫਾਰਸ਼ 'ਤੇ ਉਸਦੇ ਸਾਥੀ ਸਮੇਤ ਛੱਡ ਦਿੱਤਾ ਗਿਆ।

ਮਿਲੀ ਜਾਣਕਾਰੀ ਅਨੁਸਾਰ ਬੀਤੀ 29 ਮਈ ਨੂੰ ਦੇਰ ਰਾਤ ਐਮ ਬੀ ਬੀ ਐਸ ਦੀ ਪੜ੍ਹਾਈ ਕਰ ਰਹੀਆਂ ਦੋ ਲੜਕੀਆਂ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦੇ ਸਾਹਮਣੇ ਆਪਣੇ ਕਾਗਜ਼ ਫੋਟੋ ਸਟੇਟ ਕਰਵਾ ਕੇ ਰਿਹਾਇਸ਼ੀ ਕੈਂਪਸ ਵਲ ਜਾ ਰਹੀਆਂ ਸਨ ਤਾਂ ਉਨ੍ਹਾਂ ਦਾ ਇਕ ਇਨੋਵਾ ਚਿੱਟੀ ਗੱਡੀ ਨੇ ਪਿੱਛਾ ਕੀਤਾ ਅਤੇ ਲੜਕੀਆਂ ਨਾਲ ਕਥਿਤ ਤੌਰ 'ਤੇ ਦੁਰ-ਵਿਹਾਰ ਕੀਤਾ। ਲੜਕੀਆਂ ਨੇ ਰਿਹਾਇਸ਼ੀ ਕੈਂਪਸ ਵਿਚ ਪਹੁੰਚ ਕੇ ਵਾਈਸ ਚਾਂਸਲਰ ਦੀ ਕੋਠੀ ਅੱਗੇ ਤਾਇਨਾਤ ਸੁਰੱਖਿਆ ਕਰਮਚਾਰੀਆਂ ਨੂੰ ਸਾਰੀ ਗੱਲਬਾਤ ਦੱਸੀ, ਜਿਨ੍ਹਾਂ ਨੇ ਇਸ ਕਾਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪ੍ਰੰਤੂ ਇਸ ਕਾਰ ਵਿਚ ਸਵਾਰ ਦੋ ਲੜਕੇ ਆਪਣੀ ਗੱਡੀ ਨੂੰ ਭਜਾ ਕੇ ਅੱਗੇ ਲੈ ਗਏ।

ਇਸੇ ਦੌਰਾਨ ਸੁਰੱਖਿਆ ਕਰਮਚਾਰੀਆਂ ਨੇ ਰਿਹਾਇਸ਼ੀ ਕੈਂਪਸ ਦਾ ਮੁੱਖ ਗੇਟ ਬੰਦ ਕਰਵਾ ਦਿੱਤਾ ਅਤੇ ਮੌਕੇ 'ਤੇ ਪੁਲਸ ਨੂੰ ਬੁਲਾ ਲਿਆ। ਸਿਟੀ ਪੁਲਸ ਫਰੀਦਕੋਟ ਨੇ ਕੈਂਪਸ ਵਿਚ ਪਹੁੰਚ ਕੇ ਉਕਤ ਇਨੋਵਾ ਗੱਡੀ ਅਤੇ ਇਸ ਵਿਚ ਸਵਾਰ ਵਿਧਾਇਕ ਜੋਗਿੰਦਰ ਸਿੰਘ ਦੇ ਲੜਕੇ ਜਸ਼ਨਪ੍ਰੀਤ ਸਿੰਘ ਅਤੇ ਉਸ ਦੇ ਇਕ ਸਾਥੀ ਨੂੰ ਕਾਬੂ ਕਰਕੇ ਕੋਤਵਾਲੀ ਲਿਆਂਦਾ ਗਿਆ।

ਸਿਟੀ ਪੁਲਸ ਪੰਜ ਘੰਟੇ ਤੱਕ ਯੂਨੀਵਰਸਿਟੀ ਵਲੋਂ ਸ਼ਿਕਾਇਤ ਦਾ ਇੰਤਜ਼ਾਰ ਕਰਦੀ ਰਹੀ, ਪ੍ਰੰਤੂ ਯੂਨੀਵਰਸਿਟੀ ਅਧਿਕਾਰੀਆਂ ਨੇ ਇਸ ਘਟਨਾ ਸੰਬੰਧੀ ਪੁਲੀਸ ਕੋਲ ਕੋਈ ਲਿਖਤੀ ਸ਼ਿਕਾਇਤ ਨਹੀਂ ਭੇਜੀ। ਜ਼ਿਲ੍ਹਾ ਪੁਲਸ ਮੁਖੀ ਅਰੁਣ ਕੁਮਾਰ ਮਿੱਤਲ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਆਖਿਆ ਕਿ 'ਵਰਸਿਟੀ ਨੇ ਉਨ੍ਹਾਂ ਕੋਲ ਇਸ ਸੰਬੰਧੀ ਲਿਖਤੀ ਸ਼ਿਕਾਇਤ ਨਹੀਂ ਕੀਤੀ, ਜਿਸ ਕਰਕੇ ਉਨ੍ਹਾਂ ਨੂੰ ਵਿਧਾਇਕ ਦੇ ਲੜਕੇ ਅਤੇ ਉਸ ਦੇ ਸਾਥੀ ਨੂੰ ਰਿਹਾਅ ਕਰਨਾ ਪਿਆ।

# ਪੰਜਾਬੀਆਂ ਵਿਚ ਕੁੜੀ ਮਾਰ ਪ੍ਰਵਿਰਤੀ 'ਤੇ ਮੁੜ ਤੋਂ ਵਿਵਾਦ

## ਪੰਜਾਬੀਆਂ ਖਿਲਾਫ ਤੱਥ ਝੂਠੇ-ਹਰਸ਼ਿੰਦਰ

**ਪੰਜਾਬ ਟਾਈਮਜ਼ ਬਿਊਰੋ**

**ਪਟਿਆਲਾ:** ਇਕ ਪਾਸੇ ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਵਲੋਂ ਪੰਜਾਬ ਨੂੰ ਕੁੜੀ ਮਾਰਾਂ ਦੇ ਕਲੰਕ ਤੋਂ ਮੁਕਤੀ ਦਿਵਾਉਣ ਲਈ ਪੂਰੇ ਯਤਨ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ ਅਤੇ ਵੱਖ-ਵੱਖ ਯੋਜਨਾਵਾਂ ਤੇ ਜਾਗਰੂਕਤਾ ਮੁਹਿੰਮ ਸ਼ੁਰੂ ਕਰ ਕੇ ਲੋਕਾਂ ਨੂੰ ਬੇਟੀਆਂ ਦੇ ਜਨਮ ਪ੍ਰਤੀ ਉਤਸ਼ਾਹਤ ਕਰਨ ਦੇ ਨਾਲ ਨਾਲ ਭਰੂਣ ਹੱਤਿਆ ਵਿਚ ਦੋਸ਼ੀਆਂ ਵਿਰੁਧ ਸ਼ਿਕੰਜਾ ਵੀ ਕੱਸਿਆ ਜਾ ਰਿਹਾ ਹੈ, ਉਥੇ ਦੂਜੇ ਪਾਸੇ ਪੰਜਾਬ 'ਤੇ ਕੁੜੀ ਮਾਰ ਹੋਣ ਦਾ ਕਲੰਕ ਲੱਗਣਾ ਜਾਰੀ ਹੈ। ਇਹੀ ਨਹੀਂ ਦੇਸ਼ ਭਰ ਵਿਚ ਬੱਚੀਆਂ ਦੇ ਕਤਲ ਦੇ ਸਭ ਤੋਂ ਵਧ ਮਾਮਲੇ ਵੀ ਪੰਜਾਬ ਵਿਚ ਸਾਹਮਣੇ ਆਏ ਹਨ। ਜ਼ਿਕਰਯੋਗ ਹੈ ਕਿ ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਵਲੋਂ ਰਿਲੀਜ਼ ਰਿਪੋਰਟ ਵਿਚ ਇਸ ਤੱਥ ਦੀ ਪੁਸ਼ਟੀ ਹੋਈ ਹੈ ਕਿ ਪੰਜਾਬ ਵਿਚ ਬਾਕੀ ਸੂਬਿਆਂ ਨਾਲੋਂ ਸਭ ਤੋਂ ਵੱਧ ਕੰਨਿਆ ਭਰੂਣ ਹੱਤਿਆ ਦੇ ਘਿਨਾਉਣੇ ਕੰਮ ਨੂੰ ਅੰਜਾਮ ਦਿਤਾ ਜਾਂਦਾ ਹੈ। ਇਸ ਦੌਰਾਨ ਇਸ ਮਾਮਲੇ ਦੀ ਕੌਮਾਂਤਰੀ ਮਾਹਿਰ ਮੈਡਮ ਹਰਸ਼ਿੰਦਰ ਕੌਰ ਨੇ ਇਸ ਤੱਥ ਨੂੰ ਝੁਠਲਾਇਆ ਹੈ ਕਿ ਪੰਜਾਬ ਵਿਚ ਹੀ ਬੱਚੀਆਂ ਦੀਆਂ ਸਭ ਤੋਂ ਜ਼ਿਆਦਾ ਭਰੂਣ ਹੱਤਿਆਵਾਂ ਹੁੰਦੀਆਂ ਹਨ।

ਬੇਸ਼ਕ ਸਰਕਾਰ ਵਲੋਂ ਲਿੰਗ ਟੈਸਟ ਕਰਨ ਵਿਰੁਧ ਪੂਰਨ ਪਾਬੰਦੀ ਲਗਾ ਰੱਖੀ ਹੈ ਅਤੇ ਇਸ ਨੂੰ ਜੁਰਮ ਕਰਾਰ ਦਿਤਾ ਜਾ ਚੁੱਕਾ ਹੈ ਪਰ ਅਜੇ ਵੀ ਚੋਰੀ-ਚੋਰੀ ਇਹ ਧੰਦਾ ਚਲ ਰਿਹਾ ਹੈ। 2006 ਤੋਂ 2008 ਵਿਚ ਇਕੱਤਰ ਕੀਤੇ ਅੰਕੜਿਆਂ ਅਨੁਸਾਰ ਦੇਸ਼ ਭਰ ਵਿਚ ਕੰਨ੍ਹਿਆ ਭਰੂਣ ਹਤਿਆ ਦੇ 294 ਮਾਮਲੇ ਸਾਹਮਣੇ ਆਏ।

ਇਨ੍ਹਾਂ ਵਿਚੋਂ ਸਭ ਤੋਂ ਵਧ 81 ਮਾਮਲੇ ਪੰਜਾਬ ਨਾਲ ਸਬੰਧਤ ਸਨ। ਰਾਜਸਥਾਨ 'ਚ ਭਰੂਣ ਹੱਤਿਆ ਦੇ 51, ਮੱਧ ਪ੍ਰਦੇਸ਼ ਵਿਚ 21, ਹਰਿਆਣਾ ਵਿਚ 18 ਅਤੇ ਛੱਤੀਸਗੜ੍ਹ ਵਿਚ ਇਨ੍ਹਾਂ ਦੀ ਗਿਣਤੀ 24 ਸੀ। ਰਾਜਧਾਨੀ ਦਿੱਲੀ ਵਿਚ ਪਿਛਲੇ ਤਿੰਨ ਸਾਲਾਂ ਵਿਚ 7 ਮਾਮਲੇ ਸਾਹਮਣੇ ਆਏ। ਹੈਰਾਨੀਜਨਕ ਤੱਥ ਇਹ ਹੈ ਕਿ ਕੰਨਿਆ ਭਰੂਣ ਹੱਤਿਆ ਦੇ ਮਾਮਲਿਆਂ ਵਿਚ ਸਿਰਫ 1 ਫ਼ੀਸਦੀ ਹੀ ਦੋਸ਼ੀਆਂ ਨੂੰ ਸਜ਼ਾ ਹੋ ਪਾਉਂਦੀ ਹੈ। ਢਿੱਲੀ ਕਾਨੂੰਨ ਪ੍ਰਕਿਰਿਆ ਅਤੇ ਭ੍ਰਿਸ਼ਟਾਚਾਰ ਜਿਹੇ ਕਾਰਨਾਂ ਦੇ ਚਲਦਿਆਂ ਅੱਜ ਵੀ ਕੰਨਿਆ ਭਰੂਣ ਹਤਿਆ ਜਿਹੇ ਘਿਨਾਉਣੇ ਕੰਮ ਨੂੰ ਨੱਥ ਨਹੀਂ ਪਾਈ ਜਾ ਰਹੀ। ਪੰਜਾਬ ਵਿਚ ਸਾਹਮਣੇ ਆਏ 81 ਮਾਮਲਿਆਂ ਵਿਚ ਸਿਰਫ਼ 2 ਕੇਸਾਂ 'ਚ ਹੀ ਮੁਲਜ਼ਮਾਂ ਨੂੰ ਸਜ਼ਾ ਹੋ ਸਕੀ ਹੈ। ਕੁਝ ਅਜਿਹਾ ਹੀ ਹਾਲ ਰਾਜਸਥਾਨ ਦਾ ਹੈ, ਜਿਥੇ 51 ਮਾਮਲਿਆਂ ਵਿਚੋਂ ਇਕ ਦੋਸ਼ੀ ਹੀ ਕਾਨੂੰਨ ਦੇ ਸ਼ਿਕੰਜੇ ਵਿਚ ਫਸਿਆ।

ਉਧਰ ਚਰਚਿਤ ਸਮਾਜ ਸੇਵੀ ਅਤੇ ਇਸ ਮੁੱਦੇ 'ਤੇ ਮਾਹਿਰ ਡਾ.ਹਰਸ਼ਿੰਦਰ ਕੌਰ ਨੇ ਕਿਹਾ ਹੈ ਕਿ ਪੰਜਾਬੀਆਂ 'ਤੇ ਦੁਨੀਆਂ ਭਰ ਵਿਚੋਂ ਪਹਿਲੇ ਨੰਬਰ ਦੇ ਕੁੜੀਮਾਰ ਹੋਣ ਦਾ ਕਲੰਕ ਲਾਉਣ ਤੋਂ ਪਹਿਲਾਂ ਨੈਸ਼ਨਲ ਇੰਸਟੀਚੂਟ ਆਫ਼ ਚਾਈਲਡ ਡਿਵੈਲਪਮੈਂਟ ਦੇ ਅੰਕੜਿਆਂ ਵਲ ਗੌਰ ਕਰਨ ਦੀ ਲੋੜ ਹੈ। ਜੰਮੂ ਕਸ਼ਮੀਰ ਦੇ ਡਾਇਰੈਕਟੋਰੇਟ ਆਫ਼ ਸੈਂਸਸ ਆਪ੍ਰੇਸ਼ਨ ਦੀ 2003 ਦੀ ਰੀਪੋਰਟ ਦਸਦੀ ਹੈ ਕਿ 14 ਜ਼ਿਲ੍ਹਿਆਂ ਵਿਚੋਂ 10 ਜ਼ਿਲ੍ਹਿਆਂ ਵਿਚ ਏਨੀ ਭਾਰੀ ਮਾਤਰਾ ਵਿਚ ਧੀਆਂ ਦੇ ਕਤਲ ਹੋ ਰਹੇ ਹਨ ਕਿ 1000 ਮੁੰਡਿਆਂ ਦੇ ਮੁਕਾਬਲੇ ਕੁੜੀਆਂ ਦੀ ਗਿਣਤੀ ਲੱਦਾਖ ਵਿਚ ਤਾਂ ਸਿਰਫ਼ 805 ਹੀ ਰਹਿ ਗਈ ਹੈ। ਮਜ਼ੇਦਾਰ ਗੱਲ ਇਹ ਹੈ ਕਿ ਪੂਰੇ ਜੰਮੂ-ਕਸ਼ਮੀਰ ਵਿਚ ਭਰੂਣ ਹੱਤਿਆ ਦੇ ਸਿਰਫ਼ ਦੋ ਹੀ ਕੇਸ, ਮੀਡੀਆ ਸਾਹਮਣੇ ਆਏ ਯਾਨੀ ਇਕ ਪੁਣਛ ਅਤੇ ਇਕ ਰਿਆਸੀ ਵਿਚ। ਅਨੰਤਨਾਗ ਵਿਚ ਇਕ ਕੇਸ ਕੁੜੀ ਨੂੰ ਜੰਮਣ ਤੋਂ ਬਾਅਦ ਕਤਲ ਕੀਤੇ ਜਾਣ ਦਾ ਵੀ ਦਰਜ ਹੋਇਆ ਸੀ। ਬਾਕੀ ਸਾਰੇ ਕਤਲਾਂ ਦਾ ਕੋਈ ਜ਼ਿਕਰ ਨਹੀਂ ਤੇ ਇਹ ਸਾਰੇ ਕੇਸ ਦਬਾ ਦਿਤੇ ਗਏ। ਇਹ ਪ੍ਰਗਟਾਵਾ ਕਰਦਿਆਂ ਬੱਚਿਆਂ ਦੀ ਮਾਹਰ ਅਤੇ ਭਰੂਣ ਹਤਿਆ ਵਿਰੁਧ ਲਹਿਰ ਵਿਢਣ ਵਾਲੀ ਡਾ. ਹਰਸ਼ਿੰਦਰ ਕੌਰ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਰਾਜਸਥਾਨ ਦੀ ਭੱਟੀ ਜਾਤ ਵਿਚ 10,000 ਦੀ ਆਬਾਦੀ ਵਿਚ ਕੁਲ 50 ਕੁੜੀਆਂ ਹੀ ਦਿਸ ਰਹੀਆਂ ਹਨ।

ਅਫ਼ਸੋਸ ਕਿ ਏਨੀ ਭਾਰੀ ਮਾਤਰਾ ਵਿਚ ਕੁੜੀਆਂ ਕਤਲ ਹੁੰਦੀਆਂ ਹਨ ਪਰ ਰਿਪੋਰਟ ਹੁੰਦੇ ਹਨ ਸਿਰਫ਼ ਇਕ ਫ਼ੀ ਸਦੀ ਕੇਸ। ਬੀਕਾਨੇਰ, ਬੂੰਦੀ, ਝੁਨਝੁਨੂ ਅਤੇ ਕਰੌਲੀ ਦੇ ਇਲਾਕਿਆਂ 'ਚੋਂ ਇਕ ਕੇਸ ਬੀਕਾਨੇਰ ਵਿਚ ਧੀ ਜੰਮਣ ਤੋਂ ਬਾਅਦ ਉਸ ਨੂੰ ਕਤਲ ਕਰਨ ਦਾ।

ਪੰਜਾਬ ਵਿਚ ਮੁੰਡਿਆਂ-ਕੁੜੀਆਂ ਦਾ ਅਨੁਪਾਤ 793 ਪ੍ਰਤੀ 1000 ਮੁੰਡੇ (ਸਰਕਾਰੀ ਅੰਕੜੇ) ਦਸਿਆ ਜਾ ਰਿਹਾ ਹੈ ਜਦਕਿ ਹਰਿਆਣਾ ਵਿਚਲੇ ਸ਼ਾਹਬਾਦ ਵਿਚ 718 ਹੈ (ਸਰਕਾਰੀ ਅੰਕੜੇ)। ਹਰਿਆਣਾ ਵਿਚ ਦਰਜ ਹੋਏ ਅੰਕੜੇ (ਸਰਕਾਰੀ ਰੀਪੋਰਟ) ਦਸਦੇ ਹਨ ਕਿ ਮਾਦਾ ਭਰੂਣ ਹਤਿਆ ਦੇ ਤਿੰਨ ਕੇਸ ਗੁੜਗਾਉਂ ਵਿਚ ਰੀਪੋਰਟ ਹੋਏ, ਦੋ ਕੇਸ ਸਿਰਸਾ ਵਿਚ ਅਤੇ ਇਕ ਫਰੀਦਾਬਾਦ ਵਿਚ। ਸਾਫ਼ ਜ਼ਾਹਰ ਹੈ ਕਿ ਮਾਦਾ ਭਰੂਣ ਹਤਿਆ ਦੇ ਕੇਸ, ਪੰਜਾਬੋਂ ਬਾਹਰ ਰੀਪੋਰਟ ਹੀ ਨਹੀਂ ਕੀਤੇ ਜਾ ਰਹੇ। ਜੇ ਹੁਣ ਦੀ ਨੈਸ਼ਨਲ ਕਰਾਈਮ ਰੀਕਾਰਡ ਬਿਊਰੋ ਦੀ ਰੀਪੋਰਟ ਵਲ ਧਿਆਨ ਕਰੀਏ ਤਾਂ ਪੰਜਾਬ ਵਿਚ 81 ਕੇਸ ਰੀਪੋਰਟ ਹੋ ਜਾਣ ਦਾ ਸਪੱਸ਼ਟ ਮਤਲਬ ਹੈ ਕਿ ਮੀਡੀਆ ਨਾਲ ਪੰਜਾਬ ਦੇ ਸਬੰਧਤ ਲੋਕ ਬਹੁਤ ਜ਼ਿਆਦਾ ਜਾਗਰੂਕ ਹਨ ਤੇ ਘਟਦੇ ਅਨੁਪਾਤ ਲਈ ਚਿੰਤਿਤ ਵੀ ਹਨ। ਇਸੇ ਲਈ ਅਜਿਹੇ ਕੇਸ ਉਜਾਗਰ ਕੀਤੇ ਜਾ ਰਹੇ ਹਨ। ਲੱਖਾਂ ਦੀ ਗਿਣਤੀ ਵਿਚ ਮਾਦਾ ਭਰੂਣ ਹਤਿਆਵਾਂ ਦੇ ਪੂਰੇ ਏਸ਼ੀਆ ਵਿਚ ਲਗਾਤਾਰ ਕਤਲ ਜਾਰੀ ਹੋਣ 'ਤੇ ਸਿਰਫ਼ ਏਨੇ ਗਿਣੇ ਚੁਣੇ ਕੇਸ ਹੀ ਰਜਿਸਟਰ ਹੋਣ ਤਾਂ ਸ਼ਰਮ ਦੀ ਗੱਲ ਹੈ।

## ਜੈਤੋ ਨੇ ਪ੍ਰੋ. ਗੁਰਦਿਆਲ ਦੇ ਨੋਟਿਸ ਦਾ ਜਵਾਬ ਦਿੱਤਾ

**ਚੰਡੀਗੜ੍ਹ:** ਲੇਖਕ ਗੁਰਚਰਨ ਸਿੰਘ ਜੈਤੋ ਵਲੋਂ ਲਿਖੇ ਨਾਵਲ 'ਲੋਕ ਕਹੈ ਦਰਵੇਸ' ਉਤੇ ਇਤਰਾਜ਼ ਉਠਾਉਂਦਿਆਂ ਸ੍ਰੀ ਜੈਤੋ ਦੇ ਵੱਡੇ ਭਰਾ ਅਤੇ ਗਿਆਨਪੀਠ ਵਿਜੇਤਾ ਸ੍ਰੀ ਗੁਰਦਿਆਲ ਸਿੰਘ ਵਲੋਂ ਸ੍ਰੀ ਜੈਤੋ ਨੂੰ ਆਪਣੇ ਵਕੀਲ ਰਾਹੀਂ ਦਿੱਤੇ ਗਏ ਕਾਨੂੰਨੀ ਨੋਟਿਸ ਦਾ ਸ੍ਰੀ ਜੈਤੋ ਨੇ ਜਵਾਬ ਦੇ ਦਿੱਤਾ ਹੈ। ਗੌਰਤਲਬ ਹੈ ਕਿ ਸ੍ਰੀ ਗੁਰਦਿਆਲ ਸਿੰਘ ਵਲੋਂ ਦਿੱਤੇ ਗਏ ਕਾਨੂੰਨੀ ਨੋਟਿਸ ਦੀ ਅਖ਼ਬਾਰਾਂ ਵਿਚ ਕਾਫੀ ਚਰਚਾ ਹੋਈ ਸੀ।

ਸ੍ਰੀ ਗੁਰਦਿਆਲ ਸਿੰਘ ਨੇ ਆਪਣੇ ਕਾਨੂੰਨੀ ਨੋਟਿਸ ਵਿਚ ਇਹ ਗੱਲ ਜ਼ੋਰ ਦੇ ਕੇ ਕਹੀ ਹੈ ਕਿ ਨਾਵਲ 'ਲੋਕ ਕਹੈ ਦਰਵੇਸ' ਦਾ ਮੁਖ ਪਾਤਰ ਉਨ੍ਹਾਂ (ਸ੍ਰੀ ਗੁਰਦਿਆਲ ਸਿੰਘ) ਨੂੰ ਹੀ ਬਨਾਉਣ ਦੇ ਯਤਨ ਕੀਤੇ ਗਏ ਹਨ। ਇਸ ਲਈ ਉਨ੍ਹਾਂ ਨੇ ਨਾਵਲ ਦੇ ਲੇਖਕ ਪਟਿਆਲੇ ਤੋਂ ਛਪਦੇ ਇਕ ਅਖ਼ਬਾਰ 'ਆਸ਼ੀਆਨਾ' ਦੇ ਐਡੀਟਰ, ਅਖ਼ਬਾਰ ਦੇ ਮਾਲਕਾਂ ਅਤੇ ਨਾਵਲ ਦੇ ਪ੍ਰਕਾਸ਼ਕ 'ਲੋਕ ਗੀਤ ਪ੍ਰਕਾਸ਼ਨ' ਚੰਡੀਗੜ੍ਹ 'ਤੇ ਇਕ-ਇਕ ਕਰੋੜ ਰੁਪਏ ਦਾ ਦਾਅਵਾ ਕਰਨ ਲਈ ਇਹ ਨੋਟਿਸ ਭੇਜਿਆ ਸੀ। ਸ੍ਰੀ ਜੈਤੋ ਨੇ ਕਾਨੂੰਨੀ ਨੋਟਿਸ ਦੇ ਆਪਣੇ ਹਿੱਸੇ ਦਾ ਜਵਾਬ ਆਪਣੇ ਵਕੀਲ ਰਾਹੀਂ ਦਿੰਦਿਆਂ ਇਸ ਇਲਜ਼ਾਮ ਤੋਂ ਇਨਕਾਰ ਕਰਦਿਆਂ ਕਿਹਾ ਹੈ ਕਿ ਨਾਵਲ ਦੇ ਪਹਿਲੇ ਸਫੇ 'ਤੇ ਹੀ ਇਹ ਬੇਦਾਅਵਾ ਛਾਪ ਦਿੱਤਾ ਗਿਆ ਹੈ: ''ਇਸ ਨਾਵਲ ਦੀਆਂ ਘਟਨਾਵਾਂ ਅਤੇ ਪਾਤਰ ਕਲਪਿਤ ਹਨ। ਜੇ ਕਿਸੇ ਨੂੰ ਭੁਲੇਖਾ ਲੱਗੇ ਤਾਂ ਇਹ ਮਹਿਜ਼ ਇਤਫਾਕ ਹੀ ਹੋਵੇਗਾ।''

ਉਨ੍ਹਾਂ ਕਿਹਾ ਕਿ ਨਾਵਲ ਦੇ ਮੁੱਖ ਪਾਤਰ ਦਾ ਕਿਰਦਾਰ ਸ੍ਰੀ ਗੁਰਦਿਆਲ ਸਿੰਘ ਗਿਆਨਪੀਠ ਵਿਜੇਤਾ ਨਾਲ ਬਿਲਕੁਲ ਮਿਲਦਾ-ਜੁਲਦਾ ਨਹੀਂ ਹੈ ਕਿਉਂਕਿ ਨਾਵਲ ਦਾ ਮੁੱਖ ਪਾਤਰ ਇਕ ਕਲਪਿਤ ਹੀ ਹੈ ਜੋ ਇਸ ਕਲਪਿਤ ਨਾਵਲ ਵਿਚ ਕਲਪਿਤ ਤੌਰ 'ਤੇ ਦੋ ਕਤਲ ਤੇ ਇਕ ਭਰੂਣ ਹੱਤਿਆ ਕਰਦਾ ਹੈ।


## Realtor & Mortgage Specialist
## Bay Area & Central Valley

ਚੰਗੀ ਜੁਗਤਤ-ਚਿੰਤਾ ਮੁਕਤਤ

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



RAJ SINGH
M.A., M.Ed Retd. Principal
Realtor & Financial Adviser
Lic#01776459 & OG22467

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Doing Short Sale is much better than Forclosure home.

RAJ SINGH

Cell:510-452-7370

MISSIONPEAK

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ

46560 Fremont Blvd., Suite #111 Fremont, CA 94538
singhrajpaul@yahoo.com

## ਐਸ.ਐਸ.ਜੀ. ਬਾਰੇ ਨੋਟੀਫਿਕੇਸ਼ਨ

**ਚੰਡੀਗੜ੍ਹ :** ਪੰਜਾਬ ਵਿਚ ਵਿਸ਼ੇਸ਼ ਸੁਰੱਖਿਆ ਗਾਰਡਜ਼ (ਐਸ.ਐਸ.ਜੀ.) ਦੇ ਗਠਨ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ।

ਇਹ ਜਾਣਕਾਰੀ ਪ੍ਰਮੁੱਖ ਸਕੱਤਰ (ਗ੍ਰਿਹ) ਸ੍ਰੀ ਏ.ਆਰ. ਤਲਵਾਰ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਵਿਸੇਸ਼ ਸੁਰੱਖਿਆ ਗਾਰਡ ਵਿਚ ਪੁਲੀਸ ਅਧਿਕਾਰੀਆਂ ਦੀਆਂ ਨਿਯੁਕਤੀਆਂ ਵੀ ਜਲਦ ਹੀ ਕਰ ਦਿੱਤੀਆਂ ਜਾਣਗੀਆਂ। ਪੰਜਾਬ ਸਰਕਾਰ ਵਲੋਂ ਇਸ ਵਿਸ਼ੇਸ਼ ਸੁਰੱਖਆ ਬਲ ਦਾ ਗਠਨ ਅਹਿਮ ਵਿਅਕਤੀਆਂ ਦੀ ਸੁਰੱਖਿਆ ਅਤੇ ਹੰਗਾਮੀ ਹਾਲਤ ਨਾਲ ਨਿਪਟਣ ਲਈ ਕੀਤਾ ਗਿਆ ਹੈ। ਰਾਜਪਾਲ, ਹਾਈਕੋਰਟ ਦੇ ਜੱਜਾਂ, ਮੁੱਖ ਮੰਤਰੀ, ਉਪ ਮੁੱਖ ਮੰਤਰੀ ਅਤੇ ਹੋਰਨਾਂ ਵਿਸ਼ੇਸ਼ ਵਿਅਕਤੀਆਂ ਦੀ ਸੁਰੱਖਿਆ ਦਾ ਜ਼ਿੰਮਾ ਐਸ.ਐਸ.ਜੀ. ਦੇ ਹਵਾਲੇ ਕਰ ਦਿਤਾ ਜਾਵੇਗਾ। ਗ੍ਰਿਹ ਵਿਭਾਗ ਵਲੋਂ ਐਸ.ਐਸ.ਜੀ. ਦੇ ਐਕਟ ਸਬੰਧੀ ਭੇਜੇ ਖਰੜੇ ਨੂੰ ਪੰਜਾਬ ਦੇ ਰਾਜਪਾਲ ਸ੍ਰੀ ਸ਼ਿਵ ਰਾਜ ਪਾਟਲ ਨੇ ਪ੍ਰਵਾਨਗੀ ਦੇ ਦਿੱਤੀ ਸੀ। ਪੰਜਾਬ ਵਿਧਾਨ ਸਭਾ ਦੇ ਆਗਾਮੀ ਸੈਸ਼ਨ ਦੌਰਾਨ ਐਸ.ਐਸ.ਜੀ. ਦੇ ਗਠਨ ਸਬੰਧੀ ਸਰਕਾਰ ਵਲੋਂ ਬਿਲ ਵੀ ਲਿਆਂਦਾ ਜਾਵੇਗਾ।

## ਸੁਖਬੀਰ-ਕਾਲੀਆ'ਚ ਨੇੜਤਾ ਵਧੀ

**ਚੰਡੀਗੜ੍ਹ:**ਅੱਜ ਕੱਲ੍ਹ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਸਥਾਨਕ ਸਵੈ-ਸ਼ਾਸਨ, ਉਦਯੋਗ ਅਤੇ ਵਣਜ ਵਿਭਾਗਾਂ ਦੇ ਕੈਬਨਿਟ ਮੰਤਰੀ ਮਨੋਰੰਜਨ ਕਾਲੀਆ ਆਪਸ ਵਿਚ ਘਿਉ ਖਿਚੜੀ ਹਨ। ਦੋਵਾਂ ਆਗੂਆਂ ਦੀ ਨੇੜਤਾ ਦਾ ਪਤਾ ਇਸ ਗੱਲ ਤੋਂ ਵੀ ਲਗਦਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ੍ਰੀ ਸੁਖਬੀਰ ਸਿੰਘ ਬਾਦਲ ਦੇ ਵਿਦੇਸ਼ ਦੌਰੇ 'ਤੇ ਹੋਣ ਬਾਅਦ ਭਾਜਪਾ ਨੇਤਾ ਸ੍ਰੀ ਕਾਲੀਆ ਦੇ ਹੱਥ ਸਰਕਾਰ ਦੀ ਵਾਗਡੋਰ ਹੈ।

ਅਕਾਲੀ-ਭਾਜਪਾ ਗੱਠਜੋੜ ਦੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਹੈ ਜਦੋਂ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਇਕੋ ਸਮੇਂ ਵਿਦੇਸ਼ ਦੌਰੇ 'ਤੇ ਹਨ। ਸਮਝਿਆ ਜਾਂਦਾ ਹੈ ਕਿ ਉਪ ਮੁੱਖ ਮੰਤਰੀ ਵਿਦੇਸ਼ ਦੌਰੇ ਲਈ ਜਾਣ ਵੇਲੇ ਸ੍ਰੀ ਕਾਲੀਆ ਨੂੰ ਕਹਿ ਕੇ ਗਏ ਹਨ ਕਿ ਪਿਛੋਂ ਉਨ੍ਹਾਂ ਨੇ ਸਰਕਾਰ ਦਾ ਕੰਮਕਾਜ਼ ਦੇਖਣਾ ਹੈ। ਸ੍ਰੀ ਕਾਲੀਆ ਅਤੇ ਸੁਖਬੀਰ ਬਾਦਲ ਵਿਚ ਪਹਿਲਾਂ ਕੁੜੱਤਣ ਅਤੇ ਮਤਭੇਦਾਂ ਦੀ ਚਰਚਾ ਚਲਦੀ ਰਹੀ ਸੀ। ਸਰਕਾਰੀ ਹਲਕਿਆਂ ਅਨੁਸਾਰ ਭਾਜਪਾ ਦੇ ਆਪਸੀ ਕਲੇਸ਼ ਦਾ ਪਾਰਟੀ ਦੀਆਂ ਆਪਣੀਆਂ ਸਰਗਰਮੀਆਂ 'ਤੇ ਚਾਹੇ ਅਸਰ ਪਿਆ ਹੋਵੇਗਾ, ਪਰ ਪਿਛਲੇ ਕਾਫੀ ਦਿਨਾਂ ਤੋਂ ਭਾਜਪਾ ਦੀ ਅਕਾਲੀ ਲੀਡਰਸ਼ਿਪ ਨਾਲ ਨੇੜਤਾ ਕਾਫੀ ਵਧੀ ਹੈ। ਅਕਾਲੀ ਦਲ ਨੇ ਆਪਣੀ ਸਹਿਯੋਗੀ ਪਾਰਟੀ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਦੇਣ ਤੋਂ ਗੁਰੇਜ਼ ਕੀਤਾ।

# ਅਪਣੇ ਬੱਚਿਆਂ ਨੂੰ ਕਤਲ ਕਰਾਉਣ ਵਾਲੀ ਮਾਂ ਅਤੇ ਆਸ਼ਕਾਂ ਨੂੰ ਫਾਂਸੀ

**ਮੋਗਾ:** ਮੋਗਾ ਵਿਖੇ 24 ਸਤੰਬਰ, 2009 ਨੂੰ ਦੋ ਮਾਸੂਮ ਬੱਚਿਆਂ ਅਮਨ (11) ਅਤੇ ਓਮ (6) ਨੂੰ ਉਨ੍ਹਾਂ ਦੀ ਮਾਂ ਨੇ ਹੀ ਅਪਣੇ ਦੋ ਆਸ਼ਕਾਂ ਨਾਲ ਰਲ ਕੇ ਬੇਰਹਿਮੀ ਨਾਲ ਕਤਲ ਕਰਵਾਇਆ ਸੀ। ਇਸ ਮਾਮਲੇ ਵਿਚ ਮਾਂ ਅਤੇ ਉਸ ਦੇ ਦੋਹਾਂ ਆਸ਼ਕਾਂ ਨੂੰ ਦੋਸ਼ੀ ਠਹਿਰਾਉਂਦਿਆਂ ਸਥਾਨਕ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਸ੍ਰੀ ਐਸ.ਕੇ. ਅਗਰਵਾਲ ਦੀ ਅਦਾਲਤ ਨੇ ਫਾਂਸੀ ਦੀ ਸਜ਼ਾ ਸੁਣਾਈ। ਅਦਾਲਤ ਨੇ ਸਿਰਫ਼ ਅੱਠ ਮਹੀਨਿਆਂ ਵਿਚ ਹੀ ਮਾਮਲੇ ਦਾ ਨਿਪਟਾਰਾ ਕਰ ਦਿਤਾ ਹੈ। ਜ਼ਿਲ੍ਹਾ ਪੁਲਿਸ ਮੁਖੀ ਸ੍ਰੀ ਅਸ਼ੋਕ ਬਾਠ ਦੀ ਅਗਵਾਈ ਵਿਚ ਇਸ ਕਤਲ ਦੀ ਸਾਜ਼ਸ਼ ਨੂੰ 48 ਘੰਟਿਆਂ ਵਿਚ ਸੁਲਝਾਉਂਦਿਆਂ ਬੱਚਿਆਂ ਦੇ ਕਾਤਲਾਂ ਰਣਜੀਤ ਕੁਮਾਰ ਗੁਪਤਾ ਵਾਸੀ ਬੇਅੰਤ ਨਗਰ ਮੋਗਾ, ਰਵਿੰਦਰ ਸਿੰਘ ਉਰਫ਼ ਕਾਕੂ ਅਤੇ ਬੱਚਿਆਂ ਦੀ ਮਾਂ ਆਰਤੀ ਉਰਫ਼ ਅਨੀਤਾ ਨੂੰ ਗ੍ਰਿਫ਼ਤਾਰ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਸੀ। 24 ਸਤੰਬਰ ਸ਼ਾਮ 6:30 ਵਜੇ ਦੋ ਮਾਸੂਮ ਬੱਚੇ ਅਮਨ ਅਤੇ ਓਮ ਜੋ ਟਿਊਸ਼ਨ ਪੜ੍ਹਨ ਲਈ ਘਰੋਂ ਗਏ ਸਨ ਪਰ ਵਾਪਸ ਘਰ ਨਾ ਪਰਤੇ। ਬੱਚਿਆਂ ਦੇ ਪਿਤਾ ਰਕੇਸ਼ ਕੁਮਾਰ ਉਰਫ਼ ਹੈਪੀ ਨੇ ਥਾਣਾ ਸਿਟੀ ਮੋਗਾ ਵਿਖੇ ਸੂਚਨਾ ਦਿਤੀ ਸੀ। ਬੱਚਿਆਂ ਦੀਆਂ ਲਾਸ਼ਾਂ ਫ਼ੋਕਲ ਪੁਆਇੰਟ ਨੇੜਿਉਂ ਖੇਤਾਂ ਵਿਚੋਂ 25 ਸਤੰਬਰ ਨੂੰ ਬਰਾਮਦ ਕੀਤੀਆਂ ਗਈਆਂ ਸਨ। ਪੜਤਾਲ ਤੋਂ ਬਾਅਦ ਥਾਣਾ ਸਿਟੀ ਮੋਗਾ ਵਿਖੇ ਰਣਜੀਤ ਕੁਮਾਰ ਅਤੇ ਉਸ ਦੀ ਪਤਨੀ ਸੰਜੂ ਵਿਰੁਧ ਮਾਮਲਾ ਦਰਜ ਕੀਤਾ ਗਿਆ ਸੀ। ਜਦੋਂ ਸੰਜੂ ਨੂੰ ਕਾਬੂ ਕਰ ਕੇ ਪੁਛਗਿਛ ਕੀਤੀ ਗਈ ਤਾਂ ਇਸ ਗੱਲ ਦਾ ਭੇਦ ਖੁਲ੍ਹਿਆ ਕਿ ਰਣਜੀਤ ਕੁਮਾਰ ਦੇ ਬੱਚਿਆਂ ਦੀ ਮਾਤਾ ਆਰਤੀ ਉਰਫ਼ ਅਨੀਤਾ ਨਾਲ ਕਰੀਬ ਪਿਛਲੇ 8 ਸਾਲ ਤੋਂ ਨਾਜਾਇਜ਼ ਸਬੰਧ ਬਣ ਗਏ ਸਨ। ਰਣਜੀਤ ਗੁਪਤਾ ਦੇ ਘਰ ਵਿਚ ਇਸ ਮਾਮਲੇ ਨੂੰ ਲੈ ਕੇ ਉਸ ਦੀ ਪਤਨੀ ਸੰਜੂ ਨਾਲ ਕਲੇਸ਼ ਵੀ ਚੱਲਦਾ ਰਹਿੰਦਾ ਸੀ। ਰਣਜੀਤ ਕੁਮਾਰ ਅਪਣੀ ਪਤਨੀ ਸੰਜੂ ਤੋਂ ਖਹਿੜਾ ਛੁਡਾਉਣਾ ਚਾਹੁੰਦਾ ਸੀ। 19 ਸਤੰਬਰ ਨੂੰ ਰਣਜੀਤ ਕੁਮਾਰ ਤੇ ਉਸ ਦੀ ਪਤਨੀ ਸੰਜੂ ਆਰਤੀ ਦੇ ਘਰ ਗਏ ਜਿਥੇ ਸੰਜੂ ਤੇ ਆਰਤੀ ਦੀ ਲੜਾਈ ਹੋ ਗਈ ਤੇ ਸੰਜੂ ਆਰਤੀ ਨੂੰ ਬਰਬਾਦ ਕਰਨ ਦੀ ਧਮਕੀ ਦੇ ਕੇ ਵਾਪਸ ਚਲੀ ਗਈ। ਪਿਛਲੇ ਇਕ ਸਾਲ ਤੋਂ ਆਰਤੀ ਦੇ ਨਾਜਾਇਜ਼ ਸਬੰਧ ਰਵਿੰਦਰ ਸਿੰਘ ਉਰਫ਼ ਕਾਕੂ ਨਾਲ ਵੀ ਸਨ। ਰਵਿੰਦਰ ਸਿੰਘ ਕਾਕੂ, ਆਰਤੀ ਨੂੰ ਇਹ ਕਹਿੰਦਾ ਸੀ ਕਿ ਉਹ ਵਿਆਹ ਕਰਨਾ ਚਾਹੁੰਦਾ ਹੈ ਪਰ ਉਸ ਨੂੰ ਬੱਚੇ ਨਹੀਂ ਚਾਹੀਦੇ। ਆਰਤੀ ਤੇ ਰਵਿੰਦਰ ਕਾਕੂ ਨੂੰ ਅਮਨ (11) ਅਤੇ ਓਮ (6) ਜੋ ਆਰਤੀ ਦੇ ਲੜਕੇ ਸਨ, ਅਪਣੇ ਵਿਆਹ ਦੇ ਰਸਤੇ 'ਚ ਇਕ ਅੜਿੱਕਾ ਜਾਪਦੇ ਸਨ। ਉਨ੍ਹਾਂ ਨੂੰ ਹਟਾਉਣ ਲਈ ਇਸ਼ਕ ਵਿਚ ਅੰਨ੍ਹੀ ਹੋਈ ਆਰਤੀ ਨੇ ਅਪਣੇ ਮਾਸੂਮ ਬੱਚਿਆਂ ਨੂੰ ਮਰਵਾਉਣ ਲਈ ਆਸ਼ਕਾਂ ਨਾਲ ਰਲ ਕੇ ਇਕ ਯੋਜਨਾ ਤਿਆਰ ਕੀਤੀ।

ਜ਼ਿਕਰਯੋਗ ਹੈ ਕਿ ਰਵਿੰਦਰ ਸਿੰਘ ਕਾਕੂ ਤੇ ਰਣਜੀਤ ਕੁਮਾਰ ਵੀ ਆਰਤੀ ਨਾਲ ਸਬੰਧ ਰੱਖਣ ਕਾਰਨ ਇਕ-ਦੂਜੇ ਨਾਲ ਲੜ ਚੁੱਕੇ ਸਨ ਪਰ ਯੋਜਨਾ ਮੁਤਾਬਕ ਬੱਚਿਆਂ ਨੂੰ ਮਾਰਨ ਲਈ ਉਹ ਆਰਤੀ ਨਾਲ ਰਲ ਗਏ। ਆਰਤੀ ਬੱਚਿਆਂ ਨੂੰ ਮੰਦਰ ਮੱਥਾ ਟੇਕਣ ਲਈ ਲੈ ਕੇ ਗਈ ਜਿਥੇ ਰਣਜੀਤ ਤੇ ਰਵਿੰਦਰ ਪਹਿਲਾਂ ਹੀ ਆਰਤੀ ਦਾ ਇੰਤਜ਼ਾਰ ਕਰ ਰਹੇ ਸਨ। ਆਰਤੀ ਨੇ ਬੱਚਿਆਂ ਨੂੰ ਰਣਜੀਤ ਤੇ ਰਵਿੰਦਰ ਨਾਲ ਭੇਜ ਦਿਤਾ। ਉਨ੍ਹਾਂ ਨੇ ਬੱਚਿਆਂ ਦਾ ਰੱਸੀ ਨਾਲ ਗਲਾ ਘੁੱਟ ਕੇ ਕਤਲ ਕਰ ਦਿਤਾ ਅਤੇ ਲਾਸ਼ਾਂ ਨੂੰ ਸੁੱਟ ਕੇ ਮੌਕੇ ਤੋਂ ਫ਼ਰਾਰ ਹੋ ਗਏ। ਗ਼ੌਰਤਲਬ ਹੈ ਕਿ ਰਣਜੀਤ ਵੀ ਆਰਤੀ ਨਾਲ ਵਿਆਹ ਕਰਵਾਉਣਾ ਚਾਹੁੰਦਾ ਸੀ ਅਤੇ ਅਪਣੀ ਪਤਨੀ ਸੰਜੂ ਤੋਂ ਛੁਟਕਾਰਾ ਚਾਹੁੰਦਾ ਸੀ। ਇਸ ਕਰ ਕੇ 19 ਸਤੰਬਰ ਦੀ ਲੜਾਈ ਜੋ ਆਰਤੀ ਤੇ ਸੰਜੂ ਵਿਚਕਾਰ ਹੋਈ ਸੀ, ਦਾ ਫ਼ਾਇਦਾ ਉਠਾ ਕੇ ਬੱਚਿਆਂ ਦੇ ਕਤਲ ਦਾ ਇਲਜ਼ਾਮ ਅਪਣੀ ਪਤਨੀ ਸੰਜੂ 'ਤੇ ਲਗਾਉਣਾ ਚਾਹੁੰਦਾ ਸੀ ਤਾਂ ਕਿ ਉਹ ਆਰਤੀ ਨਾਲ ਵਿਆਹ ਕਰ ਸਕੇ ਪਰ ਆਰਤੀ ਰਵਿੰਦਰ 'ਕਾਕੂ' ਨਾਲ ਵਿਆਹ ਕਰਵਾਉਣਾ ਚਾਹੁੰਦੀ ਸੀ। ਬੀਤੀ 28 ਮਈ ਨੂੰ ਅਦਾਲਤ ਨੇ ਉਪ ਜ਼ਿਲ੍ਹਾ ਅਟਾਰਨੀ ਸੁਖਦੇਵ ਸਿੰਘ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਤਿੰਨਾਂ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦਾ ਹੁਕਮ ਸੁਣਾਇਆ।

## ਸਾਧੂ ਬਣਿਆ ਜਰਮਨ ਨਾਗਰਿਕ ਤੇ ਪਾਕਿ ਏਜੰਟ ਗ੍ਰਿਫ਼ਤਾਰ

**ਰੂਪਨਗਰ :** ਜ਼ਿਲ੍ਹਾ ਪੁਲਿਸ ਰੂਪਨਗਰ ਨੇ ਬੀਤੀ 28 ਮਈ ਨੂੰ ਨੰਗਲ ਵਿਖੇ ਸਾਧੂ ਦੇ ਭੇਸ ਵਿਚ ਇਕ ਜਰਮਨ ਨਾਗਰਿਕ ਨੂੰ ਬਿਨਾਂ ਪਾਸਪੋਰਟ ਗ੍ਰਿਫਤਾਰ ਕੀਤਾ ਹੈ ਅਤੇ ਇਸ ਖਿਲਾਫ ਪੁਲਿਸ ਸਟੇਸ਼ਨ ਨੰਗਲ ਵਿਖੇ ਮੁਕੱਦਮਾ ਦਰਜ ਕੀਤਾ ਹੈ। ਇਹ ਜਾਣਕਾਰੀ ਐਸ ਐਸ ਪੀ ਐਲ ਕੇ ਯਾਦਵ ਨੇ ਇਥੇ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਵਿਅਕਤੀ ਤੋਂ ਕੀਤੀ ਗਈ ਮੁਢਲੀ ਪੁੱਛ-ਗਿੱਛ ਤੋਂ ਇਸ ਦੀ ਪਹਿਚਾਣ ਥੌਮਸ ਕੋਹਨ ਪੁੱਤਰ ਜੂਲਿਅਸ ਕੋਹਨ ਵਾਸੀ ਬਰਲਚ, ਸਟਰੀਟ ਨੰਬਰ 12, 21073, ਹਮਬਰਕ, ਜਰਮਨੀ ਦੇ ਤੋਰ ਤੇ ਹੋਈ ਹੈ। ਇਸ ਨੂੰ ਸਾਧੂ ਦੇ ਰੂਪ ਵਿਚ ਨਯਾ ਨੰਗਲ ਵਿਖੇ ਭਬੋਰ ਸਾਹਿਬ, ਕਾਲੀ ਮਾਤਾ ਮੰਦਰ ਨਜਦੀਕ, ਨੰਗਲ ਡੈਮ ਦੇ ਕੰਢੇ ਤੋਂ ਗ੍ਰਿਫਤਾਰ ਕੀਤਾ ਗਿਆ ਤੇ ਇਹ ਮੌਕੇ 'ਤੇ ਆਪਣੀ ਪਹਿਚਾਣ ਬਾਰੇ ਕੋਈ ਦਸਤਾਵੇਜ ਪੇਸ਼ ਨਾ ਕਰ ਸਕਿਆ।

ਐਸ ਐਸ ਪੀ ਨੇ ਕਿਹਾ ਕਿ ਪੁਲਿਸ ਇਸ ਕੇਸ ਨੂੰ ਗੰਭੀਰਤਾ ਨਾਲ ਲੈਂਦੀ ਹੋਈ ਇਸ ਵਿਅਕਤੀ ਦੀ ਗਹਿਰਾਈ ਨਾਲ ਜਾਂਚ ਪੜਤਾਲ ਕਰੇਗੀ ਅਤੇ ਇਸ ਦੇ ਪਿਛੋਕੜ ਬਾਰੇ ਜਾਣਕਾਰੀ ਹਾਸਲ ਕਰਨ ਲਈ ਇਮੀਗਰੇਸ਼ਨ ਅਤੇ ਅੰਬੈਸੀ ਤੱਕ ਪਹੁੰਚ ਕਰੇਗੀ ਤਾਂ ਕਿ ਹਕੀਕਤ ਦਾ ਪਤਾ ਲਗਾਇਆ ਜਾ ਸਕੇ। ਐਸ ਐਸ ਪੀ ਨੇ ਜਾਣਕਾਰੀ ਦਿੱਤੀ ਕਿ ਅਜੇ ਕੁਝ ਦਿਨ ਪਹਿਲਾਂ ਹੀ ਪੁਲਿਸ ਨੂੰ ਭਾਖੜਾ ਡੈਮ ਨੂੰ ਉਡਾਉਣ ਬਾਰੇ ਇੱਕ ਪਾਕਿਸਤਾਨੀ ਸੰਗਠਨ ਦੀ ਧਮਕੀ ਬਾਰੇ ਸੂਚਨਾ ਵੀ ਮਿਲੀ ਹੈ। ਇਸ ਲਈ ਪੁਲਿਸ ਇਸ ਕੇਸ ਨੂੰ ਹੋਰ ਵੀ ਗੰਭੀਰਤਾ ਨਾਲ ਲੈ ਕੇ ਕਾਰਵਾਈ ਕਰ ਰਹੀ ਹੈ। ਇਸ ਵਿਅਕਤੀ ਨੇ ਮੁਢਲੀ ਪੁੱਛ-ਗਿੱਛ ਸਮੇਂ ਦੱਸਿਆ ਹੈ ਕਿ ਉਹ 2004 ਵਿਚ ਭਾਰਤ ਆਇਆ ਸੀ ਅਤੇ ਗੋਆ ਤੋਂ ਦਿੱਲੀ ਜਾਂਦੇ ਸਮੇਂ ਉਸ ਦਾ ਸੰਪਰਕ ਇੱਕ ਰੂਸੀ ਲੜਕੀ ਨਾਲ ਹੋਇਆ ਸੀ ਜਿਸ ਨਾਲ ਉਹ ਕਸ਼ਮੀਰ, ਜੰਮੂ ਅਤੇ ਧਰਮਸ਼ਾਲਾ ਵਿਖੇ ਘੁੰਮ ਕੇ ਵਾਪਿਸ ਜਰਮਨੀ ਚਲਾ ਗਿਆ ਸੀ ਅਤੇ ਇਹ ਲੜਕੀ ਇਥੇ ਭਾਰਤ ਵਿਚ ਹੀ ਰਹਿ ਗਈ ਸੀ।

**ਆਈ ਐਸ ਆਈ ਏਜੰਟ ਕਾਬੂ:**ਬੀਤੀ 29 ਮਈ ਨੂੰ ਮੋਹਾਲੀ ਪੁਲਿਸ ਨੇ ਮੁੱਲਾਂਪੁਰ ਖੇਤਰ ਵਿਚ ਏਅਰ ਫੋਰਸ ਸਟੇਸ਼ਨ ਲਾਗਿਓਂ ਸ਼ੱਕੀ ਹਾਲਤ ਵਿਚ ਘੁੰਮਦੇ ਇਕ ਪਾਕਿਸਤਾਨੀ ਨਾਗਰਿਕ ਇਰਫਾਨ ਉਲਾ ਨੂੰ ਕਾਬੂ ਕਰਨ ਵਿਚ ਵੱਡੀ ਸਫਲਤਾ ਹਾਸਲ ਕੀਤੀ ਹੈ। ਇਰਫਾਨ ਪਾਕਿਸਤਾਨ ਦੇ ਲਾਹੌਰ ਖੇਤਰ ਨਾਲ ਸਬੰਧਤ ਹੈ ਅਤੇ ਇਸ ਕੋਲੋਂ ਕੁਝ ਡਾਇਰੀਆਂ ਅਤੇ ਹੋਰ ਕਾਗਜ਼ ਬਰਾਮਦ ਹੋਏ ਹਨ। ਪੁਲਿਸ ਅਨੁਸਾਰ ਇਹ ਵਿਅਕਤੀ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐਸ ਆਈ ਦਾ ਏਜੰਟ ਹੈ।


ਆਪਣਾ ਕਰੈਡਿਟ ਬਚਾਉ / FORECLOSURE ਤੋਂ ਬਚੋ
SELL YOUR HOME FOR CASH TODAY
#1 SHORT SALE EXPERT
CALL TOADY & STOP WORRYING
Manjit Gill - 209.524.4008
Real Estate & Loans - 510.415.2368
ਸਸਤੀ ਅਤੇ ਵਧੀਆ ਇੰਸ਼ੋਰੈਂਸ
GILL FINANCIAL & INSURANCE

Manjit Gill
President
CA Lic#0B23990
- AUTO
- HOME
- LIFE
- HEALTH
- LIQUOR STORES
- GAS STATIONS
- TRUCK INSURANCE

EDUCATION FUNDING
RETIREMENT ਦੇ ਵਧੀਆ PROGRAM
ਅੱਜ ਹੀ ਕਾਲ ਕਰੋ
510-415-2368 / 209-524-4008
www.gillfinancial.com



Wraich Transport LLS
North American Truck Stop
14320 Slover Ave., Fontana, CA 92337

ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ
*We have trailer engine for carrier and thermo king *North american truck stop offer all kind of truck repair @ economy price. *We have special deal on oil change $189 +
ਤੁਰਤ ਕਾਲ ਕਰੋ:800-746-6201, 9093-350-3310




ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ
ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ
*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਈਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ

Attorny At Law
Law Offices Of Jaspreet Singh
37-18, 73 Street, Suite 401 (Near Subzi Mandi) Jackson Hts, NY-11372 Ph:718-533-8444 Fax: 718-533-8460
44790 S. Grimmer Blvd. #204 Fremont CA-94538 Ph:510-657-6444 Fax: 510-657-6443
2945 W. Capitol Ave, Sacramento CA-95691 Ph: 916-372-4448 Fax: 916-372-4440

# ਕਾਰਗਿਲ ਜੰਗ ਦਾ ਇਤਿਹਾਸ ਦੁਬਾਰਾ ਲਿਖੇ ਜਾਣ ਦੀਆਂ ਆਵਾਜ਼ਾਂ

–ਜਤਿੰਦਰ ਪਨੂੰ

ਪੰਜਾਬੀ ਮੁਹਾਵਰਾ ਹੈ ਕਿ ਬਾਰਾਂ ਸਾਲਾਂ ਬਾਅਦ ਰੂੜੀ ਦੀ ਵੀ ਸੁਣੀ ਜਾਂਦੀ ਹੈ। ਬ੍ਰਿਗੇਡੀਅਰ ਦੀ ਪਦਵੀ ਦਾ ਸਵਾਮੀ ਰਹਿ ਚੁੱਕਾ ਤੇ ਵਤਨ ਦੀ ਰਾਖੀ ਲਈ ਮੌਤ ਨੂੰ ਸੈਨਤਾਂ ਮਾਰ ਕੇ ਮੁੜਿਆ ਦਵਿੰਦਰ ਸਿੰਘ ਰੂੜੀ ਤੋਂ ਥੋੜ੍ਹਾ ਜਿਹਾ ਹੀ ਖੁਸ਼ਕਿਸਮਤ ਨਿਕਲਿਆ ਹੈ। ਗਿਆਰਾਂ ਸਾਲ ਲੱਗ ਗਏ ਉਸਨੂੰ ਇਨਸਾਫ ਮਿਲਣ ਵਿਚ। ਅੰਗਰੇਜ਼ੀ ਵਿਚ 'ਜਸਟਿਸ ਡੀਲੇਅਡ ਇਜ਼ ਜਸਟਿਸ ਡੀਨਾਈਡ' ਦਾ ਅਖਾਣ ਹੈ, ਜਿਸ ਦਾ ਭਾਵ ਹੈ ਕਿ ਦੇਰੀ ਨਾਲ ਮਿਲਿਆ ਇਨਸਾਫ ਤਾਂ ਇਨਸਾਫ ਤੋਂ ਇਨਕਾਰ ਵਰਗਾ ਹੁੰਦਾ ਹੈ। ਅਸੀਂ ਭਾਰਤੀ ਆਸ਼ਾਵਾਦੀ ਲੋਕ ਹਾਂ, ਇਸੇ ਕਰਕੇ ਅੰਗਰੇਜ਼ੀ ਕਹਾਵਤ ਤੋਂ ਉਲਟ ਇਹ ਕਹਾਵਤ ਮੰਨਦੇ ਹਾਂ, 'ਦੇਰ ਆਇਦ, ਦਰੁਸਤ ਆਇਦ', ਅਰਥਾਤ ਦੇਰੀ ਨਾਲ ਹੀ ਸਹੀ, ਦਰੁਸਤੀ ਤਾਂ ਹੋ ਗਈ। ਜਿਸ ਬੰਦੇ ਨੂੰ ਗਿਆਰਾਂ ਸਾਲ ਕੀਤੇ ਦੀ ਕਦਰ ਪਾਏ ਜਾਣ ਦੀ ਥਾਂ ਨਿਕੰਮਾ ਕਹਿ ਕੇ ਜ਼ਲੀਲ ਕੀਤਾ ਜਾਂਦਾ ਰਿਹਾ ਹੋਵੇ, ਉਸ ਨੂੰ ਹੁਣ ਏਨੀ ਖੱਜਲ ਖੁਆਰੀ ਪਿੱਛੋਂ ਦਰੁਸਤੀ ਕਰਾਉਣ ਦਾ ਹੱਕ ਮਿਲ ਵੀ ਗਿਆ ਤਾਂ ਬਹੁਤਾ ਮਹੱਤਵ ਨਹੀਂ ਰੱਖਦਾ, ਸਿਵਾਏ ਇਸ ਗੱਲ ਤੋਂ ਕਿ ਉਹ ਇਤਿਹਾਸ ਵਿਚ ਆਪਣਾ ਨਾਂਅ ਖਲਨਾਇਕ ਦੀ ਥਾਂ ਨਾਇਕ ਲਿਖਾਉਣ ਵਿਚ ਕਾਮਯਾਬ ਹੋ ਗਿਆ ਹੈ।



ਇਹ ਕੌੜਾ ਸੱਚ ਕਾਰਗਿਲ ਦੀ ਜੰਗ ਬਾਰੇ ਹੈ, ਜਿਸ ਵਿਚ ਜਵਾਨ ਕੁਰਬਾਨੀਆਂ ਕਰ ਰਹੇ ਸਨ, ਰੱਖਿਆ ਮੰਤਰੀ ਦੀ ਮਿੱਤਰ ਮੰਡਲੀ 'ਤੇ ਖੱਫਣ ਲਾਹ ਕੇ ਵੇਚੇ ਜਾਣ ਦੇ ਦੋਸ਼ ਲੱਗ ਰਹੇ ਸਨ। ਮੰਤਰੀ ਜਾਰਜ ਫਰਨਾਂਡੇਜ਼ ਅਸਤੀਫਾ ਦੇ ਗਿਆ ਸੀ ਕਿ ਸੱਚਾ ਸਾਬਤ ਹੋ ਕੇ ਹੀ ਗੱਦੀ 'ਤੇ ਬੈਠਾਂਗਾ। ਸੱਚਾ ਸਾਬਤ ਹੋਣ ਤੋਂ ਪਹਿਲਾਂ ਉਹ ਫਿਰ ਉਸੇ ਕੁਰਸੀ ਉਤੇ ਆਣ ਬੈਠਾ ਸੀ ਤੇ ਸ਼ਰਮ ਦਾ ਕੋਈ ਚਿੰਨ੍ਹ ਉਹਦੇ ਚਿਹਰੇ ਤੋਂ ਨਹੀਂ ਸੀ ਝਲਕਿਆ। ਅਸਤੀਫਾ ਭਾਵੇਂ ਉਸ ਨੇ ਤਹਿਲਕਾ ਦੇ ਸਟਿੰਗ ਅਪਰੇਸ਼ਨ ਕਾਰਨ ਦਿੱਤਾ ਸੀ, ਪਰ ਕਾਰਗਿਲ ਦੇ ਕੱਫਨ (ਖੱਫਣ) ਦਾ ਮਾਮਲਾ ਨਾਲ ਹੀ ਜੋੜ ਕੇ ਗੱਲ ਹੁੰਦੀ ਰਹੀ ਸੀ ਤੇ ਹੁਣ ਵੀ ਜੋੜ ਕੇ ਕਰਨੀ ਪੈਣੀ ਹੈ।

ਬ੍ਰਿਗੇਡੀਅਰ ਦਵਿੰਦਰ ਸਿੰਘ ਕਾਰਗਿਲ ਦੀ ਉਸ ਜੰਗ ਦਾ ਅਗਲੇ ਮੋਰਚੇ ਦੀ ਅਗਵਾਈ ਕਰਨ ਵਾਲਾ ਨਾਇਕ ਸੀ। ਮੌਕੇ ਦਾ ਕੋਰ ਕਮਾਂਡਰ ਲੈਫਟੀਨੈਂਟ ਜਨਰਲ ਕਿਸ਼ਨ ਪਾਲ ਉਸ ਤੋਂ ਖੁਸ਼ ਨਹੀਂ ਸੀ। ਇਸ ਕਰ ਕੇ ਉਸ ਦੀ ਬਹਾਦਰੀ ਵੀ ਲੁਕਾਉਣ ਲੱਗਾ ਰਿਹਾ ਤੇ ਉਸ ਦੀਆਂ ਦਿੱਤੀਆਂ ਸੂਚਨਾਵਾਂ ਵੀ। ਇਹ ਅਹਿਮ ਸੂਚਨਾ ਸਭ ਤੋਂ ਪਹਿਲਾਂ ਬ੍ਰਿਗੇਡੀਅਰ ਦਵਿੰਦਰ ਸਿੰਘ ਨੇ ਹੀ ਭੇਜੀ ਸੀ ਤੇ ਜੰਗ ਲੱਗਣ ਤੋਂ ਢਾਈ ਮਹੀਨੇ ਪਹਿਲਾਂ ਭੇਜੀ ਸੀ ਕਿ ਦੁਸ਼ਮਣ ਨੇ ਭਾਰਤੀ ਇਲਾਕੇ ਵਿਚ ਜਬਰਦਸਤ ਘੁਸਪੈਠ ਕਰ ਲਈ ਹੈ। ਜਨਰਲ ਕਿਸ਼ਨ ਪਾਲ ਨੇ ਉਸ ਦੀ ਰਿਪੋਰਟ ਨੂੰ ਲਾਂਭੇ ਕਰ ਕੇ ਇਹ ਰਿਪੋਰਟ ਭੇਜੀ ਕਿ ਮਾਮੂਲੀ ਜਿਹੀ ਘੁਸਪੈਠ ਹੈ, ਜਿਹੜੀ ਅਠਤਾਲੀ ਘੰਟਿਆਂ ਦੇ ਅੰਦਰ ਖਤਮ ਕੀਤੀ ਜਾ ਸਕਦੀ ਹੈ। ਸਵਾ ਪੰਜ ਸੌ ਜਵਾਨਾਂ ਤੇ ਅਫਸਰਾਂ ਦੀ ਬਲੀ ਦੇ ਕੇ ਜਦੋਂ ਜੰਗ ਖਤਮ ਹੋਈ ਤਾਂ ਜਨਰਲ ਕਿਸ਼ਨ ਪਾਲ ਨੇ ਬ੍ਰਿਗੇਡੀਅਰ ਦਵਿੰਦਰ ਸਿੰਘ ਦੀ ਕਰੈਕਟਰ-ਸ਼ੀਟ ਵਿਚ ਵੀ ਉਹ ਟਿੱਪਣੀਆਂ ਦਰਜ ਕੀਤੀਆਂ, ਜਿਨ੍ਹਾਂ ਦੇ ਹੁੰਦਿਆਂ ਉਸ ਦੀ ਤਰੱਕੀ ਰੁਕ ਜਾਵੇ ਤੇ ਰਿਟਾਇਰਮੈਂਟ ਲਈ ਜਾਂਦੇ ਵਕਤ ਜੰਗ ਵਿਚ ਨਿਭਾਈ ਭੂਮਿਕਾ ਲਈ ਕੋਈ ਤਮਗਾ ਵੀ ਨਾ ਮਿਲੇ। ਇਸ ਬੇਇਨਸਾਫੀ ਵਿਰੁੱਧ ਦਵਿੰਦਰ ਸਿੰਘ ਨੇ ਲੰਮੀ ਕਾਨੂੰਨੀ ਲੜਾਈ ਲੜੀ ਤੇ ਅੰਤ ਨੂੰ ਨਤੀਜਾ 'ਓੜਕ ਸਚ ਰਹੀ' ਵਾਲਾ ਨਿਕਲ ਆਇਆ ਹੈ। ਕਈ ਪੜਾਵਾਂ ਤੋਂ ਟੱਪਦਾ ਇਹ ਮਾਮਲਾ ਫੌਜ ਦੇ ਟ੍ਰਿਬਿਊਨਲ ਤੱਕ ਪੁੱਜਾ ਸੀ। ਟ੍ਰਿਬਿਊਨਲ ਨੇ ਸਾਰਾ ਰਿਕਾਰਡ ਘੋਖਣ ਮਗਰੋਂ ਇਹ ਸੱਚ ਪ੍ਰਵਾਨ ਕੀਤਾ ਕਿ ਬ੍ਰਿਗੇਡੀਅਰ ਦਵਿੰਦਰ ਸਿੰਘ ਨਾਲ ਇਨਸਾਫ ਨਹੀਂ ਹੋਇਆ, ਇਸ ਕਰ ਕੇ ਕਾਰਗਿਲ ਦੀ ਜੰਗ ਦਾ ਇਤਿਹਾਸ ਨਵੇਂ ਸਿਰਿਓਂ ਲਿਖੇ ਜਾਣ ਦੀ ਜ਼ਰੂਰਤ ਹੈ। ਇਹ ਸਾਬਤ ਹੋ ਗਿਆ ਕਿ ਬ੍ਰਿਗੇਡੀਅਰ ਦਵਿੰਦਰ ਸਿੰਘ ਦੀਆਂ ਭੇਜੀਆਂ ਸੂਚਨਾਵਾਂ ਨੂੰ ਦਬਾਅ ਕੇ ਰੱਖਣ ਤੋਂ ਇਲਾਵਾ ਜਨਰਲ ਕਿਸ਼ਨ ਪਾਲ ਨੇ ਉਸ ਦੀ ਕਾਰਗੁਜ਼ਾਰੀ ਵੀ ਲੁਕਾਈ ਸੀ। ਜਿਹੜੀਆਂ ਤਿੰਨ ਬਟਾਲੀਅਨਾਂ ਨੇ ਸਿੱਧੇ ਤੌਰ 'ਤੇ ਬ੍ਰਿਗੇਡੀਅਰ ਦਵਿੰਦਰ ਸਿੰਘ ਦੀ ਅਗਵਾਈ ਹੇਠ ਰਣਨੀਤਕ ਪੱਖ ਤੋਂ ਅਹਿਮ ਚੋਟੀਆਂ 'ਤੇ ਕਬਜ਼ਾ ਕੀਤਾ ਸੀ, ਉਨ੍ਹਾਂ ਨੂੰ ਕਿਸੇ ਹੋਰ ਬ੍ਰਿਗੇਡ ਦੇ ਅਧੀਨ ਦਰਜ ਕਰਕੇ ਭੇਜ ਦਿੱਤਾ। ਮਕਸਦ ਇਹੋ ਕਿ ਦਵਿੰਦਰ ਸਿੰਘ ਨੂੰ ਕੋਈ ਰਾਸ਼ਟਰੀ ਸਨਮਾਨ ਨਾ ਮਿਲ ਜਾਵੇ। ਨਤੀਜਾ ਇਸ ਦਾ ਇਹ ਨਿਕਲਿਆ ਕਿ ਉਹ ਦੇਸ਼ ਖਾਤਰ ਮੋਰਚੇ 'ਤੇ ਜੂਝਣ ਵਾਲਾ ਬੰਦਾ ਤਰੱਕੀ ਲੈਣ ਦੀ ਥਾਂ ਰਿਟਾਇਰ ਹੋ ਕੇ ਕਾਨੂੰਨ ਦੇ ਉਸ ਮੋਰਚੇ 'ਤੇ ਜੂਝਣ ਲਈ ਮਜਬੂਰ ਹੋ ਗਿਆ, ਜਿਹੜਾ ਮਹੀਨੇ ਨਹੀਂ, ਕਈ ਸਾਲ ਲੱਗਾ ਰਹਿਣਾ ਸੀ।

ਅੱਜ ਸਮੁੱਚਾ ਮੀਡੀਆ ਜਨਰਲ ਕਿਸ਼ਨ ਪਾਲ ਨੂੰ ਕਟਹਿਰੇ ਵਿਚ ਖੜਾ ਕਰ ਰਿਹਾ ਹੈ, ਕਰਨਾ ਵੀ ਬਣਦਾ ਹੈ, ਪਰ ਏਨਾ ਕਾਫੀ ਨਹੀਂ। ਜਨਰਲ ਕਿਸ਼ਨ ਪਾਲ ਉਸ ਮੋਰਚੇ ਤੋਂ ਉਪਰਲੀ ਕੋਰ ਦਾ ਕਮਾਂਡਰ ਲੈਫਟੀਨੈਂਟ ਜਰਨਲ ਸੀ, ਫੌਜ ਦਾ ਮੁਖੀ ਕਮਾਂਡਰ ਨਹੀਂ ਸੀ। ਇਸ ਸਮੇਂ ਦੌਰਾਨ ਫੌਜ ਦੇ ਮੁਖੀ ਜਨਰਲ ਮਲਿਕ ਅਤੇ ਉਸ ਤੋਂ ਉਪਰ ਉਸ ਵਕਤ ਦੀ ਦੇਸ਼ ਦੀ ਸਰਕਾਰ ਦੀ ਭੂਮਿਕਾ ਵੀ ਇਸ ਤੋਂ ਵੱਖ ਨਹੀਂ ਕੀਤੀ ਜਾਣੀ ਚਾਹੀਦੀ।

ਐਚ ਡੀ ਦੇਵਗੌੜਾ ਅਤੇ ਇੰਦਰ ਕੁਮਾਰ ਗੁਜਰਾਲ ਦੀਆਂ ਦੋ ਸਾਂਝਾ ਮੋਰਚਾ ਸਰਕਾਰਾਂ ਦੀ ਨਾਕਾਮੀ ਪਿੱਛੋਂ ਅਟਲ ਬਿਹਾਰੀ ਵਾਜਪਾਈ ਸਰਕਾਰ ਬਣੀ ਸੀ, ਜਿਸ ਦੇ ਵਕਤ ਦੇਸ਼ ਨੂੰ ਕਾਰਗਿਲ ਦੀ ਜੰਗ ਦਾ ਸਾਹਮਣਾ ਕਰਨਾ ਪਿਆ ਸੀ। ਵਾਜਪਾਈ ਸਰਕਾਰ ਨੇ ਦੇਸ਼ ਦੀ ਕਮਾਨ ਸਾਂਭਦੇ ਸਾਰ ਐਟਮੀ ਧਮਾਕੇ ਕਰ ਕੇ ਪਾਕਿਸਤਾਨ ਨਾਲ ਸੰਬੰਧਾਂ ਨੂੰ ਖਿਚਾਅ ਦੀ ਸਿਖਰ ਉਤੇ ਪੁਚਾ ਦਿੱਤਾ ਸੀ। ਅਗਲੇ ਸੱਤ ਮਹੀਨੇ ਭਾਰਤੀ ਜਨਤਾ ਪਾਰਟੀ ਅਤੇ ਉਸ ਦੀਆਂ ਪਿਛਲੱਗ ਪਾਰਟੀਆਂ ਦਾ ਹਰ ਨੇਤਾ ਪਾਕਿਸਤਾਨ ਨੂੰ 'ਸਿੱਝ ਲੈਣ' ਦੇ ਦਬਾਕੜੇ ਛੱਡਦਾ ਰਿਹਾ ਸੀ। ਸੱਤ ਮਹੀਨੇ ਉਸ ਨੇ ਗਵਾਂਢੀ ਮੁਲਕ ਨੂੰ ਚਿੜਾ ਕੇ ਅੱਠਵੇਂ ਮਹੀਨੇ ਦੋਵਾਂ ਪੰਜਾਬਾਂ ਨੂੰ ਜੋੜਦੀ ਬੱਸ ਸੇਵਾ ਦਾ ਉਦਘਾਟਨ ਕਰਨ ਬਹਾਨੇ ਅਚਾਨਕ ਲਾਹੌਰ ਜਾਣ ਦਾ ਐਲਾਨ ਕਰ ਦਿੱਤਾ। ਲਾਹੌਰ ਵਿਚ ਉਸ ਦਾ ਏਨਾ ਬੇਕਦਰਾ ਸਵਾਗਤ ਹੋਇਆ, ਜਿੰਨਾ ਕਦੇ ਕਿਸੇ ਦੇਸ ਦੇ ਮੁਖੀ ਦਾ ਹੋਇਆ ਹੀ ਨਹੀਂ ਸੀ। ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਤਾਂ ਆਉਣਾ ਸੀ, ਆ ਗਿਆ, ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਪਰਵੇਜ਼ ਮੁਸ਼ੱਰਫ ਨੇ ਆਉਣ ਤੋਂ ਹੀ ਨਾਂਹ ਕਰ ਦਿੱਤੀ। ਇਸ ਦੇ ਬਾਵਜੂਦ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਨੇ ਇਕ ਮੂੰਹ ਰੱਖਣਾ ਜਿਹਾ 'ਲਾਹੌਰ ਐਲਾਨਨਾਮਾ' ਜਾਰੀ ਕਰ ਛੱਡਿਆ, ਜਿਸ ਨੂੰ ਵਾਜਪਾਈ ਸਾਹਿਬ ਭਾਰਤ ਆ ਕੇ ਗੈਸੀ ਗੁਬਾਰੇ ਵਾਂਗ ਫੁਲਾਈ ਫਿਰਦੇ ਸਨ।

ਐਨ ਉਸ ਵਕਤ ਜਦੋਂ ਵਾਜਪਾਈ ਸਾਹਿਬ ਲਾਹੌਰ ਸਮਝੌਤੇ ਦਾ ਛਣਕਣਾ ਛਣਕਾਉਂਦੇ ਫਿਰਦੇ ਸਨ, ਬ੍ਰਿਗੇਡੀਅਰ ਦਵਿੰਦਰ ਸਿੰਘ ਨੇ ਇਹ ਸੂਚਨਾ ਭੇਜ ਦਿੱਤੀ ਸੀ ਕਿ ਪਾਕਿਸਤਾਨ ਵਲੋਂ ਘੁਸਪੈਠੀਆਂ ਨੇ ਪਹਾੜੀ ਚੋਟੀਆਂ ਆਣ ਮੱਲੀਆਂ ਹਨ। ਲਾਹੌਰ ਸਮਝੌਤੇ ਨੂੰ ਹਾਲੇ ਪੰਦਰਾਂ ਦਿਨ ਨਹੀਂ ਸਨ ਲੰਘੇ, 'ਸਿਰ ਮੁੰਡਾਤੇ, ਓਲੇ ਪੜੇ' ਦੀ ਸਥਿਤੀ ਤੋਂ ਬਚਣ ਲਈ ਇਹ ਨੀਤੀ ਪ੍ਰਧਾਨ ਮੰਤਰੀ ਵਾਜਪਾਈ ਤੇ ਉਸ ਦੇ ਰੱਖਿਆ ਮੰਤਰੀ ਜਾਰਜ ਫਰਨਾਂਡੇਜ਼ ਦੀ ਸਾਂਝੀ ਸੀ ਕਿ ਰੌਲਾ ਨਾ ਪੈਣ ਦਿੱਤਾ ਜਾਵੇ ਤੇ



ਜਿੰਦਾਂ ਉਹ ਚੁੱਪ-ਚੁਪੀਤੇ ਆਣ ਵੜੇ ਹਨ, ਓਦਾਂ ਹੀ ਵੇਲੇ-ਕੁਵੇਲੇ ਅਚਾਨਕ ਵਾਰ ਕਰ ਕੇ ਭੱਜਣ ਲਈ ਮਜਬੂਰ ਕਰ ਦਿੱਤੇ ਜਾਣ ਤਾਂ ਠੀਕ ਰਹੇਗਾ। ਇਸ ਗੱਲ ਦੀ ਚਰਚਾ ਓਦੋਂ ਪਾਰਲੀਮੈਂਟ ਅੰਦਰ ਵੀ ਹੋਈ ਸੀ ਤੇ ਬ੍ਰਿਗੇਡੀਅਰ ਦਵਿੰਦਰ ਸਿੰਘ ਦੀਆਂ ਸੂਚਨਾਵਾਂ ਨੂੰ ਦਬਾਅ ਕੇ ਜੋ ਕੁਝ ਲੈਫਟੀਨੈਂਟ ਜਨਰਲ ਕਿਸ਼ਨ ਪਾਲ ਨੇ ਲਿਖਿਆ, ਉਹ ਵੀ ਇਸੇ ਤਿੰਨ-ਟੰਗੀ ਖੇਡ ਦਾ ਨਮੂਨਾ ਸੀ। ਉਨ੍ਹਾਂ ਦੀ ਇਸ ਖੇਡ ਦਾ ਖਮਿਆਜ਼ਾ ਬਦਕਿਸਮਤੀ ਨਾਲ ਦੇਸ਼ ਨੂੰ ਭੁਗਤਣਾ ਪਿਆ ਸੀ।

ਅੱਜ ਭਾਵੇਂ ਆਪੇ ਬਣੇ ਫਿਰਦੇ 'ਲੋਹ ਪੁਰਸ਼' ਲਾਲ ਕ੍ਰਿਸ਼ਨ ਅਡਵਾਨੀ ਹੁਰੀਂ ਜੋ ਵੀ ਕਹੀ ਜਾਣ, ਇਹ ਸੱਚ ਆਪਣੀ ਥਾਂ ਹੈ ਕਿ ਵਾਜਪਾਈ-ਭਾਜਪਾਈ ਅਗਵਾਈ ਵਾਲੀ ਸਰਕਾਰ ਪੈਰ-ਪੈਰ 'ਤੇ ਆਪਣੇ ਦੇਸ਼ ਦੇ ਨਾਗਰਿਕਾਂ ਤੋਂ ਸੱਚ ਛੁਪਾਉਂਦੀ ਰਹੀ ਸੀ। ਕਾਰਗਿਲ ਖੇਤਰ ਵਿਚ ਹੋਈ ਘੁਸਪੈਠ ਕਈ ਹਫਤੇ ਪੂਰੇ ਮੁਲਕ ਤੋਂ ਛਿਪਾ ਕੇ ਪਹਿਲਾ ਗੁਨਾਹ ਕੀਤਾ ਗਿਆ। ਉਥੇ ਹੋ ਰਹੇ ਜਾਨੀ ਨੁਕਸਾਨ ਦੇ ਵੇਰਵੇ ਛੁਪਾਉਣ ਦੀ ਕੋਸ਼ਿਸ਼ ਦੂਜਾ ਗੁਨਾਹ ਸੀ ਤੇ ਬਹਾਦਰਾਂ ਨੂੰ ਕਾਇਰ ਆਖ ਕੇ ਸਨਮਾਨ ਦੇ ਹੱਕ ਤੋਂ ਵਾਂਝਾ ਕਰਨਾ ਤੀਜਾ ਗੁਨਾਹ ਸੀ। ਸੱਚ ਨੂੰ ਸਾਹਮਣੇ ਲਿਆਉਣ ਲਈ ਇਕ ਸੁਬਰਾਮਨੀਅਮ ਕਮੇਟੀ ਬਣਾਈ ਗਈ, ਜਿਸ ਬਾਰੇ ਓਦੋਂ ਹੀ ਇਹ ਗੱਲ ਬਾਹਰ ਆ ਗਈ ਕਿ ਉਸ ਨੇ ਖੇਚਲ ਕਰਨ ਦੀ ਥਾਂ ਫੌਜ ਦੇ ਮੁਖੀ ਜਨਰਲ ਮਲਿਕ ਦੀ ਕੋਠੀ ਨੂੰ 'ਕੈਂਪ ਆਫਿਸ' ਵਾਂਗ ਵਰਤ ਕੇ ਰਿਪੋਰਟ ਬਣਾਉਣ ਦੀ ਖਾਨਾ-ਪੂਰਤੀ ਕਰ ਛੱਡੀ ਸੀ। ਹੁਣ ਜਦੋਂ ਫੌਜੀ ਟ੍ਰਿਬਿਊਨਲ ਨੇ ਕਾਰਗਿਲ ਦੀ ਜੰਗ ਦਾ ਇਤਿਹਾਸ ਨਵੇਂ ਸਿਰਿਓਂ ਲਿਖਣ ਦਾ ਫੈਸਲਾ ਸੁਣਾ ਦਿੱਤਾ ਹੈ, ਓਦੋਂ ਦੇ ਫੌਜ ਦੇ ਮੁਖੀ ਜਨਰਲ ਮਲਿਕ ਨੂੰ ਸੰਘੋਂ ਲੰਘਾਉਣਾ ਔਖਾ ਹੋ ਗਿਆ ਹੈ। ਮਲਿਕ ਨੇ ਕਿਹਾ ਹੈ ਕਿ ਜੇ ਇਕ ਕੇਸ ਵਿਚ ਫੌਜੀ ਟ੍ਰਿਬਿਊਨਲ ਦੀ ਇਹ ਰਾਏ ਹੋਵੇ ਵੀ ਤਾਂ ਇਹ ਇਕ ਕੇਸ ਬਾਰੇ ਹੈ, ਸਾਰੀ ਜੰਗ ਦਾ ਇਤਿਹਾਸ ਸੋਧ ਕੇ ਲਿਖਣ ਦੀ ਲੋੜ ਨਹੀਂ। ਇੰਝ ਕਹਿਣ ਲੱਗਿਆਂ ਸਾਫ ਨਜ਼ਰ ਆ ਰਿਹਾ ਹੈ ਕਿ ਰਿਟਾਇਰ ਹੋ ਚੁੱਕੇ ਜਨਰਲ ਮਲਿਕ ਨੂੰ ਖਿੱਦੋ ਦੀਆਂ ਲੀਰਾਂ ਖਿੱਲਰ ਜਾਣ ਦਾ ਖਦਸ਼ਾ ਹੈ। ਹੇਠਾਂ ਜੇ ਇਕ ਕੋਰ ਕਮਾਂਡਰ ਕਿਸ਼ਨ ਪਾਲ ਨੇ ਇਕ ਬ੍ਰਿਗੇਡੀਅਰ ਦੀ ਰਿਪੋਰਟ ਦਬਾਅ ਲਈ ਤਾਂ ਇਸ ਦੇ ਬਿਨਾਂ ਮਿਲਟਰੀ ਇੰਟੈਲੀਜੈਂਸ ਵਗੈਰਾ ਦੇ ਹੋਰ ਸਰੋਤ ਵੀ ਹੁੰਦੇ ਹਨ, ਜਿਹੜੇ ਜਨਰਲ ਮਲਿਕ ਦੀ ਸਿੱਧੀ ਕਮਾਨ ਹੇਠ ਸਨ। ਫੌਜ ਦੇ ਮੁਖੀ ਜਨਰਲ ਮਲਿਕ ਦੀ ਮਰਜ਼ੀ ਤੋਂ ਬਿਨਾਂ ਕੋਰ ਕਮਾਂਡਰ ਲੈਫਟੀਨੈਂਟ ਜਨਰਲ ਕਿਸ਼ਨ ਪਾਲ ਏਨੀ ਦਿਲ-ਵਧੀ ਕਰ ਹੀ ਨਹੀਂ ਸਕਦਾ ਸੀ। ਜੇ ਸਾਰਾ ਇਤਿਹਾਸ ਨਵੇਂ ਸਿਰਿਓਂ ਲਿਖਿਆ ਜਾਵੇ ਤਾਂ ਜਨਰਲ ਮਲਿਕ ਦੀ ਭੂਮਿਕਾ ਦੇ ਹੋਰ ਪੱਖਾਂ ਦੀ ਹੀ ਨਹੀਂ, ਇਸ ਗੱਲ ਦੀ ਵੀ ਚਰਚਾ ਹੋ ਜਾਣੀ ਹੈ ਕਿ ਜਦੋਂ ਜੰਗ ਕਿਸੇ ਵੀ ਘੜੀ ਲੱਗਣ ਦਾ ਅੰਦੇਸ਼ਾ ਸੀ, ਮਲਿਕ ਸਾਹਿਬ ਵਿਦੇਸ਼ਾਂ ਦੀ ਸੈਰ ਕਰਨ ਕਿਉਂ ਤੁਰ ਗਏ ਸਨ ਤੇ ਉਨ੍ਹਾਂ ਨੂੰ ਏਨੇ ਨਾਜ਼ੁਕ ਸਮੇਂ ਬਾਹਰ ਜਾਣ ਤੋਂ ਮੌਕੇ ਦੀ ਸਰਕਾਰ ਨੇ ਰੋਕਿਆ ਕਿਉਂ ਨਹੀਂ ਸੀ?

ਹਾਲੇ ਸ਼ੁਰੂਆਤ ਹੋਈ ਹੈ, ਗੱਲ ਏਨੇ ਉਤੇ ਰੁਕ ਨਹੀਂ ਸਕਣੀ, ਅੱਗੇ ਵੀ ਜਾਣੀ ਹੈ। ਫੌਜੀ ਟ੍ਰਿਬਿਊਨਲ ਨੇ ਤਾਂ ਤਹਿਲਕਾ ਟੇਪਾਂ ਵਿਚ ਵਲੇਟੇ ਗਏ ਉਸ ਮੇਜਰ ਜਨਰਲ ਵਿਰੁੱਧ ਕਾਰਵਾਈ ਦਾ ਹੁਕਮ ਵੀ ਦੇ ਦਿੱਤਾ ਹੈ, ਜਿਸ ਨੂੰ ਜਾਰਜ ਫਰਨਾਂਡੇਜ਼ ਸਾਹਿਬ ਬਚਾਉਣ ਲੱਗੇ ਰਹੇ ਸਨ। ਜਿਨ੍ਹਾਂ ਨਾਲ ਬੇਇਨਸਾਫੀ ਹੋਈ ਤੇ ਉਦੋਂ ਇਹ ਸੋਚ ਕੇ ਚੁੱਪ ਵੱਟ ਗਏ ਸਨ ਕਿ ਬਣਨਾ ਕੁਝ ਨਹੀਂ, ਚੀਕਾਂ ਮਾਰਨ ਦਾ ਵੀ ਕੀ ਫਾਇਦਾ, ਉਹ ਹੁਣ ਬੋਲ ਸਕਦੇ ਹਨ। ਇਹੋ ਜਿਹੇ ਕਈ ਮਾਮਲੇ ਚਰਚਾ ਵਿਚ ਹਨ, ਜਿਨ੍ਹਾਂ ਵਿਚ ਵਧ ਬਹਾਦਰੀ ਵਿਖਾਉਣ ਜਾਂ ਲੜਦਿਆਂ ਜਾਨ ਦੇਣ ਵਾਲੇ ਪਿੱਛੇ ਪਾ ਕੇ ਉਨ੍ਹਾਂ ਸਿਫਾਰਸ਼ੀਆਂ ਨੂੰ ਜਨਰਲ ਮਲਿਕ ਦੇ ਵੇਲੇ ਵੱਡਾ ਮੈਡਲ ਦੇ ਦਿੱਤਾ ਗਿਆ, ਜਿਨ੍ਹਾਂ ਦੇ ਹੱਥ ਵਿਚ ਆਪਣਾ ਹੈਂਡ ਗਰਨੇਡ ਹੀ ਫਟ ਗਿਆ ਸੀ, ਪਰ ਉਹ ਮਲਿਕ ਪਰਿਵਾਰ ਨਾਲ ਕਿਸੇ ਪਾਸਿਓਂ ਤੰਦ ਜੁੜਦੀ ਵਾਲੇ ਕਹੇ ਜਾਂਦੇ ਸਨ। ਇਹ ਸਾਰਾ ਸੱਚ ਤਦੇ ਬੇਪਰਦ ਹੋ ਸਕਦਾ ਹੈ, ਜੇ ਸਾਰੀ ਜੰਗ ਦਾ ਇਤਿਹਾਸ ਮੁੜ ਕੇ ਘੋਖਿਆ ਜਾਵੇ, ਹੋਰ ਕੋਈ ਚਾਰਾ ਹੈ ਹੀ ਨਹੀਂ।

## ਜੰਮੂ-ਕਸ਼ਮੀਰ ਪੁਲਿਸ ਵਲੋਂ ਮੇਜਰ ਦੋਸ਼ੀ ਕਰਾਰ

**ਸ੍ਰੀਨਗਰ :** ਜੰਮੂ-ਕਸ਼ਮੀਰ ਪੁਲਸ ਵਲੋਂ ਬੀਤੀ 30 ਮਈ ਨੂੰ ਫੌਜ ਨੂੰ ਸੌਂਪੀ ਗਈ ਰਿਪੋਰਟ ਵਿਚ ਇਕ ਮੇਜਰ ਅਤੇ ਉਸ ਦੇ ਸਾਥੀਆਂ ਨੂੰ ਤਿੰਨ ਨੌਜਵਾਨਾਂ ਨੂੰ ਅਗਵਾ ਕਰਕੇ ਝੂਠੇ ਮੁਕਾਬਲੇ ਵਿਚ ਮਾਰਨ ਦੇ ਮਾਮਲੇ 'ਚ ਦੋਸ਼ੀ ਠਹਿਰਾਇਆ ਗਿਆਹੈ। ਫੌਜ ਨੇ ਵੀ ਮਾਮਲੇ ਦੀ ਉਚ ਪੱਧਰੀ ਜਾਂਚ ਦਾ ਹੁਕਮ ਦਿੱਤਾ ਹੈ। ਅੱਜ 15 ਕਾਰਪਸ ਕਮਾਂਡਰ ਲੈਫਟੀਨੈਂਟ ਜਨਰਲ ਐਨ ਸੀ ਮਰਵਾਹ ਨੂੰ ਸੌਂਪੀ ਰਿਪੋਰਟ ਵਿਚ ਪੁਲਸ ਨੇ ਦੋਸ਼ ਲਾਇਆ ਹੈ ਕਿ ਮਛੀਲ ਸੈਕਟਰ 'ਚ ਮੇਜਰ ਉਪਿੰਦਰ, ਦੋ ਸੂਬੇਦਾਰ ਮੇਜਰਾਂ ਅਤੇ ਇਕ ਸਿਪਾਹੀ ਨੇ ਇਲਾਕਾਈ ਫੌਜ ਦੇ ਜਵਾਨ ਅਬਾਸ ਸ਼ਾਹ ਸਮੇਤ ਕੁਝ ਸਥਾਨਕ ਲੋਕਾਂ ਨਾਲ ਮਿਲ ਕੇ ਸਾਜ਼ਿਸ਼ ਰਚੀ ਅਤੇ ਤਿੰਨ ਨੌਜਵਾਨਾਂ ਨੂੰ ਨੌਕਰੀ ਦਾ ਲਾਲਚ ਦੇ ਕੇ ਅਗਵਾ ਕਰ ਲਿਆ। ਮਗਰੋਂ ਇਨ੍ਹਾਂ ਤਿੰਨਾਂ ਨੌਜਵਾਨਾਂ ਨੂੰ 30 ਅਪ੍ਰੈਲ ਨੂੰ ਅੱਤਵਾਦੀ ਕਹਿ ਕੇ ਮੁਕਾਬਲੇ 'ਚ ਮਾਰ ਦਿੱਤਾ ਗਿਆ।

ਰਿਪੋਰਟ ਪ੍ਰਾਪਤ ਹੋਣ ਮਗਰੋਂ ਫੌਜ ਨੇ ਝੂਠੇ ਮੁਕਾਬਲੇ ਦੀ ਉਚ ਪੱਧਰੀ ਜਾਂਚ ਦਾ ਹੁਕਮ ਦਿੱਤਾ ਹੈ ਅਤੇ ਕਿਹਾ ਹੈ ਕਿ ਜਾਂਚ ਦਾ ਕੰਮ ਤੇਜ਼ੀ ਨਾਲ ਪੂਰਾ ਕਰ ਲਿਆ ਜਾਵੇਗਾ। ਮਗਰੋਂ ਰੱਖਿਆ ਵਿਭਾਗ ਦੇ ਇਕ ਬੁਲਾਰੇ ਨੇ ਕਿਹਾ ਕਿ ਮੁਕਾਬਲੇ ਬਾਰੇ ਜੰਮੂ-ਕਸ਼ਮੀਰ ਪੁਲਸ ਤੋਂ 29 ਮਈ ਨੂੰ ਪ੍ਰਾਪਤ ਹੋਈ ਰਿਪੋਰਟ ਦੇ ਆਧਾਰ 'ਤੇ ਮਾਮਲੇ ਦੀ ਉਚ ਪੱਧਰੀ ਜਾਂਚ ਦਾ ਹੁਕਮ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਾਂਚ 'ਚ ਪੁਲਸ ਰਿਪੋਰਟ 'ਚ ਲਾਏ ਗਏ ਸਾਰੇ ਦੋਸ਼ਾਂ ਦੀ ਜਾਂਚ ਕੀਤੀ ਜਾਵੇਗੀ ਅਤੇ ਸਾਰੇ ਗਵਾਹਾਂ ਨੂੰ ਸੱਦਣ ਦੇ ਸਾਰੇ ਯਤਨ ਕੀਤੇ ਜਾਣਗੇ। ਜ਼ਿਕਰਯੋਗ ਹੈ ਕਿ ਬੀਤੀ 30 ਅਪ੍ਰੈਲ ਨੂੰ 4 ਰਾਜਪੂਤਾਨਾ ਰਾਇਫਲਜ਼ ਦੇ ਜਵਾਨਾਂ ਵੱਲੋਂ ਕਿਹਾ ਗਿਆ ਸੀ ਕਿ ਉਨ੍ਹਾਂ ਨੇ ਤਿੰਨ ਅੱਤਵਾਦੀਆਂ ਨੂੰ ਕਤਲ ਕਰ ਦਿੱਤਾ ਹੈ। ਫੌਜ ਦੇ ਦਾਅਵੇ ਨੂੰ ਗਲਤ ਦੱਸਦਿਆਂ ਮੁਹੰਮਦ ਸ਼ਫੀ, ਸਹਿਜਾਦ ਅਹਿਮਦ ਅਤੇ ਰਿਆਜ ਅਹਿਮਦ ਦੇ ਪਰਿਵਾਰਾਂ ਨੇ ਕਿਹਾ ਸੀ ਕਿ ਉਹ ਅੱਤਵਾਦੀ ਨਹੀਂ ਸਨ। ਪੁਲਸ ਵੱਲੋਂ 27 ਮਈ ਨੂੰ ਨੌਜਵਾਨਾਂ ਦੇ ਅਗਵਾ ਦੇ ਮਾਮਲੇ 'ਚ ਕੇਸ ਦਰਜ ਕਰਨ ਮਗਰੋਂ ਅਬਾਸ ਸਮੇਤ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

ਅਧਿਕਾਰੀਆਂ ਅਨੁਸਾਰ ਪੁਲਸ ਵੱਲੋਂ ਫੌਜ ਦੇ ਇਕ ਮੇਜਰ ਸਮੇਤ ਕੁਝ ਲੋਕਾਂ ਵਿਰੁੱਧ ਨੌਜਵਾਨਾਂ ਦੇ ਕਤਲ ਦਾ ਕੇਸ ਦਰਜ ਕੀਤਾ ਗਿਆ ਹੈ। ਰੱਖਿਆ ਮੰਤਰੀ ਸ੍ਰੀ ਏ ਕੇ ਐਂਟਨੀ ਨੇ ਵੀ ਕਿਹਾ ਸੀ ਕਿ ਫੌਜ ਵੱਲੋਂ ਮਾਮਲੇ ਦੀ ਜਾਂਚ 'ਚ ਪੂਰਾ ਸਹਿਯੋਗ ਦਿੱਤਾ ਜਾਵੇਗਾ ਅਤੇ ਦੋਸ਼ੀ ਬਖਸ਼ੇ ਨਹੀਂ ਜਾਣਗੇ। ਮੈਜਿਸਟ੍ਰੇਟ ਦੀ ਹਾਜ਼ਰੀ 'ਚ ਤਿੰਨੇ ਨੌਜਵਾਨਾਂ ਦੀਆਂ ਲਾਸ਼ਾਂ ਕਬਰਾਂ 'ਚੋਂ ਕੱਢਕੇ ਰਿਸ਼ਤੇਦਾਰਾਂ ਤੋਂ ਸ਼ਨਾਖਤ ਕਰਵਾਈ ਗਈ ਸੀ।


# Sikh Religion and Pearls of Sikhism

## ਸਿੱਖ ਧਰਮ ਬਾਰੇ ਚੇਤਨਾ ਪੈਦਾ ਕਰਨ ਦਾ ਉਪਰਾਲਾ

**ਸਿੱਖ ਧਰਮ ਬਾਰੇ ਚੇਤਨਾ ਪੈਦਾ ਕਰਨ ਲਈ "ਸਿੱਖ ਰਿਲੀਜਨ" (ਪੱਕੀ ਜਿਲਦ ਵਿਚ 320 ਪੰਨੇ) ਪੁਸਤਕ ਸੱਤ ਭਾਸ਼ਾਵਾਂ (ਅੰਗਰੇਜ਼ੀ, ਰੂਸੀ, ਜਰਮਨ, ਸਪੈਨਿਸ਼, ਫਰੈਂਚ, ਪੰਜਾਬੀ ਅਤੇ ਹਿੰਦੀ) ਵਿਚ ਛਾਪੀ ਗਈ ਸੀ ਅਤੇ ਦੁਨੀਆਂ ਭਰ ਵਿਚ 11 ਹਜ਼ਾਰ ਤੋਂ ਵੱਧ ਲਾਇਬ੍ਰੇਰੀਆਂ ਨੂੰ ਭੇਜੀ ਗਈ ਹੈ। ਹੁਣ ਤੱਕ ਇਸ ਪੁਸਤਕ ਦੀਆਂ 52 ਹਜ਼ਾਰ ਕਾਪੀਆਂ ਛਾਪੀਆਂ ਜਾ ਚੁਕੀਆਂ ਹਨ ਅਤੇ ਇਹ ਪੁਸਤਕ ਧਰਮ ਪੜ੍ਹਾਉਣ ਵਾਲੇ 2 ਹਜ਼ਾਰ ਪ੍ਰੋਫੈਸਰਾਂ ਨੂੰ ਭੇਜੀ ਜਾ ਚੁੱਕੀ ਹੈ ਜੋ ਕਿ ਅਮਰੀਕਾ ਦੇ ਵੱਖ ਵੱਖ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਧਾਰਮਿਕ ਅਧਿਐਨ ਵਿਸ਼ੇ ਅਧੀਨ ਧਰਮ ਪੜ੍ਹਾਉਂਦੇ ਹਨ।**

**ਹੁਣ ਅਸੀਂ ਇਕ ਹੋਰ ਪੁਸਤਕ "ਪਰਲਜ਼ ਆਫ ਸਿੱਖਇਜ਼ਮ" (ਪੇਪਰਬੈਕ 40 ਪੰਨੇ) ਅਮਰੀਕੀ ਜਨਤਾ ਨੂੰ ਮੁਫ਼ਤ ਵੰਡਣ ਵਾਸਤੇ ਛਾਪੀ ਹੈ। ਇਸ ਦੀਆਂ ਹੁਣ ਤੱਕ 78 ਹਜ਼ਾਰ ਤੋਂ ਵੀ ਵੱਧ ਕਾਪੀਆਂ ਛਾਪੀਆਂ ਜਾ ਚੁਕੀਆਂ ਹਨ ਅਤੇ ਕਰੀਬ 60 ਹਜ਼ਾਰ ਕਾਪੀਆਂ ਜਨਤਾ ਦੇ ਹੱਥਾਂ ਵਿਚ ਜਾ ਚੁਕੀਆਂ ਹਨ।**

**ਵਿਸ਼ਵ ਧਰਮ ਅਮਰੀਕਾ ਦੇ ਹਾਈ ਸਕੂਲਾਂ ਵਿਚ ਪੜ੍ਹਾਏ ਜਾਂਦੇ ਹਨ। ਇਨ੍ਹਾਂ ਦੋਹਾਂ ਕਿਤਾਬਾਂ ਦਾ ਇਕ ਸੈਟ (ਸਿੱਖ ਰਿਲੀਜਨ ਅਤੇ ਪਰਲਜ਼ ਆਫ ਸਿੱਖਇਜ਼ਮ) ਅਮਰੀਕਾ ਦੇ ਹਰ ਸਕੂਲ, ਹਰ ਕਾਲਜ ਅਤੇ ਹਰ ਯੂਨੀਵਰਸਿਟੀ ਦੇ ਧਾਰਮਿਕ ਅਧਿਐਨ ਵਿਭਾਗ ਨੂੰ ਭੇਜਿਆ ਜਾ ਚੁੱਕਾ ਹੈ। ਸਾਡੇ ਪਾਸ 9500 ਤੋਂ ਵੱਧ ਅਜਿਹੇ ਪਤੇ ਹਨ। ਧਾਰਮਿਕ ਅਧਿਐਨ ਦਾ ਅਧਿਆਪਕ ਜਦੋਂ ਕਲਾਸ ਵਿਚ ਇਸਾਈ ਧਰਮ, ਇਸਲਾਮ ਅਤੇ ਹਿੰਦੂ ਧਰਮ ਬਾਰੇ ਲੈਕਚਰ ਦੇਵੇਗਾ ਤਾਂ ਹੁਣ ਉਹ ਸਿੱਖ ਧਰਮ ਬਾਰੇ ਵੀ ਕਲਾਸ ਨੂੰ ਦੱਸ ਸਕੇਗਾ। ਪ੍ਰਾਪਤ ਅੰਕੜਿਆਂ ਅਨੁਸਾਰ ਸੰਨ 2009 ਵਿਚ ਅਮਰੀਕਾ ਅੰਦਰ ਹਾਈ ਸਕੂਲਾਂ (ਨੌਂਵੀ ਤੋਂ ਬਾਰਵੀਂ) ਵਿਚ 1.71 ਕਰੋੜ ਵਿਦਿਆਰਥੀ ਹਨ। ਬਾਰਵੀਂ ਜਮਾਤ ਦੇ ਕੋਈ 40 ਲੱਖ ਵਿਦਿਆਰਥੀ ਹਰ ਸਾਲ ਸਿੱਖ ਧਰਮ ਬਾਰੇ ਜਾਣਕਾਰੀ ਲੈ ਸਕਣਗੇ।**

**ਇਹ ਪੁਸਤਕਾਂ ਰਾਸ਼ਟਰਪਤੀ ਅਤੇ ਉਨ੍ਹਾਂ ਦੇ ਮੰਤਰੀਆਂ, ਅਮਰੀਕੀ ਸੈਨੇਟਰਾਂ, ਕਾਂਗਰਸ ਮੈਂਬਰਾਂ, ਗਵਰਨਰਾਂ ਅਤੇ ਦੇਸ਼ ਦੇ ਕਰੀਬ ਕਰੀਬ ਸਾਰੇ ਮੁੱਖ ਅਖਬਾਰਾਂ ਨੂੰ ਭੇਜੀਆਂ ਗਈਆਂ ਹਨ। ਕੋਈ ਪੰਜਾਹ ਹਜ਼ਾਰ ਕਾਪੀਆਂ ਲਾਇਬ੍ਰੇਰੀਆਂ, ਅਧਿਆਪਕਾਂ ਅਤੇ ਧਰਮ ਅਧਿਐਨ ਦੇ ਪ੍ਰੋਫੈਸਰਾਂ ਨੂੰ ਭੇਜੀਆਂ ਗਈਆਂ ਹਨ ਜਦੋਂਕਿ ਬਾਕੀ 80 ਹਜ਼ਾਰ ਕਾਪੀਆਂ ਵਿਸ਼ਵ ਭਰ ਵਿਚ ਆਮ ਜਨਤਾ ਨੂੰ ਵੰਡੀਆਂ ਗਈਆਂ ਹਨ। ਇਸ ਸਭ ਕਾਸੇ ਦਾ ਮਨੋਰਥ ਵਿਸ਼ਵ ਵਿਚ ਸਿੱਖ ਧਰਮ ਬਾਰੇ ਚੇਤਨਾ ਪੈਦਾ ਕਰਨਾ ਹੈ।**

**ਜਸਵੰਤ ਸਿੰਘ**
**ਸਿੱਖ ਮਿਸ਼ਨਰੀ ਸੈਂਟਰ, PO Box: 62521, Phoenix, AZ, 85082**
**e-mail: sikhmissionary@yahoo.com**

## ਸੁਨਹਿਰੀ ਮੌਕਾ! ਸੁਨਹਿਰੀ ਮੌਕਾ!!

ਆਪਣੇ ਬੱਚਿਆਂ ਨੂੰ ਸਟੂਡੈਂਟ ਵੀਜ਼ਾ 'ਤੇ

# ਅਮਰੀਕਾ ਬੁਲਾਓ

ਇਹ ਸੁਨਹਿਰੀ ਮੌਕਾ ਲੈ ਕੇ ਆਇਆ ਹੈ

# GTW Zone

**513+Visa approvals in last 6 months**



*No age limit
*Faster Visa processing
*Free interview preparation

*Also deal with*
***Tourist Visa***

*Contact:*

**91-98884-93113, 91-98883-64247**

**Local Phone: 559-577-8694**




ਆਪਣੇ ਅਤੇ ਆਪਣੇ ਪਰਿਵਾਰ ਲਈ ਵਧੀਆ ਕੁਲਲਿਟੀ ਅਤੇ ਸਸਤੀਆਂ ਦਰਾਂ ਤੇ

# ਮੈਡੀਕਲ ਇੰਸ਼ੋਰੈਂਸ

ਅਤੇ ਲਾਈਫ ਇੰਸ਼ੋਰੈਂਸ


ਲੈਣ ਲਈ ਇਕੋ ਭਰੋਸੇਮੰਦ ਨਾਮ ਹਮੇਸ਼ਾ ਯਾਦ ਰੱਖੋ

## ਮੇਜਰ ਸਿੰਘ ਚੌਹਾਨ

**Sacramento Office**
2377 Gold Meadow Way,
Suite 157, Gold River CA 95670

**Bakersfield Office**
PO Box 40728
Bakersfield CA 93384

**Fremont Office**
39650 Liberty St. #200
Fremont CA 94538



**Cell:916-337-1683**
**Off :661-369-4865**
**Off :916-983-4890**
**Fax :916-984-0110**
**Fax :888-327-6115**

NEW YORK LIFE

**Major Singh Chauhan**
**AGENT**
CA Ins. Lic #0D36632
New York Life Insurance Company

**mc101048@gmail.com**


THE COMPANY YOU KEEP

# JAGDEEP SINGH

## INSURANCE AGENCY

ਅਸੀਂ ਟਰੱਕਾਂ ਦੀ ਇੰਸ਼ੋਰੈਂਸ ਪੂਰੀ ਇਮਾਨਦਾਰੀ ਨਾਲ ਕਰਦੇ ਹਾਂ

ਇਸ ਤੋਂ ਇਲਾਵਾ ਅਸੀਂ ਆਟੋ, ਮੈਡੀਕਲ, ਘਰਾਂ ਅਤੇ ਬਿਜ਼ਨਸ ਦੀ ਇੰਸ਼ੋਰੈਂਸ ਵੀ ਕਰਦੇ ਹਾਂ



*Jagdeep Singh*
CA Lic #0E42884

***We Can Beat Any Rates***

ਕ੍ਰਿਪਾ ਕਰਕੇ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ਜੀ

**Ph : 559.277.5580**
**Fax : (888) 227-6988**
email: jagdeep@jsinghagency.com
www.jsinghagency.com

**Fresno Location : 4491 W. Shaw Ave. #300A Fresno CA 93722**

**Our New Location : GOLD RIVER**

**Ph : 916-220-2128**

**2377 Gold Meadow, Ste #157, Gold River CA 95670**

## ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

ਸਾਨੂੰ ਡਰਾਈਵਰ ਤੇ ਓਨਰ ਅਪਰੇਟਰ ਚਾਹੀਦੇ ਹਨ ਜਿਹੜੇ ਕੈਲੀਫੋਰਨੀਆ ਤੋਂ ਕੈਨੇਡਾ ਦੇ ਐਡਮਿੰਟਨ, ਕੈਲਗਰੀ ਤੇ ਵੈਨਕੂਵਰ ਆਦਿ ਸ਼ਹਿਰਾਂ ਵਿਚ ਆ-ਜਾ ਸਕਦੇ ਹੋਣ।

*ਕੰਪਨੀ ਪਾਸ ਫਿਊਲ ਐਡਵਾਂਸ ਅਤੇ ਕਵਿੱਕ ਪੇਅ ਦਾ ਪੂਰਾ ਪ੍ਰਬੰਧ ਹੈ।*

*ਹੋਰ ਜਾਣਕਾਰੀ ਲਈ ਅੱਜ ਹੀ ਕਾਲ ਕਰੋ*



**ਫੋਨ:(510) 881-8008**
**ਸੈਲ:408-896-4518**

**Email:** cctransinc@gmail.com

# C and C Trans Inc.

**Hayward, CA**

# ਟਾਈਟਲਰ ਨੂੰ ਕਲੀਨ ਚਿੱਟ ਦੇਣ ਵਿਰੁੱਧ ਸੀ ਬੀ ਆਈ ਨੂੰ ਨੋਟਿਸ ਜਾਰੀ

**ਨਵੀਂ ਦਿੱਲੀ:** ਨਵੰਬਰ 1984 ਦੇ ਸਿੱਖ ਕਤਲੇਆਮ ਦੇ ਮਾਮਲੇ ਵਿਚ ਕਥਿਤ ਮੁੱਖ ਦੋਸ਼ੀ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੂੰ ਕਲੀਨ ਚਿੱਟ ਦੇਣ ਵਿਰੁਧ ਇੱਥੋਂ ਦੀ ਇਕ ਅਦਾਲਤ ਨੇ ਸੀ ਬੀ ਆਈ ਨੂੰ ਨੋਟਿਸ ਜਾਰੀ ਕੀਤਾ ਹੈ। ਐਡੀਸ਼ਨਲ ਸੈਸ਼ਨ ਜੱਜ ਵੀ ਕੇ ਖੰਨਾ ਨੇ ਸੀ ਬੀ ਆਈ ਨੂੰ ਇਸ ਮਾਮਲੇ ਵਿਚ ਨੋਟਿਸ ਜਾਰੀ ਕਰਦਿਆਂ ਕੇਸ ਦੀ ਸੁਣਵਾਈ 24 ਜੁਲਾਈ 'ਤੇ ਪਾ ਦਿੱਤੀ ਹੈ। ਇੱਥੇ ਦੱਸਣਯੋਗ ਹੈ ਕਿ ਪੀੜਤਾਂ ਨੂੰ ਇਨਸਾਫ ਨਾ ਦੇਣ ਦੇ ਖਿਲਾਫ ਕਾਨੂੰਨੀ ਮੁਹਿੰਮ ਦੀ ਅਗਵਾਈ ਕਰਦਿਆਂ ਸਿੱਖਸ ਫਾਰ ਜਸਟਿਸ ਨੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਨਾਲ ਮਿਲ ਕੇ ਇਕ ਰਿਵੀਜ਼ਨ ਪਟੀਸ਼ਨ ਦਾਇਰ ਕੀਤੀ ਹੈ ਜਿਸ ਵਿਚ 27 ਅਪਰੈਲ 2010 ਨੂੰ ਜਗਦੀਸ਼ ਟਾਈਟਲਰ ਨੂੰ ਬਰੀ ਕਰਨ ਬਾਰੇ ਐਡੀਸ਼ਨਲ ਚੀਫ ਮੈਟਰੋਪਾਲਿਟਨ ਮੈਜਿਸਟਰੇਟ ਰਾਕੇਸ਼ ਪੰਡਿਤ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਗਈ ਹੈ।

ਇਹ ਪਟੀਸ਼ਨ ਸਿੱਖਸ ਫਾਰ ਜਸਟਿਸ ਦੀ ਤਰਫੋਂ ਕਾਨੂੰਨੀ ਟੀਮ ਦੀ ਅਗਵਾਈ ਕਰ ਰਹੇ ਐਡਵੋਕੇਟ ਨਵਕਿਰਨ ਸਿੰਘ ਨੇ ਐਡਵੋਕੇਟ ਕਾਮਨਾ ਵੋਹਰਾ ਦੇ ਨਾਲ ਮਿਲ ਕੇ ਪੀੜਿਤਾ ਲਖਵਿੰਦਰ ਕੌਰ ਵਲੋਂ 29 ਮਈ ਨੂੰ ਸੈਸ਼ਨ ਕੋਰਟ ਕੜਕੜਡੂਮਾ ਅਦਾਲਤ ਵਿਚ ਦਾਇਰ ਕੀਤੀ। ਸ਼ਿਕਾਇਤਕਰਤਾ ਲਖਵਿੰਦਰ ਕੌਰ ਨੇ ਕਿਹਾ ਕਿ ਜਗਦੀਸ਼ ਟਾਈਟਲਰ, ਜੋ ਕਿ ਉਸਦੇ ਪਤੀ ਬਾਦਲ ਸਿੰਘ ਦੀ ਮੌਤ ਦਾ ਦੋਸ਼ੀ ਹੈ, ਨੂੰ ਬਰੀ ਕਰਨ ਬਾਰੇ ਅਦਾਲਤ ਦੇ ਫੈਸਲੇ ਤੋਂ ਬਾਅਦ 25 ਸਾਲ ਪਹਿਲਾਂ ਦੇ ਉਨ੍ਹਾਂ ਦੇ ਜ਼ਖ਼ਮ ਮੁੜ ਹਰੇ ਹੋ ਗਏ ਹਨ।

ਐਡਵੋਕੇਟ ਨਵਕਿਰਨ ਸਿੰਘ ਤੇ ਕਾਮਨਾ ਵੋਹਰਾ ਨੇ ਕਿਹਾ ਕਿ ਰਿਵੀਜ਼ਨ ਪਟੀਸ਼ਨ ਇਸ ਆਧਾਰ 'ਤੇ ਦਾਇਰ ਕੀਤੀ ਗਈ ਹੈ ਕਿ ਇਸ ਕੇਸ ਵਿਚ ਜਗਦੀਸ਼ ਟਾਈਟਲਰ ਦੇ ਖਿਲਾਫ ਫੌਜਦਾਰੀ ਸਾਜ਼ਿਸ਼ ਦੇ ਸਪਸ਼ਟ ਸਬੂਤ ਹਨ ਜਿਨ੍ਹਾਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਹੈ। ਐਡਵੋਕੇਟ ਨਵਕਿਰਨ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਆਸ ਹੈ ਕਿ ਇਸ ਰਿਵੀਜ਼ਨ ਪਟੀਸ਼ਨ ਰਾਹੀਂ ਜਗਦੀਸ਼ ਟਾਈਟਲਰ ਦੇ ਖਿਲਾਫ ਕੇਸ ਮੁੜ ਖੁਲ ਜਾਵੇਗਾ ਤੇ ਟਾਈਟਲਰ ਦੇ ਖਿਲਾਫ ਕਤਲ, ਸਾਜਿਸ਼ ਅਤੇ ਧਾਰਮਿਕ ਸਥਾਨ ਨੂੰ ਤਬਾਹ ਕਰਨ ਦੇ ਦੋਸ਼ ਆਇਦ ਕੀਤੇ ਜਾਣਗੇ।

ਇਸੇ ਦੌਰਾਨ ਨਵੰਬਰ 84 ਦੇ ਪੀੜਤਾਂ ਦੀ ਪਿਛਲੇ 26 ਸਾਲਾਂ ਤੋਂ ਪੈਰਵਾਈ ਕਰਦੇ ਆ ਰਹੇ ਸੀਨੀਅਰ ਐਡਵੋਕੇਟ ਐਚ ਐਸ ਫੂਲਕਾ ਨੇ ਕਿਹਾ ਕਿ ਅਦਾਲਤ ਨੇ ਕਲੋਜ਼ਰ ਰਿਪੋਰਟ ਸਵੀਕਾਰ ਕਰਦਿਆਂ ਉਸ ਅਪਰਾਧਕ ਸਾਜਿਸ਼ ਵੱਲ ਧਿਆਨ ਨਹੀਂ ਦਿੱਤਾ ਜਿਹੜੀ ਜਗਦੀਸ਼ ਟਾਈਟਲਰ ਨੇ ਕਥਿਤ ਤੌਰ 'ਤੇ ਸਿੱਖਾਂ ਦਾ ਕਤਲ ਕਰਵਾਉਣ ਲਈ ਰਚੀ ਸੀ। ਉਨ੍ਹਾਂ ਨੇ ਕਿਹਾ ਕਿ ਜਗਦੀਸ਼ ਟਾਈਟਲਰ ਨੇ ਸਿੱਖਾਂ ਦਾ ਕਤਲੇਆਮ ਕਰਨ ਵਾਲਿਆਂ ਦਾ ਖੁਲੇਆਮ ਸਮਰਥਨ ਕੀਤਾ ਸੀ। ਐਡਵੋਕੇਟ ਫੂਲਕਾ ਨੇ ਨਵੰਬਰ 84 ਵਿਚ ਛਪੀ ਜਾਂਚ ਰਿਪੋਰਟ 'ਹੂ ਆਰ ਦੀ ਗਿਲਟੀ' ਦਾ ਜ਼ਿਕਰ ਕੀਤਾ ਜਿਸ ਵਿਚ ਇਹ ਸਪਸ਼ਟ ਲਿਖਿਆ ਗਿਆ ਸੀ ਕਿ 6 ਨਵੰਬਰ ਨੂੰ ਟਾਈਟਲਰ ਕਤਲੇਆਮ ਲਈ ਫੜੇ ਗਏ ਆਪਣੇ ਬੰਦਿਆਂ ਨੂੰ ਛੁਡਾਉਣ ਲਈ ਪੁਲਿਸ ਕਮਿਸ਼ਨਰ ਐਸ. ਸੀ. ਟੰਡਨ ਦੇ ਦਫਤਰ ਵਿਚ ਉਸ ਸਮੇਂ ਜ਼ਬਰਦਸਤੀ ਦਾਖਲ ਹੋ ਗਿਆ ਸੀ ਜਦੋਂ ਉਹ ਪ੍ਰੈਸ ਕਾਨਫਰੰਸ ਕਰ ਰਿਹਾ ਸੀ।

ਇਸ ਦੌਰਾਨ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਨਿਆਂ ਪ੍ਰਾਪਤੀ ਲਈ ਹਰ ਤਰ੍ਹਾਂ ਦੀ ਕਾਨੂੰਨੀ ਚਾਰਾਜੋਈ ਭਾਰਤ ਵਿਚ ਕੀਤੀ ਜਾਵੇਗੀ ਫਿਰ ਸਿੱਖ ਕਤਲੇਆਮ ਦੇ ਕੇਸ ਨੂੰ ਇੰਟਰਨੈਸ਼ਨਲ ਕ੍ਰਿਮਿਨਲ ਕੋਰਟ ਆਫ ਜਸਟਿਸ ਵਿਚ ਦਾਇਰ ਕੀਤਾ ਜਾਵੇਗਾ। ਅਟਾਰਨੀ ਪੰਨੂ ਨੇ ਹੋਰ ਕਿਹਾ ਕਿ ਸੀ ਬੀ ਆਈ ਟਾਈਟਲਰ ਲਈ ਇਕ ਬਚਾਅ ਟੀਮ ਵਜੋਂ ਪੇਸ਼ ਆਈ ਹੈ ਤੇ ਰੇਸ਼ਮ ਸਿੰਘ, ਆਲਮ ਸਿੰਘ ਤੇ ਚੈਨ ਸਿੰਘ ਵਰਗੇ ਅਹਿਮ ਗਵਾਹਾਂ ਨੂੰ ਉਸ ਨੇ ਨਜ਼ਰਅੰਦਾਜ਼ ਕੀਤਾ ਜਿਨ੍ਹਾਂ ਨੇ ਜਗਦੀਸ਼ ਟਾਈਟਲਰ ਨੂੰ ਪਹਿਲੀ ਨਵੰਬਰ 84 ਨੂੰ ਗੁਰਦੁਆਰਾ ਪੁਲਬੰਗਸ਼ ਵਿਖੇ ਹਿੰਸਕ ਭੀੜ ਦੀ ਅਗਵਾਈ ਕਰਦਿਆਂ ਵੇਖਿਆ ਸੀ।

ਇਸੇ ਦੌਰਾਨ ਕੈਲੀਫੋਰਨੀਆ 'ਚ ਰਹਿੰਦੇ ਅਹਿਮ ਗਵਾਹ ਜਸਬੀਰ ਸਿੰਘ ਨੇ ਕਿਹਾ ਹੈ ਕਿ ਜੇਕਰ ਟਾਈਟਲਰ ਖਿਲਾਫ ਕਤਲ ਦੇ ਦੋਸ਼ ਆਇਦ ਹੁੰਦੇ ਹਨ ਤਾਂ ਉਹ ਉਸ ਵਿਰੁੱਧ ਅਦਾਲਤ 'ਚ ਗਵਾਹੀ ਦੇਣ ਲਈ ਭਾਰਤ ਜ਼ਰੂਰ ਜਾਣਗੇ।



*ਸੁਰਜੀਤ ਸਿੰਘ ਅਬਲੋਵਾਲ ਪਨਸੀਡ ਦੇ ਚੇਅਰਮੈਨ ਵਜੋਂ ਸਹੁੰ ਚੁੱਕਣ ਉਪਰੰਤ ਸ੍ਰੀ ਸੁੱਚਾ ਸਿੰਘ ਲੰਗਾਹ, ਬੀਬੀ ਜਗੀਰ ਕੌਰ ਅਤੇ ਹੋਰ ਆਗੂਆਂ ਨਾਲ*

## ਅਬਲੋਵਾਲ ਨੇ ਪਨਸੀਡ ਦੇ ਚੇਅਰਮੈਨ ਦਾ ਅਹੁਦਾ ਸੰਭਾਲਿਆ

**ਚੰਡੀਗੜ੍ਹ:** ਪੰਜਾਬ ਰਾਜ ਬੀਜ ਨਿਗਮ ਦੇ ਨਵੇਂ ਨਿਯੁਕਤ ਕੀਤੇ ਗਏ ਚੇਅਰਮੈਨ ਸੁਰਜੀਤ ਸਿੰਘ ਅਬਲੋਵਾਲ ਨੇ ਇਥੇ ਪਨਸੀਡ ਦੇ ਮੁੱਖ ਦਫਤਰ ਵਿਖੇ ਬੀਤੀ 31 ਮਈ ਨੂੰ ਆਪਣਾ ਅਹੁਦਾ ਸੰਭਾਲ ਲਿਆ।

ਇਸ ਮੌਕੇ ਸ. ਸੁੱਚਾ ਸਿੰਘ ਲੰਗਾਹ ਖੇਤੀਬਾੜੀ ਮੰਤਰੀ ਪੰਜਾਬ ਅਤੇ ਸ. ਬਿਕਰਮ ਸਿੰਘ ਮਜੀਠੀਆ ਸਾਬਕਾ ਮੰਤਰੀ ਅਤੇ ਬੀਬੀ ਜਗੀਰ ਕੌਰ ਵਲੋਂ ਵੀ ਸੰਖੇਪ ਸਮਾਗਮ ਵਿਚ ਸ਼ਮੂਲੀਅਤ ਕੀਤੀ ਗਈ। ਇਸ ਮੌਕੇ 'ਤੇ ਸ. ਅਬਲੋਵਾਲ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਸਰਕਾਰ ਦਾ ਉਨ੍ਹਾਂ ਨੂੰ ਚੇਅਰਮੈਨ ਨਿਯੁਕਤ ਕਰਨ ਲਈ ਧੰਨਵਾਦ ਕੀਤਾ। ਸ੍ਰੀ ਸੁਰਜੀਤ ਸਿੰਘ ਅਬਲੋਵਾਲ ਕੈਲੀਫੋਰਨੀਆ ਦੇ ਅਕਾਲੀ ਆਗੂ ਸੁਖਵਿੰਦਰ ਅਬਲੋਵਾਲ ਦੇ ਭਰਾ ਹਨ।

## ਬੇਕਰਜ਼ਫੀਲਡ 'ਚ ਸਰਤਾਜ ਦਾ ਸ਼ੋਅ 2 ਜੁਲਾਈ ਨੂੰ

**ਬੇਕਰਜ਼ਫੀਲਡ (ਮਨਦੀਪ ਮਾਨ):** ਆਪਣੀ ਸੂਫੀ ਤਰਜ਼ ਦੀ ਗਾਇਕੀ ਕਰ ਕੇ ਖੂਬ ਚਰਚਾ ਵਿਚ ਚਲ ਰਹੇ ਗਾਇਕ ਸਤਿੰਦਰ ਸਰਤਾਜ ਦਾ ਇਥੇ ਸ਼ੋਅ 2 ਜੁਲਾਈ ਨੂੰ ਹੋਵੇਗਾ।



ਜ਼ਿਕਰਯੋਗ ਹੈ ਕਿ ਅਪਰੈਲ-ਮਈ ਮਹੀਨੇ ਅਮਰੀਕਾ ਦੌਰੇ 'ਤੇ ਆਏ ਸਰਤਾਜ ਦੇ ਸ਼ੋਆਂ ਨੂੰ ਪੰਜਾਬੀਆਂ ਤੋਂ ਭਰਵਾਂ ਹੁੰਗਾਰਾ ਮਿਲਿਆ ਸੀ। ਕੈਨੇਡਾ ਵਿਚ ਵੀ ਸਰਤਾਜ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਸਰਤਾਜ ਦਾ ਕੈਲੀਫੋਰਨੀਆ ਦਾ ਇਹ ਦੂਜਾ ਦੌਰਾ ਹੈ। ਹੋਰ ਜਾਣਕਾਰੀ ਲਈ ਭਰਪੂਰ ਬਰਾੜ ਨਾਲ ਫੋਨ 661-910-3677 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਮੁੱਖ ਪਾਰਲੀਮਾਨੀ ਸਕੱਤਰ ਚੌਧਰੀ ਨੰਦ ਲਾਲ ਕੈਲੀਫੋਰਨੀਆ ਆਉਣਗੇ

**ਸੈਕਰਾਮੈਂਟੋ:** ਪੰਜਾਬ ਦੇ ਮੁੱਖ ਪਾਰਲੀਮਾਨੀ ਸਕੱਤਰ ਚੌਧਰੀ ਨੰਦ ਲਾਲ (ਇੰਚਾਰਜ ਵਾਟਰ ਸਪਲਾਈ ਅਤੇ ਸੀਵਰੇਜ) ਅਗਲੇ ਹਫਤੇ ਸੈਕਰਾਮੈਂਟੋ ਪਹੁੰਚ ਰਹੇ ਹਨ। ਉਹ ਇਥੇ ਸ੍ਰੀ ਮੱਖਣ ਸਿੰਘ ਚੱਠਾ ਦੇ ਸਪੁੱਤਰ ਅਜਬਦੀਪ ਸਿੰਘ ਚੱਠਾ (ਚੱਠਾ ਵੀਡੀਓ ਪ੍ਰੋਡਕਸ਼ਨਜ਼) ਦੇ ਸਨਿਚਰਵਾਰ 12 ਜੂਨ ਨੂੰ ਹੋ ਰਹੇ ਵਿਆਹ ਵਿਚ ਸ਼ਾਮਲ ਹੋਣ ਲਈ ਪਹੁੰਚ ਰਹੇ ਹਨ।

ਸ੍ਰੀ ਮੱਖਣ ਸਿੰਘ ਚੱਠਾ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਵਿਆਹ ਸਮਾਗਮ ਵਿਚ ਪੰਜਾਬ ਦੇ ਡੀ ਜੀ ਪੀ (ਲਾਅ ਐਂਡ ਆਰਡਰ) ਜੇ ਪੀ ਵਿਰਦੀ, ਨਵੀਂ ਦਿੱਲੀ ਦੇ ਆਈ ਜੀ ਪੁਲਿਸ ਸੰਦੀਪ ਰਾਠੌਰ, ਸਿੱਕਮ ਦੇ ਡੀ ਆਈ ਜੀ ਪੁਲਿਸ ਅਮਿਤ ਪ੍ਰਸ਼ਾਂਤ, ਤਰਨਤਾਰਨ ਦੇ ਐਸ ਐਸ ਪੀ ਪ੍ਰਿਤਪਾਲ ਸਿੰਘ ਵਿਰਕ ਤੋਂ ਇਲਾਵਾ ਹਰਿਆਣਾ ਦੇ ਪ੍ਰਿੰਸੀਪਲ ਸੈਕਟਰੀ ਡਾ. ਮਹਾਵੀਰ ਸਿੰਘ ਦੇ ਪਹੁੰਚਣ ਦੀ ਵੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸਖਸ਼ੀਅਤਾਂ ਤੋਂ ਇਲਾਵਾ ਪੰਜਾਬ ਅਤੇ ਹਰਿਆਣਾ ਦੇ ਕਈ ਅਫਸਰ ਅਤੇ ਸਿਆਸਤਦਾਨ ਵੀ ਇਸ ਵਿਆਹ ਸਮਾਗਮ ਵਿਚ ਸ਼ਾਮਲ ਹੋਣ ਲਈ ਪਹੁੰਚ ਰਹੇ ਹਨ। ਉਨ੍ਹਾਂ ਨਾਲ ਸੰਪਰਕ ਫੋਨ 916-997-3751 'ਤੇ ਕੀਤਾ ਜਾ ਸਕਦਾ ਹੈ।

## ਨਾਦੀਆ ਲੌਕਿਅਰ ਨੂੰ ਸਿੱਖ ਭਾਈਚਾਰੇ ਵਲੋਂ ਭਰਵਾਂ ਹੁੰਗਾਰਾ

**ਫਰੀਮਾਂਟ:** ਐਲਾਮੀਡਾ ਕਾਉਂਟੀ ਦੇ ਸੁਪਰਵਾਈਜਰ ਦੀ ਚੋਣ ਲੜ ਰਹੀ ਬੀਬੀ ਨਾਦੀਆ ਲੌਕਿਅਰ ਨੂੰ ਆਉਂਦੀ 8 ਜੂਨ ਨੂੰ ਹੋ ਰਹੀਆਂ ਪ੍ਰਾਈਮਰੀ ਚੋਣਾਂ ਲਈ ਉਦੋਂ ਬਹੁਤ ਵੱਡਾ ਹੁੰਗਾਰਾ ਮਿਲਿਆ ਜਦੋਂ ਕੈਲੀਫੋਰਨੀਆ ਦੇ ਸਟੇਟ ਟਰੈਜ਼ਰਰ ਅਤੇ ਨਾਦੀਆ ਲੌਕਿਅਰ ਇਕ ਫੰਡਰੇਜ਼ਰ ਮੌਕੇ ਸਿੱਖ ਭਾਈਚਾਰੇ ਨੂੰ ਮਿਲੇ। ਬੀਬੀ ਨਾਦੀਆ ਲੌਕਿਅਰ ਇਕ ਅਟਾਰਨੀ ਹਨ ਜੋ ਕਿ ਐਲਾਮੀਡਾ ਕਾਊਂਟੀ ਦੇ ਡਿਸਟ੍ਰਿਕਟ ਅਟਾਰਨੀ ਦਫਤਰ ਵਿਚ ਉਨਾਂ ਲੋਕਾਂ ਦੀ ਮੁਫਤ ਮਦਦ ਕਰਦੇ ਹਨ ਜਿਨਾਂ ਕੋਲ ਵਕੀਲ ਕਰਨ ਦੀ ਸਮਰਥਾ ਨਹੀਂ ਹੁੰਦੀ।

ਜ਼ਿਕਰਯੋਗ ਹੈ ਕਿ ਨਾਦੀਆ ਲੌਕਿਅਰ ਨੂੰ ਲੋਕ ਸੇਵਾ ਲਈ ਕਈ ਇਨਾਮ ਮਿਲ ਚੁਕੇ ਹਨ। ਉਹ 1998 ਵਿਚ ਸੈਂਟਾ ਆਨਾ ਵਿਚ ਸਕੂਲ ਬੋਰਡ ਦੇ ਟਰਸਟੀ ਰਹਿ ਚੁਕੇ ਹਨ। ਅੱਜ ਕਲ ਉਹ ਆਪਣੇ ਪਤੀ ਬਿੱਲ ਲੌਕਿਅਰ ਅਤੇ 7 ਸਾਲਾ ਸਪੁੱਤਰ ਡੀਗੋ ਨਾਲ ਹੇਵਰਡ ਵਿਚ ਰਹਿੰਦੇ ਹਨ। ਯਾਦ ਰਹੇ ਬਿੱਲ ਲੌਕਿਅਰ ਨੇ 1993-94 ਵਿਚ ਸਿੱਖ ਭਾਈਚਾਰੇ ਦੀ ਉਦੋਂ ਬਾਂਹ ਫੜੀ ਸੀ ਜਦੋਂ ਲਿਵਿੰਗਸਟਨ ਸਕੂਲ ਵਿਚ ਸਿੱਖ ਬੱਚਿਆਂ ਨੂੰ ਕਿਰਪਾਨ ਪਹਿਨ ਕੇ ਸਕੂਲ ਜਾਣ ਤੋ ਮਨ੍ਹਾਂ ਕਰ ਦਿਤਾ ਗਿਆ ਸੀ। ਬਿੱਲ ਲੌਕਿਅਰ ਨੇ ਉਸ ਸਮੇਂ ਕੈਲੀਫੋਰਨੀਆ ਦੀ ਸੈਨੇਟ ਵਿਚ ਕਿਰਪਾਨ ਬਿੱਲ 89 ਲਿਆਂਦਾ ਜੋ ਕਿ ਅਸੰਬਲੀ ਵਿਚ ਬਹੁਮਤ ਅਤੇ ਸੈਨੇਟ ਵਿਚ ਸਰਬ ਸੰਮਤੀ ਨਾਲ ਪਾਸ ਹੋਇਆ। ਇਹ ਬਿਲ ਬਾਦ ਵਿਚ ਉਸ ਸਮੇਂ ਦੇ ਗਵਰਨਰ ਪੀਟ ਵਿਲਸਨ ਨੇ ਵੀਟੋ ਕਰ ਦਿਤਾ ਸੀ। ਉਸ ਸਮੇਂ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਦੇ ਪਹਿਨਣ ਦੀ ਅਜਾਦੀ ਲਈ ਇਹ ਦੁਨੀਆਂ ਵਿਚ ਕਿਸੇ ਵੀ ਕੌਮੀ ਰਾਜਨੀਤਕ ਅਦਾਰੇ ਵਿਚ ਸਭ ਤੋਂ ਵੱਡੀ ਪ੍ਰਾਪਤੀ ਸੀ। ਸਿੱਖ ਵੋਟਰਾਂ ਨੂੰ ਬੀਬੀ ਲੌਕਿਅਰ ਨੂੰ ਵੋਟਾਂ ਪਾਉਣ ਦੀ ਅਪੀਲ ਕਰਦਿਆਂ ਗੁਰਦੁਆਰਾ ਫਰੀਮਾਂਟ ਦੇ ਸਾਬਕਾ ਸੁਪਰੀਮ ਕੌਂਸਲ ਮੈਂਬਰ ਭਾਈ ਰਾਮ ਸਿੰਘ ਨੇ ਕਿਹਾ ਕਿ ਬੀਬੀ ਲੌਕਿਅਰ ਸਿੱਖਾਂ ਦੇ ਹਿੱਤਾਂ ਲਈ ਖੜ੍ਹਨਗੇ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਿੱਖ ਭਾਈਚਾਰੇ ਨੇ ਉਨ੍ਹਾਂ ਵਿਅਕਤੀਆਂ ਨੂੰ ਕਦੇ ਵੀ ਨਹੀ ਭੁਲਾਇਆ ਜਿਨ੍ਹਾਂ ਨੇ ਮੁਸ਼ਕਲ ਦੀ ਘੜੀ ਭਾਈਚਾਰੇ ਦੀ ਮਦਦ ਲਈ ਹਾਅ ਦਾ ਨਾਹਰਾ ਮਾਰਿਆ।


ਉਨ੍ਹਾਂ ਨੇ ਸਭ ਮਾਈ ਭਾਈ ਨੂੰ ਬੇਨਤੀ ਕੀਤੀ ਕਿ ਬਿੱਲ ਲੌਕਿਅਰ ਅਤੇ ਨਾਦੀਆ ਲੌਕਿਅਰ ਅੱਜ ਵੀ ਸਿੱਖਾਂ ਦੀਆਂ ਮੰਗਾਂ ਕਿਰਪਾਨ ਅਤੇ ਦਸਤਾਰ ਸਮੇਤ ਕਾਨੂੰਨੀ ਏਜੰਸੀਆਂ ਪੁਲੀਸ, ਸ਼ੈਰਫ ਅਤੇ ਹਾਈਵੇ ਪੈਟਰੋਲ ਵਿਚ ਸਿੱਖਾਂ ਦੀ ਭਰਤੀ ਨੂੰ ਕਾਨੂੰਨੀ ਬਣਾਉਣ ਲਈ ਹਰ ਸੰਭਵ ਯਤਨ ਕਰਨ ਲਈ ਬਚਨਬੱਧ ਹਨ। ਇਸ ਵੇਲੇ ਸਿੱਖ ਦਸਤਾਰ ਪਹਿਨ ਕੇ ਇਨਾਂ ਏਜੰਸੀਆਂ ਵਿਚ ਕੰਮ ਨਹੀਂ ਕਰ ਸਕਦੇ। ਇਸ ਲਈ ਨਾਦੀਆ ਲੌਕਿਅਰ ਦੀ ਪੂਰੀ ਤਨ ਦੇਹੀ ਨਾਲ ਮਦਦ ਕਰਨਾ ਸਾਡਾ ਫਰਜ ਬਣਦਾ ਹੈ। ਹੋਰ ਜਾਣਕਾਰੀ ਲਈ ਫੋਨ 510-828-8352 ਜਾਂ 408-887-2736 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਬੀਬੀ ਸੁਰਿੰਦਰ ਕੌਰ ਬਾਦਲ ਦੀ ਤੰਦਰੁਸਤੀ ਲਈ ਅਰਦਾਸ

**ਫਰਿਜ਼ਨੋ:** ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਅਮਰੀਕਾ ਇਕਾਈ ਵਲੋਂ ਪੰਜਾਬ ਦੇ ਮੁਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਧਰਮ ਪਤਨੀ ਸ੍ਰੀਮਤੀ ਸੁਰਿੰਦਰ ਕੌਰ ਬਾਦਲ ਜੀ ਦੀ ਤੰਦਰੁਸਤੀ ਲਈ ਅਰਦਾਸ ਕੀਤੀ ਗਈ। ਬੀਬੀ ਸੁਰਿੰਦਰ ਕੌਰ ਜੋ ਪਿਛਲੇ ਕੁਝ ਸਮੇਂ ਤੋਂ ਬੀਮਾਰ ਚਲ ਰਹੇ ਹਨ।

ਅਕਾਲੀ ਦਲ (ਬਾਦਲ) ਦੀ ਅਮਰੀਕਾ ਇਕਾਈ ਦੀ ਇਥੇ ਇਕ ਇਕੱਤਰਤਾ ਵਿਚ ਸਾਰੇ ਹੀ ਅਕਾਲੀ ਆਗੂਆਂ ਨੇ ਕਿਹਾ ਕਿ ਬੀਬੀ ਸੁਰਿੰਦਰ ਕੌਰ ਦੀਆਂ ਸੇਵਾਵਾਂ ਬਹੁਤ ਅਮੁੱਲੀਆਂ ਹਨ ਅਤੇ ਇਨ੍ਹਾਂ ਦੀ ਅਗਵਾਈ ਹੇਠ ਕੀਤੀ ਜਾ ਰਹੀ ਲੰਗਰ ਦੀ ਸੇਵਾ ਸਦਕਾ ਸੰਗਤਾਂ ਵਿਚ ਪੰਥ ਪ੍ਰਤੀ ਸੇਵਾ ਦੀ ਭਾਵਨਾ ਜਾਗੀ ਹੈ। ਇਸ ਉਪਰੰਤ ਮੀਟਿੰਗ ਦੌਰਾਨ ਕੁਝ ਮਤੇ ਪਾਸ ਕੀਤੇ ਗਏ ਜਿਨ੍ਹਾਂ ਵਿਚ ਸ. ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਨੂੰ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਸਰਹੰਦ ਫਤਿਹ ਦੀ ਤੀਜੀ ਸ਼ਤਾਬਦੀ ਮਨਾਉਣ ਲਈ ਵਧਾਈ ਦਿੱਤੀ। ਇਕ ਹੋਰ ਮਤੇ ਵਿਚ ਅਕਾਲੀ ਦਲ ਦੀ ਮੈਂਬਰਸ਼ਿਪ ਵਧਾਉਣ 'ਤੇ ਵੀ ਜ਼ੋਰ ਦਿੱਤਾ ਗਿਆ। ਇਸ ਮੀਟਿੰਗ ਦਾ ਆਯੋਜਨ ਸ. ਹਰਿੰਦਰ (ਹੈਰੀ) ਸਿੰਘ ਗਿੱਲ ਚੇਅਰਮੈਨ ਅਮਰੀਕਾ ਵਲੋਂ ਕੀਤਾ ਗਿਆ। ਪ੍ਰਧਾਨਗੀ ਸ. ਕੁਲਵੰਤ ਸਿੰਘ ਖਹਿਰਾ ਸੀਨੀਅਰ ਮੀਤ ਪ੍ਰਧਾਨ ਅਮਰੀਕਾ ਨੇ ਕੀਤੀ।

ਮੀਟਿੰਗ ਵਿਚ ਸ. ਹਰਿੰਦਰ ਸਿੰਘ (ਹੈਰੀ) ਗਿੱਲ, ਸ. ਕੁਲਵੰਤ ਸਿੰਘ ਖਹਿਰਾ, ਸ. ਹਰਿੰਦਰ ਸਿੰਘ ਹੁੰਦਲ, ਸ.ਹਰਬੰਸ ਸਿੰਘ ਚਾਹਲ, ਸ.ਦਲਬੀਰ ਸਿੰਘ ਸੰਘੇੜਾ, ਸ. ਹਰਜੀਤ ਸਿੰਘ ਸੰਧੂ, ਸ. ਅਰਵਿੰਦਰ ਸਿੰਘ ਲਾਖਨ ਪ੍ਰਧਾਨ ਯੂਥ ਵਿੰਗ ਕੈਲੀਫੋਰਨੀਆ, ਸ. ਸਰਬਜੀਤ ਸਿੰਘ ਸਰਾਉ, ਸ. ਰਾਣਾ ਸੰਧੂ, ਸ. ਜਰਨੈਲ ਸਿੰਘ ਸੰਧੂ, ਚੂਹੜ ਸਿੰਘ, ਸ. ਹਰਨੇਕ ਸਿੰਘ ਸੰਘੇੜਾ, ਸ. ਅਮਰੀਕ ਸਿੰਘ ਵਿਰਕ, ਸ. ਜਗਜੀਤ ਸਿੰਘ ਥਿੰਦ, ਸ. ਦਲਜੀਤ ਸਿੰਘ ਢੀਂਡਸਾ, ਮੇਜਰ ਰਘਬੀਰ ਸਿੰਘ ਗਿੱਲ, ਸ. ਮਹਿੰਦਰ ਸਿੰਘ ਸੰਧਾਵਾਲੀਆ, ਸ. ਪ੍ਰਮਿੰਦਰ ਸਿੰਘ ਨਿੱਝਰ, ਸ. ਰਵਿੰਦਰ ਸਿੰਘ, ਸ. ਅਵਤਾਰ ਸਿੰਘ, ਸ. ਬਲਜਿੰਦਰ ਸਿੰਘ ਗਰੇਵਾਲ, ਸ. ਕੁਲਦੀਪ ਸਿੰਘ, ਸ. ਪ੍ਰਿਤਪਾਲ ਸਿੰਘ, ਸ. ਰਘਬੀਰ ਸਿੰਘ ਅਟਵਾਲ, ਸੁੱਚਾ ਸਿੰਘ ਜੀਰਕਪੁਰ, ਮਾ: ਲਛਮਣ ਸਿੰਘ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਹੋਏ।



## ਫਰਿਜ਼ਨੋ 'ਚ ਗਦਰੀ ਬਾਬਿਆਂ ਦਾ ਮੇਲਾ 29 ਅਗਸਤ ਨੂੰ

**ਫਰਿਜ਼ਨੋ:** ਇੰਡੋ-ਯੂ.ਐਸ. ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ ਵਲੋਂ ਗਦਰ ਲਹਿਰ ਦੇ ਸ਼ਹੀਦਾਂ ਨੂੰ ਸਮਰਪਿਤ ਆਪਣਾ ਸਾਲਾਨਾ ਗਦਰੀ ਬਾਬਿਆਂ ਦਾ ਮੇਲਾ 29 ਅਗਸਤ ਨੂੰ ਕਰਵਾਇਆ ਜਾਏਗਾ। ਇਸ ਸਬੰਧੀ ਫੈਸਲਾ ਸੰਸਥਾ ਦੀ ਪਿਛਲੇ ਦਿਨੀਂ ਇਥੇ ਪ੍ਰਿ. ਪ੍ਰੀਤਮ ਸਿੰਘ ਨਾਹਲ ਦੀ ਪ੍ਰਧਾਨਗੀ ਹੇਠ ਬਰਾੜ ਫਾਰਮ ਵਿਖੇ ਹੋਈ ਇਕ ਮੀਟਿੰਗ ਵਿਚ ਲਿਆ ਗਿਆ।

ਮੀਟਿੰਗ ਵਿਚ ਵਿਚ ਸੰਸਥਾ ਦੇ ਮੈਂਬਰਾਂ ਨੇ ਖੁੱਲ ਕੇ ਵਿਚਾਰ-ਵਟਾਂਦਰਾ ਕਰਨ ਉਪਰੰਤ ਇਸ ਵਾਰ ਇਹ ਮੇਲਾ ਕਰਤਾਰ ਸਿੰਘ ਸਰਾਭਾ, ਚੰਦਰ ਸ਼ੇਖਰ ਅਜ਼ਾਦ ਅਤੇ ਊਧਮ ਸਿੰਘ ਸੁਨਾਮ ਨੂੰ ਸਮਰਪਿਤ ਕਰਨ ਦਾ ਫੈਸਲਾ ਲਿਆ। ਇਹ ਮੇਲਾ ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਫੇਅਰ ਗਰਾਊਂਡ ਫਰਿਜ਼ਨੋ ਦੇ ਹਾਲ ਵਿਚ ਮਨਾਉਣ ਦਾ ਫੈਸਲਾ ਕੀਤਾ ਗਿਆ।

ਇਸ ਮੇਲੇ ਨੂੰ ਸਾਹਿਤਿਕ, ਸਭਿਆਚਾਰਕ ਤੇ ਵਿਗਿਆਨਕ ਅਤੇ ਉਸਾਰੂ ਸੋਚ ਦੇਣ ਲਈ ਸੰਸਥਾ ਦੇ ਮੈਂਬਰਾਂ ਦੀਆਂ ਕਮੇਟੀਆਂ ਦੀ ਰੂਪ-ਰੇਖਾ ਉਲੀਕੀ ਗਈ ਅਤੇ ਭਾਰਤੀ ਭਾਈਚਾਰੇ ਨੂੰ ਇਸ ਮੇਲੇ ਨਾਲ ਜੋੜਨ ਲਈ ਅਤੇ ਉਨ੍ਹਾਂ ਦਾ ਸਹਿਯੋਗ ਲੈਣ ਲਈ ਵੱਧ ਤੋਂ ਵੱਧ ਉਪਰਾਲੇ ਕਰਨ ਵਾਸਤੇ ਸੰਸਥਾ ਦੇ ਮੈਂਬਰਾਂ ਦੀਆਂ ਜ਼ਿੰਮੇਵਾਰੀਆਂ ਲਾਈਆਂ ਗਈਆਂ। ਇਸ ਵਾਰ ਵੀ ਸੰਸਥਾ ਵਲੋਂ ਸੁਚਿੱਤਰ ਸੋਵੀਨਰ ਪ੍ਰਕਾਸ਼ਿਤ ਕੀਤਾ ਜਾਵੇਗਾ ਜਿਸ ਵਿਚ ਨਾਮਵਾਰ ਲੇਖਕਾਂ ਦੀਆਂ ਰਚਨਾਵਾਂ ਨੂੰ ਵਿਸ਼ੇਸ਼ ਥਾਂ ਦਿੱਤੀ ਜਾਵੇਗੀ।

ਮੀਟਿੰਗ 'ਚ ਗੁਰਦੀਪ ਸਿੰਘ ਨਿੱਝਰ, ਸਾਧੂ ਸਿੰਘ ਸੰਘਾ, ਆਤਮਾ ਸਿੰਘ ਚਾਹਲ, ਨਿਰਮਲ ਸਿੰਘ ਧਨੌਲਾ, ਸੁਲੱਖਣ ਸਿੰਘ ਗਿੱਲ, ਰਜਿੰਦਰ ਸਿੰਘ ਬਰਾੜ, ਰਣਜੀਤ ਗਿੱਲ, ਪਾਲ ਧਾਲੀਵਾਲ, ਸਤਵੰਤ ਸਿੰਘ ਵਿਰਕ, ਬਿਕਰਮਜੀਤ ਸਿੰਘ ਕਾਹਲੋਂ, ਗੁਰਨੇਕ ਸਿੰਘ ਰਾਏ ਅਤੇ ਸੰਸਥਾ ਦੇ ਜਨਰਲ ਸਕੱਤਰ ਸੰਤੋਖ ਸਿੰਘ ਮਿਨਹਾਸ ਨੇ ਭਾਗ ਲਿਆ।

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ

***ਗਡਕਰੀ ਨੇ ਬੰਦਾ ਸਿੰਘ ਬਹਾਦਰ ਨੂੰ ਅਕਾਲੀਆਂ ਦੀ ਹਾਜ਼ਰੀ 'ਚ ਵਾਰ ਵਾਰ ਵੀਰ ਬੰਦਾ ਬੈਰਾਗੀ ਐਲਾਨਿਆ**

-ਲਗਦੈ ਬਾਦਲਕੇ ਸਿਰ 'ਚ ਸਵਾਹ ਪੁਆਉਣ ਦੇ ਆਦੀ ਹੋ ਗਏ ਐ, ਪਿਛਲੀ ਵਾਰ ਇੰਦਾਂ ਦੀ ਸਵਾਹ ਸੁਸ਼ਮਾ ਸਵਰਾਜ ਪਾ ਗਈ ਸੀ।

***ਮੈਂ ਅਕਾਲੀ ਦਲ 'ਚ ਨਹੀਂ ਪੰਥ ਵਿਚ ਸ਼ਾਮਿਲ ਹੋਇਆ ਸੀ।**

-ਕਿਉਂ ਪਹਿਲਾਂ ਤੁਸੀਂ ਪੰਥ 'ਚੋਂ ਛੇਕੇ ਹੋਏ ਸੀ?

***ਦੋਹਾਂ ਬਾਦਲਾਂ ਵਲੋਂ ਸਿੱਖਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਤੋਂ ਸੇਧ ਲੈਣ ਦੀ ਅਪੀਲ।**

-ਕਿਉਂ ਪੈਰਾਂ ਤੇ ਕੁਹਾੜੀ ਮਾਰਨ ਲੱਗੇ ਉਂ?

***ਭਾਰਤ ਸਰਕਾਰ ਵੱਲੋਂ ਵਿਸ਼ਵ ਭਰ 'ਚ ਸਰਗਰਮ 100 ਤੋਂ ਵੱਧ ਜਥੇਬੰਦੀਆਂ 'ਤੇ ਪਾਬੰਦੀ।**

-ਪਰ ਬਜਰੰਗ ਦਲ ਤੇ ਸ਼ਿਵ ਸੈਨਾ ਨੂੰ ਛੋਟ।

***ਗਡਕਰੀ ਨੇ ਪਾਣੀਆਂ 'ਤੇ ਪੰਜਾਬ ਦਾ ਹੱਕ ਰੱਦ ਕੀਤਾ।**

-ਅਕਾਲੀਓ! ਜਾਗਦੇ ਹੋ ਕਿ ਸੁੱਤੇ।

***ਸੱਜਣ ਕੁਮਾਰ ਵਿਰੁੱਧ ਮੁਕੱਦਮਾ ਚਲਾਉਣ ਲਈ ਰਾਹ ਪੱਧਰਾ।**

-ਕਰ ਲਓ ਰਾਹ ਪੱਧਰੇ, ਕਰ ਲਓ ਦੋਸ਼ ਆਇਦ ਨਤੀਜਾ ਟਾਈਟਲਰ ਵਾਲਾ ਈ ਨਿਕਲਣਾ।

***ਮੰਦਿਰਾ ਬੇਦੀ ਦਾ ਟੈਟੂ ਫਿਰ ਚਰਚਾ ਵਿਚ**

-ਅਗਲੀ ਨੇ ਚਰਚਾ 'ਚ ਰਹਿਣ ਲਈ ਤਾਂ ਬਣਵਾਇਐ।

*Visit us on the web:*
***www.punjabtimesusa.com***

# ਬਹੁ-ਚਰਚਿਤ ਖਾੜਕੂ ਬਖਸ਼ੀਸ਼ ਸਿੰਘ ਬਾਬਾ ਗ੍ਰਿਫਤਾਰ

**ਪਟਿਆਲਾ:** ਖ਼ਾਲਿਸਤਾਨ ਜ਼ਿੰਦਾਬਾਦ ਫ਼ੋਰਸ ਦਾ ਬਹੁ-ਚਰਚਿਤ ਖਾੜਕੂ ਬਖਸ਼ੀਸ਼ ਸਿੰਘ ਉਰਫ਼ ਬਾਬਾ ਪੁਲਿਸ ਦੇ ਹੱਥ ਆ ਗਿਆ ਹੈ। ਪਹਿਲਾਂ ਇਸ ਸਬੰਧੀ ਇਹ ਚਰਚਾ ਸੀ ਕਿ ਉਸ ਨੂੰ ਦਿੱਲੀ ਪੁਲਿਸ ਨੇ ਕਾਬੂ ਕੀਤਾ ਹੈ ਜਦਕਿ ਬਾਅਦ ਵਿਚ ਭਰੋਸੇਯੋਗ ਸੂਤਰਾਂ ਤੋਂ ਪ੍ਰਾਪਤ ਹੋਏ ਵੇਰਵਿਆਂ ਤੋਂ ਪਤਾ ਲੱਗਾ ਕਿ ਉਸ ਨੂੰ ਅੰਮ੍ਰਿਤਸਰ ਪੁਲਿਸ ਨੇ ਇਕ ਸਾਂਝੀ ਮੁਸ਼ਕ ਰਾਹੀਂ ਕਾਬੂ ਕੀਤਾ ਹੈ। ਬਖਸ਼ੀਸ਼ ਸਿੰਘ ਨੇ ਪੁਲਿਸ ਅਤੇ ਖੁਫੀਆ ਏਜੰਸੀਆਂ ਨੂੰ ਵਖਤ ਪਾਇਆ ਹੋਇਆ ਸੀ। ਉਂਜ ਪੁਲਿਸ ਨੇ ਉਸ ਦੀ ਗ੍ਰਿਫਤਾਰੀ ਨੂੰ ਯਕੀਨੀ ਬਣਾਉਣ ਲਈ ਸੂਚਨਾ ਦੇਣ ਵਾਲੇ ਨੂੰ ਪੰਜ ਲੱਖ ਰੁਪਏ ਦਾ ਵਿਸ਼ੇਸ਼ ਇਨਾਮ ਦੇਣ ਦਾ ਐਲਾਨ ਵੀ ਕੀਤਾ ਹੋਇਆ ਸੀ। ਇਸ ਸਬੰਧੀ ਲਗਾਤਾਰ ਅਖ਼ਬਾਰਾਂ ਵਿਚ ਇਸ਼ਤਿਹਾਰ ਛਪ ਰਹੇ ਸਨ। ਇਹ ਵੀ ਪਤਾ ਲੱਗਾ ਹੈ ਕਿ ਉਹ ਗ੍ਰਿਫਤਾਰੀ ਸਮੇਂ ਕਲੀਨਸ਼ੇਵ ਸੀ।

ਵਰਣਨਯੋਗ ਹੈ ਕਿ ਪਟਿਆਲਾ ਨੇੜਲੇ ਪਿੰਡ ਨਿਜ਼ਾਮਦੀਨਵਾਲਾ ਦਾ ਵਸਨੀਕ 38 ਸਾਲਾਂ ਦਾ ਨੌਜਵਾਨ ਬਖਸ਼ੀਸ਼ ਸਿੰਘ ਬਚਪਨ ਤੋਂ ਹੀ ਧਾਰਮਕ ਬਿਰਤੀ ਵਾਲਾ ਸੀ। ਸਿੱਖੀ ਸਰੂਪ ਵਾਲੀ ਦਿੱਖ ਕਾਰਨ 'ਬਾਬਾ' ਦੇ ਨਾਮ ਨਾਲ ਮਸ਼ਹੂਰ ਹੋਇਆ। ਉਹ ਪਹਿਲਾਂ ਤਾਂ ਖ਼ਾਲਿਸਤਾਨ ਕਮਾਂਡੋ ਫ਼ੋਰਸ (ਸੁਤਰਾਣਾ) ਦਾ ਡਿਪਟੀ ਚੀਫ਼ ਰਿਹਾ ਪਰ ਮਗਰੋਂ ਸੁਤਰਾਣਾ ਦੀ ਮੌਤ ਤੋਂ ਬਾਅਦ ਉਹ ਇਸ ਦਾ ਮੁਖੀ ਬਣ ਗਿਆ। ਬਾਅਦ ਵਿਚ ਨੀਟਾ ਧੜੇ ਨਾਲ ਰਲਣ ਮਗਰੋਂ ਉਹ ਖ਼ਾਲਿਸਤਾਨ ਜ਼ਿੰਦਾਬਾਦ ਫ਼ੋਰਸ 'ਚ ਸ਼ਾਮਲ ਹੋ ਗਿਆ। ਅੱਜ ਕਲ ਇਸੇ ਲਈ ਮੁੱਖ ਤੌਰ 'ਤੇ ਕੰਮ ਕਰਦਾ ਦਸਿਆ ਜਾਂਦਾ ਹੈ। ਭਾਵੇਂ ਉਸ ਵਿਰੁਧ ਪੰਜਾਬ, ਹਰਿਆਣਾ, ਦਿੱਲੀ ਅਤੇ ਯੂ.ਪੀ. ਸਮੇਤ ਕਈ ਹੋਰ ਸੂਬਿਆਂ ਵਿਚ ਵੀ ਕਤਲ, ਇਰਾਦਾ ਕਤਲ, ਲੁੱਟਾਂ-ਖੋਹਾਂ ਅਤੇ ਡਕੈਤੀਆਂ ਆਦਿ ਦੇ 21 ਪੁਲਿਸ ਕੇਸ ਦਰਜ ਹੋਏ ਸਨ। ਉਂਜ ਠੋਸ ਸਬੂਤਾਂ ਦੀ ਘਾਟ ਅਤੇ ਕੁਝ ਹੋਰ ਪਹਿਲੂਆਂ ਕਾਰਨ ਉਹ ਡੇਢ ਦਰਜਨ ਦੇ ਕਰੀਬ ਮਾਮਲਿਆਂ ਵਿਚੋਂ ਬਰੀ ਹੋ ਵੀ ਗਿਆ ਸੀ। ਬਾਕੀ ਪੰਜ ਕੇਸਾਂ ਵਿਚੋਂ ਉਸ ਨੂੰ ਜ਼ਮਾਨਤਾਂ ਮਿਲ ਗਈਆਂ। ਇਸ ਤਰ੍ਹਾਂ ਨਾਭਾ ਅਤੇ ਹੋਰਨਾਂ ਜੇਲ੍ਹਾਂ ਵਿਚ ਕਈ ਸਾਲ ਬੰਦ ਰਹਿਣ ਉਪਰੰਤ ਉਸ ਨੂੰ ਜ਼ਮਾਨਤ 'ਤੇ ਰਿਹਾ ਕਰ ਦਿਤਾ ਗਿਆ। ਜਦੋਂ ਉਹ 2005 ਵਿਚ ਰਿਹਾ ਹੋ ਕੇ ਆਇਆ ਤਾਂ ਯੂ.ਪੀ. ਨਿਵਾਸੀ ਉਸ ਦੀ ਪਤਨੀ ਪਰਮਜੀਤ ਕੌਰ ਕੋਲ ਦੋ ਬੇਟੀਆਂ ਸਨ ਤੇ ਮਗਰੋਂ ਉਸ ਦੇ ਘਰ ਇਕ ਬੇਟੇ ਨੇ ਵੀ ਜਨਮ ਲਿਆ। ਅਪਣੀ ਜੇਲ੍ਹ ਯਾਤਰਾ ਦੌਰਾਨ ਹੋਰ ਵੀ ਕੱਟੜਪੁਣਾ ਧਾਰਨ ਕਰਨ ਵਾਲੇ ਬਖਸ਼ੀਸ਼ ਸਿੰਘ ਨੇ ਕੁੱਝ ਸਮੇਂ ਬਾਅਦ ਪੰਜਾਬ ਹੀ ਨਹੀਂ ਬਲਕਿ ਦੇਸ਼ ਨੂੰ ਹੀ ਹਲੂਣਾ ਦੇਣ ਵਾਲੀ ਇਕ ਵੱਡੀ ਕਾਰਵਾਈ ਨੂੰ ਅੰਜ਼ਾਮ ਦਿਤਾ। 2 ਫ਼ਰਵਰੀ, 2008 ਨੂੰ ਹਰਿਆਣਾ ਦੇ ਕਰਨਾਲ ਸ਼ਹਿਰ ਨੇੜੇ ਡੇਰਾ ਸਿਰਸਾ ਦੇ ਮੁਖੀ ਸੌਦਾ ਸਾਧ ਉਪਰ ਯੋਜਨਾਬਧ ਢੰਗ ਨਾਲ ਵਿਸਫੋਟਕ ਸਮੱਗਰੀ ਨਾਲ ਕੀਤੇ ਗਏ ਹਮਲੇ ਵਿਚ ਡੇਰਾ ਮੁਖੀ ਦੇ ਕਾਫਲੇ ਵਿਚਲੀਆਂ ਕਈ ਗੱਡੀਆਂ ਨੁਕਸਾਨੀਆਂ ਗਈਆਂ ਸਨ। ਪੁਲਿਸ ਜਾਂਚ ਦੌਰਾਨ ਇਹ ਗੱਲ ਵੀ ਸਾਹਮਣੇ ਆਈ ਕਿ ਬਖਸ਼ੀਸ਼ ਸਿੰਘ ਬੰਬ ਬਣਾਉਣ ਦਾ ਮਾਹਰ ਤਾਂ ਹੈ ਹੀ, ਨਾਲ ਹੀ ਉਹ ਕਿਸੇ ਨੂੰ ਕਥਿਤ ਰੂਪ ਵਿਚ ਮਨੁੱਖੀ ਬੰਬ ਵਜੋਂ ਤਿਆਰ ਕਰਨ ਵਿਚ ਵੀ ਵਿਸ਼ੇਸ਼ ਮੁਹਾਰਤ ਰੱਖਦਾ ਹੈ।

ਘਟਨਾ ਸਥਾਨ ਤੋਂ ਫੜੇ ਗਏ ਮਹਿੰਦਰ ਸਿੰਘ ਨਾਂ ਦੇ ਡਰਾਇਵਰ ਅਤੇ ਉਸਦੇ ਸਾਥੀ ਨੇ ਦੱਸਿਆ ਸੀ ਕਿ ਬਖਸ਼ੀਸ਼ ਸਿੰਘ ਬਾਬੇ ਨੇ ਹੀ ਉਨ੍ਹਾਂ ਨੂੰ ਮਾਨਵੀ ਬੰਬ ਵਜੋਂ ਤਿਆਰ ਕੀਤਾ ਸੀ। ਸੌਦਾ ਸਾਧ ਉਪਰ ਹੋਏ ਹਮਲੇ ਦਾ ਮੁੱਖ ਸਰਗਨਾ ਸਮਝਿਆ ਜਾਂਦਾ ਬਾਬਾ ਉਦੋਂ ਤੋਂ ਹੀ ਫ਼ਰਾਰ ਸੀ ਪਰ ਕੁਝ ਸਮਾਂ ਪਹਿਲਾਂ ਇਸੇ ਕੇਸ ਵਿਚ ਯੂ.ਪੀ. ਰਹਿੰਦੇ ਉਸ ਦੇ ਸਾਲੇ ਧਰਮਿੰਦਰ ਸਿੰਘ ਦੀ ਗ੍ਰਿਫਤਾਰੀ ਸਮੇਂ ਪਤਾ ਲੱਗਾ ਕਿ ਬਖਸ਼ੀਸ਼ ਸਿੰਘ ਪਾਕਿਸਤਾਨ ਚਲਾ ਗਿਆ ਹੈ। ਨਾਭਾ ਐਲ.ਪੀ.ਜੀ. ਬਾਟਲਿੰਗ ਪਲਾਂਟ ਅਤੇ ਹਲਵਾਰਾ ਏਅਰਪੋਰਟ ਨੂੰ ਉਡਾਉਣ ਲਈ ਬੰਬ ਰੱਖਣ ਦੀ ਘਟਨਾ ਤੋਂ ਬਾਅਦ ਹੀ ਪਤਾ ਲੱਗਾ ਕਿ ਇਨ੍ਹਾਂ ਘਟਨਾਵਾਂ ਪਿੱਛੇ ਬਾਬੇ ਦਾ ਹੀ ਹੱਥ ਹੈ। ਗੈਸ ਪਲਾਂਟ ਨੇੜਿਓਂ ਜੋ ਬੰਬ ਮਿਲਿਆ, ਉਹ ਜਿਸ ਕੇਨੀ ਵਿਚ ਫਿਟ ਕੀਤਾ ਸੀ, ਇਕ ਦੋਧੀ ਦੀ ਸੀ। ਇਥੋਂ ਹੀ ਉਸ ਦੇ ਪੰਜਾਬ ਵਿਚ ਹੋਣ ਸਬੰਧੀ ਪਟਿਆਲਾ ਪੁਲਿਸ ਦੇ ਹੱਥ ਕੁਝ ਅਹਿਮ ਸੁਰਾਗ ਲੱਗੇ। ਇਸ ਬੰਬ ਕਾਂਡ ਸਬੰਧੀ ਫੜੇ ਨੌਜਵਾਨਾਂ ਤੋਂ ਪੁਲਿਸ ਨੇ 90 ਲੱਖ ਦੇ ਕਰੀਬ ਕਰੰਸੀ, 15 ਕਿਲੋ ਆਰ.ਡੀ.ਐਕਸ ਸਮੇਤ ਹਥਿਆਰਾਂ ਦੀ ਇਕ ਖੇਪ ਵੀ ਫੜੀ ਸੀ।

## ਜੇਲ੍ਹ ਪੁੱਜ ਹੀ ਗਿਆ ਸਾਬਕਾ ਪੁਲਿਸ ਮੁਖੀ ਰਾਠੌਰ



**ਚੰਡੀਗੜ੍ਹ :** ਬਹੁਚਰਚਿਤ ਰੁਚਿਕਾ ਗਿਰਹੋਤਰਾ ਮਾਮਲੇ ਵਿਚ ਹਰਿਆਣਾ ਦੇ ਸਾਬਕਾ ਪੁਲਿਸ ਮੁਖੀ ਐਸ.ਪੀ.ਐਸ. ਰਾਠੌਰ ਦੀ ਸਜ਼ਾ 6 ਮਹੀਨੇ ਤੋਂ ਵਧਾ ਕੇ ਡੇਢ ਸਾਲ ਕਰ ਦਿਤੀ ਗਈ ਹੈ। ਬੀਤੀ 25 ਮਈ ਨੂੰ ਸੈਸ਼ਨ ਅਦਾਲਤ ਵਲੋਂ ਸਜ਼ਾ ਵਧਾਉਣ ਦਾ ਫੈਸਲਾ ਸੁਣਾਉਣ ਤੋਂ ਬਾਅਦ ਸੀ.ਬੀ.ਆਈ. ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਗੁਰਬੀਰ ਸਿੰਘ ਨੇ ਖਚਾਖਚ ਭਰੇ ਅਦਾਲਤੀ ਕਮਰੇ ਵਿਚ ਫ਼ੈਸਲਾ ਸੁਣਾਉਂਦਿਆਂ ਰਾਠੌਰ ਦੀ ਅਪੀਲ ਖ਼ਾਰਜ ਕਰ ਦਿਤੀ। 68 ਸਾਲ ਦੇ ਰਾਠੌਰ ਨੇ ਪਹਿਲਾਂ ਸੁਣਾਈ ਗਈ ਛੇ ਮਹੀਨੇ ਦੀ ਸਜ਼ਾ ਨੂੰ ਚੁਣੌਤੀ ਦਿਤੀ ਸੀ। ਅਦਾਲਤ ਨੇ ਰਾਠੌਰ ਦੀ ਸਜ਼ਾ ਵਧਾਏ ਜਾਣ ਸਬੰਧੀ ਰੁਚਿਕਾ ਦੇ ਪਰਵਾਰ ਅਤੇ ਸੀ.ਬੀ.ਆਈ. ਦੀ ਗੁਜ਼ਾਰਿਸ਼ ਨੂੰ ਸਵੀਕਾਰ ਕਰ ਲਿਆ। ਸਜ਼ਾ ਸੁਣਾਉਣ ਤੋਂ ਬਾਅਦ ਅਦਾਲਤ ਨੇ ਹਦਾਇਤ ਦਿਤੀ ਕਿ ਰਾਠੌਰ ਨੂੰ ਜੇਲ ਲਿਜਾਇਆ ਜਾਵੇ। ਸਜ਼ਾ ਵਧਣ ਦਾ ਅਸਰ ਰਾਠੌਰ ਦੇ ਚਿਹਰੇ 'ਤੇ ਸਪੱਸ਼ਟ ਵੇਖਿਆ ਜਾ ਸਕਦਾ ਸੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ, "ਮੈਂ ਮੁਸਕਰਾਉਂਦਾ ਰਹਾਂਗਾ।" ਅਦਾਲਤ ਦਾ ਫ਼ੈਸਲਾ ਸੁਣਾਉਣ ਤੋਂ ਬਾਅਦ ਰਾਠੌਰ ਨੂੰ ਬੁੜੈਲ ਜੇਲ ਲਿਜਾਇਆ ਗਿਆ। ਫ਼ੈਸਲੇ 'ਤੇ ਤਸੱਲੀ ਪ੍ਰਗਟ ਕਰਦਿਆਂ ਰੁਚਿਕਾ ਦੇ ਪਰਵਾਰ ਨੇ ਕਿਹਾ ਕਿ ਲੜਾਈ ਉਦੋਂ ਤਕ ਜਾਰੀ ਰਹੇਗੀ ਜਦੋਂ ਤਕ ਹਰਿਆਣਾ ਦੇ ਸਾਬਕਾ ਪੁਲਿਸ ਮੁਖੀ ਨੂੰ ਆਤਮ ਹੱਤਿਆ ਲਈ ਮਜਬੂਰ ਕਰਨ ਦੀ ਸਜ਼ਾ ਨਹੀਂ ਮਿਲ ਜਾਂਦੀ। ਰੁਚਿਕਾ ਦੇ ਪਿਤਾ ਐਸ.ਸੀ. ਗਿਰਹੋਤਰਾ ਨੇ ਕਿਹਾ, "ਅਸੀਂ ਸੰਤੁਸ਼ਟ ਹਾਂ ਕਿ ਨਿਆਂ ਕੀਤਾ ਗਿਆ।" ਰੁਚਿਕਾ ਦੀ ਦੋਸਤ ਅਰਾਧਨਾ ਗੁਪਤਾ ਦੇ ਪਿਤਾ ਆਨੰਦ ਪ੍ਰਕਾਸ਼ ਨੇ ਕਿਹਾ ਕਿ ਫ਼ੈਸਲੇ ਤੋਂ ਸਾਬਤ ਹੋ ਗਿਆ ਹੈ ਕਿ ਤਾਕਤਵਰ ਲੋਕ ਵੀ ਕਾਨੂੰਨ ਤੋਂ ਨਹੀਂ ਬਚ ਸਕਦੇ।

## ਹਰਪ੍ਰੀਤ ਕਾਂਡ; ਕੰਵਲਜੀਤ ਦੇ ਗੈਰਜ਼ਮਾਨਤੀ ਵਾਰੰਟ

**ਪਟਿਆਲਾ :** ਬਹੁਚਰਚਿਤ ਹਰਪ੍ਰੀਤ ਕੌਰ ਕਤਲ ਕਾਂਡ ਮਾਮਲੇ 'ਚ ਉਸ ਵੇਲੇ ਅਹਿਮ ਮੋੜ ਆ ਗਿਆ ਜਦੋਂ ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਮਾਣਯੋਗ ਬਲਬੀਰ ਸਿੰਘ ਦੀ ਅਦਾਲਤ ਨੇ ਉਘੀ ਅਕਾਲੀ ਨੇਤਾ ਬੀਬੀ ਜਗੀਰ ਕੌਰ ਦੀ ਮ੍ਰਿਤਕ ਬੇਟੀ ਹਰਪ੍ਰੀਤ ਕੌਰ ਦੇ ਕਿਸੇ ਵੇਲੇ ਪਤੀ ਅਖਵਾਉਣ ਵਾਲੇ ਕੰਵਲਜੀਤ ਸਿੰਘ ਦੇ ਕਈ ਪੇਸ਼ੀਆਂ ਤੇ ਨਾਟਕੀ ਢੰਗ ਨਾਲ ਅਦਾਲਤ 'ਚ ਨਾ ਪੇਸ਼ ਹੋਣ ਦੇ ਮੱਦੇਨਜ਼ਰ ਗੈਰ-ਜ਼ਮਾਨਤੀ ਵਾਰੰਟ ਜਾਰੀ ਕਰ ਕੇ ਸੀ.ਬੀ.ਆਈ. ਨੂੰ ਕੰਵਲਜੀਤ ਦੀ ਗ੍ਰਿਫਤਾਰੀ ਦੇ ਆਦੇਸ਼ ਦਿੱਤੇ ਹਨ ਜਦਕਿ ਮਿਲੀਆਂ ਤਾਜ਼ਾ ਖ਼ਬਰਾਂ ਅਨੁਸਾਰ ਪਤਾ ਲੱਗਾ ਹੈ ਕਿ ਕੰਵਲਜੀਤ ਰੂਹਪੋਸ਼ ਹੋ ਗਿਆ ਹੈ।

ਬੀਤੀ 27 ਮਈ ਨੂੰ ਮਾਣਯੋਗ ਅਦਾਲਤ 'ਚ ਬੀਬੀ ਜਗੀਰ ਕੌਰ, ਦਲਵਿੰਦਰ ਕੌਰ ਢੇਸੀ ਅਤੇ ਹੋਰ ਹਾਜ਼ਰ ਹੋਏ ਪਰ ਮੁਦਈ ਕੰਵਲਜੀਤ ਸਿੰਘ, ਜਿਸ ਨੂੰ ਸੀ.ਬੀ.ਆਈ. ਨੇ ਮੁਕਰਿਆ ਕਰਾਰ ਦਿੱਤਾ ਹੋਇਆ ਹੈ, ਨੇ ਫੇਰ ਆਪਣੇ ਪਿਤਾ ਦੀ ਬਿਮਾਰੀ ਦਾ ਪੁਰਾਣਾ ਬਹਾਨਾ ਦੱਸਦਿਆਂ ਆਪਣੇ ਵਕੀਲ ਕੋਲ ਫੈਕਸ ਭੇਜੀ, ਪਰ ਮਾਣਯੋਗ ਅਦਾਲਤ ਨੇ ਉਸ ਦੀ ਫੈਕਸ ਨੂੰ ਨਾਮਨਜ਼ੂਰ ਕਰਦਿਆਂ ਜਿਥੇ ਉਸ ਦੇ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ, ਉਥੇ ਸੀ.ਬੀ.ਆਈ. ਅਧਿਕਾਰੀਆਂ ਨੂੰ ਕੰਵਲਜੀਤ ਸਿੰਘ ਨੂੰ ਗ੍ਰਿਫਤਾਰ ਕਰਕੇ ਅਦਾਲਤ 'ਚ ਪੇਸ਼ ਕਰਨ ਦੇ ਹੁਕਮ ਦਿੱਤੇ ਹਨ।

# ਪੰਜਾਬ 'ਚ ਨਕਸਲੀ ਸਰਗਰਮੀ ਬਾਰੇ ਪੁਲਿਸ ਮੁਖੀ ਦੀ ਦੁਹਾਈ

*(ਸਫਾ ਇਕ ਦੀ ਬਾਕੀ)*

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਨਕਸਲਵਾਦ ਨਾਲ ਨਿਪਟਣ ਲਈ ਪੰਜਾਬ ਲਈ ਵਿਸ਼ੇਸ਼ ਪੈਕੇਜ ਦੀ ਮੰਗ ਅਤੇ ਪੁਲਿਸ ਮੁਖੀ ਵਲੋਂ ਪੰਜਾਬ ਦੀਆਂ ਕਈ ਜਥੇਬੰਦੀਆਂ ਨੂੰ ਮੁਖੌਟਾ ਨਕਸਲੀ ਜਥੇਬੰਦੀਆਂ ਕਹਿਣ ਤੋਂ ਲੱਗਦਾ ਹੈ ਕਿ ਨਕਸਲਵਾਦ ਪੰਜਾਬ ਦੀਆਂ ਬਰੂਹਾਂ 'ਤੇ ਹੈ। ਪਰ ਸਿਆਸੀ ਚਿੰਤਕ ਇਸ ਨੂੰ ਪੁਲਿਸ ਅਤੇ ਖੁਫੀਆ ਏਜੰਸੀਆਂ ਦੀ ਸੋਚੀ-ਸਮਝੀ ਰਣਨੀਤੀ ਦਾ ਇਕ ਹਿੱਸਾ ਮੰਨਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਪੰਜਾਬ 'ਚ ਹਥਿਆਰਬੰਦ ਨਕਸਲੀ ਲਹਿਰ ਦੇ ਪੈਦਾ ਹੋਣ ਲਈ ਲੋੜੀਂਦੀਆਂ ਬਾਹਰਮੁਖੀ ਸਮਾਜਿਕ ਵਿਰੋਧਤਾਈਆਂ ਹਾਲ ਦੀ ਘੜੀ ਓਨੀਆਂ ਤਿੱਖੀਆਂ ਨਜ਼ਰ ਨਹੀਂ ਆਉਂਦੀਆਂ, ਜਿੰਨੀਆਂ ਨਕਸਲ ਪ੍ਰਭਾਵਤ ਦੇਸ਼ ਦੇ ਹੋਰ ਸੂਬਿਆਂ 'ਚ ਹਨ। ਦੂਜੇ ਪਾਸੇ ਪੁਲਿਸ ਦੀਆਂ ਨਜ਼ਰਾਂ 'ਚ ਮੁਖੌਟਾ ਨਕਸਲੀ ਜਥੇਬੰਦੀਆਂ ਦਾ ਮੰਨਣਾ ਹੈ ਕਿ ਹੁਕਮਰਾਨ ਅਤੇ ਪੁਲਿਸ ਪੰਜਾਬ ਵਿਚ ਨਕਸਲਵਾਦ ਦਾ ਹਊਆ ਖੜ੍ਹਾ ਕਰਕੇ ਜਨਤਕ ਆਵਾਜ਼ ਦਬਾਉਣ ਅਤੇ ਸਿਆਸੀ ਵਿਰੋਧੀਆਂ ਨੂੰ ਖੁੱਡੇ ਲਾਉਣ ਦੀ ਚਾਲ ਚਲ ਰਹੇ ਹਨ।

ਪੰਜਾਬ 'ਚ ਨਕਸਲਵਾਦ ਦੀ ਪੈਦਾ ਹੋ ਰਹੀ ਚੁਣੌਤੀ ਅਤੇ ਵਧ ਰਹੀਆਂ ਅਤਿਵਾਦੀ ਸਰਗਰਮੀਆਂ ਨਾਲ ਨਿਪਟਣ ਲਈ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਲੰਘੀ 20 ਮਈ ਨੂੰ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਪੀ. ਚਿੰਦਬਰਮ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੇ ਨਿੱਜੀ ਦਖਲ ਦੀ ਮੰਗ ਕਰਦੇ ਹੋਏ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਕਾਇਮ ਰੱਖਣ ਲਈ 120 ਕਰੋੜ ਰੁਪਏ ਵਿਸ਼ੇਸ਼ ਪੈਕੇਜ ਵਜੋਂ ਤੁਰੰਤ ਜਾਰੀ ਕਰਨ ਲਈ ਆਖਿਆ ਹੈ। ਸ. ਬਾਦਲ ਨੇ ਕਿਹਾ ਕਿ ਭਾਵੇਂ ਪੰਜਾਬ ਨਕਸਲਵਾਦੀ ਹਿੰਸਾ ਨਾਲ ਪ੍ਰਭਾਵਤ ਨਹੀਂ ਹੈ ਪਰ ਨਕਸਲਵਾਦੀਆਂ ਦੀਆਂ ਕੁਝ ਜਥੇਬੰਦੀਆਂ ਆਪਣੇ ਆਪ ਨੂੰ ਸਰਗਰਮੀ ਨਾਲ ਜਥੇਬੰਦ ਕਰਨ ਲੱਗੀਆਂ ਹੋਈਆਂ ਹਨ ਅਤੇ ਇਹ ਰਾਜ ਦੇ ਸਦਭਾਵਨਾ ਪੂਰਨ ਮਾਹੌਲ ਲਈ ਵੱਡੀ ਚੁਣੌਤੀ ਪੈਦਾ ਕਰ ਰਹੀਆਂ ਹਨ। ਅਜਿਹਾ ਹੀ ਦਾਅਵਾ ਪੰਜਾਬ ਦੇ ਪੁਲਿਸ ਮੁਖੀ ਪੀ. ਐਸ. ਗਿੱਲ ਨੇ ਲੰਘੀ 26 ਮਈ ਨੂੰ ਜਲੰਧਰ 'ਚ ਇਕ ਪ੍ਰੈਸ ਕਾਨਫਰੰਸ 'ਚ ਕੀਤਾ ਕਿ ਪੰਜਾਬ 'ਚ ਮਾਓਵਾਦੀਆਂ ਦੀਆਂ 15 ਦੇ ਕਰੀਬ ਮੁਖੌਟਾ ਜਥੇਬੰਦੀਆਂ ਸਰਗਰਮ ਹਨ। ਉਨ੍ਹਾਂ ਕਿਹਾ ਕਿ ਭਾਵੇਂ ਨਕਸਲਵਾਦੀ ਆਪਣੀਆਂ ਇਨ੍ਹਾਂ ਮੁਖੌਟਾ ਜਥੇਬੰਦੀਆਂ ਰਾਹੀਂ ਆਪਣਾ ਦਾਇਰਾ ਵਧਾਉਣ ਦੇ ਯਤਨ 'ਚ ਹਨ ਪਰ ਚਿੰਤਾ ਵਾਲੀ ਕੋਈ ਗੱਲ ਨਹੀਂ ਕਿਉਂਕਿ ਪੁਲਿਸ ਵਲੋਂ ਉਨ੍ਹਾਂ 'ਤੇ ਡੂੰਘੀ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਨਕਸਲਵਾਦੀਆਂ ਦੀ ਹਮਾਇਤ ਕਰਨ ਵਾਲੇ ਗਰੁੱਪ ਦੋਆਬੇ ਦੇ ਮੁਕਾਬਲੇ ਮਾਲਵੇ ਅਤੇ ਮਾਝੇ ਵਿਚ ਵੱਧ ਸਰਗਰਮ ਹਨ। ਉਨ੍ਹਾਂ ਦਾਅਵਾ ਕੀਤਾ ਕਿ ਨਕਸਲਵਾਦੀਆਂ ਦੇ ਹੱਕ ਵਿਚ ਬਰਨਾਲਾ, ਧੂਰੀ ਅਤੇ ਮਾਲਵੇ ਦੇ ਹੋਰ ਖੇਤਰਾਂ ਵਿਚ ਲਗਾਏ ਗਏ ਪੋਸਟਰ ਜਲੰਧਰ 'ਚ ਛਪੇ ਅਤੇ ਇਥੇ ਹੀ ਹੋਈ ਇਕ ਮੀਟਿੰਗ ਵਿਚ ਵੰਡੇ ਗਏ ਸਨ।

ਪੁਲਿਸ ਮੁਖੀ ਨੇ ਕਿਹਾ ਕਿ ਨਕਸਲਵਾਦੀ ਮੁਖੌਟਾ ਜਥੇਬੰਦੀਆਂ ਰਾਹੀਂ ਸਮਾਜਿਕ ਮੁੱਦਿਆਂ ਨੂੰ ਉਭਾਰ ਕੇ ਕਿਸਾਨਾਂ, ਮਜ਼ਦੂਰਾਂ, ਵਿਦਿਆਰਥੀਆਂ ਦੇ ਮਸਲੇ ਚੁੱਕ ਕੇ ਆਪਣੇ ਪੈਰ ਪਸਾਰ ਰਹੇ ਹਨ ਪਰ ਅੰਦਰੋਂ ਉਨ੍ਹਾਂ ਦਾ ਮੰਤਵ ਕੁਝ ਹੋਰ ਹੈ। ਸ. ਗਿੱਲ ਨੇ ਇਹ ਵੀ ਆਖਿਆ ਕਿ ਮਨੁੱਖੀ ਅਧਿਕਾਰ ਸੰਗਠਨਾਂ ਤੇ ਹੋਰ ਸਮਾਜ ਸੇਵੀ ਜਥੇਬੰਦੀਆਂ ਨੂੰ ਬਾਹਰੋਂ ਮਿਲਣ ਵਾਲੇ ਫੰਡਾਂ ਬਾਰੇ ਵੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੁਲਿਸ ਨੇ ਸੂਬੇ ਵਿਚੋਂ ਭਾਵੇਂ ਮਾਓਵਾਦੀਆਂ ਦੇ ਹਮਦਰਦ 9 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਵਿਚੋਂ ਦੋ ਕੋਲੋਂ ਹਥਿਆਰ ਵੀ ਬਰਾਮਦ ਹੋਏ ਹਨ ਪਰ ਪੰਜਾਬ 'ਚ ਨਕਸਲਵਾਦੀਆਂ ਦੇ ਹਥਿਆਰਬੰਦ ਵਿਦਰੋਹ ਦੀਆਂ ਸੰਭਾਵਨਾਵਾਂ ਨਹੀਂ ਹਨ। ਉਨ੍ਹਾਂ ਇਹ ਵੀ ਮੰਨਿਆ ਕਿ ਪੰਜਾਬ 'ਚ ਨਕਸਲਵਾਦੀਆਂ ਦੀਆਂ ਸਰਗਰਮੀਆਂ ਉਸ ਤਰ੍ਹਾਂ ਦੀਆਂ ਨਹੀਂ, ਜਿਸ ਤਰ੍ਹਾਂ ਦੀਆਂ ਝਾਰਖੰਡ, ਆਂਧਰਾ ਪ੍ਰਦੇਸ਼ ਅਤੇ ਛੱਤੀਸਗੜ੍ਹ ਵਰਗੇ ਰਾਜਾਂ 'ਚ ਹਨ। ਅਜਿਹਾ ਹੀ ਪੰਜਾਬ ਦੇ ਕੁਝ ਰਾਜਸੀ ਚਿੰਤਕਾਂ ਦਾ ਵੀ ਮੰਨਣਾ ਹੈ ਕਿ ਪੰਜਾਬ 'ਚ ਹਾਲਾਤ ਓਨੇ ਬਦਤਰ ਨਹੀਂ, ਜਿਸ ਨਾਲ ਬਾਹਰਮੁਖੀ ਸਮਾਜਿਕ ਵਿਰੋਧਤਾਈਆਂ ਤਿੱਖੀਆਂ ਹੋਣ ਅਤੇ ਰਾਜ 'ਚ ਹਥਿਆਰਬੰਦ ਲਹਿਰ ਖੜ੍ਹੀ ਹੋ ਸਕੇ।

ਇਕ ਪਾਸੇ ਪੰਜਾਬ 'ਚ ਸੰਭਾਵੀ ਨਕਸਲਵਾਦ ਦੀ ਚੁਣੌਤੀ ਨਾਲ ਨਿਪਟਣ ਦੀਆਂ ਵਿਆਪਕ ਪੱਧਰ 'ਤੇ ਤਿਆਰੀਆਂ ਹੋ ਰਹੀਆਂ ਹਨ, ਦੂਜੇ ਪਾਸੇ ਸਰਕਾਰੀ ਸੂਤਰਾਂ ਦੇ ਹਵਾਲੇ ਨਾਲ ਛਪੀਆਂ ਖ਼ਬਰਾਂ ਦੀ ਸੱਚਾਈ ਕੁਝ ਹੋਰ ਹੈ। ਖ਼ਬਰਾਂ ਅਨੁਸਾਰ ਥੋੜ੍ਹਾ ਸਮਾਂ ਪਹਿਲਾਂ ਸੀ. ਪੀ. ਆਈ. (ਮਾਓਵਾਦੀ) ਦੀ ਪੋਲਿਟ ਬਿਊਰੋ ਦੇ ਮੈਂਬਰ ਕੋਬਾਰਡ ਗਾਂਧੀ ਨੇ ਪੰਜਾਬ ਦੇ ਹਾਲਾਤ ਜਾਨਣ ਲਈ ਇਸ ਦਾ ਦੌਰਾ ਕੀਤਾ ਕਿ ਇਥੋਂ ਦੇ ਹਾਲਾਤ ਮਾਓਵਾਦੀ ਲਹਿਰ ਨੂੰ ਚਲਾਉਣ ਦੇ ਲਈ ਸਾਜ਼ਗਾਰ ਹਨ ਕਿ ਨਹੀਂ। ਉਨ੍ਹਾਂ ਨੇ ਆਪਣੀ ਪੰਜਾਬ ਸੰਬੰਧੀ ਰਿਪੋਰਟ ਵਿਚ ਕਿਹਾ ਸੀ ਕਿ 'ਪੰਜਾਬ ਦੀ ਸਮਾਜਿਕ ਸਥਿਤੀ ਅਜੇ ਅਜਿਹੀ ਨਹੀਂ ਬਣੀ ਜੋ ਕਿ ਅਜਿਹੀ ਲਹਿਰ ਚਲਾਉਣ ਦੇ ਸਮਰੱਥ ਹੋਵੇ, ਕਿਉਂਕਿ ਇਥੇ ਸਮਾਜਿਕ ਵਿਰੋਧਤਾਈਆਂ ਤਿੱਖੀਆਂ ਨਹੀਂ ਹਨ। ਇਸ ਲਈ ਫਿਲਹਾਲ ਇਥੇ ਨਕਸਲੀ ਲਹਿਰ ਉਠਣ ਦੀ ਕੋਈ ਸੰਭਾਵਨਾ ਨਹੀਂ।'

ਪੰਜਾਬ 'ਚ ਨਕਸਲੀ ਲਹਿਰ ਦੀ ਪੜਚੋਲ ਕੀਤੀ ਜਾਵੇ ਤਾਂ ਇਹ ਗੱਲ ਉਭਰਦੀ ਹੈ ਕਿ ਇਸ ਦਾ ਆਧਾਰ ਖੱਬੇਪੱਖੀ ਵਿਚਾਰਧਾਰਾ ਹੈ। ਪੰਜਾਬ 'ਚ ਖੱਬੇਪੱਖੀ ਧਿਰਾਂ ਦੋ ਸਫਾਂ 'ਚ ਵੰਡੀਆਂ ਹੋਈਆਂ ਹਨ। ਨਰਮ ਮੰਨੀ ਜਾਂਦੀ ਧਿਰ 'ਚ ਸੀ. ਪੀ. ਆਈ., ਸੀ. ਪੀ. ਐਮ. ਤੇ ਸੀ. ਪੀ. ਐਮ. (ਪੰਜਾਬ) ਆ ਜਾਂਦੀਆਂ ਹਨ ਜੋ ਦੇਸ਼ ਦੀ ਮੁੱਖ ਧਾਰਾ ਵਿਚ ਵਿਚਰਦਿਆਂ ਆਪਣਾ ਵਿਰੋਧ ਜਤਾਉਂਦੀਆਂ ਹਨ ਤੇ ਹਥਿਆਰਬੰਦ ਸੰਘਰਸ਼ ਦਾ ਵਿਰੋਧ ਕਰਦੀਆਂ ਹਨ। ਦੂਜੇ ਪਾਸੇ ਨਕਸਲੀ ਪਿਛੋਕੜ ਵਾਲੇ ਗਰੁੱਪ ਸੀ. ਪੀ. ਆਈ. (ਐਮ. ਐਲ.) ਲਿਬਰੇਸ਼ਨ, ਸੀ. ਪੀ. ਆਈ. (ਐਮ. ਐਲ.) ਨਿਊ ਡੈਮੋਕਰੇਸੀ ਆਦਿ ਹਨ। ਵੈਸੇ ਇਨ੍ਹਾਂ ਦਾ ਆਧਾਰ ਕਾਫੀ ਸੀਮਤ ਹੈ ਪਰ ਇਨ੍ਹਾਂ ਨਾਲ ਟਰੇਡ ਯੂਨੀਅਨਾਂ ਅਤੇ ਕਿਸਾਨ ਜਥੇਬੰਦੀਆਂ ਵੀ ਜੁੜੀਆਂ ਹਨ। ਇਨ੍ਹਾਂ ਸਾਰੇ ਗਰੁੱਪਾਂ ਦੀ ਸਰਗਰਮੀ ਵੀ ਰਵਾਇਤੀ ਧਰਨਿਆਂ ਤੇ ਆਮ ਮੰਗਾਂ ਤੱਕ ਹੀ ਸੀਮਤ ਹੈ। ਇਥੋਂ ਤਕ ਕਿ ਇਨ੍ਹਾਂ ਧਿਰਾਂ ਵਲੋਂ ਹੁਣ ਤਕ ਦੂਜੇ ਰਾਜਾਂ 'ਚ ਚਲਦੀ ਹਥਿਆਰਬੰਦ ਨਕਸਲੀ ਲਹਿਰ ਦੇ ਹੱਕ 'ਚ ਵੀ ਕਦੀ ਖੁੱਲ੍ਹ ਕੇ ਬਿਆਨ ਨਹੀਂ ਦਿੱਤਾ ਗਿਆ। ਫਿਰ ਅਜਿਹੀ ਕਿਹੜੀ ਲੀਡਰਸ਼ਿਪ ਹੈ ਜੋ ਪੰਜਾਬ 'ਚ ਹਥਿਆਰਬੰਦ ਨਕਸਲੀ ਸੰਘਰਸ਼ ਨੂੰ ਸੁਰਜੀਤ ਕਰ ਸਕਦੀ ਹੈ? ਅਜਿਹੇ ਸਵਾਲ ਰਾਜਸੀ ਚਿੰਤਕਾਂ ਦੇ ਮਨਾਂ 'ਚ ਪੈਦਾ ਹੋਣ ਦਾ ਇਕ ਵੱਡਾ ਕਾਰਨ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਪੁਲਿਸ ਜਾਂ ਸੁਰੱਖਿਆ ਏਜੰਸੀਆਂ ਦੇ ਪੈਂਤੜਿਆਂ ਦੇ ਪਿਛਲੇ ਰਿਕਾਰਡ ਉਨ੍ਹਾਂ ਨੂੰ ਅਜਿਹਾ ਸੋਚਣ ਲਈ ਮਜਬੂਰ ਕਰਦੇ ਜਾਪਦੇ ਹਨ।

ਮੁੱਖ ਮੰਤਰੀ ਨੇ ਆਧੁਨਿਕੀਕਰਨ ਯੋਜਨਾ ਲਈ ਪੰਜਾਬ ਨੂੰ ਬੀ ਸ਼੍ਰੇਣੀ ਦੀ ਥਾਂ ਏ ਸ਼੍ਰੇਣੀ ਵਿਚ ਰੱਖਣ ਲਈ ਆਖ ਕੇ ਪੁਲਿਸ ਦੇ ਆਧੁਨਿਕੀਕਰਨ ਦੀ ਸਾਲਾਨਾ ਯੋਜਨਾ ਵਿਚ 61 ਕਰੋੜ ਰੁਪਏ ਤੋਂ 100 ਕਰੋੜ ਰੁਪਏ ਦਾ ਵਾਧਾ ਕਰਨ ਦਾ ਮੁੱਦਾ ਗ੍ਰਹਿ ਮੰਤਰੀ ਕੋਲ ਉਠਾਇਆ ਹੈ। ਪਰ ਆਧੁਨਿਕੀਕਰਨ ਦੇ ਨਾਂ ਹੇਠ ਲੰਘੇ ਵਿਤੀ ਵਰ੍ਹੇ (2009-10) ਦੌਰਾਨ ਵੱਡੇ ਪੁਲਿਸ ਅਫ਼ਸਰਾਂ ਲਈ ਲਗਜ਼ਰੀ ਕਾਰਾਂ ਖਰੀਦਣ ਲਈ ਨਿਯਮਾਂ ਨੂੰ ਛਿੱਕੇ ਟੰਗਣ ਅਤੇ ਜ਼ਿਲ੍ਹਾ ਪੁਲਿਸ ਨੂੰ ਕਾਰਾਂ ਜਾਂ ਹੋਰ ਲੋੜੀਂਦੇ ਵਾਹਨ ਖਰੀਦਣ ਲਈ ਹੱਥ ਘੁੱਟਣ ਬਾਰੇ ਮੀਡੀਆ ਦੇ ਕੁਝ ਹਿੱਸੇ 'ਚ ਛਪੀਆਂ ਰਿਪੋਰਟਾਂ ਸਵਾਲ ਪੈਦਾ ਕਰਦੀਆਂ ਹਨ ਕਿ ਜੇ ਪੁਲਿਸ ਦੇ ਨਕਸਲਵਾਦ ਉਭਰਨ ਦੇ ਸ਼ੰਕਿਆਂ 'ਚ ਸੱਚਾਈ ਹੈ ਤਾਂ ਫਿਰ ਅਜਿਹੀ ਲਾਪ੍ਰਵਾਹੀ ਦੇ ਕੀ ਕਾਰਨ ਹੋ ਸਕਦੇ ਹਨ? ਉਧਰ ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਨਕਸਲਵਾਦ ਦੇ ਹਊਏ ਨੂੰ ਸਰਕਾਰ ਖਿਲਾਫ਼ ਕੀਤੇ ਜਾਣ ਵਾਲੇ ਮੁਜ਼ਾਹਰਿਆਂ ਨੂੰ ਰੋਕਣ ਲਈ ਚੱਲੀ ਗਈ ਚਾਲ ਦੱਸ ਰਹੀਆਂ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਪੰਜਾਬ ਪੁਲਿਸ ਦੇ ਜਬਰ ਦਾ ਵਿਰੋਧ ਕਰਨ ਵਾਲਿਆਂ ਜਥੇਬੰਦੀਆਂ ਨੂੰ ਮਾਓਵਾਦ ਦੇ ਰੂਪ 'ਚ ਦੇਖਣਾ ਗਲਤ ਹੈ। ਉਨ੍ਹਾਂ ਪਿਛਲੇ ਦਿਨੀਂ ਕਿਸਾਨ ਆਗੂ ਤਖਤੂਪੁਰਾ ਦੇ ਕਤਲ ਵਿਰੁਧ ਆਵਾਜ਼ ਉਠਾਉਣ ਦੀ ਮਿਸਾਲ ਵੀ ਦਿੱਤੀ।

## ਬੇਕਰਜ਼ਫੀਲਡ 'ਚ ਨਵੇਂ ਗੁਰੂਘਰ ਦਸ਼ਮੇਸ਼ ਦਰਬਾਰ ਦਾ ਉਦਘਾਟਨ 10 ਜੂਨ ਨੂੰ

**ਬੇਕਰਜ਼ਫੀਲਡ (ਮਨਦੀਪ ਮਾਨ):** ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਇਸ ਸ਼ਹਿਰ ਵਿਚ ਨਵੇਂ ਬਣੇ ਗੁਰਦੁਆਰਾ ਦਸ਼ਮੇਸ਼ ਦਰਬਾਰ ਦਾ ਉਦਘਾਟਨ ਵੀਰਵਾਰ 10 ਜੂਨ ਨੂੰ ਸਵੇਰੇ 9 ਵਜੇ ਸੰਤਾਂ-ਮਹਾਂਪੁਰਖਾਂ ਦੀ ਹਾਜ਼ਰੀ ਵਿਚ ਪੰਜ ਸਿੰਘ ਸਾਹਿਬਾਨ ਵਲੋਂ ਟੱਕ ਲਾ ਕੇ ਕੀਤਾ ਜਾਏਗਾ। ਇਸ ਮੌਕੇ ਪਹੁੰਚ ਰਹੇ ਸਿੰਘ ਸਾਹਿਬਾਨ ਵਿਚ ਸਿੱਖ ਪੰਥ ਦੀ ਮਹਾਨ ਹਸਤੀ ਗਿਆਨੀ ਮਲ ਸਿੰਘ (ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ), ਸੰਤ ਬਾਬਾ ਹਰੀ ਸਿੰਘ ਰੰਧਾਵੇ ਵਾਲੇ, ਸੰਤ ਬਾਬਾ ਬਲਜਿੰਦਰ ਸਿੰਘ ਜੀ ਰਾੜਾ ਸਾਹਿਬ ਵਾਲੇ, ਗਿਆਨੀ ਸਾਹਿਬ ਸਿੰਘ ਜੀ ਕੈਨੇਡਾ ਵਾਲੇ ਅਤੇ ਸੰਤ ਬਾਬਾ ਕਸ਼ਮੀਰਾ ਸਿੰਘ ਜੀ ਅਲਹੇਰਾਂ ਸਾਹਿਬ ਵਾਲੇ ਸ਼ਾਮਲ ਹਨ।

ਇਸ ਸਮਾਗਮ ਸਬੰਧੀ ਸ੍ਰੀ ਅਖੰਡਪਾਠ ਦਾ ਆਰੰਭ 10 ਜੂਨ ਵੀਰਵਾਰ ਨੂੰ ਸਵੇਰੇ 10 ਵਜੇ ਹੋਵੇਗਾ ਅਤੇ ਭੋਗ 12 ਜੂਨ ਸਨਿਚਰਵਾਰ ਸਵੇਰੇ 10 ਵਜੇ ਪਵੇਗਾ। ਇਸ ਮੌਕੇ ਨਵੇਂ ਨਿਸ਼ਾਨ ਸਾਹਿਬ ਦੀ ਸੇਵਾ ਵੀ ਕੀਤੀ ਜਾਏਗੀ। ਸਾਰਾ ਦਿਨ ਕਥਾ ਅਤੇ ਕੀਰਤਨ ਦੇ ਮਹਾਨ ਦੀਵਾਨ ਸੱਜਣਗੇ ਜਿਨ੍ਹਾਂ ਵਿਚ ਸਾਰੇ ਮਹਾਂਪੁਰਖ ਹਾਜ਼ਰੀਆਂ ਭਰਨਗੇ। ਗੁਰੂ ਕਾ ਲੰਗਰ ਅਤੁਟ ਵਰਤੇਗਾ।

ਇਹ ਨਵਾਂ ਗੁਰੂਘਰ 7000 ਵਾਈਬਲ ਰੋਡ ਤੇ ਸਥਿਤ ਹੈ। ਗੁਰੂਘਰ ਦੇ ਪ੍ਰਬੰਧਕਾਂ ਵਲੋਂ ਸਮੂਹ ਸੰਗਤਾਂ ਨੂੰ ਹਾਜ਼ਰੀਆਂ ਭਰ ਕੇ ਜੀਵਨ ਸਫਲਾ ਕਰਨ ਦੀ ਬੇਨਤੀ ਕੀਤੀ ਗਈ ਹੈ। ਹੋਰ ਜਾਣਕਾਰੀ ਲਈ ਫੋਨ 661-717-2510 ਜਾਂ 661-472-8335 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬ ਟਾਈਮਜ਼

ਸਨਿਚਰਵਾਰ, 5 ਜੂਨ, 2010


*ਤੁਸੀਂ ਲੰਬੇ ਸਮੇਂ ਤਕ ਅਜਿਹੀ ਵਿਵਸਥਾ ਬਣਾ ਕੇ ਨਹੀਂ ਰੱਖ ਸਕਦੇ, ਜਿਹੜੀ ਨਾਬਰਾਬਰੀ ਨੂੰ ਹੱਲਾਸ਼ੇਰੀ ਦਿੰਦੀ ਹੋਵੇ। -ਰਾਬਰਟ ਯੂਜਨੇਰ*

## ਨਕਸਲੀਆਂ ਦਾ ਇਕ ਹੋਰ ਹਮਲਾ

ਮੁੰਬਈ ਜਾ ਰਹੀ ਇਕ ਐਕਸਪ੍ਰੈਸ ਰੇਲ ਗੱਡੀ ਉਪਰ 28 ਮਈ ਦੀ ਰਾਤ ਨੂੰ ਪੱਛਮੀ ਬੰਗਾਲ ਦੇ ਝਾੜਗਰਾਮ ਵਿਖੇ ਕੀਤੇ ਗਏ ਇਕ ਭੰਨਤੋੜ ਦੇ ਕਾਰਨਾਮੇ ਵਿਚ ਰੇਲ ਗੱਡੀਆਂ ਦੇ ਪਲਟਣ ਅਤੇ ਭਿੜਨ ਕਾਰਨ ਤਕਰੀਬਨ 100 ਵਿਅਕਤੀਆਂ ਦੀ ਮੌਤ ਹੋ ਗਈ ਅਤੇ 200 ਦੇ ਕਰੀਬ ਜ਼ਖ਼ਮੀ ਹੋ ਗਏ। ਇਸ ਤੋਂ ਇਲਾਵਾ 13 ਡੱਬੇ ਪਟੜੀ ਤੋਂ ਉਤਰ ਗਏ। ਪ੍ਰਧਾਨ ਮੰਤਰੀ ਸਮੇਤ ਕਈ ਸੀਨੀਅਰ ਆਗੂਆਂ ਨੇ ਨਕਸਲੀਆਂ ਦੇ ਇਸ ਹਮਲੇ ਦੀ ਜ਼ੋਰਦਾਰ ਨਿਖੇਧੀ ਕੀਤੀ। ਰਿਪੋਰਟਾਂ ਅਨੁਸਾਰ ਕੋਲਕਾਤਾ ਤੋਂ 150 ਕਿਲੋਮੀਟਰ ਦੂਰ ਪੱਛਮੀ ਮਿਦਨਾਪੁਰ ਜ਼ਿਲੇ ਵਿਚ ਹਾਵੜਾ-ਕੁਰਲਾ ਲੋਕਮਾਨਿਆ ਤਿਲਕ ਗਿਆਨੇਸ਼ਵਰ ਸੁਪਰ ਡੀਲਕਸ ਐਕਸਪ੍ਰੈਸ ਰੇਲ ਗੱਡੀ 28-29 ਮਈ ਦੀ ਰਾਤ ਨੂੰ ਤਕਰੀਬਨ ਡੇਢ ਵਜੇ, ਖੇਮਾਸੋਲੀ ਅਤੇ ਸਰਦੀਆ ਸਟੇਸ਼ਨ ਵਿਚਾਲੇ ਪਟੜੀ ਤੋਂ ਉੱਤਰ ਗਈ, ਜਿਸ ਕਾਰਨ ਇਹ ਵੱਡਾ ਹਾਦਸਾ ਵਾਪਰਿਆ।

ਰੇਲ ਡੱਬਿਆਂ ਵਿਚ ਬਹੁਤ ਸਾਰੇ ਯਾਤਰੀ ਦੇਰ ਤੱਕ ਫਸੇ ਰਹੇ ਅਤੇ ਉਨ੍ਹਾਂ ਨੂੰ ਸੁਰੱਖਿਆ ਜਵਾਨਾਂ ਨੇ ਗੱਡੀਆਂ ਦੇ ਮਲਬੇ ਨੂੰ ਕੱਟ ਕੇ ਬਾਹਰ ਕੱਢਿਆ। ਪਟੜੀ ਤੋਂ ਉਤਰੇ 13 ਡੱਬਿਆਂ ਵਿਚੋਂ 4 ਸੱਜੇ ਪਾਸੇ ਵਲ ਡਾਊਨਲਾਈਨ 'ਤੇ ਜਾ ਡਿੱਗੇ। ਐਨ ਉਸੇ ਸਮੇਂ ਡਾਊਨਲਾਈਨ 'ਤੇ ਇਕ ਤੇਜ਼ ਰਫ਼ਤਾਰ ਮਾਲਗੱਡੀ ਲੰਘ ਰਹੀ ਸੀ। ਇਸ ਮਾਲ ਗੱਡੀ ਨਾਲ ਟਕਰਾਉਣ ਵਾਲੇ ਡੱਬੇ ਉੱਕਾ ਹੀ ਪਿਚਕ ਗਏ। ਰਾਹਤ ਕਰਮਚਾਰੀਆਂ ਨੇ ਕਟਰ ਅਤੇ ਹੋਰ ਔਜ਼ਾਰਾਂ ਨਾਲ ਲਾਸ਼ਾਂ ਤੇ ਜ਼ਖ਼ਮੀਆਂ ਨੂੰ ਡੱਬਿਆਂ ਵਿਚੋਂ ਬਾਹਰ ਕੱਢਿਆ।

ਹਾਦਸਾ ਕਿੰਜ ਅਤੇ ਕਿਸ ਕਾਰਨ ਵਾਪਰਿਆ, ਇਸ ਸੰਬੰਧੀ ਵੱਖ-ਵੱਖ ਥਿਊਰੀਆਂ ਸਾਹਮਣੇ ਆ ਰਹੀਆਂ ਹਨ। ਰੇਲ ਮੰਤਰੀ ਅਨੁਸਾਰ ਰੇਲ ਪਟੜੀ 'ਤੇ ਹੋਇਆ ਬੰਬ ਧਮਾਕਾ ਹੀ ਇਸ ਦਾ ਕਾਰਨ ਬਣਿਆ ਜਦਕਿ ਪੱਛਮੀ ਬੰਗਾਲ ਦੇ ਸੀਨੀਅਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਨਕਸਲੀਆਂ ਵਲੋਂ ਭੰਨ-ਤੋੜ ਦੀ ਕਾਰਵਾਈ ਹੈ ਕਿਉਂਕਿ ਪਟੜੀ ਦੀਆਂ ਫਿਸ਼ ਪਲੇਟਾਂ ਉਖੜੀਆਂ ਹੋਈਆਂ ਸਨ। ਧਮਾਕੇ ਬਾਰੇ ਯਕੀਨ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਰਾਜ ਦੇ ਪੁਲਿਸ ਮੁਖੀ ਨੇ ਕਿਹਾ ਕਿ 50 ਮੀਟਰ ਦੇ ਘੇਰੇ ਵਿਚ ਪਟੜੀ ਨੂੰ ਜੋੜਨ ਵਾਲੇ ਕਲਿਪ ਟੁੱਟੇ ਹੋਏ ਮਿਲੇ। ਇਸ ਦੌਰਾਨ ਕੁਝ ਯਾਤਰੀਆਂ ਨੇ ਵੀ ਕਿਹਾ ਹੈ ਕਿ ਉਨ੍ਹਾਂ ਨੇ ਧਮਾਕੇ ਦੀ ਆਵਾਜ਼ ਸੁਣੀ।

ਤ੍ਰਿਣਮੂਲ ਕਾਂਗਰਸ ਦੀ ਪ੍ਰਧਾਨ ਮਮਤਾ ਬੈਨਰਜੀ ਨੇ ਕਿਹਾ ਹੈ ਕਿ ਮੌਕੇ 'ਤੇ ਟੀ. ਐਨ. ਟੀ. ਧਮਾਕਾਖੇਜ਼ ਸਮੱਗਰੀ ਤੇ ਜ਼ਿਲੇਟਿਨ ਦੀਆਂ ਛੜਾਂ ਮਿਲੀਆਂ ਹਨ। ਇਸੇ ਤਰ੍ਹਾਂ ਰੇਲਵੇ ਦੇ ਜਨਰਲ ਮੈਨੇਜਰ ਏ. ਪੀ. ਮਿਸ਼ਰਾ ਨੇ ਵੀ ਪਟੜੀ ਤੋਂ ਇਹ ਸਾਮਾਨ ਮਿਲਣ ਦੀ ਪੁਸ਼ਟੀ ਕੀਤੀ ਹੈ। ਉਧਰ ਰੇਲ ਮੰਤਰੀ ਨੇ ਇਹ ਵੀ ਦੱਸਿਆ ਹੈ ਕਿ ਪੈਟਰੋਲਿੰਗ ਇੰਜਣ ਹਾਦਸੇ ਤੋਂ ਅੱਧਾ ਘੰਟਾ ਪਹਿਲਾਂ ਹਾਦਸੇ ਵਾਲੀ ਥਾਂ ਤੋਂ ਗੁਜ਼ਰਿਆ ਸੀ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਹਾਦਸੇ ਦੇ ਨਜ਼ਦੀਕ ਤੋਂ ਕੁਝ ਅਜਿਹੇ ਪੋਸਟਰ ਵੀ ਮਿਲੇ ਹਨ, ਜਿਨ੍ਹਾਂ ਵਿਚ ਮਾਓਵਾਦੀਆਂ ਵਲੋਂ ਇਸ ਹਾਦਸੇ ਦੀ ਜ਼ਿੰਮੇਵਾਰੀ ਲਈ ਗਈ ਹੈ। ਪੁਲਿਸ ਅਧਿਕਾਰੀ ਇਹ ਵੀ ਆਖਦੇ ਹਨ ਕਿ ਮਾਓਵਾਦੀਆਂ ਨੇ ਆਪਣੇ 'ਕਾਲਾ ਹਫਤਾ' ਮਨਾਉਣ ਦੀ ਰਣਨੀਤੀ ਦੇ ਤਹਿਤ ਹੀ ਇਹ ਹਾਦਸਾ ਵਰਤਾਇਆ।

ਉਧਰ ਨਕਸਲੀਆਂ ਅਤੇ ਨਕਸਲੀਆਂ ਦੇ ਰੂਪ ਵਿਚ ਚੱਲ ਰਹੀ ਇਸ ਆਦਿਵਾਸੀ ਲਹਿਰ ਦੇ ਹਮਾਇਤੀਆਂ ਦਾ ਆਖਣਾ ਹੈ ਕਿ ਨਿਰਦੋਸ਼ ਲੋਕਾਂ ਨੂੰ ਮਾਰਨ ਦੀਆਂ ਅਜਿਹੀਆਂ ਕਾਰਵਾਈਆਂ ਉਨ੍ਹਾਂ ਦੀਆਂ ਨਹੀਂ ਹੋ ਸਕਦੀਆਂ। ਉਨ੍ਹਾਂ ਦਾ ਆਖਣਾ ਹੈ ਕਿ ਬਹੁਤ ਵਾਰੀ ਸਰਕਾਰੀ ਏਜੰਸੀਆਂ ਵੀ ਖ਼ੁਦ ਅਜਿਹੀਆਂ ਕਾਰਵਾਈਆਂ ਨੂੰ ਅੰਜਾਮ ਦੇਣ ਵਿਚ ਆਪਣੀ ਭੂਮਿਕਾ ਨਿਭਾਉਂਦੀਆਂ ਹਨ। ਪਿਛੋਂ ਹਾਦਸੇ ਵਿਚ ਜ਼ਖ਼ਮੀ ਹੋਏ ਜਾਂ ਮਾਰੇ ਗਏ ਲੋਕਾਂ ਨੂੰ ਕੁਝ ਪੈਸੇ ਮੁਆਵਜ਼ੇ ਦੇ ਰੂਪ ਵਿਚ ਵੰਡ ਕੇ ਸਰਕਾਰਾਂ ਸੱਚੀਆਂ ਹੋ ਜਾਂਦੀਆਂ ਹਨ। ਅਜਿਹੀਆਂ ਘਟਨਾਵਾਂ ਦਾ ਅਸਲ ਮਕਸਦ ਸੰਘਰਸ਼ ਕਰ ਰਹੀਆਂ ਧਿਰਾਂ ਨੂੰ ਬਦਨਾਮ ਕਰਨਾ ਹੀ ਹੁੰਦਾ ਹੈ। ਅਜਿਹੀਆਂ ਘਟਨਾਵਾਂ ਦੇ ਵਾਪਰਨ ਤੋਂ ਬਾਅਦ ਸਰਕਾਰੀ ਫੋਰਸਾਂ ਨੂੰ ਲੜ ਰਹੀਆਂ ਧਿਰਾਂ ਨੂੰ ਕੁਚਲਣਾ ਵਧੇਰੇ ਆਸਾਨ ਹੋ ਜਾਂਦਾ ਹੈ।

ਉਪਰੋਕਤ ਹਾਦਸੇ ਦੇ ਪਿੱਛੇ ਕੌਣ ਅਤੇ ਕਿਹੜੀਆਂ ਧਿਰਾਂ ਹਨ ਜਾਂ ਇਹ ਹਾਦਸਾ ਕਿਨ੍ਹਾਂ ਕਾਰਨਾਂ ਕਰਕੇ ਵਾਪਰਿਆ ਹੈ, ਇਸ ਨੂੰ ਸਾਹਮਣੇ ਲਿਆਉਣ ਲਈ ਇਕ ਨਿਰਪੱਖ ਜਾਂਚ ਟੀਮ ਹੀ ਸਹੀ ਢੰਗ ਨਾਲ ਕੰਮ ਕਰ ਸਕਦੀ ਹੈ ਪਰ ਹਾਦਸੇ ਦੇ ਮਾਮਲੇ ਵਿਚ ਕੇਂਦਰ ਸਰਕਾਰ ਅਤੇ ਰਾਜ ਦੀ ਪੁਲਿਸ ਦੇ ਜਿਸ ਕਿਸਮ ਦੇ ਪਰਸਪਰ ਵਿਰੋਧੀ ਬਿਆਨ ਸਾਹਮਣੇ ਆਏ ਹਨ, ਉਸ ਤੋਂ ਜਾਪਦਾ ਹੈ ਕਿ ਦੋਨੋਂ ਧਿਰਾਂ ਨਕਸਲੀਆਂ ਨੂੰ ਇਕ ਦੂਜੇ ਦੇ ਖ਼ਿਲਾਫ਼ ਵਰਤਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਪੱਛਮੀ ਬੰਗਾਲ ਵਿਚ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੀ ਸਰਕਾਰ ਹੈ ਅਤੇ ਇਸ ਪਾਰਟੀ ਦੀ ਕੱਟੜ ਵਿਰੋਧੀ ਬੀਬੀ ਮਮਤਾ ਬੈਨਰਜੀ ਕੇਂਦਰੀ ਰੇਲ ਮੰਤਰੀ ਹੈ। ਹਾਦਸੇ ਦੇ ਕਾਰਨਾਂ ਦੇ ਸੰਬੰਧ ਵਿਚ ਉਹ ਕੁਝ ਹੋਰ ਆਖ ਰਹੀ ਹੈ ਅਤੇ ਰਾਜ ਪੁਲਿਸ ਕੁਝ ਹੋਰ ਕਾਰਨ ਸਾਹਮਣੇ ਲਿਆ ਰਹੀ ਹੈ, ਭਾਵੇਂ ਦੋਵੇਂ ਧਿਰਾਂ ਇਹ ਮੰਨਦੀਆਂ ਹਨ ਕਿ ਕਾਰਵਾਈ ਨਕਸਲੀਆਂ ਦੀ ਹੈ। ਪਿਛਲੇ ਕੁਝ ਸਮੇਂ ਵਿਚ ਪੱਛਮੀ ਬੰਗਾਲ ਸਮੇਤ ਕਈ ਹੋਰ ਰਾਜਾਂ ਵਿਚ ਨਕਸਲਵਾਦ ਦੀਆਂ ਵੱਡੀਆਂ ਘਟਨਾਵਾਂ ਵਾਪਰੀਆਂ ਹਨ। ਫਿਰ ਵੀ ਕੇਂਦਰ ਸਰਕਾਰ ਨਕਸਲੀਆਂ ਖ਼ਿਲਾਫ਼ ਸਖ਼ਤੀ ਦੀ ਬਜਾਏ ਰਾਜ ਸਰਕਾਰ ਨੂੰ ਇਸ ਮਾਮਲੇ ਵਿਚ ਵਧੇਰੇ ਉਲਝਿਆ ਵੇਖਣਾ ਚਾਹੁੰਦੀ ਹੈ। ਇਸ ਮਕਸਦ ਲਈ ਗ੍ਰਹਿ ਮੰਤਰੀ ਪੀ. ਚਿੰਦਬਰਮ ਅਤੇ ਮਮਤਾ ਬੈਨਰਜੀ ਖਾਸ ਤੌਰ 'ਤੇ ਦਿਲਚਸਪੀ ਦਿਖਾ ਰਹੇ ਹਨ। ਅਜਿਹੇ ਹਾਲਾਤ ਵਿਚ ਹਾਦਸੇ ਦੇ ਕਾਰਨਾਂ ਬਾਰੇ ਕੁਝ ਵੀ ਨਹੀਂ ਕਿਹਾ ਜਾ ਸਕਦਾ। ਜਿਸ ਤਰ੍ਹਾਂ ਦੇਸ਼ ਵਿਚ ਦੰਗੇ ਜਾਂ ਹਿੰਸਾ ਨੂੰ ਸਰਕਾਰੀ ਤੌਰ 'ਤੇ ਜਥੇਬੰਦ ਕਰਨ ਦਾ ਇਤਿਹਾਸ ਰਿਹਾ ਹੈ, ਉਸ ਦੇ ਸਿੱਟੇ ਵਜੋਂ ਅਜਿਹਾ ਕੁਝ ਵਾਪਰ ਵੀ ਸਕਦਾ ਹੈ। ਇਸ ਦੇ ਉਲਟ ਉਪਰੋਕਤ ਕਾਰਵਾਈਆਂ ਨਕਸਲੀਆਂ ਦੀਆਂ ਵੀ ਹੋ ਸਕਦੀਆਂ ਹਨ। ਭਾਵੇਂ ਕੋਈ ਵੀ ਧਿਰ ਕਰੇ, ਨਿਰਦੋਸ਼ ਲੋਕਾਂ ਦੇ ਖ਼ੂਨ ਨਾਲ ਹੋਲੀ ਖੇਡਣ ਦਾ ਇਹ ਕਾਰਨਾਮਾ ਲਾਜ਼ਮੀ ਹੀ ਨਿੰਦਿਆ ਜਾਣਾ ਚਾਹੀਦਾ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਮੱਕੜ-ਜਾਲ 'ਚ ਫਸਿਆ ਆਗੂ*

ਪਾਉਂਦੈ ਨੀਵੀਆਂ ਸਾਹਮਣੇ 'ਭਗਵਿਆਂ' ਦੇ, ਪੰਥ-ਦਰਦੀਆਂ ਨੂੰ ਦੇਈ ਤੜੀ ਜਾਂਦਾ।
ਕੌਮੀ ਹੁੰਦਾ ਸਰਮਾਇਆ ਜੋ ਗੋਲਕਾਂ ਦਾ, ਉਤਲੇ ਮਾਲਕਾਂ ਦੀ ਭੇਟਾ ਚੜ੍ਹੀ ਜਾਂਦਾ।
ਪੀੜ੍ਹੀ ਆਪਣੀ ਹੇਠ ਨੂੰ ਝਾਕਦਾ ਨਹੀਂ, ਦੋਸ਼ ਦੂਜਿਆਂ ਉਤੇ ਹੀ ਮੜ੍ਹੀ ਜਾਂਦਾ।
ਰੱਖੀ ਅਹੁਦੇ ਦੀ ਆਨ ਤੇ ਸ਼ਾਨ ਕੋਈ ਨਾ, ਆਪਣਾ ਨਾਮ ਗੁਲਾਮਾਂ ਵਿਚ ਜੜ੍ਹੀ ਜਾਂਦਾ।
ਹੁਕਮ ਚਲਦਾ ਕਿਹਦਾ? ਏਹ ਜੱਗ ਜਾਣੇ, ਲਾਈ ਫੋਕੀਆਂ ਗੱਲਾਂ ਦੀ ਝੜੀ ਜਾਂਦਾ।
ਮੂੰਹ ਮੋੜ ਕੇ ਧਰਮ-ਪ੍ਰਚਾਰ ਵਲੋਂ, ਮੱਕੜ 'ਸਰਨਿਆਂ' ਨਾਲ ਹੀ ਲੜੀ ਜਾਂਦਾ!

# ਝਾਰਖੰਡ 'ਚ ਸਿਆਸੀ ਅਸਥਿਰਤਾ ਕਇਮ ਰਹੇਗੀ?

**ਕਲਿਆਣੀ ਸ਼ੰਕਰ**

ਖਣਿਜ ਬਹੁਲਤਾ ਵਾਲਾ ਝਾਰਖੰਡ ਵਿਧਾਨ ਸਭਾ ਚੋਣਾਂ ਤੋਂ 5 ਮਹੀਨਿਆਂ ਬਾਅਦ ਹੀ ਮੁੜ ਰਾਸ਼ਟਰਪਤੀ ਸ਼ਾਸਨ ਵਲ ਜਾਂਦਾ ਲੱਗ ਰਿਹਾ ਹੈ। ਝਾਰਖੰਡ ਵਿਚ ਪੈਦਾ ਹੋਈ ਸਥਿਤੀ ਲਈ ਨਾ ਸਿਰਫ ਇਥੋਂ ਦੀਆਂ ਖੇਤਰੀ ਪਾਰਟੀਆਂ ਜ਼ਿੰਮੇਵਾਰ ਹਨ, ਸਗੋਂ ਦੇਸ਼ ਦੀਆਂ ਦੋਵੇਂ ਵੱਡੀਆਂ ਕੌਮੀ ਪਾਰਟੀਆਂ ਕਾਂਗਰਸ ਤੇ ਭਾਜਪਾ ਵੀ ਜ਼ਿੰਮੇਵਾਰ ਹਨ, ਜੋ ਮੌਕਾਪ੍ਰਸਤੀ ਦੀ ਸਿਆਸਤ ਖੇਡ ਰਹੀਆਂ ਹਨ।

ਝਾਰਖੰਡ 'ਚ ਪੈਦਾ ਹੋਈ ਅਨਿਸ਼ਚਿਤਤਾ ਚਿੰਤਾਜਨਕ ਹੈ। ਇਥੋਂ ਦੇ ਸੰਕਟ ਦੀ ਸ਼ੁਰੂਆਤ 5 ਮਹੀਨੇ ਪਹਿਲਾਂ ਉਦੋਂ ਹੋਈ ਸੀ, ਜਦੋਂ ਭਾਜਪਾ ਨੇ ਝਾਮੁਮੋ ਦੇ ਮੁਖੀ ਸ਼ਿਬੂ ਸੋਰੇਨ ਨੂੰ ਮੁੱਖ ਮੰਤਰੀ ਬਣਾਉਣ ਲਈ ਸਮਰਥਨ ਕਰਨ ਦਾ ਫੈਸਲਾ ਕੀਤਾ ਸੀ। ਉਦੋਂ ਕਾਂਗਰਸ ਨੇ ਸੋਰੇਨ ਦਾ ਸਮਰਥਨ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਪਿਛਲੇ ਕੁਝ ਹਫਤਿਆਂ ਤੋਂ ਉਥੇ ਇਕ ਅਜਿਹਾ ਮੁੱਖ ਮੰਤਰੀ ਹੈ, ਜੋ ਵਿਧਾਨ ਸਭਾ ਦਾ ਮੈਂਬਰ ਤਕ ਨਹੀਂ ਹੈ। ਉਥੋਂ ਦਾ ਪ੍ਰਸ਼ਾਸਨ ਕੋਈ ਕੰਮ ਨਹੀਂ ਕਰ ਰਿਹਾ। ਇਹ ਕੋਈ ਵੀ ਨਹੀਂ ਜਾਣਦਾ ਕਿ ਇਹ ਸੰਕਟ ਕਿੰਨੀ ਦੇਰ ਤੱਕ ਚੱਲੇਗਾ। ਇਸ ਸੰਕਟ ਦਾ ਇਕੋ-ਇਕ ਹੱਲ ਇਹੋ ਹੈ ਕਿ ਉਥੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਜਾਵੇ।

ਸੰਨ 2000 ਵਿਚ ਝਾਰਖੰਡ ਦੀ ਸਥਾਪਨਾ ਤੋਂ ਬਾਅਦ ਹੁਣ ਤਕ ਇਸ ਸੂਬੇ ਵਿਚ 7 ਮੁੱਖ ਮੰਤਰੀ ਬਣ ਚੁੱਕੇ ਹਨ। ਬੇਸ਼ੱਕ ਇਸ ਸੂਬੇ ਦੇ ਗਠਨ ਤੋਂ ਪਹਿਲਾਂ ਇਥੋਂ ਦੇ ਰਾਜਨੇਤਾਵਾਂ ਨੇ ਲੋਕਾਂ ਨੂੰ 'ਚੰਦ ਲਿਆ ਕੇ ਦੇਣ' ਦਾ ਵਾਅਦਾ ਕੀਤਾ ਸੀ ਪਰ ਖਣਿਜ ਬਹੁਲਤਾ ਵਾਲਾ ਇਹ ਸੂਬਾ ਵਿਕਾਸ ਦੇ ਖੇਤਰ ਵਿਚ ਅੱਜ ਵੀ ਪਛੜਿਆ ਹੋਇਆ ਹੈ। ਤ੍ਰਾਸਦੀ ਇਹ ਹੈ ਕਿ ਝਾਰਖੰਡ ਅੱਜ ਕੁਸ਼ਾਸਨ ਅਤੇ ਭਾਰੀ ਭ੍ਰਿਸ਼ਟਾਚਾਰ ਤੇ ਸਿਆਸੀ ਅਸਥਿਰਤਾ ਦੀ ਮਿਸਾਲ ਬਣ ਗਿਆ ਹੈ। ਇਥੋਂ ਦੇ ਸਿਆਸੀ ਵਰਗ ਨੇ ਇਸ ਸੂਬੇ ਦੇ ਵਿਕਾਸ ਦਾ ਮੌਕਾ ਹੀ ਨਹੀਂ ਗੁਆਇਆ, ਸਗੋਂ ਵੱਡੇ-ਵੱਡੇ ਵਪਾਰੀਆਂ ਤੇ ਸਿਆਸਤਦਾਨਾਂ ਲਈ ਇਸ ਸੂਬੇ ਨੂੰ ਲੁੱਟਣ ਦੇ ਬੂਹੇ ਖੋਲ੍ਹ ਦਿੱਤੇ। ਇਥੇ ਸੱਤਾ 'ਚ ਆਉਣ ਵਾਲੀਆਂ ਸਰਕਾਰਾਂ ਇਸ ਜਨਜਾਤੀ ਬਹੁਲਤਾ ਵਾਲੇ ਸੂਬੇ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ 'ਚ ਵੀ ਨਾਕਾਮ ਰਹੀਆਂ ਹਨ। ਇਥੋਂ ਵਾਸਤੇ ਜੋ ਵੀ ਯੋਜਨਾਵਾਂ ਬਣੀਆਂ, ਉਨ੍ਹਾਂ ਨੂੰ ਲਾਗੂ ਨਹੀਂ ਕੀਤਾ ਗਿਆ। ਇਥੇ ਆਉਣ ਵਾਲੀਆਂ ਤ੍ਰਿਸ਼ੰਕੂ ਵਿਧਾਨ ਸਭਾਵਾਂ ਕਾਰਨ ਇਹ ਸੂਬਾ ਇਸ ਗੱਲ ਦੀ ਵੀ ਮਿਸਾਲ ਬਣ ਗਿਆ ਕਿ ਕਿਸ ਤਰ੍ਹਾਂ ਇਕ ਆਜ਼ਾਦ ਉਮੀਦਵਾਰ (ਮਧੂ ਕੋਡਾ) ਚੋਣਾਂ ਜਿਤ ਕੇ ਉਥੇ ਮੁੱਖ ਮੰਤਰੀ ਬਣ ਸਕਦਾ ਹੈ ਤੇ ਵੱਡੇ-ਵੱਡੇ ਘਪਲੇ ਕਰ ਸਕਦਾ ਹੈ। ਸਿਆਸੀ ਅਸਥਿਰਤਾ ਕਾਰਨ ਸੂਬੇ ਵਿਚ ਵਿਕਾਸ ਰੁਕ ਗਿਆ ਹੈ ਅਤੇ ਸਿਆਸੀ ਪਾਰਟੀਆਂ ਦੀ ਸੱਤਾ ਲਈ ਸੌਦੇਬਾਜ਼ੀ ਵਧ ਗਈ ਹੈ। ਮੌਜੂਦਾ ਸੰਕਟ ਉਦੋਂ ਵਧਿਆ, ਜਦੋਂ ਮੁੱਖ ਮੰਤਰੀ ਸ਼ਿਬੂ ਸੋਰੇਨ ਨੇ 27 ਅਪਰੈਲ ਨੂੰ ਭਾਜਪਾ ਵਲੋਂ ਬਜਟ ਵਿਚ ਲਿਆਂਦੇ ਗਏ ਕਟੌਤੀ ਪ੍ਰਸਤਾਵ 'ਤੇ ਯੂ.ਪੀ.ਏ. ਸਰਕਾਰ ਦਾ ਸਮਰਥਨ ਕੀਤਾ। ਸੁਭਾਵਿਕ ਸੀ ਕਿ ਇਸ ਨਾਲ ਭਾਜਪਾ ਨਾਰਾਜ਼ ਹੁੰਦੀ। ਉਸ ਦੇ ਚੋਟੀ ਦੇ ਨੇਤਾ ਲਾਲ ਕ੍ਰਿਸ਼ਨ ਅਡਵਾਨੀ, ਸੁਸ਼ਮਾ ਸਵਰਾਜ ਤੇ ਅਰੁਣ ਜੇਤਲੀ ਆਦਿ ਫੌਰਨ ਸੋਰੇਨ ਤੋਂ ਪਾਰਟੀ ਦਾ ਸਮਰਥਨ ਵਾਪਿਸ ਲੈਣਾ ਚਾਹੁੰਦੇ ਸਨ ਪਰ ਬਾਅਦ ਵਿਚ ਭਾਜਪਾ ਨੇ ਝਾਰਖੰਡ ਦੀ ਸੱਤਾ 'ਤੇ ਨਜ਼ਰ ਰੱਖਦਿਆਂ ਉਥੇ ਮੌਕਾਪ੍ਰਸਤੀ ਵਾਲੀ ਖੇਡ ਖੇਡਣ ਦਾ ਫੈਸਲਾ ਕੀਤਾ।

ਸ਼ਿਬੂ ਸੋਰੇਨ ਦੇ ਬੇਟੇ ਹੇਮੰਤ ਸੋਰੇਨ ਨਾਲ ਚਾਰ ਹਫਤਿਆਂ ਤਕ ਚੱਲੀ ਗੱਲਬਾਤ ਤੋਂ ਬਾਅਦ ਉਥੇ ਭਾਜਪਾ ਦੀ ਅਗਵਾਈ 'ਚ ਗੱਠਜੋੜ ਸਰਕਾਰ ਬਣਾਉਣ ਦਾ ਫੈਸਲਾ ਕੀਤਾ ਗਿਆ। ਇਸ ਤਹਿਤ ਇਹ ਫੈਸਲਾ ਹੋਇਆ ਕਿ ਹੁਣ ਭਾਜਪਾ ਤੇ ਝਾਮੁਮੋ 28-28 ਮਹੀਨੇ ਰਾਜ ਕਰਨਗੇ। ਪਹਿਲਾਂ 28 ਮਹੀਨੇ ਭਾਜਪਾ ਦਾ ਮੁੱਖ ਮੰਤਰੀ ਹੋਣਾ ਸੀ ਤੇ ਉਸ ਤੋਂ ਬਾਅਦ ਝਾਮੁਮੋ ਦਾ। ਅਜਿਹਾ ਲੱਗਣ ਲੱਗ ਪਿਆ ਸੀ ਕਿ ਹੁਣ ਉਥੇ ਸਭ ਕੁਝ ਠੀਕ ਹੋ ਗਿਆ ਹੈ ਪਰ ਸ਼ਿਬੂ ਸੋਰੇਨ ਨੇ ਰਾਜ ਭਵਨ ਜਾ ਕੇ ਆਪਣਾ ਅਸਤੀਫਾ ਦੇਣ ਦੀ ਬਜਾਏ ਗੱਦੀ 'ਤੇ ਰਹਿਣ ਦਾ ਐਲਾਨ ਕਰਕੇ ਭਾਜਪਾ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ। ਸੋਰੇਨ ਦੇ ਵਤੀਰੇ ਤੋਂ ਨਾਰਾਜ਼ ਭਾਜਪਾ ਨੇ ਵੀ ਬਦਲੇ ਦੀ ਕਾਰਵਾਈ ਕਰਦਿਆਂ ਉਨ੍ਹਾਂ ਦੀ ਸਰਕਾਰ ਤੋਂ ਆਪਣੀ ਹਮਾਇਤ ਵਾਪਿਸ ਲੈ ਲਈ ਤੇ ਸੂਬੇ ਨੂੰ ਇਕ ਗੰਭੀਰ ਸੰਕਟ ਵਿਚ ਫਸਾ ਦਿੱਤਾ। ਕਾਂਗਰਸ ਉਥੇ 'ਦੇਖੋ ਤੇ ਉਡੀਕ ਕਰੋ' ਵਾਲੀ ਖੇਡ ਚਲਾ ਰਹੀ ਹੈ। ਰਾਜਪਾਲ ਨੇ ਸੋਰੇਨ ਨੂੰ ਆਪਣਾ ਬਹੁਮਤ ਸਿੱਧ ਕਰਨ ਲਈ ਇਕ ਹਫਤੇ ਦਾ ਸਮਾਂ ਦਿੱਤਾ ਹੈ ਪਰ ਸਦਨ ਦਾ ਗਣਿਤ ਉਨ੍ਹਾਂ ਦੇ ਅਨੁਕੂਲ ਨਹੀਂ ਹੈ। 82 ਮੈਂਬਰੀ ਵਿਧਾਨ ਸਭਾ ਵਿਚ ਭਾਜਪਾ ਦੇ 18 ਮੈਂਬਰ ਹਨ। ਜਨਤਾ ਦਲ (ਯੂ) ਦੇ 2 ਮੈਂਬਰਾਂ ਨੇ ਵੀ ਸਰਕਾਰ ਤੋਂ ਆਪਣੀ ਹਮਾਇਤ ਵਾਪਿਸ ਲੈ ਲਈ ਹੈ। ਸੋਰੇਨ ਸਰਕਾਰ ਕੋਲ ਇਸ ਸਮੇਂ ਸਿਰਫ 25 ਵਿਧਾਇਕ ਹਨ, ਜਿਨ੍ਹਾਂ ਵਿਚ ਝਾਰਖੰਡ ਮੁਕਤੀ ਮੋਰਚਾ ਦੇ 18, ਏ ਜੇ ਐਸ ਯੂ ਦੇ 5 ਤੇ 2 ਹੋਰ ਆਗੂ ਸ਼ਾਮਲ ਹਨ।

ਝਾਮੁਮੋ ਦੇ ਮੁਖੀ ਸ਼ਿਬੂ ਸੋਰੇਨ ਹੁਣ ਸਮਰਥਨ ਲਈ ਕਾਂਗਰਸ ਵਲ ਦੇਖ ਰਹੇ ਹਨ, ਜਿਸਦੇ 14 ਵਿਧਾਇਕ ਹਨ। ਕਾਂਗਰਸ ਦੇ ਸਹਿਯੋਗੀ ਝਾਰਖੰਡ ਵਿਕਾਸ ਮੋਰਚਾ ਦੇ 11 ਮੈਂਬਰ ਹਨ, ਜਿਸ ਦੇ ਨੇਤਾ ਬਾਬੂ ਲਾਲ ਮਰਾਂਡੀ ਹਨ, ਪਰ ਮਰਾਂਡੀ ਝਾਮੁਮੋ ਦਾ ਸਮਰਥਨ ਕਰਨ ਲਈ ਤਿਆਰ ਨਹੀਂ ਹਨ। ਜਦੋਂ ਤਕ ਝਾਰਖੰਡ ਵਿਚ ਇਹ ਤਿੰਨੋਂ ਪ੍ਰਮੁੱਖ ਪਾਰਟੀਆਂ ਆਪਸ ਵਿਚ ਮਿਲ ਕੇ ਕਿਸੇ ਬਦਲ 'ਤੇ ਸਹਿਮਤ ਨਹੀਂ ਹੁੰਦੀਆਂ, ਉਦੋਂ ਤਕ ਉਥੇ ਸਥਿਰ ਸਰਕਾਰ ਬਣਾ ਸਕਣਾ ਸੰਭਵ ਨਹੀਂ ਹੋਵੇਗਾ।

ਹੁਣ ਸਵਾਲ ਉਠਦਾ ਹੈ ਕਿ ਕੀ ਝਾਰਖੰਡ ਇਸ ਸੰਕਟ 'ਚੋਂ ਨਿਕਲ ਸਕੇਗਾ? ਹੁਣ ਉਥੇ ਕੀ ਬਦਲ ਮੁਹੱਈਆ ਹੋ ਸਕਦੇ ਹਨ?

ਪਹਿਲਾ ਇਹ ਕਿ ਸ਼ਿਬੂ ਸੋਰੇਨ ਕਾਂਗਰਸ ਤੇ ਆਜ਼ਾਦ ਵਿਧਾਇਕਾਂ ਦਾ ਸਮਰਥਨ ਹਾਸਿਲ ਕਰਕੇ ਬਹੁਮਤ ਦੇ ਜਾਦੂਈ ਅੰਕੜੇ ਤੱਕ ਪਹੁੰਚਣ 'ਚ ਸਫਲ ਹੋ ਜਾਣ ਪਰ ਫਿਲਹਾਲ ਅਜਿਹਾ ਹੁੰਦਾ ਨਜ਼ਰ ਨਹੀਂ ਆਉਂਦਾ। ਸਥਾਨਕ ਕਾਂਗਰਸੀ ਨੇਤਾ ਝਾਰਖੰਡ ਮੁਕਤੀ ਮੋਰਚੇ ਦਾ ਸਮਰਥਨ ਕਰਨ ਦੇ ਪੱਖ ਵਿਚ ਦਿਖਾਈ ਨਹੀਂ ਦਿੰਦੇ ਹਨ।

ਦੂਜੀ ਗੱਲ ਇਹ ਹੈ ਕਿ ਕਾਂਗਰਸ ਤਾਂ ਹੀ ਸਮਰਥਨ ਦੇ ਸਕਦੀ ਹੈ, ਜੇ ਮਰਾਂਡੀ ਨੂੰ ਮੁੱਖ ਮੰਤਰੀ ਬਣਾਇਆ ਜਾਵੇ ਜਾਂ ਮਰਾਂਡੀ ਧੜਾ ਕਾਂਗਰਸ ਦੀ ਹਮਾਇਤ ਕਰੇ। ਮਰਾਂਡੀ ਕਾਂਗਰਸ ਨੂੰ ਬਾਹਰੋਂ ਹਮਾਇਤ ਦੇਣ ਦੇ ਚਾਹਵਾਨ ਹਨ ਪਰ ਉਹ ਕਾਂਗਰਸ ਵਿਚ ਆਪਣੀ ਪਾਰਟੀ ਨੂੰ ਮਿਲਾਉਣਾ ਨਹੀਂ ਚਾਹੁੰਦੇ। ਕਾਂਗਰਸ ਦੇ ਅੰਦਰੂਨੀ ਜਾਣਕਾਰਾਂ ਦਾ ਕਹਿਣਾ ਹੈ ਕਿ ਕਾਂਗਰਸ ਚਾਹੁੰਦੀ ਹੈ ਕਿ ਮਰਾਂਡੀ ਧੜਾ ਕਾਂਗਰਸ ਵਿਚ ਸ਼ਾਮਿਲ ਹੋ ਜਾਵੇ ਪਰ ਜਨਜਾਤੀ ਨੇਤਾ ਅਜਿਹਾ ਨਹੀਂ ਚਾਹੁੰਦੇ।

ਤੀਜਾ ਬਦਲ ਇਹ ਹੈ ਕਿ ਵਿਧਾਨ ਸਭਾ ਨੂੰ ਮੁਅੱਤਲ ਕਰਕੇ ਸੂਬੇ ਵਿਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਜਾਵੇ।

ਅਜਿਹਾ ਨਹੀਂ ਹੈ ਕਿ ਛੋਟੇ ਸੂਬੇ ਸਹੀ ਢੰਗ ਨਾਲ ਕੰਮ ਨਹੀਂ ਕਰ ਰਹੇ। ਹਰਿਆਣਾ, ਹਿਮਾਚਲ, ਛੱਤੀਸਗੜ੍ਹ ਤੇ ਉਤਰਾਖੰਡ ਵਰਗੇ ਛੋਟੇ ਸੂਬੇ ਅਸਥਿਰ ਸਿਆਸਤ ਦਾ ਸ਼ਿਕਾਰ ਨਹੀਂ ਹਨ। ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਉਪਰੋਕਤ ਸੂਬਿਆਂ ਵਿਚ ਦੋ-ਦਲੀ ਪ੍ਰਣਾਲੀ ਜੜ੍ਹਾਂ ਜਮਾ ਚੁੱਕੀ ਹੈ। ਸਮੱਸਿਆ ਉਨ੍ਹਾਂ ਸੂਬਿਆਂ ਵਿਚ ਹੈ, ਜਿੱਥੇ ਕਈ ਖੇਤਰੀ ਪਾਰਟੀਆਂ ਹਨ।

ਅਜਿਹੀ ਸਥਿਤੀ ਝਾਰਖੰਡ ਤੇ ਉੱਤਰ-ਪੂਰਬ ਵਿਚ ਹੈ। ਇਨ੍ਹਾਂ ਸੂਬਿਆਂ ਵਿਚ ਕੁਝ ਮੁੱਠੀ ਭਰ ਵਿਧਾਇਕ ਹੀ ਸਰਕਾਰ ਦਾ ਤਖ਼ਤਾ ਪਲਟ ਸਕਦੇ ਹਨ। ਤ੍ਰਾਸਦੀ ਇਹ ਹੈ ਕਿ ਝਾਰਖੰਡ ਵਰਗੇ ਸੂਬੇ ਵਿਚ ਸਿਆਸਤਦਾਨਾਂ ਦਾ ਨਜ਼ਰੀਆ ਬਹੁਤ ਸੌੜਾ ਬਣ ਗਿਆ ਹੈ, ਜਦਕਿ ਉਨ੍ਹਾਂ ਨੂੰ ਆਪਣਾ ਨਜ਼ਰੀਆ ਵਿਆਪਕ ਬਣਾਉਣਾ ਚਾਹੀਦਾ ਹੈ।

ਝਾਰਖੰਡ ਨੂੰ ਦੇਖ ਕੇ ਮਨ ਵਿਚ ਇਹੀ ਸਵਾਲ ਉੱਠਦਾ ਹੈ ਕਿ ਕੀ ਛੋਟੇ ਸੂਬਿਆਂ ਵਿਚ ਸਿਆਸੀ ਸਥਿਰਤਾ ਹੁੰਦੀ ਹੈ? ਦੇਸ਼ ਦੇ ਕਈ ਛੋਟੇ ਸੂਬਿਆਂ, ਖਾਸ ਕਰਕੇ ਉੱਤਰ-ਪੂਰਬੀ ਸੂਬਿਆਂ, ਝਾਰਖੰਡ ਤੇ ਗੋਆ ਦਾ ਰਿਕਾਰਡ ਦੇਖ ਕੇ ਤਾਂ ਇਹੀ ਲੱਗਦਾ ਹੈ ਕਿ ਇਥੇ ਸਿਆਸੀ ਸਥਿਰਤਾ ਨੂੰ ਹੀ ਸਭ ਤੋਂ ਪਹਿਲਾਂ ਠੇਸ ਪਹੁੰਚਦੀ ਹੈ ਪਰ ਝਾਰਖੰਡ ਵਰਗੇ ਸੂਬੇ ਵਿਚ ਖੇਤਰੀ ਪਾਰਟੀਆਂ ਨੂੰ ਆਪਣੀ ਜ਼ਿੰਮੇਵਾਰੀ ਮਹਿਸੂਸ ਕਰਨੀ ਚਾਹੀਦੀ ਹੈ ਤੇ ਨੈਤਿਕ ਕਦਰਾਂ-ਕੀਮਤਾਂ 'ਤੇ ਆਧਾਰਿਤ ਸਿਆਸਤ ਦੀ ਪਾਲਣਾ ਕਰਨੀ ਚਾਹੀਦੀ ਹੈ। ਮੌਕਾ ਪ੍ਰਸਤੀ ਵਾਲੀ ਸਿਆਸਤ ਹਮੇਸ਼ਾ ਹਾਨੀਕਾਰਕ ਹੀ ਹੁੰਦੀ ਹੈ। ਇਸ ਨਾਲ ਲੰਮੇ ਦਾਅ ਤੋਂ ਨੁਕਸਾਨ ਹੀ ਹੋਵੇਗਾ। ਖਾਸ ਕਰਕੇ ਝਾਰਖੰਡ ਵਾਲਿਆਂ ਨੂੰ ਖੁਦ ਵਧੇਰੇ।

# ਮਨੁੱਖੀ ਅਧਿਕਾਰਾਂ ਦੇ ਮੁੱਦੇ 'ਤੇ ਭਾਰਤ ਦੀ ਆਲੋਚਨਾ

ਵਿਸ਼ਵ ਵਿਚ ਮਨੁੱਖੀ ਅਧਿਕਾਰਾਂ ਦੀ ਸਥਿਤੀ 'ਤੇ ਐਮਨੈਸਟੀ ਇੰਟਰਨੈਸ਼ਨਲ ਵਲੋਂ 2010 ਦੀ ਜਾਰੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਤੀਤ ਵਿਚ ਮਨੁੱਖੀ ਅਧਿਕਾਰ ਉਲੰਘਣ, ਧਾਰਮਿਕ ਘੱਟ ਗਿਣਤੀਆਂ ਦੇ ਖ਼ਿਲਾਫ਼ ਹਿੰਸਾ ਅਤੇ ਦੁਰਵਿਹਾਰ ਦਾ ਸ਼ਿਕਾਰ ਹੋ ਚੁੱਕੇ ਕਈ ਲੋਕਾਂ ਨੂੰ ਨਿਆਂ ਦਿਵਾਉਣ ਵਿਚ ਭਾਰਤ ਦੀ ਨਿਆਂਇਕ ਪ੍ਰਕ੍ਰਿਆ ਅਸਫਲ ਰਹੀ ਹੈ।

ਐਮਨੈਸਟੀ ਇੰਟਰਨੈਸ਼ਨਲ ਦੇ ਅੰਤਰਿਮ ਮੁੱਖ ਸਕੱਤਰ ਕਲਾਡੀਓ ਕਾਡਰੇਨੋ ਨੇ ਇਕ ਇੰਟਰਵਿਊ ਵਿਚ ਕਿਹਾ ਕਿ ਭਾਰਤ ਖੇਤਰੀ ਅਤੇ ਵਿਸ਼ਵ ਪੱਧਰ 'ਤੇ ਅਹਿਮ ਭੂਮਿਕਾ ਨਿਭਾਉਂਦਾ ਹੈ ਅਤੇ ਅਸੀਂ ਭਾਰਤ ਸਰਕਾਰ ਕੋਲ ਮਨੁੱਖੀ ਅਧਿਕਾਰ ਸਬੰਧੀ ਮੁੱਦਿਆਂ ਨੂੰ ਉਠਾਇਆ ਹੈ। ਉਨ੍ਹਾਂ ਕਿਹਾ ਕਿ ਭਾਰਤ ਅਤਿਵਾਦੀ ਖ਼ਤਰਿਆਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਇਹ ਇਕ ਗੰਭੀਰ ਚੁਣੌਤੀ ਹੈ।

ਉਨ੍ਹਾਂ ਹਾਲ ਹੀ ਵਿਚ ਨਿਰਦੋਸ਼ ਨਾਗਰਿਕਾਂ 'ਤੇ ਹੋਏ ਮਾਓਵਾਦੀ ਹਮਲਿਆਂ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਅਸੀਂ ਮਾਓਵਾਦੀਆਂ ਵਲੋਂ ਨਾਗਰਿਕਾਂ 'ਤੇ ਕੀਤੇ ਗਏ ਹਮਲੇ ਦੀ ਨਿੰਦਾ ਕਰਦੇ ਹਾਂ ਅਤੇ ਇਸ ਬਾਰੇ ਬਹੁਤ ਚਿੰਤਤ ਹਾਂ। ਇਕ ਸਵਾਲ ਦੇ ਜਵਾਬ 'ਚ ਕਲਾਡੀਓ ਨੇ ਕਿਹਾ ਕਿ ਐਮਨੈਸਟੀ ਨੇ ਜੰਮੂ-ਕਸ਼ਮੀਰ ਵਿਚ ਮੁੱਢਲੇ ਮੁਆਇਨੇ ਲਈ ਸਾਰੀਆਂ ਪਾਰਟੀਆਂ ਦੇ ਪ੍ਰਤੀਨਿਧੀਆਂ ਨਾਲ ਮਿਲਣ ਲਈ ਇਕ ਵਫਦ ਭੇਜਿਆ ਹੈ। ਕਲਾਡੀਓ ਨੇ ਕਿਹਾ ਕਿ ਅਸੀਂ ਅਹਿਤਿਆਤਿਨ ਹਿਰਾਸਤ ਅਤੇ ਹਥਿਆਰਬੰਦ ਬਲਾਂ ਅਤੇ ਅਤਿਵਾਦੀਆਂ ਦੋਵਾਂ ਦੀਆਂ ਕੁਝ ਸਰਗਰਮੀਆਂ ਤੋਂ ਚਿੰਤਤ ਹਾਂ। ਜੰਮੂ-ਕਸ਼ਮੀਰ ਵਿਚ ਅਤਿਵਾਦੀਆਂ ਨੇ ਹਿੰਦੂਆਂ ਅਤੇ ਮੁਸਲਮਾਨਾਂ 'ਤੇ ਹਮਲੇ ਕੀਤੇ ਅਤੇ ਹਥਿਆਰਬੰਦ ਲੋਕਾਂ ਨੇ ਵੀ ਕੁਝ ਜ਼ਿਆਦਤੀਆਂ ਕੀਤੀਆਂ। ਉਨ੍ਹਾਂ ਦਾਅਵਾ ਕੀਤਾ ਕਿ 2008 ਦੇ ਮੁੰਬਈ ਹਮਲਿਆਂ ਦੇ ਮੱਦੇਨਜ਼ਰ ਲਿਆਂਦੇ ਗਏ ਅਤਿਵਾਦ ਵਿਰੋਧੀ ਅਤੇ ਸੁਰੱਖਿਆ ਦੇ ਤਾਰ ਹਿਰਾਸਤ ਅਤੇ ਤਸ਼ੱਦਦ ਸੰਬੰਧੀ ਖ਼ਬਰਾਂ ਨਾਲ ਜੁੜੇ ਹਨ। ਉਨ੍ਹਾਂ ਕਿਹਾ ਕਿ ਮੁੰਬਈ ਵਿਚ 2008 ਦੇ ਅਤਿਵਾਦੀ ਹਮਲਿਆਂ ਦੀ ਜਾਂਚ ਦੇ ਕਾਰਨ ਸੁਰੱਖਿਆ ਕਾਨੂੰਨ ਤਹਿਤ ਕਈ ਰਾਜਾਂ ਵਿਚ 30 ਤੋਂ ਜ਼ਿਆਦਾ ਸ਼ੱਕੀਆਂ ਨੂੰ ਬਗੈਰ ਕਿਸੇ ਦੋਸ਼ ਦੇ ਇਕ ਹਫਤੇ ਤੋਂ 2 ਮਹੀਨਿਆਂ ਤੱਕ ਹਿਰਾਸਤ ਵਿਚ ਰੱਖਿਆ ਗਿਆ।

ਰਿਪੋਰਟ ਅਨੁਸਾਰ ਕਈ ਰਾਜਾਂ ਵਿਚ ਰਹਿਣ ਵਾਲੇ ਭੂਮੀਹੀਣ ਕਿਸਾਨ ਅਤੇ ਆਦਿਵਾਸੀਆਂ ਸਮੇਤ ਕਈ ਪਛੜੇ ਭਾਈਚਾਰਿਆਂ ਨੂੰ ਜ਼ਬਰਦਸਤੀ ਉਦਯੋਗਿਕ ਅਤੇ ਹੋਰ ਵਪਾਰਕ ਪ੍ਰਾਜੈਕਟਾਂ ਲਈ ਉਥੋਂ ਬੇਦਖਲ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ। ਕੁਝ ਮਾਮਲਿਆਂ 'ਚ ਆਦਿਵਾਸੀਆਂ ਨੂੰ ਉਸ ਜ਼ਮੀਨ ਤੋਂ ਬੇਦਖਲ ਕਰਨ ਦੀ ਧਮਕੀ ਦਿੱਤੀ ਗਈ, ਜੋ ਕਿ ਭਾਰਤੀ ਸੰਵਿਧਾਨ ਵਿਚ ਵਿਸ਼ੇਸ਼ ਤੌਰ 'ਤੇ ਉਨ੍ਹਾਂ ਦੀ ਦੱਸੀ ਗਈ ਹੈ।

ਗੁਜਰਾਤ ਵਿਚ ਫਿਰਕੂ ਹਿੰਸਾ ਦਾ ਜ਼ਿਕਰ ਕਰਦੇ ਹੋਏ ਰਿਪੋਰਟ ਕਹਿੰਦੀ ਹੈ ਕਿ ਗੁਜਰਾਤ ਵਿਚ 2002 ਵਿਚ ਮੁਸਲਿਮ ਘੱਟ ਗਿਣਤੀ 'ਤੇ ਹਮਲਿਆਂ ਅਤੇ ਰਾਜ ਵਿਚ ਨਿਆਂ ਨੂੰ ਛਿੱਕੇ ਟੰਗ ਕੇ ਲੋਕਾਂ ਦੀ ਹੱਤਿਆ ਸਮੇਤ ਮਨੁੱਖੀ ਅਧਿਕਾਰ ਉਲੰਘਣ ਦੇ ਕਈ ਮਾਮਲਿਆਂ ਲਈ ਜ਼ਿੰਮੇਵਾਰ ਜ਼ਿਆਦਾਤਰ ਲੋਕਾਂ ਨੂੰ ਨਿਆਂ ਦੇ ਘੇਰੇ ਵਿਚ ਨਹੀਂ ਲਿਆਂਦਾ ਗਿਆ।

ਰਿਪੋਰਟ ਅਨੁਸਾਰ ਉੜੀਸਾ ਵਿਚ ਹਿੰਦੂ ਰਾਸ਼ਟਰਵਾਦੀ ਸੰਸਥਾ ਦੇ ਸੈਂਕੜੇ ਵਰਕਰਾਂ ਦੀ ਹਿੰਸਾ ਤੋਂ ਬਾਅਦ ਲਗਪਗ 15 ਹਜ਼ਾਰ ਲੋਕ ਬੇਘਰ ਹੋ ਗਏ, ਜਿਨ੍ਹਾਂ ਵਿਚ ਜ਼ਿਆਦਾਤਰ ਈਸਾਈ ਸਨ। ਮਾਓਵਾਦੀਆਂ ਅਤੇ ਸਰਕਾਰ ਵਿਚਾਲੇ ਚਲ ਰਹੀ ਲੜਾਈ ਹਾਲੇ ਵੀ ਜਾਰੀ ਹੈ। ਦੋਵੇਂ ਧਿਰਾਂ ਆਮ ਆਦਮੀ ਨੂੰ ਨਿਸ਼ਾਨਾ ਬਣਾ ਰਹੀਆਂ ਹਨ। ਦੇਸ਼ ਵਿਚ ਵੱਖ-ਵੱਖ ਹਿੱਸਿਆਂ ਵਿਚ ਬੰਬ ਧਮਾਕੇ ਹੋ ਰਹੇ ਹਨ, ਜਵਾਬ ਵਿਚ ਸਰਕਾਰ ਨੇ ਆਪਣੀ ਮਰਜ਼ੀ ਨਾਲ ਲੋਕਾਂ ਨੂੰ ਹਿਰਾਸਤ ਵਿਚ ਲੈ ਕੇ ਉਨ੍ਹਾਂ 'ਤੇ ਤਸ਼ੱਦਦ ਕੀਤਾ। ਨਿਆਂ ਪ੍ਰਕ੍ਰਿਆ ਫਿਰਕੂ ਹਿੰਸਾ 'ਚ ਪੀੜਤਾਂ ਨੂੰ ਇਨਸਾਫ ਦਿਵਾਉਣ ਵਿਚ ਅਸਫਲ ਰਹੀ। ਭਾਰਤ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਇਤਿਹਾਸ 'ਤੇ ਵੀ ਰਿਪੋਰਟ ਵਿਚ ਟਿੱਪਣੀਆਂ ਹਨ।

*-ਪੰਜਾਬ ਟਾਈਮਜ਼ ਬਿਊਰੋ*

# ਸਾਹਨੀ-ਚਾਵਲਾ ਵਿਵਾਦ ਨਾਲ ਭਾਜਪਾ ਦਾ ਅੰਦਰੂਨੀ ਕਲੇਸ਼ ਬੇਪਰਦ

**ਪ੍ਰੋ. ਬਲਬੀਰ ਕੌਰ ਕਾਹਲੋਂ**

ਭਾਰਤੀ ਜਨਤਾ ਪਾਰਟੀ ਹਮੇਸ਼ਾ ਇਹ ਦਾਅਵਾ ਕਰਦੀ ਹੈ ਕਿ ਉਹ ਸੱਤਾ ਵਿਚ ਆਉਣ ਉਪਰੰਤ ਇਕ ਨਿਵੇਕਲੇ ਤਰ੍ਹਾਂ ਦਾ ਵਧੀਆ ਸ਼ਾਸਨ ਭਾਰਤੀ ਜਨਤਾ ਨੂੰ ਪ੍ਰਦਾਨ ਕਰੇਗੀ। ਉਸ ਦੀ ਸ਼ਾਸਕੀ ਚਾਲ, ਚਰਿੱਤਰ ਅਤੇ ਚਿਹਰਾ ਉਚ ਰਾਜਨੀਤਕ, ਪ੍ਰਸ਼ਾਸਨਿਕ ਅਤੇ ਸਭਿਅਕ ਕਦਰਾਂ ਕੀਮਤਾਂ ਭਰਿਆ ਹੋਵੇਗਾ। ਪਰ ਨਾ ਤਾਂ ਕੇਂਦਰ ਵਿਚ, ਨਾ ਹੀ ਰਾਜਾਂ ਅੰਦਰ ਉਹ ਆਪਣੀ ਅਗਵਾਈ ਵਾਲੀਆਂ ਸਰਕਾਰਾਂ ਵੇਲੇ ਭਾਰਤ ਅੰਦਰ ਪ੍ਰਚਲਤ ਰਾਜਨੀਤਕ, ਪ੍ਰਸ਼ਾਸਨਿਕ ਅਤੇ ਸੰਵਿਧਾਨਕ ਤੌਰ 'ਤੇ ਕੋਈ ਮਹੱਤਵਪੂਰਨ ਤਬਦੀਲੀ ਲਿਆ ਸਕੀ। ਉਲਟਾ ਦੇਸ਼ ਦੀ ਆਜ਼ਾਦੀ ਤੋਂ ਬਾਅਦ ਕੇਂਦਰ ਅਤੇ ਰਾਜਾਂ ਵਿਚ ਸੱਤਾ ਵਿਚ ਰਹੀ ਕਾਂਗਰਸ ਪਾਰਟੀ ਵਲੋਂ ਸਥਾਪਿਤ ਰਾਜਨੀਤਕ, ਪ੍ਰਸ਼ਾਸਨਿਕ ਅਤੇ ਸੰਵਿਧਾਨਕ ਸਭਿਆਚਾਰ ਦੀ ਸ਼ਿਕਾਰ ਹੋ ਗਈ। ਸੰਘ ਪਰਿਵਾਰ ਤੇ ਆਰ.ਐਸ.ਐਸ. ਦੀ ਵਿਚਾਰਧਾਰਕ ਅਤੇ ਅਨੁਸ਼ਾਸਨਿਕ ਪਕੜ ਵੀ ਭਾਜਪਾ ਦੀ ਚਾਲ, ਚਰਿੱਤਰ ਅਤੇ ਚਿਹਰੇ ਵਿਚ ਕੋਈ ਤਬਦੀਲੀ ਨਹੀਂ ਲਿਆ ਸਕੀ। ਭਾਜਪਾ ਦੀ ਅੰਦਰੂਨੀ ਖਾਨਾਜੰਗੀ, ਸੱਤਾ ਪੱਖ, ਪਰਿਵਾਰਵਾਦ, ਭ੍ਰਿਸ਼ਟਾਚਾਰ, ਚਮਚਾਗਿਰੀ, ਲੋਕ-ਲੁਭਾਊ ਨੀਤੀਆਂ ਸਬੰਧੀ ਰਾਜਨੀਤਕ ਸਭਿਆਚਾਰ ਦੀ ਸ਼ਿਕਾਰ ਹੁੰਦੀ ਗਈ। ਕਾਂਗਰਸ ਦੀ ਹਾਈਕਮਾਂਡ ਵਾਂਗ ਭਾਜਪਾ ਹਾਈ ਕਮਾਂਡ ਨੇ ਵੀ ਰਾਜਾਂ ਅੰਦਰ ਮੁੱਖ ਮੰਤਰੀਆਂ, ਮੰਤਰੀਆਂ, ਪਾਰਟੀ ਪ੍ਰਧਾਨਾਂ ਦੀ ਅਦਲਾ-ਬਦਲੀ ਕਰਨੀ ਅਰੰਭ ਦਿੱਤੀ।





ਝਾਰਖੰਡ ਕੇਸ ਵਿਚ ਸੱਤਾ ਹਵਸ ਲਈ ਨਵੇਂ ਬਣੇ ਪ੍ਰਧਾਨ ਗਡਕਰੀ ਦੀ ਅਗਵਾਈ 'ਚ ਜੋ ਜੱਗੋਂ ਤੇਰਵੀਂ ਹੋਈ ਹੈ, ਉਹ ਜੱਗ ਜ਼ਾਹਿਰ ਹੈ। ਪੰਜਾਬ ਪ੍ਰਾਂਤ ਵਿਚ ਵੀ ਭਾਜਪਾ ਐਸੇ ਰਾਜਨੀਤਕ ਸਭਿਆਚਾਰ ਦੀ ਦੁਰਗੰਧ ਭਰੀ ਦਲਦਲ ਵਿਚ ਧਸਦੀ ਗਈ। ਅੱਜ-ਕੱਲ੍ਹ ਇਸ ਦੀ ਪ੍ਰਤੱਖ ਮਿਸਾਲ ਰਾਜ ਅੰਦਰ ਅਕਾਲੀ ਸਿਆਸਤਦਾਨ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਚਲ ਰਹੀ ਅਕਾਲੀ-ਭਾਜਪਾ ਗਠਜੋੜ ਦੀ ਸਰਕਾਰ ਹੈ। ਭਾਜਪਾ ਨਾਲ ਸਬੰਧਿਤ ਸਿਹਤ ਮੰਤਰੀ ਬੀਬੀ ਲਕਸ਼ਮੀ ਕਾਂਤਾ ਚਾਵਲਾ ਅਤੇ ਮੁੱਖ ਸੰਸਦੀ ਸਕੱਤਰ ਜਗਦੀਸ਼ ਚੰਦਰ ਸਾਹਨੀ ਦਰਮਿਆਨ ਭ੍ਰਿਸ਼ਟਾਚਾਰ ਅਤੇ ਕਾਨੂੰਨ ਵਿਰੋਧੀ ਮੁੱਦਿਆਂ ਨੂੰ ਲੈ ਕੇ ਲੜਾਈ ਪਬਲਿਕ ਪੱਧਰ 'ਤੇ ਉਗਰ ਰੂਪ ਧਾਰਨ ਕਰ ਚੁੱਕੀ ਹੈ। ਇਹ ਖਾਨਾਜੰਗੀ ਅਤੇ ਦੁਸ਼ਣਬਾਜ਼ੀ ਬਣ ਗਈ ਹੈ।

ਦਰਅਸਲ ਪੰਜਾਬ ਅੰਦਰ ਮਾਰਚ 2007 ਵਿਚ ਗਠਤ ਹੋਈ ਅਕਾਲੀ-ਭਾਜਪਾ ਸਰਕਾਰ ਵਿਚ ਸ਼ਾਮਲ ਇਹ ਦੋਵੇਂ ਭਾਜਪਾ ਆਗੂ ਆਪਹੁਦਰੇ, ਹੰਕਾਰੀ, ਵਿਵਾਦਮਈ ਕਾਰਨਾਮਿਆਂ ਕਰਕੇ ਸੁਰਖੀਆਂ ਵਿਚ ਰਹੇ ਹਨ ਜਿਸ ਕਰਕੇ ਰਾਜ ਅੰਦਰ ਭਾਜਪਾ ਦੀ ਸ਼ਾਖ ਨੂੰ ਭਾਰੀ ਧੱਕਾ ਲੱਗਿਆ ਹੈ। ਜਗਦੀਸ਼ ਸਾਹਨੀ, ਜੋ ਇਕ ਉੱਘੇ ਟਰਾਂਸਪੋਰਟਰ ਵੀ ਹਨ, ਦੀਆਂ ਧੜੱਲੇਦਾਰ ਆਪਹੁਦਰੀਆਂ ਕਾਰਵਾਈਆਂ ਕਰਕੇ ਪਾਰਟੀ ਨੂੰ ਵੱਡਾ ਨੁਕਸਾਨ ਅਤੇ ਸ਼ਰਮਿੰਦਗੀ ਉਠਾਉਣੀ ਪੈਂਦੀ ਰਹੀ ਹੈ। ਪ੍ਰਮੁੱਖ ਤੌਰ 'ਤੇ ਉਨ੍ਹਾਂ ਵਲੋਂ ਆਪਣੀ ਸਪੁੱਤਰੀ ਨੂੰ ਬਟਾਲਾ (ਗੁਰਦਾਸਪੁਰ) ਮਿਉਂਸਪਲ ਕਮੇਟੀ ਦੀ ਪ੍ਰਧਾਨ ਬਣਾਉਣ ਦੀ ਜ਼ਿੱਦ ਕਰਕੇ, ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਹੈਂਕੜ ਭਰੇ ਸਲੂਕ ਕਰਕੇ, ਧੜੱਲੇ ਨਾਲ ਵਿਵਾਦਤ ਤੌਰ 'ਤੇ ਆਪਣੀਆਂ ਬੱਸਾਂ ਚਲਾਉਣ ਆਦਿ ਅਤੇ ਆਪਣੇ ਰਿਸ਼ਤੇਦਾਰਾਂ ਵਲੋਂ ਚਲਾਏ ਜਾਂਦੇ ਹਸਪਤਾਲਾਂ ਵਿਚ ਕੀਤੇ ਜਾਂਦੇ ਗੈਰਕਾਨੂੰਨੀ ਕਾਰਨਾਮਿਆਂ ਨੂੰ ਸਰਪ੍ਰਸਤੀ ਦੇਣ ਕਰਕੇ ਅਜਿਹਾ ਹੁੰਦਾ ਰਿਹਾ। ਸਭ ਤੋਂ ਵਰਣਨਯੋਗ ਗੱਲ ਇਹ ਰਹੀ ਕਿ ਉਨ੍ਹਾਂ ਦੇ ਐਸੇ ਵਤੀਰੇ ਕਰਕੇ ਗੁਰਦਾਸਪੁਰ ਹਲਕੇ ਤੋਂ ਲਗਾਤਾਰ 4 ਵਾਰ ਜੇਤੂ ਰਹੇ ਫ਼ਿਲਮੀ ਹੀਰੋ ਅਤੇ ਭਾਜਪਾ ਆਗੂ ਵਿਨੋਦ ਖੰਨਾ ਆਪਣੇ ਬਟਾਲਾ ਹਲਕੇ ਵਿਚੋਂ ਵੱਡੇ ਫ਼ਰਕ ਨਾਲ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਤੋਂ ਹਾਰ ਗਏ। ਦੂਸਰੇ ਪਾਸੇ ਬੀਬੀ ਲਕਸ਼ਮੀ ਕਾਂਤਾ ਚਾਵਲਾ ਬਾਰੇ ਇਹ ਮਸ਼ਹੂਰ ਸੀ ਕਿ ਜਦੋਂ ਵੀ ਅਕਾਲੀ-ਭਾਜਪਾ ਗਠਜੋੜ ਸਰਕਾਰ ਬਣਦੀ ਹੈ ਉਹ ਸੱਤਾਧਾਰੀ ਧਿਰ ਨਾਲ ਸਬੰਧਿਤ ਹੋਣ ਦੇ ਬਾਵਜੂਦ ਸਰਕਾਰ ਦੀ ਆਲੋਚਨਾ ਕਰਨੋਂ ਅਤੇ ਵਿਧਾਇਕ ਹੁੰਦੇ ਹੋਏ ਇਕੱਲੀ ਵਾਕ-ਆਊਟ ਕਰਨੋਂ ਵੀ ਗੁਰੇਜ਼ ਨਹੀਂ ਕਰਦੀ। ਇਸ ਵਾਰ ਗਠਜੋੜ ਦੇ ਸੱਤਾ ਵਿਚ ਆਉਣ 'ਤੇ ਭਾਜਪਾ ਕੋਟੇ ਵਿਚੋਂ ਉਸ ਨੂੰ ਸਿਹਤ ਮੰਤਰੀ ਬਣਾ ਦਿੱਤਾ ਗਿਆ।

ਕਿਸੇ ਵੀ ਸਰਕਾਰ ਵਿਚ ਮੰਤਰੀ ਉਹੀ ਸਫ਼ਲ ਹੁੰਦਾ ਹੈ ਜੋ ਆਪਣੇ ਮੰਤਰਾਲੇ ਨੂੰ ਵਧੀਆ, ਪਾਰਦਰਸ਼ੀ, ਵਿਕਾਸਮਈ ਅਤੇ ਹਰਮਨ ਪਿਆਰੀ ਅਗਵਾਈ ਦੇਵੇ। ਆਪਣੇ ਅਧਿਕਾਰੀਆਂ ਅਤੇ ਕਰਮਚਾਰੀਆਂ ਨਾਲ ਗੁਣਾਤਮਕ ਮੇਲ ਜੋਲ ਰੱਖੇ। ਪਰ ਬੀਬੀ ਜੀ ਨੇ ਸਿਹਤ ਮਹਿਕਮੇ ਦੇ ਕੰਮ ਕਾਜ ਵਿਚ ਸੁਧਾਰ ਤਾਂ ਕੀ ਲਿਆਉਣਾ ਸੀ, ਉਲਟਾ ਮਹਿਕਮੇ ਦੇ ਅਧਿਕਾਰੀ, ਡਾਕਟਰ, ਨਰਸਾਂ, ਕਰਮਚਾਰੀ ਉਸ ਦੇ ਨਾਂਹ-ਵਾਚਕ, ਹੈਂਕੜ-ਭਰੇ ਅਤੇ ਆਪਹੁਦਰੇ ਵਤੀਰੇ ਤੋਂ ਤ੍ਰਾਹ-ਤ੍ਰਾਹ ਕਰਨ ਲੱਗੇ। ਆਮ ਆਦਮੀ, ਵਿਧਾਇਕ ਅਤੇ ਮੰਤਰੀ ਤਾਂ ਦੂਰ ਉਸ ਨੇ ਜਨਤਕ ਕੰਮਾਂ-ਕਾਜਾਂ ਵਿਚ ਪ੍ਰੌਢ ਮੁੱਖ ਮੰਤਰੀ ਦੀ ਪ੍ਰਵਾਹ ਵੀ ਕਰਨੀ ਗਵਾਰਾ ਨਾ ਸਮਝੀ।

ਇਸੇ ਦੌਰਾਨ ਉਨ੍ਹਾਂ 'ਤੇ ਪਰਿਵਾਰਵਾਦ, ਚਹੇਤਾਵਾਦ, ਭ੍ਰਿਸ਼ਟਾਚਾਰ ਅਤੇ ਪ੍ਰਸ਼ਾਸਨਿਕ ਬੇਨਿਯਮੀਆਂ ਦੇ ਦੋਸ਼ ਵੀ ਲੱਗਣੇ ਸ਼ੁਰੂ ਹੋ ਗਏ। ਆਯੁਰਵੈਦ ਵਿਭਾਗ ਵਿਚ ਸਭ ਤੋਂ ਵੱਧ ਬੇਨਿਯਮੀਆਂ ਦੇ ਚਰਚੇ ਸ਼ੁਰੂ ਹੋਏ। ਪਬਲਿਕ ਸਰਵਿਸ ਕਮਿਸ਼ਨ ਪੰਜਾਬ ਵਲੋਂ ਚੁਣੇ ਗਏ ਡਾ. ਰਾਕੇਸ਼ ਸ਼ਰਮਾ, ਕੋਲ 5 ਸਾਲ ਦੀ ਥਾਂ ਸਾਢੇ ਚਾਰ ਸਾਲ ਦੀ ਬੀ ਏ ਐਮ ਐਸ ਡਿਗਰੀ ਹੈ। ਇਸ ਯੋਗਤਾ ਨਾਲ ਉਹ ਕਿਵੇਂ ਚੁਣਿਆ ਗਿਆ?



ਆਯੁਰਵੈਦਿਕ ਦਵਾਈਆਂ ਬਣਾਉਣ ਲਈ ਕਿਸਾਨਾਂ ਨੂੰ ਲੋੜੀਂਦੇ ਪੌਦੇ ਤਿਆਰ ਕਰਨ ਲਈ ਸਬਸਿਡੀ ਦਿੱਤੀ ਜਾਂਦੀ ਹੈ। ਇਸ ਵਿਚ ਵੱਡੇ ਘੋਟਾਲੇ ਦੇ ਦੋਸ਼ ਲੱਗ ਰਹੇ ਹਨ। ਭਰੋਸੇਯੋਗ ਵਸੀਲੇ ਜਾਅਲੀ ਕਿਸਾਨਾਂ ਨੂੰ ਸਬਸਿਡੀ ਵੰਡਣ ਦੇ ਦੋਸ਼ ਉਭਾਰ ਰਹੇ ਹਨ।

ਬੀਬੀ ਜੀ ਵਲੋਂ ਆਪਣੇ ਨੇੜੇ ਦੇ ਰਿਸ਼ਤੇਦਾਰ ਨੂੰ ਸਾਇੰਟਿਫਿਕ ਅਫਸਰ ਨਿਯੁਕਤ ਕਰਨ, ਪਟਿਆਲੇ ਤੋਂ ਚੰਡੀਗੜ੍ਹ ਤਾਇਨਾਤ ਕਰਨ, ਉਸ ਨੂੰ ਠੇਕੇ ਦੇ ਆਧਾਰ 'ਤੇ ਭਰਤੀ ਹੋਣ ਦੇ ਬਾਵਜੂਦ ਅਹਿਮ ਵਿਭਾਗੀ ਕਮੇਟੀਆਂ ਦੇ ਮੈਂਬਰ ਬਣਾਉਣ ਦੇ ਦੋਸ਼ ਹਨ। ਇਵੇਂ ਡਾਇਰੈਕਟਰ ਯੋਗਾ ਵਿਭਾਗ ਦੀ ਨਿਯੁਕਤੀ ਅਤੇ ਉਸ ਦੀ ਠੇਕੇ 'ਤੇ ਭਰਤੀ ਹੋਣ ਦੇ ਬਾਵਜੂਦ ਉਸ ਨੂੰ ਐਮ ਡੀ ਡਿਗਰੀ ਕਰਨ ਦੀ ਇਜ਼ਾਜਤ ਦੇਣ ਲਈ ਨਿਯਮਾਂ ਵਿਚ ਬੇਲੋੜੀ ਢਿੱਲ ਦੇਣ ਦੇ ਦੋਸ਼ ਹਨ। ਡਾਇਰੈਕਟਰ ਆਯੁਰਵੈਦ ਵਲੋਂ ਦਵਾਈਆਂ ਤਿਆਰ ਕਰਨ ਲਈ ਘਟੀਆ ਕੱਚਾ ਮਾਲ ਖਰੀਦਣ ਦੇ ਦੋਸ਼ ਹਨ। ਹਰਬਲ ਬਾਗਬਾਨੀ ਦਿਆਲਪੁਰਾ (ਜ਼ਿਲਾ ਮੁਹਾਲੀ) ਵਿਚ ਵੱਡੇ ਘੋਟਾਲੇ ਅਤੇ ਟਿਊਬਵੈਲ ਲਗਾਉਣ ਸਬੰਧੀ ਚਰਚੇ ਹਨ। ਅੰਮ੍ਰਿਤਸਰ ਵਿਖੇ ਇਕ ਆਯੁਰਵੈਦਿਕ ਫੈਕਟਰੀ ਨੂੰ ਕੋਟੇ ਅਤੇ ਲੋੜ ਤੋਂ ਉਲਟ 350 ਕਿਲੋ ਅਫੀਮ ਸੈਂਕਸ਼ਨ ਕਰਨ ਦੇ ਦੋਸ਼ ਹਨ। ਦੀਵਾਲੀ ਵੇਲੇ ਹਲਵਾਈਆਂ 'ਤੇ ਛਾਪੇ ਮਾਰਨ ਅਤੇ ਫਿਰ ਛੱਡ ਦੇਣ ਦੇ ਚਰਚੇ ਹਨ। ਡਾਕਟਰਾਂ, ਨਰਸਾਂ ਅਤੇ ਹੋਰ ਸਟਾਫ ਦੀਆਂ ਬਦਲੀਆਂ ਨਿਯਮਾਂ ਨੂੰ ਛਿੱਕੇ ਟੰਗ ਕੇ ਕਰਨ ਅਤੇ ਫਿਰ ਕਿਸੇ ਦੀ ਸੁਣਵਾਈ ਨਾ ਕਰਨ ਦੇ ਚਰਚੇ ਹਨ। ਇਸੇ ਦੌਰਾਨ ਡਾ. ਭੁਪਿੰਦਰ ਸਿੰਘ ਐਸ ਐਮ ਓ ਰਾਜਪੁਰਾ ਅਤੇ ਸਬ ਡਿਵੀਜਨਲ ਐਪਰੋਪ੍ਰੀਏਟ ਅਥਾਰਟੀ ਨੇ ਲਿਖਤੀ ਤੌਰ 'ਤੇ ਲਿੰਗ ਟੈਸਟ ਸਬੰਧੀ ਕੇਸ ਵਾਪਸ ਲੈਣ ਲਈ ਉੱਚ ਅਧਿਕਾਰੀਆਂ 'ਤੇ ਦੋਸ਼ ਲਗਾਏ।

ਇਸੇ ਦੌਰਾਨ ਸਿਹਤ ਵਿਭਾਗ ਵਲੋਂ ਬਟਾਲਾ (ਗੁਰਦਾਸਪੁਰ) ਵਿਚ ਕੁਝ ਹਸਪਤਾਲਾਂ ਅੰਦਰ ਅਲਟਰਾਸਾਊਂਡ ਅਤੇ ਹੋਰ ਬੇਨਿਯਮੀਆਂ ਦੀਆਂ ਸ਼ਿਕਾਇਤਾਂ ਕਰਕੇ ਛਾਪੇ ਮਾਰੇ ਗਏ। ਇਨ੍ਹਾਂ ਵਿਚ ਕੁਝ ਇਕ ਮੁੱਖ ਸੰਸਦੀ ਸਕੱਤਰ ਜਗਦੀਸ਼ ਸਾਹਨੀ ਦੇ ਨਜ਼ਦੀਕੀ ਰਿਸ਼ਤੇਦਾਰਾਂ ਨਾਲ ਸਬੰਧਤ ਹਨ। ਜਿਸ 'ਤੇ ਉਹ ਭੜਕ ਪਏ ਅਤੇ ਉਨ੍ਹਾਂ ਨੇ ਸਿਹਤ ਮੰਤਰੀ 'ਤੇ ਭ੍ਰਿਸ਼ਟਾਚਾਰ, ਬੇਨਿਯਮੀਆਂ ਅਤੇ ਆਪਹੁਦਰੇ ਵਤੀਰੇ ਵਿਰੁਧ ਸਿੱਧਾ ਹਮਲਾ ਕਰ ਦਿੱਤਾ। ਪਰਸਪਰ ਦੂਸ਼ਣਬਾਜ਼ੀ ਕਰਕੇ ਪੰਜਾਬ ਭਾਜਪਾ ਇਕਾਈ ਦੀ ਬਦਨਾਮੀ ਹੋਣ ਲੱਗੀ ਜਿਸ ਨੂੰ ਠੱਲ੍ਹਣ ਲਈ ਹਾਈਕਮਾਂਡ ਨੇ ਦੋਹਾਂ ਆਗੂਆਂ ਦੇ ਪੱਖ ਸੁਣਨ ਅਤੇ ਜਾਂਚ ਕਰਨ ਲਈ ਭਾਜਪਾ ਪੰਜਾਬ ਇਕਾਈ ਦੇ ਪ੍ਰਧਾਨ ਅਸ਼ਵਨੀ ਕੁਮਾਰ ਅਤੇ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਆਧਾਰਤ ਦੋ ਮੈਂਬਰੀ ਕਮੇਟੀ ਗਠਤ ਕੀਤੀ। ਕਮੇਟੀ ਨੇ ਦੋਹਾਂ ਆਗੂਆਂ ਨੂੰ ਤਲਬ ਕਰਕੇ ਪੱਖ ਸੁਣੇ। ਇਸ ਸਬੰਧੀ ਰਿਪੋਰਟ ਉਹ ਭਾਜਪਾ ਦੇ ਕੌਮੀ ਪ੍ਰਧਾਨ ਗਡਕਰੀ ਨੂੰ ਸੌਂਪਣਗੇ ਅਤੇ ਅਗੋਂ ਉਹ ਇਨ੍ਹਾਂ ਸਬੰਧੀ ਯੋਗ ਕਾਰਵਾਈ ਕਰਨਗੇ।

ਲੱਖ ਟਕੇ ਦਾ ਸਵਾਲ ਹੈ ਕਿ ਆਰ ਐਸ ਐਸ ਦੀ ਅਗਵਾਈ ਵਿਚ ਚਲ ਰਹੇ ਸੰਘ ਪਰਿਵਾਰ ਦਾ ਇਹ ਰਾਜਨੀਤਕ ਸਭਿਆਚਾਰ ਹੈ ਕਿ ਪ੍ਰੌਢ ਆਗੂ ਪਾਰਟੀ ਅੰਦਰ ਜਾਂ ਸੰਘ ਪਰਿਵਾਰ ਦੇ ਸਹੀ ਮੰਚ ਅੰਦਰ ਮੁੱਦੇ ਉਠਾਉਣ ਦੀ ਥਾਂ ਆਪਹੁਦਰੇ ਪਬਲਿਕ ਤੌਰ 'ਤੇ ਘਟੀਆ ਦੂਸ਼ਣਬਾਜ਼ੀ 'ਤੇ ਉਤਰ ਆਉਣ ਅਤੇ ਆਪਣੀ ਪਾਰਟੀ ਅਤੇ ਸੰਘ ਪਰਿਵਾਰ ਦੀ ਬਦਨਾਮੀ ਦਾ ਬਾਇਸ ਬਣਨ?

ਭਾਵੇਂ ਰਾਸ਼ਟਰੀ ਪ੍ਰਧਾਨ ਗਡਕਰੀ ਨੇ ਦੋਹਾਂ ਨੇਤਾਵਾਂ ਦੇ ਮੰਤਰੀ ਮੰਡਲ ਵਿਚੋਂ ਅਸਤੀਫ਼ੇ ਲੈਣ ਤੇ ਬੀਬੀ ਚਾਵਲਾ ਵਿਰੁਧ ਦੋਸ਼ਾਂ ਦੀ ਜਾਂਚ ਸੀ.ਬੀ.ਆਈ. ਤੋਂ ਕਰਾਉਣ ਤੋਂ ਇਨਕਾਰ ਕੀਤਾ ਹੈ ਤੇ ਇਸ ਮਾਮਲੇ ਨੂੰ ਪਾਰਟੀ ਅੰਦਰ ਸੁਲਝਾਉਣ ਦਾ ਰਸਤਾ ਅਪਨਾਇਆ ਪਰ ਇਸ ਮਸਲੇ ਦੇ ਪੰਜਾਬ ਮਹਿਲਾ ਕਮਿਸ਼ਨ ਵਿਚ ਜਾਣ ਕਰਕੇ ਭਾਜਪਾ ਦੀ ਚਾਲ, ਚਰਿੱਤਰ ਅਤੇ ਚਿਹਰੇ ਦਾ ਰਾਜਨੀਤਕ ਭੱਦਾਪਣ ਪੂਰੀ ਤਰ੍ਹਾਂ ਜਨਤਾ ਦੇ ਸਨਮੁੱਖ ਬੇਨਕਾਬ ਹੋ ਗਿਆ ਹੈ। ਇਸ ਦੇ ਨਾਲ ਹੀ ਜੇਕਰ ਪਾਰਟੀ ਅਜਿਹੇ ਸੰਗੀਨ ਮਸਲਿਆਂ 'ਤੇ ਠੋਸ ਅਤੇ ਨਿਰਣਾਇਕ ਕਾਰਵਾਈ ਨਹੀਂ ਕਰੇਗੀ ਤਾਂ ਭਵਿੱਖ ਵਿਚ ਰਾਜ ਅੰਦਰ ਇਸ ਦੀ ਜਨਤਕ ਸਾਖ ਨੂੰ ਭਾਰੀ ਧੱਕਾ ਪੁੱਜੇਗਾ।

# ਆਖਿਰ ਕਾਂਗਰਸ ਨੇ ਵੀ ਭਾਈਵਾਲਾਂ ਨੂੰ 'ਸ਼ੀਸ਼ਾ' ਵਿਖਾਇਆ

**ਦੇਵ ਚੇਰੀਅਨ**

ਯੂ.ਪੀ.ਏ.-2 ਸਰਕਾਰ ਨੇ ਜਿੱਥੇ ਆਪਣੇ ਕਾਰਜਕਾਲ ਦਾ ਇਕ ਵਰ੍ਹਾ ਪੂਰਾ ਕਰ ਲਿਆ ਹੈ, ਉਥੇ ਹੀ ਕਾਂਗਰਸ ਆਪਣੇ 125 ਸਾਲ ਪੂਰੇ ਕਰਨ ਦੇ ਸਮਾਗਮ ਵੀ ਮਨਾ ਰਹੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਾਂਗਰਸ ਭਾਰਤ ਦੀ ਸਭ ਤੋਂ ਤਾਕਤਵਰ ਸਿਆਸੀ ਪਾਰਟੀ ਹੈ ਤੇ ਇਹ ਤੱਥ ਵੀ ਹੈ ਕਿ ਨਹਿਰੂ-ਗਾਂਧੀ ਦੀ ਅਗਵਾਈ ਨੇ ਪਾਰਟੀ ਨੂੰ ਇਕਜੁੱਟ ਬਣਾਈ ਰੱਖਿਆ।

ਸੀਨੀਅਰ ਕਾਂਗਰਸੀ ਮੰਤਰੀਆਂ 'ਚ ਜਿਵੇਂ ਕਿ ਅਸੀਂ ਪਿਛਲੇ ਕੁਝ ਮਹੀਨਿਆਂ ਵਿਚ ਦੇਖਿਆ ਹੈ, ਨਾ ਸਿਰਫ ਭਾਰੀ ਇੱਛਾਵਾਂ ਹਨ, ਸਗੋਂ ਉਹ ਬੜਬੋਲੇ ਵੀ ਹਨ। ਅਸੀਂ ਸ਼ਸ਼ੀ ਥਰੂਰ ਨੂੰ ਆਪਣੀ ਹੱਦ ਟੱਪ ਕੇ ਬੋਲਦਿਆਂ ਸੁਣਿਆ ਹੈ। ਅਸੀਂ ਦਿਗਵਿਜੇ ਸਿੰਘ ਦਾ ਇਕ ਅਖ਼ਬਾਰ ਵਿਚ ਲਿਖਿਆ ਲੇਖ ਵੀ ਪੜ੍ਹਿਆ ਹੈ, ਜਿਸ ਵਿਚ ਉਨ੍ਹਾਂ ਨੇ ਆਪਣੇ ਇਕ ਸਹਿਯੋਗੀ ਦੇ ਵਿਭਾਗ ਦੀਆਂ ਕਾਰਗੁਜ਼ਾਰੀਆਂ ਬਾਰੇ ਉਲਟ ਗੱਲਾਂ ਲਿਖੀਆਂ ਸਨ। ਇਹ ਬਹੁਤ ਨਾਜਾਇਜ਼ ਗੱਲ ਸੀ।

ਸਾਡੇ ਇਥੇ ਜੈਰਾਮ ਰਮੇਸ਼ ਅਤੇ ਕਪਿਲ ਸਿੱਬਲ ਵਰਗੇ ਮੰਤਰੀ ਹਨ, ਜੋ ਪ੍ਰਤਿਭਾਸ਼ਾਲੀ ਹਨ ਪਰ ਮੈਂ ਸਮਝਦੀ ਹਾਂ ਕਿ ਉਨ੍ਹਾਂ ਦੀ ਸਮੱਸਿਆ ਇਹ ਹੈ ਕਿ ਉਨ੍ਹਾਂ 'ਚ ਆਪਣੀ ਤਿੱਖੀ ਜ਼ੁਬਾਨ ਨੂੰ ਕਾਬੂ ਵਿਚ ਰੱਖਣ ਦਾ ਗੁਣ ਨਹੀਂ ਹੈ। ਇਸ ਟੀਮ ਦੇ ਨੇਤਾ ਡਾ. ਮਨਮੋਹਨ ਸਿੰਘ ਬਿਲਕੁਲ ਇਨ੍ਹਾਂ ਦੇ ਉਲਟ ਹਨ। ਉਹ ਆਪਣੇ ਵਿਚਾਰਾਂ ਨੂੰ ਖੁੱਲ੍ਹ ਕੇ ਨਹੀਂ ਪ੍ਰਗਟਾਉਂਦੇ। ਉਹ ਧੀਰਜ ਨਾਲ ਇਸ ਗੱਲ ਦੇ ਸੰਕੇਤਾਂ ਦੀ ਉਡੀਕ ਕਰਦੇ ਰਹਿੰਦੇ ਹਨ ਕਿ ਕੀ ਕੀਤਾ ਜਾਵੇ। ਬੁੱਧੀਜੀਵੀ ਅਰਥਸ਼ਾਸ਼ਤਰੀ ਨੇ ਆਪਣੀ ਡਿਊਟੀ (ਪ੍ਰਧਾਨ ਮੰਤਰੀ ਵਾਲੀ) ਨੂੰ ਆਪਣੀ ਪਾਰਟੀ ਕਾਂਗਰਸ ਦੀਆਂ ਹਦਾਇਤਾਂ ਮੁਤਾਬਿਕ ਬਾਖ਼ੂਬੀ ਨਿਭਾਇਆ ਹੈ। ਉਹ ਮਹਾਤਮਾ ਗਾਂਧੀ ਦੇ 'ਬੁਰਾ ਨਾ ਸੁਣੋ, ਬੁਰਾ ਨਾ ਕਹੋ, ਬੁਰਾ ਨਾ ਦੇਖੋ' ਵਾਲੇ ਸਿਧਾਂਤ 'ਤੇ ਚੱਲਣ ਵਾਲੇ ਆਦਮੀ ਹਨ।



ਯੂ.ਪੀ.ਏ. ਦੀ ਚੇਅਰਪਰਸਨ ਸ੍ਰੀਮਤੀ ਸੋਨੀਆ ਗਾਂਧੀ ਤੇ ਜਨਰਲ ਸਕੱਤਰ ਰਾਹੁਲ ਗਾਂਧੀ ਨੇ ਆਪਣੇ ਸਲਾਹਕਾਰਾਂ ਦੀ ਚੋਣ ਕਰਨ ਵਿਚ ਕਾਫੀ ਅਕਲਮੰਦੀ ਦਾ ਸਬੂਤ ਦਿੱਤਾ ਹੈ। ਉਨ੍ਹਾਂ ਦੇ ਇਹ ਸਲਾਹਕਾਰ ਆਮ ਤੌਰ 'ਤੇ ਪਿਛੋਕੜ ਵਿਚ ਰਹਿ ਕੇ ਹੀ ਕੰਮ ਕਰਦੇ ਹਨ ਤੇ ਉਹ ਜੋ ਕੁਝ ਕਰਦੇ ਹਨ, ਉਸ ਬਾਰੇ ਚੰਗੀ ਤਰ੍ਹਾਂ ਸਮਝਦੇ ਹਨ। ਇਹ ਸਲਾਹਕਾਰ ਇਹ ਵੀ ਸਮਝਦੇ ਹਨ ਕਿ ਉਨ੍ਹਾਂ ਨੂੰ ਕਿੰਨੀ ਆਜ਼ਾਦੀ ਦੀ ਪਾਲਣਾ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਹਰੇਕ ਖੇਤਰ ਦਾ ਕਾਫੀ ਗਿਆਨ ਹੈ ਤੇ ਉਨ੍ਹਾਂ ਦੇ ਸੂਚਨਾ ਸ੍ਰੋਤ ਕਾਫੀ ਈਮਾਨਦਾਰ ਹਨ। ਉਨ੍ਹਾਂ ਦੀਆਂ ਸੂਚਨਾਵਾਂ ਯੂ.ਪੀ.ਏ. ਦੀ ਚੇਅਰਪਰਸਨ ਤਕ ਆਮ ਤੌਰ 'ਤੇ ਜਿਉਂ ਦੀਆਂ ਤਿਉਂ ਹੀ ਪਹੁੰਚਦੀਆਂ ਹਨ।

ਪ੍ਰਧਾਨ ਮੰਤਰੀ ਦੇ ਦਫਤਰ ਤੇ ਯੂ.ਪੀ.ਏ. ਦੀ ਚੇਅਰਪਰਸਨ ਦੇ ਦਫਤਰ ਦਰਮਿਆਨ ਮੱਤਭੇਦਾਂ ਦੀਆਂ ਗੱਲਾਂ ਚਾਹੇ ਕਿੰਨੀਆਂ ਵੀ ਕਹੀਆਂ ਜਾਣ ਪਰ ਉਨ੍ਹਾਂ 'ਚ ਕੋਈ ਸੱਚਾਈ ਨਹੀਂ ਹੈ। ਦੋਵੇਂ ਹੀ ਆਪਸ ਵਿਚ ਮਿਲ ਕੇ ਕੋਈ ਕੰਮ ਕਰਦੇ ਹਨ। ਪ੍ਰਣਬ ਮੁਖਰਜੀ, ਅਹਿਮਦ ਪਟੇਲ ਤੇ ਚਿਦੰਬਰਮ ਵਰਗੇ ਸੀਨੀਅਰ ਨੇਤਾ ਕਾਂਗਰਸ ਦੇ ਸੰਕਟ-ਮੋਚਕਾਂ ਦੀ ਭੂਮਿਕਾ ਨਿਭਾਅ ਰਹੇ ਹਨ। ਉਹ ਤਜ਼ਰਬੇਕਾਰ ਅਤੇ ਪ੍ਰਭਾਵਸ਼ਾਲੀ ਕਦਮ ਚੁੱਕਣ ਵਾਲੇ ਨੇਤਾ ਹਨ ਪਰ ਪ੍ਰਧਾਨ ਮੰਤਰੀ ਆਪਣੀ ਕੈਬਨਿਟ ਦੇ ਮੈਂਬਰਾਂ ਤੇ ਜਨਰਲ ਸਕੱਤਰਾਂ 'ਤੇ ਰੋਕ ਲਗਾ ਸਕਣ ਦੀ ਸਥਿਤੀ ਵਿਚ ਨਹੀਂ ਹਨ, ਜੋ ਕਿ ਵੱਖ-ਵੱਖ ਵਿਭਾਗਾਂ ਬਾਰੇ ਆਪਣੀਆਂ ਟਿੱਪਣੀਆਂ ਕਰਦੇ ਰਹਿੰਦੇ ਹਨ।

ਅਸਲ ਵਿਚ ਇਨ੍ਹਾਂ ਕਾਂਗਰਸੀ ਮੰਤਰੀਆਂ ਤੇ ਪਾਰਟੀ ਦੇ ਜਨਰਲ ਸਕੱਤਰਾਂ ਨੂੰ ਆਪਣੇ ਵਿਚਾਰ ਏ.ਆਈ.ਸੀ.ਸੀ. 'ਚ ਹੀ ਪ੍ਰਗਟਾਉਣੇ ਚਾਹੀਦੇ ਹਨ। ਉਨ੍ਹਾਂ ਨੂੰ ਅਖ਼ਬਾਰਾਂ ਵਿਚ ਆਪਣੇ ਵਿਚਾਰ ਪ੍ਰਗਟਾਉਣ ਲਈ ਦੌੜ ਨਹੀਂ ਲਗਾਉਣੀ ਚਾਹੀਦੀ।

ਯੂ.ਪੀ.ਏ -2 ਸਰਕਾਰ ਦੇ ਸਾਰੇ ਭਾਈਵਾਲ ਹੁਣ ਆਪੋ-ਆਪਣੇ 'ਖੁੱਡਿਆਂ' ਵਿਚ ਜਾ ਵੜੇ ਹਨ। ਉਨ੍ਹਾਂ ਨੂੰ ਕਾਂਗਰਸ ਕੋਰ ਕਮੇਟੀ ਨੇ ਉਨ੍ਹਾਂ ਦੇ ਤੌਰ-ਤਰੀਕਿਆਂ ਤੇ ਜ਼ਮੀਨੀ ਹਕੀਕਤਾਂ ਬਾਰੇ ਸ਼ੀਸ਼ਾ ਦਿਖਾ ਦਿੱਤਾ ਹੈ। ਅਸਲ ਵਿਚ ਕਾਂਗਰਸ ਨੂੰ ਇਹ ਕੰਮ ਕਾਫੀ ਪਹਿਲਾਂ ਕਰ ਲੈਣਾ ਚਾਹੀਦਾ ਸੀ। ਇਹ ਭਾਈਵਾਲ ਉੱਚੀਆਂ ਉਡਾਣਾਂ ਭਰਨ ਲੱਗ ਪਏ ਸਨ ਤੇ ਉਨ੍ਹਾਂ ਨੇ ਆਪਣੇ ਲਈ ਲਾਭ ਵਾਲੇ ਵਿਭਾਗ ਹਥਿਆ ਲਏ ਸਨ।


ਆਪਣੇ ਸੀਨੀਅਰ ਭਾਈਵਾਲਾਂ ਨੂੰ ਵੀ ਕਾਂਗਰਸ ਨੇ ਇਹ ਸੰਦੇਸ਼ ਦੇ ਦਿੱਤਾ ਹੈ ਕਿ ਉਹ ਉਨ੍ਹਾਂ ਦੀਆਂ ਕਾਰਗੁਜ਼ਾਰੀਆਂ ਵਲੋਂ ਅੱਖਾਂ ਮੀਚ ਕੇ ਨਹੀਂ ਬੈਠੀ ਰਹੇਗੀ। ਆਖਿਰ ਤੁਸੀਂ ਕਦੋਂ ਤਕ ਕਾਂਗਰਸ ਦੀ ਪਿੱਠ 'ਤੇ ਬੈਠ ਕੇ ਸਵਾਰੀ ਕਰਦੇ ਰਹੋਗੇ ਤੇ ਮਨਮਰਜ਼ੀਆਂ ਕਰਕੇ ਅੱਖਾਂ ਦਿਖਾਉਂਦੇ ਰਹੋਗੇ।

ਯੂ.ਪੀ.ਏ-2 ਦੇ ਮੌਜੂਦਾ ਕਾਰਜਕਾਲ ਦਾ ਇਹ ਇਕ ਵਰ੍ਹਾ ਕਾਫੀ ਉਥਲ-ਪੁਥਲ ਵਾਲਾ ਤੇ ਚੁਣੌਤੀਆਂ ਨਾਲ ਭਰਿਆ ਰਿਹਾ ਹੈ। ਇਸ ਨੇ ਬੜੀ ਸਫਲਤਾ ਨਾਲ ਆਪਣਾ ਇਹ ਸਮਾਂ ਲੰਘਾਇਆ ਹੈ। ਇਸ ਨੂੰ ਕਈ ਅਹਿਮ ਖੇਤਰਾਂ ਵਿਚ ਕੰਮ ਕਰਨਾ ਪਿਆ ਹੈ ਪਰ ਇਹ ਗੱਲ ਜ਼ਰੂਰ ਰਹੀ ਕਿ ਇਸ ਨੇ ਆਪਣੇ ਕੁਝ ਸੀਨੀਅਰ ਮੰਤਰੀਆਂ, ਸੀਨੀਅਰ ਕਾਂਗਰਸੀਆਂ ਤੇ ਅੱਖਾਂ ਦਿਖਾਉਣ ਵਾਲੇ ਗੱਠਜੋੜ ਦੇ ਭਾਈਵਾਲਾਂ ਅੱਗੇ ਗੋਡੇ ਨਹੀਂ ਟੇਕੇ।

ਸਰਕਾਰ ਦੀਆਂ ਇਸ ਵਰ੍ਹੇ 'ਚ ਜੋ ਵੀ ਊਣਤਾਈਆਂ ਰਹੀਆਂ ਅਤੇ ਉਸ ਨੂੰ ਜਿੰਨੀਆਂ ਵੀ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ, ਉਹ ਸਭ ਦੇ ਸਾਹਮਣੇ ਹਨ। ਹੁਣ ਦੇਖਣਾ ਇਹ ਹੈ ਕਿ ਸਰਕਾਰ ਅਗਾਂਹ ਕੀ ਕਦਮ ਚੁੱਕਦੀ ਹੈ ਤੇ ਉਸ ਦੀਆਂ ਅਗਾਂਹ ਦੀਆਂ ਪ੍ਰਾਪਤੀਆਂ ਕਿਹੜੀਆਂ ਹੋਣਗੀਆਂ।

# ਸ਼ਹੁ ਤੈਥੋਂ ਵੱਖ ਨਹੀਂ, ਤੇਰੀ ਵੇਖਣ ਵਾਲੀ ਅੱਖ ਨਹੀਂ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਕਰੂਪ ਚਿਹਰੇ-ਮੁਹਰੇ ਵਾਲਾ ਕੋਈ ਕਾਣਾ-ਕੋਝਾ ਮੁੰਡਾ ਬਾਕੀ ਦੀ ਤਮਾਮ ਦੁਨੀਆਂ ਲਈ ਬਦਸੂਰਤ ਹੋ ਸਕਦਾ ਹੈ। ਹਾਸੇ ਮਜ਼ਾਕ ਵਿਚ ਲੋਕ ਉਸਨੂੰ 'ਨਜ਼ਰਵੱਟੂ' ਕਹਿ ਸਕਦੇ ਹਨ, ਪਰ ਉਸਦੀ ਮਾਂ ਲਈ ਉਹ ਯੂਸਫ ਤੋਂ ਵੀ ਵਧ ਸੁਨੱਖਾ ਹੁੰਦਾ ਹੈ। ਆਂਢ-ਗੁਆਂਢ ਦੀਆਂ ਟਿੱਚਰੀ-ਟਿੱਪਣੀਆਂ ਨੂੰ ਅਣ-ਸੁਣੀਆਂ ਕਰਕੇ ਉਹ ਆਪਣੇ ਪੁੱਤ ਦਾ ਨਾਂ ਹੀਰਾ ਵੀ ਰੱਖ ਲੈਂਦੀ ਹੈ। ਜਿਵੇਂ ਕਹਿੰਦੇ ਨੇ ਕਿ ਹੀਰੇ ਦੀ ਪਛਾਣ ਕੋਈ ਜੌਹਰੀ ਹੀ ਕਰ ਸਕਦਾ ਹੈ, ਆਮ ਦੁਨੀਆਂ ਲਈ ਕੀਮਤੀ ਹੀਰਾ ਵੀ ਚਮਕਦੇ ਪੱਥਰ ਤੋਂ ਵਧ ਕੁਝ ਨਹੀਂ ਹੁੰਦਾ। ਅੱਖਾਂ ਤਾਂ ਜੌਹਰੀ ਦੀਆਂ ਵੀ ਆਮ ਲੋਕਾਂ ਵਰਗੀਆਂ ਹੀ ਹੁੰਦੀਆਂ ਹਨ। ਪਰ ਹੀਰੇ-ਜਵਾਹਰਾਤ ਦਾ ਵਣਜ ਕਰਦਿਆਂ ਉਸ ਨੂੰ ਹੀਰਿਆਂ ਦੀ ਕਦਰ ਦਾ ਗਿਆਨ ਹੋ ਜਾਂਦਾ ਹੈ।

ਇਵੇਂ ਹੀ ਕੁਸੋਭਲਾ ਦਿਖਾਈ ਦਿੰਦੇ ਕਿਸੇ ਪੁੱਤ ਦੀ ਮਾਂ ਦੀਆਂ ਅੱਖਾਂ, ਹੁੰਦੀਆਂ ਤਾਂ ਹਨ ਆਮ ਲੋਕਾਂ ਦੀਆਂ ਅੱਖਾਂ ਜੈਸੀਆਂ ਹੀ, ਪਰ ਉਨ੍ਹਾਂ ਵਿਚ ਆਪਣੀ ਕੁੱਖੋਂ ਜਾਏ ਲਾਲ ਲਈ ਮਮਤਾ ਦੀ ਲੋਅ ਬਲ ਰਹੀ ਹੁੰਦੀ ਹੈ। ਅਜਿਹੀ ਮਾਂ ਦੇ ਬੱਚੇ ਲਈ ਹੋਰ ਕਿਸੇ ਦੀਆਂ ਅੱਖਾਂ 'ਚ ਮੋਹ ਤਾਂ ਹੋ ਸਕਦਾ ਹੈ ਪਰ ਮਾਂ ਵਰਗੀ ਮਮਤਾ ਨਹੀਂ। ਸੁੰਦਰ-ਸਜੀਲੇ ਨੈਣ-ਨਕਸ਼ਾਂ ਵਾਲੇ ਬੱਚਿਆਂ ਵਲ ਤੱਕ ਕੇ ਉਨ੍ਹਾਂ ਪ੍ਰਤੀ ਮੋਹ ਪਿਆਰ ਤਾਂ ਹਰੇਕ ਦੇ ਮਨ ਵਿਚ ਪੈਦਾ ਹੋ ਜਾਂਦਾ ਹੈ, ਪਰ ਮਮਤਾ ਨੂੰ ਬਾਹਰੀ ਦਿੱਖ ਨਾਲ ਕੋਈ ਮਤਲਬ ਨਹੀਂ ਹੁੰਦਾ। ਮਮਤਾ ਆਪਣੇ ਢਿੱਡੋਂ ਜਾਏ ਲਈ ਹੀ ਮਹਿਸੂਸ ਹੁੰਦੀ ਹੈ। 'ਬਿਗਾਨੇ ਪੁੱਤ ਚੁੰਮੇ ਮੂੰਹ ਲਾਲ਼ਾਂ ਭਰਿਆ' ਵਾਲਾ ਅਖਾਣ ਇਸੇ ਸੱਚਾਈ ਵਲ ਇਸ਼ਾਰਾ ਕਰਦਾ ਹੈ।

ਰੂਹਾਨੀ ਜਾਂ ਧਾਰਮਿਕ ਖੇਤਰ ਦੇ ਕਈ ਗੂਹਜਮਈ ਨੁਕਤਿਆਂ ਵਿਚ ਇਸੇ ਅਵਸਥਾ ਨੂੰ 'ਕਰਤੇ ਦੀ ਪਛਾਣ' ਕਰਨ ਵਾਲੀ ਨਜ਼ਰ ਕਹਿ ਕੇ ਵਡਿਆਇਆ ਜਾਂਦਾ ਹੈ। ਵਾਹਿਗੁਰੂ ਅਕਾਲ ਪੁਰਖ ਨੂੰ ਮਾਂ ਵਾਂਗ ਚਿਤਵਦਿਆਂ, ਉਸ ਦੀ ਬੰਦਗੀ 'ਚ ਜੁੜਨ ਵਾਲੇ ਭਗਤ-ਜਨ ਗਾ ਉਠਦੇ ਹਨ, "ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥" ਇਸ ਮਹਾਨਤਮ ਪਦਵੀ 'ਤੇ ਪਹੁੰਚਣ ਵਾਲੇ ਪ੍ਰਭੂ ਭਗਤਾਂ ਦੇ ਨੇਤਰਾਂ ਵਿਚ ਆਪਣੇ ਮਾਲਕ ਨੂੰ ਪਛਾਣਨ ਵਾਲੀ ਅਗੰਮੀ ਸ਼ਕਤੀ ਆ ਜਾਂਦੀ ਹੈ। ਮਾਲਕ ਭਾਵੇਂ ਕਿਸੇ ਰੂਪ, ਕਿਸੇ ਸੂਰਤ ਵਿਚ ਵੀ ਆਵੇ ਉਹ ਉਸ ਨੂੰ ਝੱਟ ਪਛਾਣ ਲੈਂਦੇ ਹਨ। ਇਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਐਸੀ ਪਰਮ-ਅਵਸਥਾ ਵਾਲਿਆਂ ਦੀ ਗਿਣਤੀ 'ਕੋਟਨ ਮਹਿ ਨਾਨਕ ਕੋਊ' ਅਨੁਸਾਰ ਬਹੁਤ ਥੋੜ੍ਹੀ ਹੁੰਦੀ ਹੈ। ਹਾਂ, ਅਜਿਹੇ ਢੌਂਗੀ ਭਗਤਾਂ ਦਾ ਵੀ ਕੋਈ ਲੇਖਾ-ਹਿਸਾਬ ਨਹੀਂ, ਜਿਹੜੇ ਸਵੈ-ਸਜੇ 'ਬ੍ਰਹਮਗਿਆਨੀ' ਲੋਕਾਈ ਨੂੰ ਭੰਬਲਭੂਸਿਆਂ 'ਚ ਫਸਾਈ ਜਾ ਰਹੇ ਹਨ।

ਕਿਹੜਾ ਮਾਈ ਦਾ ਲਾਲ ਬਣ ਸਕਦਾ ਹੈ ਜਲਾਲਦੀਨ ਰੂਮੀ? ਜਿਸ ਨੂੰ ਸ਼ਰ੍ਹਾ ਦੀ ਬਰਖਿਲਾਫੀ ਦੇ ਦੋਸ਼ ਵਿਚ ਭੁੱਖੇ ਸ਼ੇਰ ਅੱਗੇ ਸੁੱਟਿਆ ਗਿਆ। ਕਹਿੰਦੇ ਨੇ ਜਦੋਂ ਪਿੰਜਰੇ ਵਿਚੋਂ ਦਹਾੜਦਾ ਹੋਇਆ ਸ਼ੇਰ ਰੂਮੀ ਵਲ ਨੂੰ ਵਧਿਆ ਤਾਂ ਅੱਗਿਓਂ ਉਸ ਫੱਕਰ ਨੇ ਆਪਣੀਆਂ ਦੋਵੇਂ ਬਾਹਾਂ ਫੈਲਾ ਕੇ, ਇਹ ਬੋਲਦਿਆਂ ਸ਼ੇਰ ਨੂੰ ਗਲਵੱਕੜੀ ਵਿਚ ਲੈ ਲਿਆ, "ਤੂੰ ਬ-ਹਰ ਚਿਹ ਰੰਗ ਮੀ ਆਈ ਮਨ ਤੁਰਾ ਬਿਸ਼ਨਾਸਵਮ।" ਭਾਵ, "ਮੇਰੇ ਮਾਲਕ, ਤੂੰ ਜਿਸ ਰੂਪ ਵਿਚ ਮਰਜ਼ੀ ਆ, ਮੈਂ ਤੈਨੂੰ ਪਹਿਚਾਣ ਲੈਂਦਾ ਹਾਂ।"

ਇਸ ਆਲਮੇਂ-ਹਸਤੀ ਮੇਂ ਨਾ ਫੈਜ਼ ਮਰਨਾ ਹੈ, ਨਾ ਜੀਨਾ,
ਤੂੰ ਨੇ ਕਭੀ ਦੇਖਾ ਨਹੀਂ ਮਸਤੋਂ ਕੀ ਨਜ਼ਰ ਸੇ।

ਇਸ ਮਸਤ-ਮੌਲੇ ਸੂਫ਼ੀ ਫ਼ਕੀਰ ਵਲੋਂ ਖ਼ੂਨੀ ਸ਼ੇਰ ਵਿਚੋਂ ਵੀ ਆਪਣਾ ਮਾਲਕ ਪਹਿਚਾਨਣ ਦੀ ਅਲੌਕਿਕ ਦਾਸਤਾਂ ਤੋਂ ਬਾਅਦ ਆਪਣੇ ਭਗਤ-ਸਿਰਮੌਰ ਕਬੀਰ ਜੀ ਦੀ ਜੀਵਨ-ਕਥਾ ਵਿਚੋਂ ਇਕ ਐਸੀ ਮਿਸਾਲ ਪੜ੍ਹ ਲਓ।

ਕਿਹਾ ਜਾਂਦਾ ਹੈ ਕਿ ਭਗਤ ਕਬੀਰ ਜੀ ਦੀ ਪਤਨੀ ਨੇ ਆਪਣੀ ਨੌਜਵਾਨ ਧੀ ਦੇ ਹੱਥ ਪੀਲੇ ਕਰਨ ਲਈ ਪਤੀ ਨਾਲ ਸਲਾਹ ਮਸ਼ਵਰਾ ਕੀਤਾ। ਦੌੜ-ਭੱਜ ਕਰਕੇ ਯੋਗ ਵਰ ਲੱਭ ਲਿਆ ਗਿਆ। ਵਿਆਹ ਦਾ ਦਿਨ ਨਿਯਤ ਕਰ ਦਿੱਤਾ ਗਿਆ। ਸਾਰੇ ਅੰਗਾਂ-ਸਾਕਾਂ ਅਤੇ ਸੱਜਣਾਂ-ਮਿੱਤਰਾਂ ਨੂੰ ਵਿਆਹ 'ਤੇ ਪਹੁੰਚਣ ਲਈ ਸੱਦੇ ਭੇਜੇ ਗਏ। ਰਾਸ਼ਨ-ਪਾਣੀ ਬਣਾਉਣ ਲਈ ਘਰ ਵਿਚ ਰਾਸ-ਪੂੰਜੀ ਤਾਂ ਕੋਈ ਹੈ ਈ ਨਹੀਂ ਸੀ। ਇਸ ਲਈ ਵਿਆਹ ਤੋਂ ਕੁਝ ਦਿਨ ਪਹਿਲਾਂ ਭਗਤ ਕਬੀਰ ਜੀ ਨੇ ਹੱਥੀਂ ਤਿਆਰ ਕੀਤੇ ਹੋਏ ਕੱਪੜੇ ਦਾ ਥਾਨ ਮੋਢੇ 'ਤੇ ਚੁੱਕਿਆ ਅਤੇ ਸ਼ਹਿਰ ਨੂੰ ਵੇਚਣ ਤੁਰ ਪਏ ਤਾਂ ਕਿ ਕੱਪੜੇ ਦੀ ਵੱਟਕ ਨਾਲ ਸ਼ਾਦੀ ਦਾ ਸਾਮਾਨ ਲਿਆਂਦਾ ਜਾ ਸਕੇ।

ਹਾਲੇ ਸ਼ਹਿਰ ਵਿਚ ਦਾਖ਼ਲ ਨਹੀਂ ਸਨ ਹੋਏ ਕਿ ਉਨ੍ਹਾਂ ਨੂੰ ਇਕ ਗਰੀਬ ਬ੍ਰਾਹਮਣ ਆ ਮਿਲਿਆ, ਜਿਸ ਦੇ ਤਨ 'ਤੇ ਲੀਰਾਂ ਲਮਕ ਰਹੀਆਂ ਸਨ। ਉਸਦੀ ਹਾਲਤ ਦੇਖ ਕੇ ਲਗਦਾ ਸੀ ਕਿ ਉਸ ਨੇ ਕਈ ਦਿਨਾਂ ਤੋਂ ਖਾਣਾ ਵੀ ਨਹੀਂ ਖਾਧਾ ਹੋਇਆ। ਉਹ ਗਰੀਬੜਾ ਕਬੀਰ ਜੀ ਦੇ ਨੇੜੇ ਆ ਕੇ ਕਹਿਣ ਲੱਗਾ ਕਿ ਬਰਾਏ ਮਿਹਰਬਾਨੀ, ਮੈਨੂੰ ਭਗਤ ਕਬੀਰ ਦੇ ਟਿਕਾਣੇ ਬਾਰੇ ਦੱਸ ਦਿਓ।

"ਤੈਨੂੰ ਭਗਤਾ, ਕਬੀਰ ਤਾਈਂ ਕਿਹੜਾ ਕੰਮ ਪੈ ਗਿਆ?"

ਕਬੀਰ ਜੀ ਵਲੋਂ ਪੁੱਛਣ 'ਤੇ ਮੋਹਰਿਓਂ ਬ੍ਰਾਹਮਣ ਬੋਲਿਆ, "ਜੀ ਸੁਣਿਆ ਹੈ ਕਿ ਭਗਤ ਕਬੀਰ ਕੱਪੜਾ ਬੜਾ ਵਧੀਆ ਬੁਣਦਾ ਹੈ, ਉਹ ਦਾਨੀ-ਸੁਭਾਅ ਵਾਲਾ ਵੀ ਹੈ। ਮੇਰਾ ਚੋਲਾ ਫਟ ਚੁੱਕਾ ਹੈ। ਅੱਗੇ ਸਿਆਲ ਦੀ ਰੁੱਤ ਆ ਰਹੀ ਹੈ। ਮੈਂ ਸੋਚਦਾ ਹਾਂ ਕਿ ਉਹਦੇ ਕੋਲੋਂ ਚੋਲਾ ਸੰਵਾਉਣ ਜੋਗਾ ਕੱਪੜਾ ਹੀ ਲੈ ਚੱਲਾਂ।"

ਇਹ ਸੁਣਦਿਆਂ ਸਾਰ ਕਬੀਰ ਜੀ ਨੇ ਮੋਢਿਓਂ ਥਾਨ ਲਾਹਿਆ। ਜਿੰਨਾ ਕੁ ਰਾਜ ਬ੍ਰਾਹਮਣ ਨੇ ਕੱਪੜਾ ਮੰਗਿਆ, ਉਸਨੂੰ ਦੇ ਦਿੱਤਾ। ਜਦੋਂ ਕਬੀਰ ਜੀ ਤੁਰਨ ਲੱਗੇ ਤਾਂ ਬੜੀ ਆਜਜ਼ੀ ਨਾਲ ਉਹ ਬ੍ਰਾਹਮਣ ਫਿਰ ਕਹਿਣ ਲੱਗਾ, "ਰੱਬ ਦੇ ਬੰਦਿਆ, ਮੈਨੂੰ ਕਬੀਰ ਜੀ ਦੇ ਥਹੁ-ਟਿਕਾਣੇ ਬਾਰੇ ਦੱਸ ਜਾਹ?"

"ਪੰਡਿਤ ਜੀ, ਹੁਣ ਤੁਸੀਂ ਕਬੀਰ ਤੋਂ ਕੀ ਲੈਣਾ ਹੈ?" ਕਬੀਰ ਨੇ ਪਿੱਛੇ ਮੁੜ ਕੇ ਬ੍ਰਾਹਮਣ ਤੋਂ ਪੁੱਛਿਆ।

"ਦੇਵਤਾ ਜੀ, ਚੋਲੇ ਦੀ ਕ੍ਰਿਪਾ ਤਾਂ ਆਪ ਜੀ ਨੇ ਕਰ ਹੀ ਦਿੱਤੀ ਐ। ਮੈਂ ਸੋਚਦਾ ਕਿ ਪਜਾਮਾ ਅਤੇ ਪੱਗ ਉਹਦੇ ਕੋਲੋਂ ਲੈਂਦਾ ਜਾਵਾਂ।"

ਭਗਤ ਜੀ ਨੇ ਫਿਰ ਥਾਨ ਮੋਢੇ ਤੋਂ ਲਾਹ ਕੇ ਥੱਲੇ ਰੱਖਿਆ, ਪੱਗ ਅਤੇ ਪਜਾਮੇ ਲਈ ਲੋੜੀਂਦਾ ਕੱਪੜਾ ਫਾੜ ਕੇ ਗਰੀਬ ਬ੍ਰਾਹਮਣ ਨੂੰ ਦੇ ਦਿੱਤਾ। ਜਿੰਨਾ ਕੁ ਕੱਪੜਾ ਬਚਿਆ, ਮੋਢੇ 'ਤੇ ਰੱਖ ਕੇ ਕਬੀਰ ਜੀ ਸ਼ਹਿਰ ਵਲ ਨੂੰ ਤੁਰ ਪਏ। ਹਾਲੇ ਦੋ ਚਾਰ ਕਦਮ ਹੀ ਅੱਗੇ ਪੁੱਟੇ ਸਨ ਕਿ ਉਹੀ ਗਰੀਬ ਬ੍ਰਾਹਮਣ ਭਗਤ ਜੀ ਦਾ ਕੋਟਿ-ਕੋਟਿ ਸ਼ੁਕਰਾਨਾ ਕਰਦਿਆਂ ਅੱਗੇ ਆਣ ਖਲੋਇਆ, "ਰੱਬ ਰੂਪ ਵਪਾਰੀਆ, ਜੇ ਤੂੰ ਕਬੀਰ ਭਗਤ ਦੇ ਘਰ ਦਾ ਰਸਤਾ ਮੈਨੂੰ ਦੱਸ ਦਏਂ ਤਾਂ ਤੇਰੀ ਵੱਡੀ ਮਿਹਰਬਾਨੀ ਹੋਵੇਗੀ।"

ਕਬੀਰ ਸਾਹਿਬ ਦੀਆਂ ਸਵਾਲੀਆ ਨਜ਼ਰਾਂ ਦੇਖਦਿਆਂ ਬ੍ਰਾਹਮਣ ਅੱਗੋਂ ਕਹਿੰਦਾ, "ਆਪ ਦੀ ਬੇਅੰਤ ਕ੍ਰਿਪਾ ਸਦਕਾ ਮੇਰਾ ਤਨ ਢਕਿਆ ਗਿਆ। ਹੁਣ ਮੇਰੀ ਰੀਝ ਹੈ ਕਿ ਇਸ ਇਲਾਕੇ ਵਿਚ ਸਬੱਬੀਂ ਆਇਆ ਹੋਇਆਂ, ਭਗਤ ਜੀ ਦੇ ਦਰਸ਼ਨ ਕਰ ਚਲਾਂ। ਨਾਲੇ ਮੈ ਕਈ ਦਿਨਾ ਤੋਂ ਭੁੱਖਾ ਹੋਣ ਕਾਰਨ ਉਥੇ ਕੁਝ ਆਹਾਰ ਕਰ ਲਵਾਂਗਾ।"

ਗਰੀਬ ਬ੍ਰਾਹਮਣ ਦਾ ਧੌਂਕਣੀ ਵਾਂਗ ਅੰਦਰ ਨੂੰ ਜਾਂਦਾ ਢਿੱਡ ਦੇਖ ਕੇ ਕਬੀਰ ਜੀ ਨੇ ਵੱਡੀ ਪ੍ਰਸੰਨਤਾ ਨਾਲ ਬਚਿਆ-ਖੁਚਿਆ ਕੱਪੜਾ ਮੋਢੇ ਤੋਂ ਲਾਹ ਕੇ ਉਸ ਨੂੰ ਫੜਾਉਂਦਿਆਂ ਹੋਇਆਂ ਆਖਿਆ, "ਲਓ ਪੰਡਿਤ ਜੀ, ਸ਼ਹਿਰ ਜਾ ਕੇ ਇਸ ਨੂੰ ਵੇਚ ਲੈਣਾ ਤੇ ਅੰਨ-ਜਲ ਛਕ ਲੈਣਾ।"

ਕੱਪੜੇ ਦੇ ਇਸ ਅਨੋਖੇ 'ਵਪਾਰੀ' ਦੀ ਜੈ-ਜੈ ਕਾਰ ਕਰਦਾ ਹੋਇਆ ਬ੍ਰਾਹਮਣ ਤਾਂ ਸ਼ਹਿਰ ਵਲ ਨੂੰ ਰਵਾਨਾ ਹੋ ਗਿਆ। ਇਧਰ ਖਾਲ-ਮ-ਖਾਲੀ ਹੋ ਚੁੱਕੇ ਕਰੀਬ ਜੀ ਨੂੰ ਧੀ ਦਾ ਆਰੰਭਿਆ ਕਾਰਜ ਚੇਤੇ ਆ ਗਿਆ। ਮਨ ਹੀ ਮਨ ਕੁਝ ਸੋਚ ਵਿਚਾਰ ਕਰਕੇ ਉਹ ਖਾਲੀ ਹੱਥ ਘਰ ਨੂੰ ਵਾਪਸ ਜਾਣ ਦੀ ਬਜਾਏ ਲਾਗੇ ਦੇ ਘਣੇ ਜੰਗਲ ਵਿਚ ਇਕਾਂਤ ਥਾਂ ਜਾ ਬਿਰਾਜੇ। ਰਮਣੀਕ ਸਥਾਨ ਦੇਖ ਕੇ ਲੱਗ ਪਏ ਪ੍ਰਭੂ ਪਿਆਰੇ ਦੇ ਗੀਤ ਗਾਉਣ। ਵਜਦ ਵਿਚ ਆਏ ਕਈ ਦਿਨ ਉਨ੍ਹਾਂ ਵਾਦੀਆਂ 'ਚ ਬੈਠੇ ਰਹੇ।

ਇਕ ਦਿਨ ਕੀ ਹੋਇਆ। ਉਸ ਜੰਗਲ ਦੇ ਲਾਗਿਓਂ ਗੁਜ਼ਰਦੇ ਰਸਤੇ ਉਪਰ ਤੁਰੇ ਜਾਂਦੇ ਕਈ ਰਾਹੀ ਮੁਸਾਫਰਾਂ ਦੀਆਂ ਆਵਾਜ਼ਾਂ ਭਗਤ ਜੀ ਦੇ ਕੰਨੀਂ ਪਈਆਂ। ਉਹ ਕਬੀਰ ਜੀ ਦੀ ਉਸਤਿਤ ਵਿਚ ਕਹਿੰਦੇ ਜਾ ਰਹੇ ਸਨ। "ਬਈ ਕਬੀਰ ਭਗਤ ਦੀ ਲੜਕੀ ਦੇ ਵਿਆਹ ਜੈਸਾ ਸ਼ਾਹਾਨਾ ਕਾਰਜ ਅੱਜ ਤਕ ਨਹੀਂ ਦੇਖਿਆ ਸੁਣਿਆ, "ਭਾਂਤ ਸੁਭਾਂਤੇ ਪਕਵਾਨਾ ਦੇ ਤਾਂ ਕਿਆ ਕਹਿਣੇ।" ਇਹੋ ਜਿਹੀਆਂ ਉਪਮਾ ਭਰੀਆਂ ਗੱਲਾਂ ਸੁਣ ਕੇ ਗੰਭੀਰ ਹੁੰਦੇ ਜਾ ਰਹੇ ਕਬੀਰ ਜੀ ਦੇ ਚਿਹਰੇ 'ਤੇ ਹਾਲੇ ਫਿੱਕੀ ਜਿਹੀ ਮੁਸਕਰਾਹਟ ਛਾਈ ਹੀ ਸੀ ਕਿ ਸਾਹਮਣੇ ਭਗਵਾਨ ਜੀ ਆਣ ਪ੍ਰਗਟ ਹੋਏ। ਭਗਤ ਜੀ ਨੇ ਡੰਡਉਤ ਬੰਦਨਾ ਕੀਤੀ। ਮਮਤਾ-ਵਿੰਨ੍ਹੀ ਮਾਂ ਦੀ ਤਰ੍ਹਾਂ ਆਪਣੇ ਪੁੱਤਰ ਨੂੰ ਪਿਆਰ ਨਾਲ ਗਲਵਕੜੀ ਵਿਚ ਲੈਣ ਵਾਂਗ ਭਗਵਾਨ ਜੀ ਨੇ ਕਬੀਰ ਜੀ ਨੂੰ ਛਾਤੀ ਨਾਲ ਲਾਉਂਦਿਆਂ ਆਖਿਆ, "ਪਿਆਰੇ ਭਗਤਾ, ਦੇਖ ਲੈ ਤੇਰੀ ਧੀ ਦਾ ਸਾਰਾ ਕਾਰਜ ਸੰਪੂਰਨ ਕਰ ਆਇਆ ਹਾਂ।... ਸਾਰੀ ਲੁਕਾਈ ਤੇਰੇ ਨਾਮ ਦੀ ਜੈ ਜੈ ਕਾਰ ਕਰਦੀ ਜਾ ਰਹੀ ਹੈ।"

ਪ੍ਰਭੂ ਦੇ ਮੂੰਹੋਂ ਇਹ ਬਚਨ ਸੁਣ ਕੇ ਪਹਿਲੋਂ ਤਾਂ ਭਗਤ ਜੀ ਦੀਆਂ ਸ਼ੁਕਰਾਨੇ ਵਜੋਂ ਅੱਖਾਂ ਝੁਕ ਗਈਆਂ। ਦੂਜੇ ਪਲ ਹੀ ਮਾਂ-ਬਾਪ ਨਾਲ ਲਾਡ-ਲਡਾਉਂਦੇ ਬੱਚੇ ਵਾਂਗ ਪ੍ਰਭੂ ਨਾਲ ਲਿਪਟਦਿਆਂ ਹੋਇਆਂ ਕਬੀਰ ਜੀ ਹਿਰਖ 'ਚ ਆ ਕੇ ਕਹਿੰਦੇ, "ਮੇਰੀ ਧੀ ਦਾ ਕਾਰਜ ਕਰਕੇ 'ਹਸਾਨ ਕਾਹਦਾ ਲਾਉਨੈਂ ਪ੍ਰਭੂ। ਓਦਣ ਮੇਰੇ ਕੋਲੋਂ ਕੱਪੜੇ ਦਾ ਥਾਨ ਵੀ ਤਾਂ ਸਾਰਾ ਤੂੰ ਹੀ ਲੈ ਗਿਆ ਸੈਂ।"

ਛੇਵੇਂ ਸਤਿਗੁਰੂ, ਗੁਰੂ ਹਰਗੋਬਿੰਦ ਸਾਹਿਬ ਦੇ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਕੱਟੂ ਨਾਮ ਦਾ ਇਕ ਸਿੱਖ, ਹੱਥੀਂ ਸ਼ਹਿਦ ਚੋਅ ਕੇ ਬੜੀ ਸ਼ਰਧਾ ਭਾਵਨਾ ਨਾਲ ਗੁਰੂ ਜੀ ਨੂੰ ਛਕਾਉਣ ਲਈ ਲੈ ਕੇ ਜਾ ਰਿਹਾ ਸੀ। ਰਾਹ ਵਿਚ ਗੁਰੂ ਦਰਸ਼ਨਾਂ ਨੂੰ ਜਾ ਰਹੇ ਇਕ ਹੋਰ ਸਿੱਖ ਨੇ ਉਸਦੇ ਕੋਲੋਂ ਸ਼ਹਿਦ ਖਾਣ ਲਈ ਮੰਗ ਲਿਆ ਪਰ ਕੱਟੂ ਨੇ ਇਹ ਕਹਿ ਕੇ ਜਵਾਬ ਦੇ ਦਿੱਤਾ ਕਿ ਇਹ ਮੈਂ ਸਿਰਫ ਗੁਰੂ ਜੀ ਵਾਸਤੇ ਹੀ ਲਿਜਾ ਰਿਹਾ ਹਾਂ। ਦਰਬਾਰ ਵਿਚ ਪਹੁੰਚ ਕੇ ਜਦ ਕੱਟੂ ਨੇ ਗੁਰੂ ਸਾਹਿਬ ਨੂੰ ਸ਼ਹਿਦ ਭੇਟ ਕੀਤਾ ਤਾਂ ਗੁਰੂ ਜੀ ਨੇ ਛਕਣੋਂ ਨਾਂਹ ਕਰ ਦਿੱਤੀ ਅਤੇ ਫੁਰਮਾਇਆ, "ਭਾਈ ਕੱਟੂ ਜਦ ਅਸੀਂ ਤੇਰੇ ਕੋਲੋਂ ਸ਼ਹਿਦ ਮੰਗਿਆ ਸੀ, ਉਦੋਂ ਤੂੰ ਇਨਕਾਰ ਕਰ ਦਿੱਤਾ ਸੀ।"

ਸਾਡੇ ਕੋਲ 'ਉਸਨੂੰ' ਪਛਾਣਨ ਵਾਲੀਆਂ ਅੱਖਾਂ ਹੀ ਹੈ ਨਹੀਂ, ਠੀਕ ਨਹੀਂ?



# ਕੀ ਬਣੂ ਦੁਨੀਆਂ ਦਾ

-ਸਟੀਫਨ ਹਾਕਿੰਗ

ਦੁਨੀਆਂ ਕਿਸ ਤਰ੍ਹਾਂ ਬਣੀ ਸੀ? ਮੱਧ ਅਫਰੀਕਾ ਦੇ ਬੋਸ਼ੋਂਗੋ ਭਾਈਚਾਰੇ ਦੇ ਬਾਸ਼ਿੰਦੇ ਇਕ ਦਿਲਚਸਪ ਕਹਾਣੀ ਸੁਣਾਉਂਦੇ ਹਨ। ਉਹ ਮੰਨਦੇ ਹਨ ਕਿ ਅਰੰਭ ਵਿਚ ਅੰਧਕਾਰ, ਪਾਣੀ ਅਤੇ ਉਨ੍ਹਾਂ ਦੇ ਵਿਸ਼ਾਲ ਅਕਾਰ ਦੇ ਦੇਵਤਾ ਬੂੰਬਾ ਤੋਂ ਇਲਾਵਾ ਕੁਝ ਵੀ ਨਹੀਂ ਸੀ। ਇਕ ਦਿਨ ਬੂੰਬਾ ਦੇ ਢਿੱਡ ਵਿਚ ਜ਼ੋਰਦਾਰ ਦਰਦ ਉਠ ਖੜਾ ਹੋਇਆ, ਉਸਨੇ ਉਲਟੀ ਕੀਤੀ ਅਤੇ ਇਸ ਤਰ੍ਹਾਂ ਸੂਰਜ ਦਾ ਜਨਮ ਹੋਇਆ। ਸੂਰਜ ਦੀ ਗਰਮੀ ਨੇ ਬਹੁਤ ਸਾਰਾ ਪਾਣੀ ਸੁਕਾ ਦਿੱਤਾ ਅਤੇ ਧਰਤੀ ਨਜ਼ਰ ਆਉਣ ਲੱਗੀ। ਪਰ ਬੂੰਬਾ ਦਾ ਦਰਦ ਹੁਣ ਵੀ ਬਰਕਰਾਰ ਸੀ। ਉਸ ਨੇ ਫਿਰ ਉਲਟੀ ਕੀਤੀ ਅਤੇ ਚੰਦਰਮਾ ਅਤੇ ਤਾਰਿਆਂ ਦੀ ਉਤਪਤੀ ਹੋਈ। ਫਿਰ ਉਸ ਦੀ ਉਲਟੀ (ਕੈਅ) ਤੋਂ ਚੀਤਾ, ਮਗਰਮੱਛ ਅਤੇ ਕੱਛੂਕੁੰਮਾ ਨਿਕਲੇ। ਸਭ ਤੋਂ ਅਖੀਰ ਵਿਚ ਮਨੁੱਖ ਦਾ ਜਨਮ ਹੋਇਆ।

ਸ੍ਰਿਸ਼ਟੀ ਦੀ ਉਤਪਤੀ ਦੀ ਇਹ ਮਿਥ ਉਸੇ ਸਵਾਲ ਦਾ ਜਵਾਬ ਦੇਣ ਦਾ ਇਕ ਹੋਰ ਯਤਨ ਹੈ ਜਿਸ ਨਾਲ ਅਸੀਂ ਸਾਰੇ ਦੋ-ਚਾਰ ਹੁੰਦੇ ਰਹਿੰਦੇ ਹਾਂ। ਅਸੀਂ ਇਥੇ ਕਿਉਂ ਹਾਂ? ਅਸੀਂ ਕਿਥੋਂ ਆਏ ਹਾਂ? ਆਦਿ। ਇਹੀ ਕਿਹਾ ਜਾਂਦਾ ਹੈ ਕਿ ਮਨੁੱਖ ਸਭ ਤੋਂ ਅਖੀਰ ਵਿਚ ਪੈਦਾ ਹੋਇਆ। ਸ਼ਾਇਦ ਇਸ ਲਈ ਕਿ ਉਸ ਦੀ ਬੁੱਧੀਮਾਨਤਾ ਅਤੇ ਸਿੱਖਣ ਦੀ ਰਫਤਾਰ ਸਭ ਤੋਂ ਤੇਜ਼ ਸੀ ਅਤੇ ਉਸਨੂੰ ਧਰਤੀ ਤੇ ਛੇਤੀ ਆਉਣ ਦੀ ਕੋਈ ਲੋੜ ਨਹੀਂ ਸੀ। ਬਿਸ਼ਪ ਅਸ਼ਰ ਨੇ ਤਾਂ ਦੁਨੀਆਂ ਦੀ ਉਤਪਤੀ ਦੀ ਤਾਰੀਖ ਅਤੇ ਸਮਾਂ ਵੀ ਦੱਸ ਦਿੱਤਾ ਸੀ। ਉਨ੍ਹਾਂ ਅਨੁਸਾਰ ਦੁਨੀਆਂ ਈਸਾ ਤੋਂ 4004 ਸਾਲ ਪਹਿਲਾਂ 27 ਅਕਤੂਬਰ ਨੂੰ ਸਵੇਰੇ 9 ਵਜੇ ਹੋਂਦ ਵਿਚ ਆਈ ਸੀ ਪਰ ਸਾਰੇ ਲੋਕ ਇਸ ਤਰ੍ਹਾਂ ਨਹੀਂ ਸੋਚਦੇ ਕਿ ਦੁਨੀਆਂ ਦੀ ਅਸਲ ਵਿਚ ਕੋਈ ਸ਼ੁਰੂਆਤ ਹੋਈ ਹੋਵੇਗੀ।

ਮਿਸਾਲ ਵਜੋਂ ਯੂਨਾਨੀ ਦਾਰਸ਼ਨਿਕ ਅਰਸਤੂ ਦਾ ਮੰਨਣਾ ਸੀ ਕਿ ਦੁਨੀਆਂ ਹਮੇਸ਼ਾ ਤੋਂ ਸੀ। ਸ਼ਾਇਦ ਅਰਸਤੂ ਸ੍ਰਿਸ਼ਟੀ ਦਾ ਨਿਰਮਾਣ ਕਰਨ ਵਾਲੀ ਕਿਸੇ ਤਾਕਤ ਦੀ ਹੋਂਦ ਨੂੰ ਨਕਾਰਨਾ ਚਾਹੁੰਦੇ ਸਨ। ਉਨ੍ਹਾਂ ਦੇ ਵਿਚਾਰ ਵਿਚ ਦਮ ਵੀ ਲੱਗਦਾ ਹੈ ਕਿਉਂਕਿ ਜਿਉਂ ਹੀ ਅਸੀਂ ਕਹਾਂਗੇ ਕਿ ਇਕ ਖਾਸ ਦਿਨ ਦੁਨੀਆਂ ਬਣੀ ਹੈ ਤਾਂ ਉਸੇ ਸਮੇਂ ਇਹ ਸਵਾਲ ਉਠੇਗਾ ਕਿ ਉਸ ਤੋਂ ਪਹਿਲਾਂ ਕੀ ਸੀ? ਦੁਨੀਆਂ ਬਣਾਉਣ ਤੋਂ ਪਹਿਲਾਂ ਰੱਬ ਕੀ ਕਰ ਰਿਹਾ ਸੀ। ਕੀ ਉਹ ਉਨ੍ਹਾਂ ਲੋਕਾਂ ਦੇ ਲਈ ਨਰਕ ਤਿਆਰ ਕਰ ਰਿਹਾ ਸੀ, ਜੋ ਇਸ ਤਰ੍ਹਾਂ ਦੇ ਸਵਾਲ ਪੁੱਛਦੇ ਹਨ।

ਜਰਮਨ ਦਾਰਸ਼ਨਿਕ ਇਮੈਨੁਅਲ ਕਾਂਟ ਇਸ ਤਰ੍ਹਾਂ ਦੀਆਂ ਹੀ ਬੁਝਾਰਤਾਂ ਪਾਇਆ ਕਰਦੇ ਸਨ। ਉਹ ਕਹਿੰਦੇ ਜੇ ਦੁਨੀਆਂ ਬਣੀ ਸੀ ਤਾਂ ਉਸਨੇ ਬਣਨ ਵਿਚ ਇੰਨਾ ਸਮਾਂ ਕਿਉਂ ਲਿਆ? ਅਤੇ ਜੇ ਦੁਨੀਆਂ ਪਹਿਲਾਂ ਤੋਂ ਹੀ ਸੀ ਤਾਂ ਉਸ ਨੇ ਮੌਜੂਦਾ ਹਾਲਤ ਵਿਚ ਆਉਣ ਤੱਕ ਇੰਨਾ ਸਮਾਂ ਕਿਉਂ ਲਾਇਆ? ਇਕ ਗੱਲ 'ਤੇ ਸਭ ਚਿੰਤਕ ਸਹਿਮਤ ਸਨ ਕਿ ਸਮਾਂ ਅਸੀਮ ਹੈ। ਪਰ ਸਾਲ 1915 ਵਿਚ ਆਈਨਸਟਾਈਨ ਦੇ ਸਪੇਖਤਾ ਦੇ ਸਿਧਾਂਤ ਨੇ ਸਭ ਕੁਝ ਉਲਟ-ਪੁਲਟ ਕਰ ਦਿੱਤਾ। ਹੁਣ ਨਾ ਤਾਂ ਸਮਾਂ ਅਸੀਮ ਰਿਹਾ ਸੀ, ਨਾ ਸਪੇਸ। ਸਮੇਂ ਅਤੇ ਸਪੇਸ ਦੀ ਗੱਲ ਕਿਸੇ ਬ੍ਰਹਿਮੰਡ ਦੇ ਸੰਦਰਭ ਵਿਚ ਹੀ ਕੀਤੀ ਜਾ ਸਕਦੀ ਸੀ, ਉਸ ਦੇ ਬਾਹਰ ਉਨ੍ਹਾਂ ਦੀ ਕੋਈ ਹੋਂਦ ਨਹੀਂ ਸੀ। ਇਸ ਨਾਲ ਦੁਨੀਆਂ ਬਣਨ ਦੇ ਅਰਥ ਨੂੰ ਲੈ ਕੇ ਦਾਰਸ਼ਨਿਕ ਸਵਾਲ ਵੀ ਉੱਠ ਖੜੇ ਹੋਏ।

1920 ਦੇ ਦਹਾਕੇ ਅੰਦਰ ਐਡਵਿਨ ਹਬਲ ਨੇ ਆਪਣੀ ਸੌ ਇੰਚੀ ਖੁਰਦਬੀਨ ਨਾਲ ਦੇਖ ਕੇ ਦੱਸਿਆ ਕਿ ਤਾਰੇ ਉਂਜ ਹੀ ਖਿੰਡੇ ਹੋਏ ਨਹੀਂ ਹਨ, ਸਗੋਂ ਉਹ ਕਿਸੇ ਅਕਾਸ਼ ਗੰਗਾ ਦਾ ਹਿੱਸਾ ਹਨ। ਪਰ ਹਬਲ ਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਪੁਲਾੜ ਦੀਆਂ ਸਭ ਅਕਾਸ਼ਗੰਗਾ ਸਾਥੋਂ ਦੂਰ ਜਾ ਰਹੀਆਂ ਸਨ। ਇਸਦਾ ਮਤਲਬ ਸੀ ਕਿ ਦੁਨੀਆਂ ਫੈਲ ਰਹੀ ਸੀ। ਫੈਲਦੇ ਹੋਏ ਬ੍ਰਹਿਮੰਡ ਦੀ ਇਹ ਧਾਰਨਾ ਮਨੁੱਖ ਜਾਤੀ ਦੇ ਇਤਿਹਾਸ ਦੀਆਂ ਮਹਾਨ ਖੋਜਾਂ ਵਿਚੋਂ ਇਕ ਸੀ। ਹੁਣ ਇਸ ਬਹਿਸ ਦਾ ਸਰੂਪ ਬਦਲ ਗਿਆ ਕਿ ਦੁਨੀਆਂ ਦੀ ਸ਼ੁਰੂਆਤ ਕਦੋਂ ਹੋਈ ਸੀ। ਜੇ ਅਕਾਸ਼ਗੰਗਾ ਦੂਰ ਜਾ ਰਹੀਆਂ ਸਨ ਤਾਂ ਕਦੇ ਉਹ ਇਕ ਦੂਜੀ ਦੇ ਨੇੜੇ ਰਹੀਆਂ ਹੋਣਗੀਆਂ। ਸ਼ਾਇਦ ਅੱਜ ਤੋਂ 15 ਅਰਬ ਸਾਲ ਪਹਿਲਾਂ ਸਾਰੀਆਂ ਅਕਾਸ਼ਗੰਗਾ ਇਕ ਦੂਜੇ ਦੇ ਉਪਰ ਚੜੀਆਂ ਹੋਈਆਂ ਹੋਣਗੀਆਂ। ਕੀ ਇਹ ਦੁਨੀਆਂ ਦਾ ਅਰੰਭ ਸੀ। 1948 ਵਿਚ ਬੋਂਦੀ, ਗੋਲਡ ਅਤੇ ਹੋਏਲ ਨੇ 'ਸਟੈਡੀ ਸਟੇਟ' ਥਿਊਰੀ ਪੇਸ਼ ਕੀਤੀ ਜਿਸਦੇ ਅਨੁਸਾਰ ਦੁਨੀਆਂ ਫੈਲ ਜ਼ਰੂਰ ਰਹੀ ਸੀ ਪਰ ਉਸਦੀ ਕੋਈ ਸ਼ੁਰੂਆਤ ਨਹੀਂ ਸੀ।

60 ਦੇ ਦਹਾਕੇ ਵਿਚ ਦੋ ਰੂਸੀਆਂ-ਲੀਸ਼ਿਜ਼ਲ ਅਤੇ ਖਾਲਾਤਿਨਕੋਵ ਨੇ ਵਿਚਾਰ ਪੇਸ਼ ਕੀਤਾ ਕਿ ਫੈਲਣ ਤੋਂ ਪਹਿਲਾਂ ਦੁਨੀਆਂ ਸੁੰਗੜ ਰਹੀ ਸੀ ਅਤੇ ਉਸ ਦਾ ਘਣਤਵ ਸੀਮਿਤ ਸੀ। ਜਦ ਉਨ੍ਹਾਂ ਨੇ ਆਪਣਾ ਇਹ ਅਧਿਐਨ ਪ੍ਰਕਾਸ਼ਤ ਕਰਵਾਇਆ ਸੀ ਉਦੋਂ ਮੈਂ 21 ਸਾਲ ਦਾ ਖੋਜ ਵਿਦਿਆਰਥੀ ਸੀ ਅਤੇ ਪੀ.ਐਚ.ਡੀ. ਦਾ ਥੀਸਿਸ ਪੂਰਾ ਕਰਨ ਲਈ ਕਿਸੇ ਵਿਸ਼ੇ ਦੀ ਭਾਲ ਕਰ ਰਿਹਾ ਸੀ। ਮੈਨੂੰ ਉਨ੍ਹਾਂ ਦੀਆਂ ਗੱਲਾਂ ਵਿਚ ਯਕੀਨ ਨਹੀਂ ਸੀ, ਇਸ ਲਈ ਮੈਂ ਰੋਜਰ ਪੇਨਰੋਜ ਦੇ ਨਾਲ ਇਸ ਸਵਾਲ ਦਾ ਜਵਾਬ ਦੇਣ ਲਈ ਪੂਰੀ ਤਿਆਰੀ ਨਾਲ ਜੁਟ ਗਿਆ।

ਅਕਤੂਬਰ 1965 ਵਿਚ ਪੁਲਾੜ ਵਿਚ ਸੂਖਮ ਤਰੰਗਾਂ ਦੇ ਇਕ ਧੁੰਦਲੇ ਪਿਛੋਕੜ ਦੀ ਖੋਜ ਕਰ ਲਈ ਗਈ। ਇਹ ਉਸੇ ਤਰ੍ਹਾਂ ਦੀ ਮਾਈਕਰੋਵੇਵ ਸੀ ਜੋ ਤੁਹਾਡੇ ਓਵਨ ਵਿਚ ਹੁੰਦੀ ਹੈ ਪਰ ਇਹ ਉਸ ਤੋਂ ਬਹੁਤ ਜ਼ਿਆਦਾ ਠੰਢੀ ਹੁੰਦੀ ਹੈ। ਸਾਡੇ ਕੋਲ ਅਜੇ ਵੀ ਇਸ ਦਾ ਜਵਾਬ ਨਹੀਂ ਸੀ ਕਿ ਦੁਨੀਆਂ ਦੀ ਸ਼ੁਰੂਆਤ ਕਿਸ ਤਰ੍ਹਾਂ ਹੋਈ। ਅਸੀਂ ਸਿਰਫ ਏਨਾ ਹੀ ਅੰਦਾਜ਼ਾ ਲਾ ਸਕੇ ਸਾਂ ਕਿ ਸ਼ੁਰੂ ਹੋਣ ਤੋਂ ਬਾਅਦ ਦੁਨੀਆਂ ਦਾ ਵਿਕਾਸ ਕਿਸ ਤਰ੍ਹਾਂ ਨਾਲ ਹੋਇਆ ਹੋਵੇਗਾ। ਉਂਜ ਪੋਪ ਜੌਹਨ ਪਾਲ ਤਾਂ ਇਹੀ ਚਾਹੁੰਦੇ ਸੀ ਕਿ ਅਸੀਂ ਕਦੀ ਸ਼ੁਰੂਆਤ ਦੇ ਬਾਰੇ ਪਤਾ ਨਾ ਲਾ ਸਕੀਏ। ਉਨ੍ਹਾਂ ਅਨੁਸਾਰ ਇਹ ਪਰਮਾਤਮਾ ਦੇ ਅਧਿਕਾਰ ਖੇਤਰ ਦੀ ਗੱਲ ਹੈ। ਸ਼ੁਕਰ ਹੈ, ਉਹ ਨਹੀਂ ਜਾਣਦੇ ਸਨ ਕਿ ਮੈਂ ਇਸ ਬਾਬਤ ਡੂੰਘੀ ਖੋਜ ਪੜਤਾਲ ਕਰ ਰਿਹਾ ਸਾਂ, ਨਹੀਂ ਤਾਂ ਗੈਲੀਲੀਓ ਦੀ ਤਰ੍ਹਾਂ ਮੈਨੂੰ ਵੀ ਫੜ ਲਿਆ ਜਾਂਦਾ।

ਅਸੀਂ ਸਾਰੇ ਇਹ ਮਹਿਸੂਸ ਕਰਨ ਲੱਗੇ ਕਿ ਹੁਣ ਸਾਨੂੰ ਆਈਨਸਟਾਈਨ ਦੇ ਸਾਪੇਖਤਾ ਸਿਧਾਂਤ ਤੋਂ ਵਧ ਸੰਪੂਰਨ ਸਿਧਾਂਤ ਦੀ ਲੋੜ ਹੈ, ਇਸ ਲਈ ਅਸੀਂ ਸਾਪੇਖਤਾ ਸਿਧਾਂਤ ਅਤੇ ਕੁਆਂਟਮ ਥਿਊਰੀ ਦਾ ਮੇਲ ਕਰ ਦਿੱਤਾ। ਦੁਨੀਆਂ ਕਿਸ ਤਰ੍ਹਾਂ ਸ਼ੁਰੂ ਹੋਈ। ਇਸ ਸਵਾਲ ਨੂੰ ਪੁੱਛਣ ਦਾ ਇਕ ਦੂਜਾ ਢੰਗ ਇਹ ਹੈ ਕਿ ਇਤਿਹਾਸ ਦੀ ਸ਼ੁਰੂਆਤ ਕਿਵੇਂ ਹੋਈ? ਪਰ ਇਸ ਸਵਾਲ ਦੀ ਉਹੀ ਮੁਸੀਬਤ ਹੈ ਜੋ ਉਨ੍ਹਾਂ ਲੋਕਾਂ ਨਾਲ ਸੀ ਜੋ ਮੰਨਦੇ ਸੀ ਕਿ ਦੁਨੀਆਂ ਸਪਾਟ ਹੈ ਅਤੇ ਫਿਰ ਇਹ ਪੁੱਛਦੇ ਸੀ ਕਿ ਦੁਨੀਆਂ ਦੇ ਅੰਤਿਮ ਕਿਨਾਰੇ ਤੇ ਕੀ ਹੋਵੇਗਾ? ਮੈਂ ਤੁਹਾਨੂੰ ਯਕੀਨ ਦਿਵਾ ਸਕਦਾ ਹਾਂ ਕਿ ਏਦਾਂ ਨਹੀਂ ਹੈ। ਮੈਂ ਦੁਨੀਆਂ ਭਰ ਵਿਚ ਘੁੰਮਿਆ ਹਾਂ ਅਤੇ ਅੱਜ ਤੱਕ ਮੈਂ ਕਿਸੇ ਆਖਰੀ ਕਿਨਾਰੇ ਤੋਂ ਥੱਲੇ ਨਹੀਂ ਡਿੱਗਿਆ। ਇਹ ਸਮੱਸਿਆ ਤਦ ਖਤਮ ਹੋ ਗਈ ਜਦੋਂ ਜਾਣ ਲਿਆ ਗਿਆ ਸੀ ਕਿ ਦੁਨੀਆਂ ਗੋਲ ਹੈ ਪਰ ਸਮੇਂ ਦਾ ਮਾਮਲਾ ਉਲਟ ਹੈ।

ਆਈਨਸਟਾਈਨ ਦੀ ਥਿਊਰੀ ਵਿਚ ਸਮਾਂ ਅਤੇ ਸਥਾਨ ਬਰਾਬਰ ਸਨ, ਪਰ ਏਦਾਂ ਨਹੀਂ ਹੈ। ਜੇ ਦੁਨੀਆਂ ਦੱਖਣੀ ਧਰੁਵ ਤੋਂ ਸ਼ੁਰੂ ਹੋਈ ਸੀ ਤਾਂ ਅਸੀਂ ਇਹ ਮੰਨ ਸਕਦੇ ਹਾਂ ਕਿ ਉਸ ਦੇ ਬਾਅਦ ਇਹ ਉਤਰੀ ਧਰੁਵ ਵਲ ਵਧੀ ਹੋਵੇਗੀ, ਪਰ ਇਹ ਪੁੱਛਣ ਦਾ ਕੋਈ ਮਤਲਬ ਨਹੀਂ ਹੈ ਕਿ ਇਸ ਤੋਂ ਪਹਿਲਾਂ ਕੀ ਹੋਇਆ ਹੋਵੇਗਾ। ਮੈਂ ਦੱਖਣੀ ਧਰੁਵ ਉਤੇ ਤਾਂ ਨਹੀਂ ਗਿਆ, ਪਰ ਮੈਂ ਅੰਟਾਰਕਟਿਕਾ ਜ਼ਰੂਰ ਜਾ ਚੁੱਕਿਆ ਹਾਂ ਅਤੇ ਉਥੇ ਵੀ ਕੁਦਰਤ ਦੇ ਇਕੋ ਨਿਯਮ ਕੰਮ ਕਰ ਰਹੇ ਸਨ। ਜੇ ਦੁਨੀਆਂ ਦੀ ਕੋਈ ਸ਼ੁਰੂਆਤ ਹੋਵੇਗੀ ਤਾਂ ਇਕੋ ਜਿਹੇ ਨਿਯਮਾਂ ਤਹਿਤ ਹੀ ਹੋਵੇਗੀ।

ਪਰ ਕੁਝ ਸਵਾਲਾਂ ਦੇ ਜਵਾਬ ਹੁਣ ਵੀ ਸਾਡੇ ਕੋਲ ਨਹੀਂ ਹਨ। ਦੁਨੀਆਂ ਦਾ ਭਵਿੱਖ ਕੀ ਹੋਵੇਗਾ? ਕੀ ਉਹ ਇਸੇ ਤਰ੍ਹਾਂ ਹਮੇਸ਼ਾ ਫੈਲਦੀ ਜਾਏਗੀ? ਜਾਂ ਉਹ ਇਕ ਬਿੰਦੂ ਦੇ ਬਾਅਦ ਫਿਰ ਤੋਂ ਸੁੰਗੜਨਾ ਸ਼ੁਰੂ ਕਰ ਦੇਵੇਗੀ? ਨਵੇਂ ਅਧਿਐਨ ਹੋ ਰਹੇ ਹਨ ਅਤੇ ਨਿੱਤ ਨਵੇਂ ਨਤੀਜੇ ਕੱਢੇ ਜਾ ਰਹੇ ਹਨ। ਅਸੀਂ ਹੌਲੀ ਹੌਲੀ ਸਦੀਆਂ ਪੁਰਾਣੇ ਉਨ੍ਹਾਂ ਹੀ ਸਵਾਲਾਂ ਦੇ ਜਵਾਬ ਦੇ ਨੇੜੇ ਆ ਰਹੇ ਹਾਂ, ਅਸੀਂ ਇਥੇ ਕਿਉਂ ਹਾਂ? ਅਸੀਂ ਕਿੱਥੋਂ ਆਏ ਹਾਂ?

# Remembering Sikhs of All Wars

**Sir John Maynard estimated that the contribution of the Sikh community in men and material was ten times that of any other community of India. Of the 22 Military Crosses awarded for conspicuous gallantry to Indians, the Sikhs won 14.**




**Ishar Singh VC, the first Sikh VC winner, is seen here (far right) marching through Whitehall with three other highly decorated Sikhs. Ishar Singh was in London for five months in 1936 as one of the Viceroy's Commissioned Officers selected to serve as the Orderly Officers to the King.**

*Copyright © Sarwan Singh 2010 (Pending)*

**Sponsored By: Sikh Sangat Chicago/Sher-E-Punjab Sports & Cultural Club, Chicago**

ੴ ਸ੍ਰੀ ਅਕਾਲ ਸਹਾਇ

# ਮਹਾਨ ਉਦਘਾਟਨ ਸਮਾਗਮ



## ਗੁਰਦੁਆਰਾ ਗੁਰੂ ਦਸ਼ਮੇਸ਼ ਦਰਬਾਰ ਬੇਕਰਸਫੀਲਡ

7000 ਵਾਈਬਲ ਰੋਡ, ਬੇਕਰਸਫੀਲਡ 93313 ਕੈਲੇਫੋਰਨੀਆਂ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪਹੁੰਚ ਰਹੇ ਪੰਜ ਸਿੰਘ ਸਾਹਿਬਾਨ ਨਵੇਂ ਬਣ ਰਹੇ
ਗੁਰਦੁਆਰਾ ਗੁਰੂ ਦਸਮੇਸ਼ ਦਰਬਾਰ ਬੇਕਰਸਫੀਲਡ ਦਾ ਉਦਘਾਟਨ ਆਪਣੇ ਕਰ ਕਮਲਾਂ ਨਾਲ ਕਰਨਗੇ

- ਸਿੱਖ ਪੰਥ ਦੀ ਮਹਾਨ ਸ਼ਖਸ਼ੀਅਤ ਗਿਆਨੀ ਮੱਲ ਸਿੰਘ ਜੀ (ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ)
- ਸੰਤ ਬਾਬਾ ਹਰੀ ਸਿੰਘ ਜੀ ਰੰਧਾਵੇ ਵਾਲੇ
- ਗਿਆਨੀ ਸਾਹਿਬ ਸਿੰਘ ਜੀ ਕਨੇਡਾ ਵਾਲੇ
- ਸੰਤ ਬਾਬਾ ਬਲਜਿੰਦਰ ਸਿੰਘ ਜੀ ਰਾੜਾ ਸਾਹਿਬ ਵਾਲੇ
- ਸੰਤ ਬਾਬਾ ਕਸ਼ਮੀਰਾ ਸਿੰਘ ਜੀ ਅਲਹੌਰਾਂ ਸਾਹਿਬ ਵਾਲੇ

ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਹੁੰਮ ਹੁੰਮਾ ਕੇ ਆਪਣੇ ਪਰਿਵਾਰ ਸਮੇਤ ਗੁਰਦੁਆਰਾ ਗੁਰੂ ਦਸ਼ਮੇਸ਼ ਦਰਬਾਰ
ਵਿਖੇ ਹੋਰ ਰਹੇ ਇਸ ਮਹਾਨ ਸਮਾਗਮ ਵਿੱਚ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

### ਪ੍ਰੋਗਰਾਮ ਦਾ ਵੇਰਵਾ

ਸ੍ਰੀ ਗੁਰੂ ਗੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਨਵੇਂ ਦਰਬਾਰ ਸਾਹਿਬ ਵਿਖੇ 10 ਜੂਨ ਨੂੰ ਸਵੇਰੇ 9:00 ਵਜੇ ਹੋਣਗੇ

10 ਜੂਨ 2010 ਦਿਨ ਵੀਰਵਾਰ ਆਰੰਭ ਸ੍ਰੀ ਆਖੰਡ ਪਾਠ ਸਾਹਿਬ ....................... 10:00 ਵਜੇ ਸਵੇਰੇ

12 ਜੂਨ 2010 ਦਿਨ ਸ਼ਨੀਵਾਰ ਭੋਗ ਸ੍ਰੀ ਆਖੰਡ ਪਾਠ ਸਾਹਿਬ ....................... 10:00 ਵਜੇ ਸਵੇਰੇ

ਨਵੇਂ ਨਿਸ਼ਾਨ ਸਾਹਿਬ ਦੀ ਸੇਵਾ ........................................................ 10:30 ਵਜੇ ਸਵੇਰੇ

ਮਹਾਨ ਕਥਾ ਕੀਰਤਨ ਦਰਬਾਰ 11:00 ਵਜੇ ਸਵੇਰੇ ਤੋਂ 2:00 ਵਜੇ ਦੁਪਹਿਰ ਤੱਕ ਹੋਵੇਗਾ

ਸਾਰੇ ਮਹਾਂਪੁਰਸ਼ ਹਾਜ਼ਰੀ ਭਰਨਗੇ

ਹਰ ਰੋਜ ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਸੰਤ ਬਾਬਾ ਬਲਜਿੰਦਰ ਸਿੰਘ ਜੀ ਰਾੜਾ ਸਾਹਿਬ ਵਾਲੇ 7 ਜੂਨ ਦਿਨ ਸੋਮਵਾਰ ਤੋਂ 12 ਜੂਨ ਦਿਨ ਸ਼ਨੀਵਾਰ ਤੱਕ
7:30 ਤੋਂ 8:30 ਵਜੇ ਤੱਕ ਹਰ ਰੋਜ਼ ਸ਼ਾਮ ਦੇ ਦੀਵਾਨ ਸਜਾਉਣਗੇ ।

**ਹੋਰ ਜਾਣਕਾਰੀ ਲਈ ਸੰਪਰਕ ਕਰੋ : 661.717.2510 ਜਾਂ 661.472.8335**

**ਵੱਲੋਂ ਸਮੂਹ ਸਾਧ ਸੰਗਤ ਅਤੇ ਗੁਰਦੁਆਰਾ ਗੁਰੂ ਦਸ਼ਮੇਸ਼ ਦਰਬਾਰ ਬੇਕਰਸਫੀਲਡ**

Quik Signs *661-703-8795 *661-900-7357

ੴ ਸਤਿਗੁਰ ਪ੍ਰਸਾਦਿ॥

# ਦਮਦਮੀ ਟਕਸਾਲ ਦੇ 14ਵੇਂ ਮੁਖੀ, ਵੀਹਵੀਂ ਸਦੀ ਦੇ ਮਹਾਨ ਸਿੱਖ ਸ਼ਹੀਦ, ਨੌਜਵਾਨਾਂ ਦੇ ਦਿਲਾਂ ਦੀ ਧੜਕਣ

# ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ

## ਦੀ ਸ਼ਹਾਦਤ ਨੂੰ

# ਕੋਟਾਨਿ ਕੋਟਿ ਪ੍ਰਣਾਮ



ਦਸ਼ਮੇਸ਼ ਪਿਤਾ ਦਾ ਸਿੱਖ ਸੀ ਸੱਚਾ, ਪਿੰਡ ਸੀ ਉਸ ਦਾ ਰੋਡੇ
ਅੱਖਾਂ 'ਚ ਲਾਲੀ, ਉਤੋਂ ਦੀ ਗਾਤਰਾ ਮਾਊਜ਼ਰ ਪਾਇਆ ਸੀ ਮੋਢੇ
ਪੰਥ ਦੀ ਆਨ ਸ਼ਾਨ ਵਾਸਤੇ ਉਹਨੇ ਮੋਰਚੇ ਲਾ'ਤੇ
ਜੂਏ ਦੇ ਅੱਡੇ, ਦਾਰੂ ਦੇ ਠੇਕੇ ਦਿਨਾਂ 'ਚ ਬੰਦ ਕਰਾ'ਤੇ
ਕਹਿੰਦੇ ਕਹਾਉਂਦੇ ਅਫਸਰ ਨੂੰ ਵੀ ਵੇਖ ਕੇ ਛਿੜਦਾ ਸੀ ਪਾਲ਼ਾ
ਸੱਚਾ ਸੁੱਚਾ ਬੰਦਾ ਸੀ ਜਰਨੈਲ ਸਿੰਘ ਭਿੰਡਰਾਂਵਾਲਾ
ਸਿੱਖੀ ਦੇ ਰਸਤੇ 'ਤੇ ਤੋਰਿਆ, ਉਹਨੇ ਪੰਜਾਬ ਦੀ ਜਵਾਨੀ ਨੂੰ
ਸਦਾ ਚੇਤੇ ਰੱਖਾਂਗੇ 'ਰੰਡਿਆਲਿਆ' ਸ਼ੇਰ ਦੀ ਕੁਰਬਾਨੀ ਨੂੰ

**ਵਲੋਂ: ਰਾਜਵਿੰਦਰ ਸਿੰਘ ਰੰਡਿਆਲਾ**
**ਸ਼੍ਰੋਮਣੀ ਅਕਾਲੀ ਆਗੂ ਅਤੇ ਕਬੱਡੀ ਕੁਮੈਂਟੇਟਰ**
**ਮੋਗਾ, ਗੁਹਾਟੀ, ਰੋਡਵੇਜ਼**



*ਰਾਜਵਿੰਦਰ ਸਿੰਘ ਰੰਡਿਆਲਾ*
*ਫੋਨ: 916-335-2248*

# ਬਰਾਡਸ਼ਾਅ ਗੁਰਮਤਿ ਸਕੂਲ ਦਾ ਸਾਲਾਨਾ ਸਮਾਗਮ

**ਸੈਕਰਾਮੈਂਟੋ:** ਸਥਾਨਕ ਗੁਰਦੁਆਰਾ ਬਰਾਡਸ਼ਾਅ ਵਿਖੇ ਚਲਾਏ ਜਾ ਰਹੇ ਗੁਰਮਤਿ ਸਕੂਲ ਦੀ ਵਰ੍ਹੇਗੰਢ ਲੰਘੇ ਐਤਵਾਰ 30 ਮਈ ਨੂੰ ਮਨਾਈ ਗਈ। ਇਸ ਸਮਾਗਮ ਦੀ ਸ਼ੁਰੂਆਤ ਬੱਚਿਆਂ ਵਲੋਂ ਮੂਲ ਮੰਤਰ ਦੇ ਪਾਠ ਅਤੇ ਸ਼ਬਦ 'ਦੇਹ ਸ਼ਿਵਾ ਬਰ ਮੋਹਿ ਇਹੈ' ਨਾਲ ਕੀਤੀ ਗਈ। ਕਰੀਬ 160 ਬੱਚਿਆਂ ਨੂੰ ਪੜ੍ਹਾਈ ਦੇ ਖੇਤਰ ਵਿਚ ਸਫਲਤਾ ਲਈ ਇਨਾਮ ਦਿੱਤੇ ਗਏ।

ਇਹ ਪ੍ਰੋਗਰਾਮ ਸਕੂਲ ਦੀ ਪ੍ਰਿੰਸੀਪਲ ਬੀਬੀ ਰਮਨਦੀਪ ਕੌਰ ਤੂਰ ਅਤੇ ਡਾ. ਨਰਿੰਦਰ ਸਿੰਘ ਦੀ ਦੇਖ-ਰੇਖ ਹੇਠ ਹੋਇਆ। ਭਾਈ ਜਤਿੰਦਰਪਾਲ ਸਿੰਘ ਦਿੱਲੀ ਵਾਲਿਆਂ ਨੇ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰੀ ਭਰੀ। ਜ਼ਿਕਰਯੋਗ ਹੈ ਕਿ ਕਰੀਬ 25 ਵਾਲੰਟੀਅਰ ਅਧਿਆਪਕਾਂ ਨੇ ਇਨ੍ਹਾਂ ਬੱਚਿਆਂ ਨੂੰ ਪੰਜਾਬੀ ਭਾਸ਼ਾ ਤੋਂ ਇਲਾਵਾ ਗੁਰਬਾਣੀ, ਗੁਰਮਤਿ ਗਿਆਨ, ਸਿੱਖ ਇਤਿਹਾਸ ਅਤੇ ਪੰਜਾਬੀ ਆਦਿ ਵਿਸ਼ਿਆਂ ਦੀ ਜਾਣਕਾਰੀ ਦਿੱਤੀ। ਇਸ ਸਾਲ ਦੀ ਵਿਸ਼ੇਸ਼ ਗੱਲ ਇਹ ਰਹੀ ਕਿ ਸਿੱਖ ਇਤਿਹਾਸ ਅਤੇ ਪੰਜਾਬ ਦੇ ਦਿਨ ਦਿਹਾਰਾਂ ਉਤੇ ਵਿਸ਼ੇਸ਼ ਪ੍ਰੋਗਰਾਮ ਰੱਖ ਕੇ ਅਤੇ ਪਿਕਨਿਕ ਮਨਾ ਕੇ ਬੱਚਿਆਂ ਨੂੰ ਪਰਿਵਾਰਕ ਮਾਹੌਲ ਦਿੱਤਾ ਗਿਆ। ਸਮਰ ਬਰੇਕ ਵਿਚ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਬੱਚਿਆਂ ਨੂੰ ਜੋੜਨ ਲਈ ਇਕ ਵਿਸ਼ੇਸ਼ ਆਡੀਓ ਵਿਜ਼ੂਅਲ ਪ੍ਰੋਗਰਾਮ ਉਲੀਕਿਆ ਗਿਆ ਹੈ।












ਗੁਰਦੁਆਰਾ ਸੈਨ ਹੋਜ਼ੇ ਵਿਖੇ ਲਾਏ ਗਏ ਸਰਬ ਰੋਗ ਕਾ ਅਉਖਧ ਨਾਮ ਕੈਂਪ ਤੋਂ ਬਾਦ ਕੈਂਪ ਦੇ ਆਯੋਜਕ ਡਾ. ਬਲਵੰਤ ਸਿੰਘ ਐਮ ਡੀ ਦਾ ਸਨਮਾਨ ਕਰਦੇ ਹੋਏ ਗੁਰਦੁਆਰਾ ਪ੍ਰਬੰਧਕ। ਸੈਨ ਹੋਜ਼ੇ ਤੋਂ ਬਿਨਾ ਕੈਲੀਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਵਿਚ ਲਾਏ ਗਏ ਇਨ੍ਹਾਂ ਕੈਂਪਾਂ ਵਿਚ ਡਾ. ਬਲਵੰਤ ਸਿੰਘ ਅਤੇ ਉਨ੍ਹਾਂ ਦੀ ਧਰਮਪਤਨੀ ਪ੍ਰਿੰਸੀਪਲ ਹਰਮੀਤ ਕੌਰ ਨੇ ਗੁਰਬਾਣੀ ਸਿਮਰਨ ਦੀਆਂ ਤਕਨੀਕਾਂ ਬਾਰੇ ਦੱਸਿਆ ਤਾਂ ਜੋ ਨਾਮ ਅਉਖਧ ਦਾ ਵੱਧ ਤੋਂ ਵੱਧ ਫਾਇਦਾ ਲਿਆ ਜਾ ਸਕੇ।


Omni Video Productions
of Bakersfield
Professional Videography & Photography
For Booking & Information Contact : Shiara S. Dhindsa
Tel: 661-835-8230
Cell: 661-703-6664
email : omnivideo@hotmail.com
www.apnaomnivideo.com
Panasonic DVCPRO HD P2 and Sony DVCAM Formats
Output on Blu-ray and DVD





- Photography
- Studio Portraits
- Family Photos
- Business Photography
- Digital Photo Mixing
- Designed Wedding Albums

Quality & Creativity



M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont



Mary Beth
GARRISON
County Supervisor 2010



LEADERSHIP AT WORK.

ਕਰਨ ਕਾਉਂਟੀ ਦੇ ਡਿਸਟ੍ਰਿਕ 2 ਤੋਂ ਸੁਪਰਵਾਈਜ਼ਰ ਦੇ ਅਹੁਦੇ ਲਈ ਚੋਣ ਲੜ ਰਹੀ
ਮੈਰੀ ਬੈਥ ਗੈਰੀਸਨ
ਨੂੰ ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ
ਇਹ ਪ੍ਰਾਈਮਰੀ ਚੋਣ 8 ਜੂਨ 2010 ਨੂੰ ਹੋ ਰਹੀ ਹੈ
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਦੋਸਤ ਜਾਂ ਰਿਸ਼ਤੇਦਾਰ ਡਿਸਟ੍ਰਿਕ 2 ਵਿੱਚ ਰਹਿ ਰਿਹਾ ਹੈ ਤਾਂ
ਕਿਰਪਾ ਕਰਕੇ ਆਪਣਾ ਵੋਟ ਮੈਰੀ ਬੈਥ ਗੈਰੀਸਨ ਨੂੰ ਪਾਓ ਜੀ।
ਮੈਰੀ ਬੈਥ ਹੀ ਇਕ ਮਿਹਨਤੀ ਅਤੇ ਇਮਾਨਦਾਰ ਇਨਸਾਨ ਹਨ ਜੋ ਕਿ ਆਪ ਜੀ ਦੀ ਵੋਟ ਦੇ ਸਹੀ ਹੱਕਦਾਰ ਹਨ
ਸੁਪਰਵਾਈਜ਼ਰ ਚੁਣੇ ਜਾਣ ਤੋਂ ਬਾਅਦ ਆਪ ਜੀ ਦੀਆਂ ਸਮੱਸਿਆਵਾਂ ਦਾ ਹੱਲ ਪਹਿਲ ਦੇ ਆਧਾਰ ਤੇ ਕਰਨਗੇ।

Elect Mary Beth Garrison
Kern County Supervisor - District 2

Become a Fan:
www.facebook.com/mbgarrison
E-mail : MGARRISON@bak.rr.com
Phone : (661) 703-2624
P.O. box 2020 Tehachapi CA 93561

For More Information please Call
Tom Webster
(661) 348-3378

ੴ ਸਤਿਗੁਰ ਪ੍ਰਸਾਦਿ

ਸੰਤ ਕਾ ਮਾਰਗ ਧਰਮ ਕੀ ਪੌੜੀ ਕੋ ਵਡਭਾਗੀ ਪਾਵੈ॥

# ਗੁਰਦੁਆਰਾ ਸਾਹਿਬ ਐਲ-ਸਬਰਾਂਟੇ, ਕੈਲੀਫੋਰਨੀਆ

## 60ਵੀਂ ਬਰਸੀ

## ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲੇ



ਸੰਤ ਬਾਬਾ ਪ੍ਰੇਮ ਸਿੰਘ ਜੀ

## 13 ਜੂਨ, 2010, ਦਿਨ ਐਤਵਾਰ

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕੀ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ ਪੰਥ ਦੇ ਮਹਾਨ ਤਵੱਸਵੀ, ਗੁਰਮਤਿ ਪ੍ਰਚਾਰਕ, ਸਮਾਜ ਸੇਵਕ ਅਤੇ ਵਿਦਿਆ-ਦਾਨੀ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲੇ (ਬੇਗੋਵਾਲ, ਜ਼ਿਲ੍ਹਾ ਕਪੂਰਥਲਾ) ਦੀ ਸਾਲਾਨਾ ਬਰਸੀ ਗੁਰਦੁਆਰਾ ਸਾਹਿਬ, ਐਲ-ਸਬਰਾਂਟੇ ਵਿਖੇ ਬੜੇ ਪਿਆਰ ਸਤਿਕਾਰ ਅਤੇ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ। ਇਸ ਸਬੰਧ ਵਿਚ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹਨ।

### ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ
11 ਜੂਨ, 2010 ਦਿਨ ਸ਼ੁੱਕਰਵਾਰ, ਸਵੇਰੇ 10 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ
13 ਜੂਨ, 2010 ਦਿਨ ਐਤਵਾਰ, ਸਵੇਰੇ 10 ਵਜੇ



ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ 2 ਵਜੇ ਤੱਕ ਕਥਾ-ਕੀਰਤਨ ਦਾ ਪਰਵਾਹ ਚੱਲੇਗਾ। ਉਪਰੰਤ 2 ਵਜੇ ਅਰਦਾਸ ਹੋਵੇਗੀ। ਸਮੂਹ ਸਾਧ ਸੰਗਤ ਦੀ ਸੇਵਾ ਵਿਚ ਬੇਨਤੀ ਹੈ ਕਿ ਪਰਿਵਾਰਾਂ ਸਮੇਤ, ਸਮੇਂ ਸਿਰ ਗੁਰੂ ਘਰ ਪਹੁੰਚ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਇਸ ਮੌਕੇ 'ਤੇ 11 ਵਜੇ ਤੋਂ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ। ਲੰਗਰ ਦੀ ਸੇਵਾ ਸੰਤ ਜੀ ਦੇ ਸ਼ਰਧਾਲੂਆਂ ਵਲੋਂ ਹੋਵੇਗੀ ਜੀ।

*60th Barsi of Sant Baba Prem Singh Ji Muralewale (Begowal, Distt. Kapurthala) is being celebrated at Gurudwara Sahib. El-Sobrante from June 11 to June 13, 2010. All are requested to participate in paying homage to the great Saint of the 20th Century & Seek God's blessings.*

*For More Info. Please Contact:*
Col Paramjit S. Gahra 510-703-8437; Col Puran S. Ghotra 707-704-6915; Sharanjit S. Kamma 650-238-8525; Harjit Singh 707-334-7514; Jit Singh 650-580-4477; Malkit Singh 510-367-7702; Daljit Singh 650-826-1357

Ad space sponsored by

## Law Office of Manpreet Singh Gahra


***Berkeley Office :*** *2161, Shattuck Ave., Suite#304, Berkeley, CA 94704,*

***Phone: 510-841-4582***

***Sacramento Office : Ph. 916-924-1617***

# ਸਿਰਜਣਹਾਰੀ ਸੋਚ ਦਾ ਸੱਚ-ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ

**ਹਰਜਿੰਦਰ ਪੰਧੇਰ***



ਹਰਜਿੰਦਰ ਪੰਧੇਰ

ਸਭਿਆਚਾਰ ਜਿਉਂਦੀਆਂ ਜਾਗਦੀਆਂ ਕੌਮਾਂ ਦਾ ਸਵੈਮਾਨ ਹੀ ਨਹੀਂ ਅਮੁਲ ਸਰਮਾਇਆ ਵੀ ਹੁੰਦੇ ਨੇ। ਇਹ ਤਾਂ ਗਹਿਰੀਆਂ ਲਥੀਆਂ ਜੜ੍ਹਾਂ ਵਾਲੇ ਅਜਿਹੇ ਭਾਰੀ ਭਰਕਮ ਰੁੱਖ ਵਾਂਗ ਹੁੰਦੇ ਹਨ ਜਿਸਦੀਆਂ ਅਨੇਕ ਰੰਗੀਨ ਸ਼ਾਖਾਵਾਂ ਹੁੰਦੀਆਂ ਹਨ। ਇਸਦੀ ਸੰਘਣੀ ਛਾਂ, ਮਹਿਕਦੇ ਫੁੱਲਾਂ ਤੇ ਮਿੱਠੇ ਫਲਾਂ ਨੂੰ ਪੀੜ੍ਹੀ ਦਰ ਪੀੜ੍ਹੀ ਮਾਣਿਆ ਜਾਂਦਾ ਹੈ। ਇਸ ਨਾਲ ਖਿਲਵਾੜ ਨਹੀਂ ਪੁੱਗਦਾ। ਪੰਜਾਬੀ ਸਭਿਆਚਾਰ ਨੂੰ ਪੱਛਮੀ ਮੁਲਕਾਂ 'ਚ ਸਥਾਪਤ ਕਰਨ ਲਈ ਗਹਿਰੇ ਅਨੁਭਵ, ਤੀਖਣ ਤੇ ਸੂਖਮ ਬੁੱਧੀ ਦੇ ਨਾਲ ਦ੍ਰਿੜ ਨਿਸ਼ਚੇ ਵਾਲੇ ਇਨਸਾਨਾਂ ਦੀ ਜ਼ਰੂਰਤ ਹੈ।

ਵਿਚ ਵਿਚਾਲੇ ਅਜਿਹੇ ਵੀ ਹੈਨ ਜੋ ਇਸਨੂੰ ਡੁਗਡੁਗੀ ਦਾ ਤਮਾਸ਼ਾ ਹੀ ਸਮਝਦੇ ਹਨ। ਦੇਸੋਂ ਬੈਠਿਆਂ ਕੋਈ ਪਰਮੋਟਰ ਗੰਢਿਆ, ਕਲਾਕਾਰੀ ਦੇ ਨਾਂ 'ਤੇ ਪੰਜ ਸੱਤ ਛੋਕਰੇ ਛੋਕਰੀਆਂ ਇਕੱਠੇ ਕੀਤੇ, ਪੰਜਾਬੀ ਸਭਿਆਚਾਰ ਦਾ ਢੰਡੋਰਾ ਪਿੱਟਣ ਵਾਲੇ ਇਸ਼ਤਿਹਾਰ ਦਿੱਤੇ, ਸਟੇਜਾਂ 'ਤੇ ਸਭਿਆਚਾਰ ਦਾ ਜ਼ਨਾਜਾ ਕੱਢ ਕੇ ਪੈਸੇ ਬਟੋਰੇ ਤੇ ਬਟੇਰਿਆਂ ਵਾਂਗ ਔਹ ਗਏ ਪਰ ਉਹ ਵੀ ਹੈਨ ਜੋ ਅਜਿਹੇ ਝੱਖੜ ਝੁੰਬੇ ਵਿਚ ਸਭਿਆਚਾਰ ਦੇ ਦੀਵੇ ਨੂੰ ਬਲਦਾ ਰੱਖਣ ਦਾ ਤਹੱਈਆ ਕਰ ਲੈਂਦੇ ਹਨ ਅਤੇ ਇਸ ਦੀ ਮਿਸ਼ਾਲ ਨੂੰ ਲੈ ਕੇ ਬੜੇ ਧੀਰਜ ਤੇ ਵਿਸ਼ਵਾਸ ਨਾਲ ਅੱਗੇ ਵਧਦੇ ਹਨ।

ਅਜਿਹੀ ਹੀ ਇਕ ਗੌਰਵਮਈ ਸੰਸਥਾ ਹੈ 'ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ' ਜਿਸ ਨੂੰ ਚਲਾਉਂਦੇ ਹਨ ਰਛਪਾਲ ਸਿੰਘ ਫਰਵਾਲਾ ਅਤੇ ਉਨ੍ਹਾਂ ਦੇ ਉਦਮੀ ਸਾਥੀ ਜਿਨ੍ਹਾਂ ਦੇ ਹੱਡਾਂ ਅੰਦਰ ਪੰਜਾਬੀ ਵਿਰਸੇ ਦਾ ਪਿਆਰ ਕਸਤੂਰੀ ਦੀ ਗੰਧ ਬਣਕੇ ਘੁਲਿਆ ਹੋਇਆ ਹੈ। ਸਾਰੇ ਇਕ ਪਰਿਵਾਰ ਵਾਂਗ ਰਲਕੇ ਪੰਜਾਬੀ ਸਭਿਆਚਾਰ ਨੂੰ ਨਰੋਈਆਂ ਲੀਹਾਂ 'ਤੇ ਚਲਦਾ ਰੱਖਣ ਲਈ ਕੋਈ 21 ਵਰ੍ਹਿਆਂ ਤੋਂ ਲਗਾਤਾਰ ਯਤਨ ਕਰਦੇ ਆ ਰਹੇ ਹਨ।

ਸਭਿਆਚਾਰ ਦਾ ਅੰਕੁਰ ਵਿਦਿਆਰਥੀ ਜੀਵਨ ਵਿਚ ਹੀ ਰਛਪਾਲ ਸਿੰਘ ਫਰਵਾਲਾ ਦੇ ਹਿਰਦੇ ਅੰਦਰ ਪਲਣਾ ਸ਼ੁਰੂ ਹੋ ਗਿਆ ਸੀ। ਲੁਧਿਆਣੇ ਆਰੀਆ ਕਾਲਜ ਵਿਚ ਪੜ੍ਹਦਿਆਂ ਉਨ੍ਹਾਂ ਦੀ ਇਸ ਕਲਾ ਵਿਚ ਨਿਖਾਰ ਆਉਣਾ ਸ਼ੁਰੂ ਹੋਇਆ। ਗੀਤ ਲਿਖਣ ਤੇ ਗਾਉਣ ਦੇ ਸ਼ੌਂਕ ਨੂੰ ਪਾਲਦਿਆਂ ਉਨ੍ਹਾਂ ਯੂਨੀਵਰਸਿਟੀ ਪੱਧਰ ਦੇ (ਭਾਸ਼ਣ-ਗੀਤ) ਮੁਕਾਬਲਿਆਂ ਵਿਚ ਸਨਮਾਨ ਪ੍ਰਾਪਤ ਕੀਤੇ। ਵਿਦਿਆਰਥੀ ਲਹਿਰਾਂ ਅਤੇ ਕਿਸਾਨ ਮਜ਼ਦੂਰਾਂ ਦੀ ਜਦੋਜਹਿਦ ਦੌਰਾਨ ਸਟੇਜਾਂ ਤੋਂ ਵੀ ਇਨ੍ਹਾਂ ਆਪਣੇ ਗੀਤਾਂ ਦਾ ਸਿੱਕਾ ਜਮਾਇਆ। ਅਕਾਸ਼ਵਾਣੀ ਤੋਂ ਕਈ ਵਰ੍ਹੇ ਇਨ੍ਹਾਂ ਦੀ ਸੁਰੀਲੀ ਆਵਾਜ਼ ਫਿਜ਼ਾਵਾਂ ਵਿਚ ਘੁਲਦੀ ਰਹੀ। ਇਸ ਦੌਰਾਨ ਪੰਜਾਬੀ ਜਗਤ ਦੇ ਕਈ ਨਾਮਵਰ ਕਲਾਕਾਰਾਂ ਨਾਲ ਵੀ ਵਾਹਵਾਸਤਾ ਪੈਂਦਾ ਰਿਹਾ। ਇਨ੍ਹਾਂ ਵਿਚ ਚੰਡੀਗੜ੍ਹ ਵਾਲੇ ਹਰਦੀਪ ਸਿੰਘ ਅਤੇ ਇੰਗਲੈਂਡ ਵਾਲੇ ਮਲਕੀਤ ਸਿੰਘ ਦੇ ਨਾਂ ਵੀ ਸ਼ਾਮਲ ਹਨ।

ਕਲਾ ਖੇਤਰ ਨਾਲ ਅਜਿਹਾ ਲਗਾਓ ਤੇ ਲੰਬੇ ਸਮੇਂ ਦਾ ਅਨੁਭਵ ਇਸ ਗੱਲ ਦਾ ਸਬੂਤ ਹੈ ਕਿ ਸਭਿਆਚਾਰ ਲਈ ਫਰਵਾਲਾ ਦੇ ਹਿਰਦੇ ਅੰਦਰ ਛੁਪਿਆ ਦਰਦ ਨਿਰਮੂਲ ਨਹੀਂ। ਮਨ ਅੰਦਰ ਪੈਦਾ ਹੋਏ ਇਕ ਸੁਪਨੇ ਨੂੰ ਸਾਕਾਰ ਕਰਨ ਲਈ ਸੰਨ 1990 ਵਿਚ ਸੈਕਰਾਮੈਂਟੋ ਵਿਚ 'ਪੰਜਾਬੀ ਕਲਚਰਲ ਸੁਸਾਇਟੀ' ਦੀ ਸਥਾਪਨਾ ਹੋਈ ਅਤੇ ਵਿਸਾਖੀ ਮੇਲੇ ਦੇ ਰੂਪ ਵਿਚ ਪੰਜਾਬੀ ਸਭਿਆਚਾਰ ਨੂੰ ਨਰੋਈਆਂ ਕਦਰਾਂ-ਕੀਮਤਾਂ ਵਾਲੇ ਸਹਿਜ ਰੰਗ ਵਿਚ ਸੰਭਾਲਣ ਦੀ ਨਿਰੰਤਰ ਕੋਸ਼ਿਸ਼ ਕੀਤੀ ਜਾ ਰਹੀ ਹੈ।

ਬੋਹੜ ਦਾ ਬੀਜ ਜਿਤਨਾ ਛੋਟਾ ਹੁੰਦਾ ਹੈ, ਰੁੱਖ ਉਤਨਾ ਹੀ ਵਿਸ਼ਾਲ। ਇਸ ਸੰਸਥਾ ਦਾ ਜੋ ਅਸੀਂ ਅੱਜ ਵਿਸ਼ਾਲ ਤੇ ਨਿੱਗਰ ਰੂਪ ਵੇਖ ਰਹੇ ਹਾਂ ਜੇ ਇਸ ਦੇ ਅਰੰਭਲੇ ਦਿਨਾਂ ਵਲ ਝਾਤੀ ਮਾਰੀਏ ਤਾਂ ਬੜੀ ਹੈਰਾਨੀ ਹੁੰਦੀ ਹੈ। ਜਿਸਨੂੰ ਦੇਖਿਆਂ ਇਸ ਗੱਲ 'ਤੇ ਯਕੀਨ ਬੱਝਦਾ ਹੈ ਕਿ ਉਦਮ ਨਾਲ ਪੁੱਟਿਆ ਹਰ ਕਦਮ ਕਾਫਲਾ ਬਣ ਜਾਂਦਾ ਹੈ। ਸ਼ੁਰੂ ਵਿਚ ਇਸ ਸੰਸਥਾ ਨਾਲ ਕੁਝ ਗਿਣੇ ਚੁਣੇ ਬੰਦੇ ਹੀ ਸਨ। ਇਨ੍ਹਾਂ ਵਿਚ ਪਰਮਜੀਤ ਧਾਲੀਵਾਲ, ਸਤਿਨਾਮ ਸਿੰਘ, ਡਾ. ਜਸਬੀਰ ਕੰਗ, ਡਾ. ਘੁੰਮਣ ਤੇ ਡਾ. ਅਜੀਤ ਸਿੰਘ ਭੰਡਾਲ ਦਾ ਨਾਂ ਸ਼ਾਮਲ ਹੈ। ਸੋਹਣ ਸਿੰਘ ਢੋਲਾ ਜੋ ਸਟੇਜ ਦੀ ਇਕ ਨਾਮਵਰ ਹਸਤੀ ਸਨ, ਨੇ ਵੀ ਇਨ੍ਹਾਂ ਦਾ ਪੂਰਾ ਸਾਥ ਦਿੱਤਾ।

ਇਥੇ ਬੀਬੀ ਮਨਦੀਪ ਕੌਰ ਫਰਵਾਲਾ ਦਾ ਨਾਂ ਲੈਣਾ ਵੀ ਢੁਕਵਾਂ ਹੋਏਗਾ। ਉਨ੍ਹਾਂ ਦਿਨਾਂ ਵਿਚ ਸਾਰੇ ਪ੍ਰੋਗਰਾਮਾਂ ਦੀਆਂ ਰਿਹਰਸਲਾਂ ਇਨ੍ਹਾਂ ਦੇ ਘਰ ਦੇ ਗਰਾਜ ਵਿਚ ਹੀ ਹੁੰਦੀਆਂ ਸਨ। ਸਿਖਾਂਦਰੂ ਕਲਾਕਾਰਾਂ ਅਤੇ ਮਹਿਮਾਨਾਂ ਲਈ ਲੰਗਰ ਪਾਣੀ ਅਤੇ ਹੋਰ ਕਿੰਨੀ ਹੀ ਪ੍ਰਕਾਰ ਦੀਆਂ ਜ਼ਰੂਰਤਾਂ ਦਾ ਪ੍ਰਬੰਧ ਉਨ੍ਹਾਂ ਦੀ ਜ਼ਿੰਮੇਵਾਰੀ ਬਣੀ ਰਹਿੰਦੀ, ਜਿਨ੍ਹਾਂ ਨੂੰ ਉਹ ਖਿੜੇ ਮੱਥੇ ਨਿਭਾਉਂਦੇ। ਆਖਰ ਅਣਥੱਕ ਮਿਹਨਤ ਤੇ ਲਗਨ ਰੰਗ ਲਿਆਈ। ਉਦਮ ਅੱਗੇ ਮੰਜ਼ਲਾਂ। ਦਰਸ਼ਕਾਂ ਦੀ ਗਿਣਤੀ ਜਿਹੜੀ ਅਰੰਭ ਵਿਚ 50 ਤੋਂ 100 ਤੀਕ ਮਸਾਂ ਹੁੰਦੀ ਸੀ ਹਜ਼ਾਰਾਂ ਨੂੰ ਛੂਹਣ ਲੱਗ ਪਈ।

ਕਿਸੇ ਸਭਿਆਚਾਰ ਨੂੰ ਪੈਰਾਸ਼ੂਟ ਰਾਹੀਂ ਨਹੀਂ ਉਤਾਰਿਆ ਜਾ ਸਕਦਾ। ਇਹ ਮਨੁੱਖੀ ਮਨ ਦੀਆਂ ਕੋਮਲ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਇਸ ਦਾ ਬੀਜ ਤਾਂ ਬਦਲਦੀਆਂ ਪ੍ਰਸਥਿਤੀਆਂ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਭੋਲੇ ਭਾਵ ਬਚਿਆਂ ਦੇ ਮਨਾਂ ਵਿਚ ਬੜੇ ਸਹਿਜ ਭਾਵ ਉਤਾਰਨਾ ਹੋਏਗਾ। ਫਿਰ ਪੁੰਗਰਨ ਤੋਂ ਸਿਖਰ ਛੂਹਣ ਤੀਕ ਇਕ ਸਿਖਿਅਤ ਮਾਲੀ ਵਾਂਗ ਉਸਦੀ ਰਖਵਾਲੀ ਕਰਨੀ ਪਏਗੀ। ਇਸ ਪੱਖੋਂ ਇਸ ਸੰਸਥਾ ਦੀ ਪੂਰੀ ਟੀਮ ਜਿਸ ਨੂੰ ਅੱਜ 60 ਤੋਂ ਉਪਰ ਪਰਿਵਾਰਾਂ ਦਾ ਸਹਿਯੋਗ ਪ੍ਰਾਪਤ ਹੈ, ਨਾ ਸਿਰਫ ਸੁਚੇਤ ਹੈ ਸਗੋਂ ਇਕ ਮੱਤ ਵੀ ਹੈ। ਛੋਟੇ-ਛੋਟੇ ਬੱਚਿਆਂ ਨੂੰ ਵੀ ਤਜਰਬੇਕਾਰ ਮਾਹਿਰਾਂ ਵਲੋਂ ਅਜਿਹੀ ਸਿਖਲਾਈ ਦਿੱਤੀ ਜਾਂਦੀ ਹੈ ਕਿ ਦਰਸ਼ਕ ਹੈਰਾਨ ਹੋਏ ਉਂਗਲਾਂ ਟੁੱਕਦੇ ਰਹਿ ਜਾਂਦੇ ਹਨ। ਸਾਰਾ ਹਾਲ ਤਾੜੀਆਂ ਨਾਲ ਵਾਰ ਵਾਰ ਗੂੰਜ ਉਠਦਾ ਹੈ। ਇਨ੍ਹਾਂ ਨੂੰ ਦਾਦ ਦੇਣ ਲਈ ਇਨਾਮਾਂ ਦੀ ਵੀ ਬੌਛਾੜ ਹੁੰਦੀ ਹੈ।

ਵਡੇਰੀ ਉਮਰ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀ ਵੀ ਸਭਿਆਚਾਰਕ ਰੰਗ ਵਿਚ ਰੰਗੀਆਂ ਆਈਟਮਾਂ ਪੇਸ਼ ਕਰਦੇ ਹਨ। ਸਮੇਂ, ਸਮਾਜ ਤੇ ਹਾਲਾਤ ਦਾ ਸੁਭਾਅ ਨਿਰੰਤਰ ਬਦਲਾਓ ਵਾਲਾ ਹੈ ਇਸ ਨੂੰ ਠੱਲ੍ਹ ਨਹੀਂ ਪਾਈ ਜਾ ਸਕਦੀ। ਇਹ ਇਥੇ ਵੀ ਉਭਰ ਕੇ ਸਾਹਮਣੇ ਆਉਂਦਾ ਹੈ। ਗਿੱਧਾ ਤੇ ਭੰਗੜਾ ਜਿਸ ਨੂੰ ਪਹਿਲਾਂ ਵੱਖ-ਵੱਖ ਖੇਤਰਾਂ ਵਿਚ ਰਖਿਆ ਜਾਂਦਾ ਸੀ ਹੁਣ ਸਾਂਝੀਆਂ ਆਈਟਮਾਂ ਦੇ ਰੂਪ ਵਿਚ ਕੀਤਾ ਜਾਣ ਲੱਗਿਆ ਹੈ। ਇਹ ਵੀ ਦਰਸ਼ਕਾਂ ਦੀ ਤਰੀਫ਼ ਦਾ ਕੇਂਦਰ ਬਣਦੇ ਅਤੇ ਸਨਮਾਨ ਪ੍ਰਾਪਤ ਕਰਦੇ ਹਨ। ਮੈਂ ਇਥੇ ਇਹ ਕਹਿਣਾ ਚਾਹਾਂਗਾ ਕਿ ਸਾਂਝੀਆਂ ਆਈਟਮਾਂ ਦੇ ਕੁਝ ਪਹਿਲੂ ਖਾਸ ਧਿਆਨ ਮੰਗਦੇ ਹਨ।

ਸੰਸਥਾ ਵਲੋਂ ਕੁਝ ਸਥਾਨਕ ਲੋਕ ਗਾਇਕਾਂ ਨੂੰ ਵੀ ਸੱਦਾ ਦਿੱਤਾ ਜਾਂਦਾ ਹੈ ਅਤੇ ਹਰ ਵਰ੍ਹੇ ਕੁਝ ਅਜਿਹੀਆਂ ਹਸਤੀਆਂ ਜਿਨ੍ਹਾਂ ਦਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਕਿਸੇ ਨਾ ਕਿਸੇ ਰੂਪ ਵਿਚ ਵਿਸ਼ੇਸ਼ ਯੋਗਦਾਨ ਹੈ, ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਮੁੱਖ ਮਹਿਮਾਨ ਦੇ ਤੌਰ 'ਤੇ ਹਰ ਵਰ੍ਹੇ ਕਿਸੇ ਅਸੈਂਬਲੀਮੈਨ ਜਾਂ ਕਿਸੇ ਮੁੱਖ ਪ੍ਰਸ਼ਾਸਨਿਕ ਅਧਿਕਾਰੀ ਨੂੰ ਸੱਦਿਆ ਜਾਂਦਾ ਹੈ। ਇਸ ਸੰਸਥਾ ਨੂੰ ਕੈਲੀਫੋਰਨੀਆ ਸਟੇਟ ਅਵਾਰਡ ਅਤੇ ਸੈਕਰਾਮੈਂਟੋ ਕਾਊਂਟੀ ਵਲੋਂ ਵੀ ਸਨਮਾਨ ਪ੍ਰਾਪਤ ਹੋ ਚੁੱਕਾ ਹੈ।

ਸਟੇਜ ਸਕੱਤਰ ਇਕ ਅਜਿਹਾ ਕੇਂਦਰੀ ਵਿਅਕਤੀ ਹੈ ਜੋ ਪ੍ਰਬੰਧਕ ਕਮੇਟੀ ਦੀ ਦਿੱਖ ਨੂੰ ਉਭਾਰਦਾ ਹੋਇਆ ਕਲਾਕਾਰਾਂ ਤੇ ਦਰਸ਼ਕਾਂ ਵਿਚਕਾਰ ਤਾਲਮੇਲ ਬਣਾਈ ਰੱਖਦਾ ਹੈ। ਇਸ ਪੱਖੋਂ ਜਸਵੰਤ ਸਿੰਘ ਸ਼ਾਦ ਦਾ ਕਈ ਵਰ੍ਹਿਆਂ ਤੋਂ ਇਸ ਸੰਸਥਾ ਨੂੰ ਸਹਿਯੋਗ ਸਲਾਹੁਣਯੋਗ ਹੈ। ਉਸਦਾ ਵਿਦਿਆਰਥੀ ਜੀਵਨ ਤੋਂ ਮੰਚ ਨਾਲ ਜੁੜੇ ਹੋਣਾ ਅਤੇ ਸੋਹਣ ਸਿੰਘ ਢੋਲਾ (ਉਸਦੇ ਚਾਚਾ ਜੀ) ਤੋਂ ਪ੍ਰਾਪਤ ਗੁੜ੍ਹਤੀ ਕੰਮ ਆ ਰਹੇ ਹਨ।

ਮੇਲੇ ਵਿਚ ਹਾਲ ਤੋਂ ਬਾਹਰ ਖਾਣ ਪੀਣ ਦਾ ਇੰਤਜ਼ਾਮ ਵੀ ਹੁੰਦਾ ਹੈ ਤੇ ਕਈ ਹੋਰ ਪ੍ਰਕਾਰ ਦੇ ਸਟਾਲ ਵੀ ਲਾਏ ਜਾਂਦੇ ਹਨ। ਭਾਰੀ ਭੀੜ ਹੋਣ ਦੇ ਬਾਵਜੂਦ ਕਦੇ ਕੋਈ ਬਦਮਗਜ਼ੀ ਵਾਲੀ ਘਟਨਾ ਨਹੀਂ ਵਾਪਰੀ। ਇਸਦਾ ਸਿਹਰਾ ਵੀ ਇਸ ਸੰਸਥਾ ਦੇ ਵਧੀਆ ਪ੍ਰਬੰਧ ਨੂੰ ਜਾਂਦਾ ਹੈ। ਦਰਸ਼ਕ ਜਿੰਨੇ ਚਾਵਾਂ ਨਾਲ ਇਥੇ ਆਉਂਦੇ ਹਨ ਉਸ ਤੋਂ ਵਧ ਖੁਸ਼ੀਆਂ ਨਾਲ ਘਰਾਂ ਨੂੰ ਪਰਤਦੇ ਹਨ। ਇਸ ਤਰ੍ਹਾਂ ਇਨ੍ਹਾਂ ਇੱਕੀ ਵਰ੍ਹਿਆਂ ਵਿਚ ਸਭਿਆਚਾਰ ਨੂੰ ਪ੍ਰਣਾਏ ਹੋਏ ਸਿਦਕੀ ਸਹਿਯੋਗੀਆਂ ਸਦਕਾ ਅੱਜ ਇਹ ਸੰਸਥਾ ਇਕ ਸਥਾਪਤ ਸੰਸਥਾ ਦੇ ਰੂਪ ਵਿਚ ਆਪਣਾ ਨਾਮ ਬਣਾ ਚੁੱਕੀ ਹੈ ਪਰ ਹੈਰਾਨੀ ਦੀ ਗੱਲ ਹੈ ਕਿ ਇਸ ਸੰਸਥਾ ਵਿਚ ਕੋਈ ਅਹੁਦੇਦਾਰੀ ਜਾਂ ਰੁਤਬਾ ਕਿਸੇ ਕੋਲ ਵੀ ਨਹੀਂ। ਸਭ ਮੈਂਬਰਾਂ ਵਿਚ ਇਕ ਤਰ੍ਹਾਂ ਦੀ ਪਰਿਵਾਰਕ ਸਾਂਝ ਹੈ, ਇਕ ਸਾਂਝਾ ਮਿਸ਼ਨ ਹੈ। ਆਮਦਨ ਤੇ ਖਰਚ ਦੇ ਵੇਰਵੇ ਦੀ ਪੂਰੀ ਪਾਰਦਰਸ਼ਤਾ ਹੈ। ਇਸ ਮਿਸ਼ਨ ਦੀਆਂ ਪ੍ਰਾਪਤੀਆਂ ਨੂੰ ਤਕਦੇ ਹੋਏ ਲੋਕੀਂ ਖੁਦ-ਬ-ਖੁਦ ਹਰ ਪ੍ਰਕਾਰ ਦੀ ਮਦਦ ਲਈ ਤਿਆਰ ਰਹਿੰਦੇ ਹਨ।



ਰਛਪਾਲ ਸਿੰਘ ਫਰਵਾਲਾ



ਪਿਛਲੇ 12 ਵਰ੍ਹਿਆਂ ਤੋਂ ਬੀਬੀ ਮਨਦੀਪ ਕੌਰ ਫਰਵਾਲਾ, ਬੀਬੀ ਰਛਪਾਲ ਕੌਰ ਪਰਿਹਾਰ, ਬੀਬੀ ਬਲਦੇਵ ਕੌਰ ਅਤੇ ਹੋਰ ਅਨੇਕਾਂ ਪਰਿਵਾਰਾਂ ਦੇ ਸਹਿਯੋਗ ਨਾਲ ਐਸ ਈ ਐਸ ਹਾਲ ਵਿਚ ਤੀਆਂ ਦਾ ਮੇਲਾ ਵੀ ਬੜੀ ਸਫਲਤਾ ਨਾਲ ਚਲ ਰਿਹਾ ਹੈ।

*ਫੋਨ: 209-610-5055


G.M. Lawrence Insurance Brokerage ਅਤੇ Valley Truck Services

ਟਰੱਕ ਇੰਸ਼ੋਰੈਂਸ ਸੇਵਾਵਾਂ

- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranted!

ਸਾਡੀਆਂ ਟਰੱਕਿੰਗ ਸੇਵਾਵਾਂ

- California DMV Services
  » New License Plates & Renewals
- Interstate & Intrastate Permits
  » DOT #, MC #, CA #
  » IFTA, UCR, MCP
  » NM, KY, NY, OR Permits
  » Highway Use Tax(2290)
- Truck Financing
- Corporation Setup
- Document Typing



ਸਾਨੂੰ ਅੱਜ ਹੀ ਕਾਲ ਕਰੋ

ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawernceins.com

ਟਰਕਿੰਗ ਸੇਵਾਵਾਂ ਵਾਸਤੇ
Rajwinder Khehra
and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com




ਟਰੱਕਿੰਗ ਬਿਜਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ

Ph:(209) 474-2771, (888) 474-2771

7746 Lorraine Aenue #214, Stockton, CA 95210

ਟਰੱਕਿੰਗ ਬਿਜਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾਂ ਇਕੋ ਜਗਾ 'ਤੇ

ੴ ਵਾਹਿਗੁਰੂ ਜੀ ਕੀ ਫਤਿਹ॥

# ਤੀਜੇ ਘੱਲੂਘਾਰੇ ਜੂਨ 1984 ਦੇ ਰਿਸਦੇ-ਜ਼ਖਮਾਂ ਨੂੰ ਯਾਦ ਕਰਦਿਆਂ


## ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਵਲੋਂ ਸਿੱਖ ਕੌਮ ਨੂੰ

# ਅਪੀਲ

ਗੁਰੂ ਪਿਆਰੇ ਖਾਲਸਾ ਜੀਓ,

ਅੱਜ ਤੋਂ 26 ਸਾਲ ਪਹਿਲਾਂ ਸਮੇਂ ਦੀ ਸਰਕਾਰ ਨੇ ਸਿੱਖ ਹੱਕਾਂ ਲਈ ਸੰਘਰਸ਼ਸ਼ੀਲ ਹੋਏ ਸਿੱਖ-ਯੋਧਿਆਂ ਨੂੰ ਖਤਮ ਕਰਨ ਲਈ ਜੂਨ 1984 ਦੇ ਪਹਿਲੇ ਹਫਤੇ ਸਾਕਾ ਨੀਲਾ ਤਾਰਾ ਵਰਤਾਇਆ ਸੀ। ਦਰਬਾਰ ਸਾਹਿਬ ਅੰਮ੍ਰਿਤਸਰ ਸਮੇਤ ਪੰਜਾਬ ਭਰ ਦੇ 38 ਗੁਰਦੁਆਰਿਆਂ ਵਿਚ ਫੌਜ ਰਾਹੀਂ ਸਿੱਖਾਂ ਦਾ ਸ਼ਿਕਾਰ ਖੇਡਿਆ ਗਿਆ ਅਤੇ ਗੁਰਦੁਆਰਿਆਂ ਤੇ ਪਿੰਡਾਂ-ਸ਼ਹਿਰਾਂ ਵਿਚ ਹਜਾਰਾਂ ਦੀ ਗਿਣਤੀ ਵਿਚ ਸਿੱਖ ਸ਼ਹੀਦ ਕਰ ਦਿਤੇ। ਇਸ ਮਗਰੋਂ ਜੁਝਾਰੂ ਸੂਰਮਿਆਂ ਨੇ ਸਾਕਾ ਨੀਲਾ ਤਾਰਾ ਦੌਰਾਨ ਸ਼ਹਾਦਤ ਪ੍ਰਾਪਤ ਕਰ ਗਏ ਜਾਂਬਾਜ਼ ਸੂਰਮੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਇਸ ਕਥਨ 'ਜੇਕਰ ਦਰਬਾਰ ਸਾਹਿਬ 'ਤੇ ਹਮਲਾ ਹੋਇਆ ਤਾਂ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ' ਨੂੰ ਅਮਲੀ ਜਾਮਾ ਪਵਾਉਣ ਲਈ ਖਾਲਿਸਤਾਨ ਲਈ ਸੰਘਰਸ਼ ਅਰੰਭ ਕੀਤਾ ਜੋ 1995 ਵਿਚ ਬੇਅੰਤ ਸਿੰਘ ਦਾ ਭੋਗ ਪੈਣ ਤੱਕ ਜਾਰੀ ਰਿਹਾ, ਜਿਸ ਵਿਚ ਕਈ ਤਰ੍ਹਾਂ ਦੀਆਂ ਕਮੀਆਂ ਪੇਸ਼ੀਆਂ ਵੀ ਰਹੀਆਂ ਹੋਣਗੀਆਂ ਪਰ ਖਾਲਸਾ ਪੰਥ ਸਾਕਾ ਨੀਲਾ ਵਰਤਾਏ ਜਾਣ ਵਿਰੁਧ ਸਮੇਂ ਮੁਤਾਬਕ ਢੁਕਵਾਂ ਜੁਆਬ ਦੇਣ ਵਿਚ ਸਫਲ ਰਿਹਾ ਅਤੇ ਇਸ ਮਗਰੋਂ ਸਿੱਖੀ ਨੂੰ ਢਾਹ ਲਾਉਣ ਲਈ ਜੋ ਸਾਕਾ ਵਰਤਾਇਆ ਜਾਣਾ ਸ਼ੁਰੂ ਹੋਇਆ ਤੇ ਲਗਾਤਾਰ ਜਾਰੀ ਵੀ ਹੈ, ਉਸਦੀ ਸਮਝ ਬਹੁਤੇ ਸਿੱਖਾਂ ਨੂੰ ਨਹੀਂ ਆਈ। ਜੂਨ 1984 ਵਿਚ ਅਕਾਲ ਤਖਤ ਸਾਹਿਬ ਨੂੰ ਢਹਿ-ਢੇਰੀ ਕੀਤਾ ਸੀ ਜਦ ਕਿ ਹੁਣ ਤਾਂ ਅਕਾਲ ਤਖਤ ਸਾਹਿਬ ਦੇ ਸਿਧਾਂਤਾਂ ਦਾ ਵੀ ਮਲੀਆਮੇਟ ਕੀਤਾ ਜਾ

ਰਿਹਾ ਹੈ। ਅੱਜ ਕੌਮ ਦਾ ਏਨਾ ਮੰਦਾ ਹਾਲ ਹੋ ਗਿਆ ਹੈ ਕਿ 50 ਫੀਸਦੀ ਲੋਕਾਂ ਨੂੰ ਧਰਮ ਦੇ ਮੁੱਢਲੇ ਅਸੂਲਾਂ ਦਾ ਹੀ ਨਹੀਂ ਪਤਾ, ਤਾਹੀਓਂ ਉਹ ਦਿੱਲੀ ਦਰਬਾਰ ਦੇ ਭੇਜੇ ਹਜਾਰਾਂ ਭੇਖੀ-ਬਾਬਿਆਂ ਨੂੰ ਆਪਣੇ ਰਹਿਬਰ ਮੰਨ ਕੇ ਉਨ੍ਹਾਂ ਪਿਛੇ ਲੱਗੇ ਹੋਏ ਹਨ। ਕੌਮ ਦਾ 70 ਫੀਸਦੀ ਹਿੱਸਾ ਨਸ਼ਿਆਂ ਵਿਚ ਗਲਤਾਨ ਹੈ। ਅੱਧਿਓਂ ਵੱਧ ਨੌਜਵਾਨਾਂ ਨੇ ਕੇਸ ਕਟਾ ਲਏ ਹਨ। ਕਿੰਨੇ ਲੋਕਾਂ ਨੂੰ ਪਤਾ ਹੈ ਕਿ ਸਾਡੇ ਸਿੱਖੀ ਸਿਧਾਂਤਾਂ ਉਪਰ, ਸਾਡੇ ਸਿੱਖ ਨੌਜਵਾਨਾਂ ਉਪਰ, ਸਾਡੇ ਪੰਜਾਬ ਦੇ ਪੌਣ-ਪਾਣੀ ਉਪਰ, ਸਾਡੀ ਸਿੱਖ ਆਰਥਿਕਤਾ ਉਪਰ ਕਿਸ ਤਰਾਂ ਵਿਉਂਤਬੱਧ ਢੰਗ ਨਾਲ ਬ੍ਰਾਹਮਣਵਾਦੀ ਹਮਲੇ ਹੋ ਰਹੇ ਹਨ? ਜੇਕਰ ਇਨ੍ਹਾਂ ਸੁਆਲਾਂ ਦੇ ਜੁਆਬਾਂ ਵੱਲ ਜਾਈਏ ਤਾਂ ਵਧੇਰੇ ਕਰਕੇ ਨਿਰਾਸ਼ਾ ਹੀ ਪੱਲੇ ਪੈਂਦੀ ਹੈ। ਇਨ੍ਹਾਂ ਹਾਲਤਾਂ ਵਿਚ ਸਾਡੀ ਸਮੂਹ ਪੰਥ ਦਰਦੀਆਂ ਨੂੰ ਪੁਰਜ਼ੋਰ ਅਪੀਲ ਹੈ ਕਿ ਉਹ ਜੂਨ 1984 ਵਿਚ ਵਾਪਰੇ ਘੱਲੂਘਾਰੇ ਤੋਂ ਮਗਰੋਂ ਪੈਦਾ ਹੋਏ ਹਾਲਾਤ ਨਾਲ ਨਜਿੱਠਣ ਲਈ ਗੁਰਮਤਿ ਲਹਿਰ ਨੂੰ ਸਮਰਪਿਤ ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਦਾ ਸਾਥ ਦੇਣ ਲਈ ਅੱਗੇ ਆਉਣ! ਜਥੇਬੰਦੀ ਪਿਛਲੇ ਸਮੇਂ ਤੋਂ ਪਿੰਡਾਂ ਅਤੇ ਸ਼ਹਿਰਾਂ ਵਿਚ ਗੁਰਮਤਿ ਲਹਿਰ ਨੂੰ ਪ੍ਰਚੰਡ ਕਰਨ ਲਈ ਯਤਨਸ਼ੀਲ ਹੈ।



### ਗੁਰੂ ਪੰਥ ਦੇ ਦਾਸ

ਭਾਈ ਦਵਿੰਦਰ ਸਿੰਘ, ਭਾਈ ਸੁਰਿੰਦਰ ਸਿੰਘ 'ਸਰਪੰਚ', ਭਾਈ ਤਰਲੋਚਨ ਸਿੰਘ 'ਦੁਪਾਲਪੁਰ', ਭਾਈ ਦੀਦਾਰ ਸਿੰਘ, ਪ੍ਰੋ. ਰਜਿੰਦਰਪਾਲ ਸਿੰਘ, ਭਾਈ ਜਸਦੇਵ ਸਿੰਘ, ਭਾਈ ਸੁਖਦੇਵ ਸਿੰਘ, ਭਾਈ ਤਰਜਿੰਦਰ ਸਿੰਘ, ਭਾਈ ਕੁਲਦੀਪ ਸਿੰਘ, ਭਾਈ ਭੁਪਿੰਦਰ ਸਿੰਘ, ਭਾਈ ਜਰਨੈਲ ਸਿੰਘ ਖਾਲਸਾ, ਭਾਈ ਕਰਨੈਲ ਸਿੰਘ ਸਲੇਮਪੁਰ, ਭਾਈ ਸੁਰਜੀਤ ਸਿੰਘ, ਭਾਈ ਵਰਿੰਦਰ ਸਿੰਘ, ਭਾਈ ਪ੍ਰਿਤਪਾਲ ਸਿੰਘ, ਭਾਈ ਨਵਜੋਤ ਸਿੰਘ, ਭਾਈ ਅਮਰੀਕ ਸਿੰਘ, ਭਾਈ ਲਾਲ ਸਿੰਘ, ਹਰਵਿੰਦਰ ਸਿੰਘ, ਸੁਖਵੀਰ ਸਿੰਘ, ਚਰਨਜੀਤ ਸਿੰਘ 'ਸਮਰਾ', ਲਖਵਿੰਦਰ ਸਿੰਘ 'ਬਿੱਲਾ'

## ਜਾਰੀ ਕਰਤਾ: ਅਮੈਰਿਕਨ ਸਿੱਖ ਆਰਗੇਨਾਈਜੇਸ਼ਨ

ਹੋਰ ਜਾਣਕਾਰੀ ਲਈ ਸੰਪਰਕ ਕਰੋ

ਫੋਨ:559-352-8687, 408-903-9952, 718-637-9360, 516-717-5795, 206-551-9984

# ਕੈਨੇਡਾ ਤੇ ਭਾਰਤ ਵਿਚਾਲੇ ਵੀਜ਼ੇ ਦਾ ਝਗੜਾ ਸੁਲਝਿਆ

**ਨਵੀਂ ਦਿੱਲੀ:** ਕੈਨੇਡਾ ਨੇ ਆਪਣੇ ਅਧਿਕਾਰੀਆਂ ਵਲੋਂ ਭਾਰਤੀ ਫੌਜੀ ਤੇ ਸੁਰੱਖਿਆ ਸੰਸਥਾਵਾਂ ਪ੍ਰਤੀ ਵਰਤੀ ਭਾਸ਼ਾ ਪ੍ਰਤੀ ਡੂੰਘਾ ਅਫਸੋਸ ਪ੍ਰਗਟਾਇਆ ਹੈ। ਉਸ ਨੇ ਕਿਹਾ ਹੈ ਕਿ ਇਸ ਨਾਲ ਮੁਲਕ ਦੀ ਸਰਕਾਰ ਦੇ ਅਕਸ 'ਤੇ ਮਾੜਾ ਅਸਰ ਪਿਆ ਹੈ। ਕੈਨੇਡਾ ਦੇ ਨਾਗਰਿਕ ਤੇ ਪਰਵਾਸ ਮੰਤਰੀ ਜੇਸਨ ਕੈਨੀ ਨੇ ਈਮੇਲ ਬਿਆਨ 'ਚ ਭਾਰਤੀ ਸੁਰੱਖਿਆ ਅਧਿਕਾਰੀਆਂ ਨੂੰ ਵੀਜ਼ਾ ਨਾ ਦੇਣ ਕਾਰਨ ਪੈਦਾ ਹੋਈ ਸਥਿਤੀ ਨੂੰ ਦਰੁਸਤ ਕਰਨ ਦੀ ਕੋਸ਼ਿਸ਼ ਕਰਦਿਆਂ ਕਿਹਾ, ''ਭਾਰਤੀ ਫੌਜੀ ਤੇ ਹੋਰ ਸੁਰੱਖਿਆ ਸੰਸਥਾਵਾਂ ਜਮਹੂਰੀ ਢਾਂਚੇ ਤੇ ਕਾਨੂੰਨ ਦੇ ਤਹਿਤ ਕੰਮ ਕਰ ਰਹੀਆਂ ਹਨ। ਕੈਨੇਡਾ ਦੇ ਹਾਈ ਕਮਿਸ਼ਨਰ ਨੇ ਕਈ ਅਧਿਕਾਰੀਆਂ ਨੂੰ ਵੀਜ਼ੇ ਦੇਣ ਤੋਂ ਇਨਕਾਰ ਕਰਨ ਵੇਲੇ ਜੋ ਭਾਸ਼ਾ ਵਰਤੀ ਹੈ, ਉਸ 'ਤੇ ਸਾਨੂੰ ਬਹੁਤ ਅਫਸੋਸ ਹੈ। ਉਨ੍ਹਾਂ ਦੀ ਭਾਸ਼ਾ ਠੀਕ ਨਹੀਂ ਹੈ। ਇਸ ਨਾਲ ਕੈਨੇਡਾ ਸਰਕਾਰ ਦਾ ਅਕਸ ਖਰਾਬ ਹੋਇਆ ਹੈ।'' ਉਧਰ ਕੈਨੇਡਾ ਵਲੋਂ ਵੀਜ਼ਾ ਮਾਮਲੇ ਵਿਚ ਅਫਸੋਸ ਪ੍ਰਗਟਾਉਣ ਮਗਰੋਂ ਭਾਰਤ ਨੇ ਕਿਹਾ ਹੈ ਕਿ ਹੁਣ ਇਹ ਮਾਮਲਾ ਬੰਦ ਹੋ ਗਿਆ ਹੈ। ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, ''ਸਾਨੂੰ ਕੈਨੇਡਾ ਦੇ ਪਰਵਾਸ ਮੰਤਰੀ ਦਾ ਬਿਆਨ ਮਿਲ ਗਿਆ ਹੈ। ਉਨ੍ਹਾਂ ਵਲੋਂ ਸਾਰੇ ਮਾਮਲੇ 'ਤੇ ਅਫਸੋਸ ਪ੍ਰਗਟਾਉਣ ਨਾਲ ਇਹ ਵਿਵਾਦ ਖਤਮ ਹੋ ਗਿਆ ਹੈ।'' ਆਈ ਬੀ ਤੇ ਕੁਝ ਪੁਲਿਸ ਅਧਿਕਾਰੀਆਂ ਦੇ ਵੀਜ਼ਿਆਂ ਨੂੰ ਰੱਦ ਕਰਨ ਵਾਲੇ ਕੈਨੇਡਾ ਦੇ ਹਾਈ ਕਮਿਸ਼ਨ ਨੇ ਭਾਵੇਂ ਬੀਤੀ 26 ਮਈ ਨੂੰ ਕੇਂਦਰ ਦੀ ਘੁਰਕੀ ਤੋਂ ਬਾਅਦ ਆਈ ਬੀ ਅਧਿਕਾਰੀ ਦਾ ਵੀਜ਼ਾ ਤਾਂ ਜਾਰੀ ਕਰ ਦਿੱਤਾ, ਜਦਕਿ ਬਾਕੀਆਂ ਦਾ ਰੱਦ ਹੀ ਰਿਹਾ। ਪ੍ਰਾਪਤ ਜਾਣਕਾਰੀ ਮੁਤਾਬਕ ਕੈਨੇਡਾ ਹਾਈ ਕਮਿਸ਼ਨ ਨੇ ਆਈ ਬੀ ਦੇ ਡਿਪਟੀ ਡਾਇਰੈਕਟਰ ਤੇ ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀ ਰਣਬੀਰ ਸਿੰਘ ਖੱਟੜਾ ਤੇ ਰਾਜਨ ਗੁਪਤਾ ਦਾ ਵੀਜ਼ਾ ਰੱਦ ਕਰ ਦਿੱਤਾ ਸੀ।

ਇਸ ਮਾਮਲੇ 'ਚ ਕੇਂਦਰੀ ਗ੍ਰਹਿ ਮੰਤਰਾਲੇ ਨੇ ਸਖ਼ਤ ਰੁਖ਼ ਅਪਨਾਉਂਦਿਆਂ ਵਿਦੇਸ਼ ਮੰਤਰਾਲੇ ਨੂੰ ਦਖ਼ਲਅੰਦਾਜ਼ੀ ਕਰਨ ਦਾ ਹੁਕਮ ਦਿੱਤਾ ਸੀ। ਇਸ ਤੋਂ ਬਾਅਦ ਵਿਦੇਸ਼ ਮੰਤਰਾਲੇ ਨੇ ਕੈਨੇਡੀਆਈ ਹਾਈ ਕਮਿਸ਼ਨ ਨੂੰ ਸਪੱਸ਼ਟ ਕੀਤਾ ਸੀ ਕਿ ਜੇਕਰ ਉਨ੍ਹਾਂ ਸਾਡੇ ਅਧਿਕਾਰੀਆਂ ਪ੍ਰਤੀ ਇਹ ਵਤੀਰਾ ਰੱਖਿਆ ਤਾਂ ਸਾਨੂੰ ਵੀ ਅਜਿਹਾ ਵਤੀਰਾ ਅਪਣਾਉਣ



**ਕੈਨੇਡਾ ਨਾਲ ਵੀਜ਼ੇ ਵਾਲਾ ਰੇੜਕਾ ਹੁਣ ਨਹੀਂ –ਭਾਰਤ**

ਲਈ ਮਜਬੂਰ ਹੋਣਾ ਪਵੇਗਾ। ਕੇਂਦਰ ਸਰਕਾਰ ਦੀ ਇਸ ਘੁਰਕੀ ਤੋਂ ਬਾਅਦ ਕੈਨੇਡੀਅਨ ਹਾਈ ਕਮਿਸ਼ਨ ਨੇ ਆਪਣਾ ਫ਼ੈਸਲਾ ਬਦਲ ਦਿੱਤਾ ਅਤੇ ਸੀਨੀਅਰ ਆਈ ਬੀ ਅਧਿਕਾਰੀ ਨੂੰ ਵੀਜ਼ਾ ਜਾਰੀ ਕਰ ਦਿੱਤਾ। ਦੂਜੇ ਪਾਸੇ ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀ ਰਣਬੀਰ ਸਿੰਘ ਖੱਟੜਾ ਨੇ ਉਨ੍ਹਾਂ ਦਾ ਵੀਜ਼ਾ ਰੱਦ ਕਰਨ ਪ੍ਰਤੀ ਕੈਨੇਡੀਅਨ ਅੰਬੈਸੀ ਵਿਰੁਧ ਰੋਸ ਪ੍ਰਗਟਾਇਆ ਸੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ. ਖੱਟੜਾ ਨੇ ਦੱਸਿਆ ਕਿ ਉਹ 1999 'ਚ ਕੈਨੇਡਾ ਜਾ ਚੁੱਕੇ ਹਨ ਤੇ ਹੁਣ ਜਦੋਂ ਉਨ੍ਹਾਂ ਦੁਬਾਰਾ ਵਰਲਡ ਦੀ ਪੁਲਿਸ ਗੇਮ ਦੇ ਸਬੰਧ 'ਚ ਕੈਨੇਡਾ ਜਾਣ ਲਈ ਅਪਲਾਈ ਕੀਤਾ ਸੀ ਤਾਂ ਅੰਬੈਸੀ ਨੇ ਉਨ੍ਹਾਂ ਦਾ ਵੀਜ਼ਾ ਰੱਦ ਕਰ ਦਿੱਤਾ ਹੈ। ਸੂਤਰਾਂ ਮੁਤਾਬਕ ਕੈਨੇਡੀਅਨ ਅੰਬੈਸੀ ਨੇ 1984 ਤੋਂ 1994 ਤੱਕ ਦੇ ਸਮੇਂ ਦੌਰਾਨ ਮਜੀਠਾ ਜ਼ਿਲ੍ਹੇ 'ਚ ਤਾਇਨਾਤੀ ਸਮੇਂ ਸ. ਖੱਟੜਾ 'ਤੇ ਮਨੁੱਖੀ ਅਧਿਕਾਰਾਂ ਦੇ ਘਾਣ ਦਾ ਦੋਸ਼ ਲਗਾਉਂਦਿਆਂ ਇਹ ਵੀਜ਼ਾ ਰੱਦ ਕੀਤਾ ਹੈ। ਦੱਸਣਾ ਬਣਦਾ ਹੈ ਕਿ ਉਸ ਸਮੇਂ ਪੰਜਾਬ 'ਚ ਖਾੜਕੂਵਾਦ ਦਾ ਮਾਹੌਲ ਸੀ ਤੇ ਅੰਬੈਸੀ ਦੀ ਰਿਪੋਰਟ ਮੁਤਾਬਕ ਪੰਜਾਬ ਪੁਲਿਸ ਨੇ ਉਸ ਸਮੇਂ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਕੀਤੀ ਸੀ। ਭਾਰਤੀ ਸੁਰੱਖਿਆ ਬਲਾਂ ਅਤੇ ਖੁਫੀਆਂ ਏਜੰਸੀਆਂ ਦੇ ਅਧਿਕਾਰੀਆਂ ਨੂੰ ਵੀਜ਼ਾ ਨਾ ਦੇਣ ਦੇ ਕੈਨੇਡਾ ਸਰਕਾਰ ਦੇ ਰੁਖ ਨੂੰ ਰੱਦ ਕਰਦਿਆਂ ਭਾਰਤ ਸਰਕਾਰ ਨੇ ਉਸ ਨੂੰ ਇਸ ਨੀਤੀ ਵਿਚ ਸੁਧਾਈ ਕਰਨ ਲਈ ਇਕ ਹਫਤੇ ਦੀ ਮੋਹਲਤ ਦਿੱਤੀ ਸੀ। ਭਾਰਤੀ ਵਿਦੇਸ਼ ਮੰਤਰਾਲਾ ਕੈਨੇਡਿਆਈ ਹਾਈ ਕਮਿਸ਼ਨਰ ਨੂੰ ਦੋ ਵਾਰ ਤਲਬ ਕਰਕੇ ਕੈਨੇਡੀਅਨ ਨੀਤੀ ਖਿਲਾਫ ਰੋਸ ਪ੍ਰਗਟ ਕਰ ਚੁੱਕਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਕਿਹਾ ਕਿ ਕੈਨੇਡੀਅਨ ਹਾਈ ਕਮਿਸ਼ਨਰ ਨੇ ਭਾਰਤੀ ਸੁਰੱਖਿਆ ਫੌਜਾਂ, ਨੀਮ ਫੌਜੀ ਬਲਾਂ, ਪੁਲੀਸ ਬਲਾਂ ਅਤੇ ਹੋਰ ਏਜੰਸੀਆਂ ਦੇ ਮੌਜੂਦਾ ਤੇ ਸਾਬਕਾ ਅਧਿਕਾਰੀਆਂ ਨੂੰ ਇਨਕਾਰ ਪੱਤਰਾਂ ਵਿਚ ਜੋ ਭਾਸ਼ਾ ਵਰਤੀ ਹੈ, ਉਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਇਸੇ ਲਈ ਅਸੀਂ ਉਨ੍ਹਾਂ ਨੂੰ ਇਕ ਹਫਤੇ ਦੇ ਅੰਦਰ ਆਪਣਾ ਕਰ-ਵਿਹਾਰ ਸੁਧਾਰਨ ਲਈ ਕਿਹਾ ਹੈ। ਜੇ ਅਜਿਹਾ ਨਾ ਹੋਇਆ ਤਾਂ ਭਾਰਤ ਸਰਕਾਰ ਵੀ ਜਵਾਬੀ ਕਾਰਵਾਈ ਕਰੇਗੀ। ਕਈ ਸਿਆਸੀ ਪਾਰਟੀਆਂ ਨੇ ਵੀ ਕੈਨੇਡਾ ਦੇ ਇਸ ਵਿਹਾਰ 'ਤੇ ਸਖਤ ਇਤਰਾਜ਼ ਪ੍ਰਗਟਾਇਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਕੈਨੇਡਿਆਈ ਹਾਈ ਕਮਿਸ਼ਨ ਫੌਜੀ ਬਲਾਂ ਅਤੇ ਖੁਫੀਆਂ ਏਜੰਸੀਆਂ ਦੇ ਕਈ ਮੌਜੂਦਾ ਤੇ ਸੇਵਾਮੁਕਤ ਅਧਿਕਾਰੀਆਂ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰ ਚੁੱਕਾ ਹੈ। ਹਾਈ ਕਮਿਸ਼ਨਰ ਦਾ ਦਾਅਵਾ ਹੈ ਕਿ ਇਨ੍ਹਾਂ ਅਧਿਕਾਰੀਆਂ ਦੀਆਂ ਸੰਸਥਾਵਾਂ ਜਾਂ ਉਹ ਖੁਦ ਜੰਮੂ-ਕਸ਼ਮੀਰ ਵਰਗੇ ਨਾਜ਼ੁਕ ਇਲਾਕੇ ਵਿਚ ਕੰਮ ਕਰਦੇ ਹਨ ਅਤੇ ਹਿੰਸਾ ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਿਚ ਉਨ੍ਹਾਂ ਦੀ ਸ਼ਮੂਲੀਅਤ ਹੁੰਦੀ ਹੈ। ਗ੍ਰਹਿ ਸਕੱਤਰ ਜੀ.ਕੇ. ਪਿੱਲੇ ਨੇ ਅਜਿਹੇ ਰੁਖ ਦਾ ਸਖਤ ਨੋਟਿਸ ਲੈਂਦਿਆਂ ਵਿਦੇਸ਼ ਸਕੱਤਰ ਨਿਰੂਪਮਾ ਰਾਓ ਨੂੰ ਪੱਤਰ ਲਿਖਿਆ ਹੈ, ਜਿਸ ਵਿਚ ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਵਿਦੇਸ਼ ਮੰਤਰਾਲੇ ਨੂੰ ਇਹ ਮਾਮਲਾ ਸਖਤੀ ਨਾਲ ਨਜਿੱਠਣਾ ਚਾਹੀਦਾ ਹੈ ਅਤੇ ਕੈਨੇਡਿਆਈ ਹਾਈ ਕਮਿਸਨ ਤੋਂ ਮੁਆਫੀ ਮੰਗਵਾਉਣੀ ਵੀ ਚਾਹੀਦੀ ਹੈ। ਉਨ੍ਹਾਂ ਅਫਸਰਾਂ ਖਿਲਾਫ ਕਾਰਵਾਈ ਵੀ ਕਰਵਾਉਣੀ ਚਾਹੀਦੀ ਹੈ ਜਿਨ੍ਹਾਂ ਨੇ ਭਾਰਤੀ ਸੁਰੱਖਿਆ ਬਲਾਂ ਖਿਲਾਫ ਅਭੱਦਰ ਟਿੱਪਣੀਆਂ ਕੀਤੀਆਂ ਹਨ। ਭਾਰਤ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਅਜਿਹਾ ਨਾ ਹੋਇਆ ਤਾਂ ਭਾਰਤ ਦੇ ਰਸਤੇ ਅਫਗਾਨਿਸਤਾਨ ਜਾਣ ਵਾਲੇ ਕੈਨੇਡੀਅਨ ਅਫਸਰਾਂ ਨੂੰ ਇਹ ਰੂਟ ਵਰਤਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਯਾਦ ਰਹੇ ਪੰਜਾਬ ਅੰਦਰ ਖਾੜਕੂਵਾਦ ਨਾਲ ਲੋਹਾ ਲੈਣ ਵਾਲੇ ਪੰਜਾਬ ਪੁਲੀਸ ਦੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਲਈ ਹੁਣ ਕੈਨੇਡਾ ਜਾਣਾ ਸੌਖਾ ਨਹੀਂ। ਉਨ੍ਹਾਂ ਨੂੰ ਇਸ ਸਬੰਧੀ ਮਨੁੱਖੀ ਅਧਿਕਾਰ ਕਮਿਸ਼ਨ ਤੋਂ ਪ੍ਰਮਾਣ ਪੱਤਰ ਲੈਣਾ ਜ਼ਰੂਰੀ ਹੋਵੇਗਾ ਕਿ ਉਨ੍ਹਾਂ ਖਿਲਾਫ ਮਨੁੱਖੀ ਹੱਕਾਂ ਦੀ ਉਲੰਘਣਾ ਦਾ ਕੋਈ ਕੇਸ ਨਹੀਂ। ਏ.ਡੀ.ਜੀ.ਪੀ. ਰਾਜਨ ਗੁਪਤਾ ਅਤੇ ਰਿਟਾਇਰਡ ਏ.ਆਈ.ਜੀ. ਮਹਿੰਦਰ ਸਿੰਘ ਚਾਹਲ ਸਮੇਤ ਕੁਝ ਹੋਰਨਾਂ ਪੁਲੀਸ ਅਧਿਕਾਰੀਆਂ ਨੂੰ ਵੀ ਅਜਿਹੀ ਮੁਸ਼ਕਲ ਦਰਪੇਸ਼ ਆਈ ਹੈ।

# ਵਿਸ਼ਵ ਕੱਪ ਫੁੱਟਬਾਲ ਦੀ ਚਰਚਾ ਗਲੀ-ਗਲੀ

**ਨਵੀਂ ਦਿੱਲੀ :** ਦੱਖਣੀ ਅਫ਼ਰੀਕਾ ਵਿਖੇ 11 ਜੂਨ ਤੋਂ 11 ਜੁਲਾਈ ਤੱਕ ਖੇਡੇ ਜਾਣ ਵਾਲੇ ਫੀਫਾ ਵਿਸ਼ਵ ਕੱਪ ਫੁੱਟਬਾਲ ਟੂਰਨਾਮੈਂਟ ਦਾ ਸਮਾਂ ਜਿਉਂ-ਜਿਉਂ ਨੇੜੇ ਆਉਂਦਾ ਜਾ ਰਿਹਾ ਹੈ, ਤਿਉਂ-ਤਿਉਂ ਦੁਨੀਆ ਭਰ ਵਿਚ ਫੈਲੇ ਫੁੱਟਬਾਲ ਪ੍ਰੇਮੀਆਂ ਦੀ ਇਸ ਮਹਾਂਕੁੰਭ ਪ੍ਰਤੀ ਦੀਵਾਨਗੀ ਵਧਦੀ ਹੀ ਜਾ ਰਹੀ ਹੈ।




ਉਂਝ ਤਾਂ ਹਰ ਵਿਸ਼ਵ ਕੱਪ ਹੀ ਆਪਣੇ ਆਪ ਵਿਚ ਇਕ ਖ਼ਾਸ ਅਹਿਮੀਅਤ ਰੱਖਦਾ ਹੈ, ਪਰ ਸਾਲ 1998 ਵਿਚ ਫਰਾਂਸ ਵਿਖੇ ਖੇਡਿਆ ਗਿਆ ਵਿਸ਼ਵ ਕੱਪ ਫੁੱਟਬਾਲ ਇਤਿਹਾਸ ਵਿਚ ਆਪਣਾ ਨਾਂ ਸੁਨਹਿਰੀ ਅੱਖਰਾਂ ਵਿਚ ਦਰਜ ਕਰਵਾਉਣ ਵਿਚ ਸਫ਼ਲ ਰਿਹਾ ਸੀ। ਇਸ ਵਿਸ਼ਵ ਕੱਪ ਦੌਰਾਨ ਜਿੱਥੇ ਮੇਜ਼ਬਾਨ ਦੇਸ਼ ਫਰਾਂਸ ਨੇ ਖ਼ਿਤਾਬੀ ਜਿੱਤ ਦਰਜ ਕੀਤੀ ਸੀ, ਉਥੇ ਹੀ ਇਸ ਦੌਰਾਨ ਕੁੱਲ 64 ਮੈਚ ਖੇਡੇ ਗਏ ਸਨ, ਜਿਨ੍ਹਾਂ ਵਿਚ 171 ਗੋਲ ਦਾਗੇ ਗਏ ਸਨ। ਇਹ ਫੁੱਟਬਾਲ ਵਿਸ਼ਵ ਕੱਪ ਮਹਾਂਕੁੰਭ ਦੀ ਤਾਰੀਖ ਪੱਖੋਂ ਇਕ ਰਿਕਾਰਡ ਹੈ। ਇਸ ਵਿਸ਼ਵ ਕੱਪ ਦੌਰਾਨ ਫਰਾਂਸ ਦੀ ਟੀਮ ਵਲੋਂ 7 ਮੈਚਾਂ ਵਿਚ ਸਭ ਤੋਂ ਵਧ 15 ਗੋਲ ਦਾਗੇ ਗਏ ਸਨ। ਦੂਸਰੇ ਨੰ. 'ਤੇ ਰਹੀ ਬ੍ਰਾਜ਼ੀਲ ਦੀ ਟੀਮ ਨੇ 7 ਮੈਚਾਂ ਵਿਚ 14 ਗੋਲ ਦਾਗੇ ਸਨ।

5 ਵਾਰ ਵਿਸ਼ਵ ਕੱਪ ਆਪਣੇ ਨਾਂ ਕਰ ਚੁੱਕੀ ਬ੍ਰਾਜ਼ੀਲ ਦੀ ਟੀਮ ਨੇ ਹੁਣ ਤੱਕ ਸਾਰੇ ਹੀ ਵਿਸ਼ਵ ਕੱਪਾਂ ਵਿਚ ਹਿੱਸਾ ਲਿਆ ਹੈ ਅਤੇ ਕੁੱਲ 201 ਗੋਲ ਦਾਗੇ ਹਨ। ਇਹ ਕਿਸੇ ਵੀ ਟੀਮ ਦੁਆਰਾ ਵਿਸ਼ਵ ਕੱਪ ਵਿਚ ਕੀਤੇ ਗਏ ਸਭ ਤੋਂ ਵਧ ਗੋਲ ਹਨ। ਸਵਿਟਜ਼ਰਲੈਂਡ ਵਿਚ ਸਾਲ 1954 ਦੌਰਾਨ ਖੇਡੇ ਗਏ ਵਿਸ਼ਵ ਕੱਪ ਵਿਚ ਦੂਸਰੇ ਸਥਾਨ 'ਤੇ ਰਹਿਣ ਵਾਲੀ ਹੰਗਰੀ ਦੀ ਟੀਮ ਨੇ ਸਿਰਫ਼ 5 ਮੈਚਾਂ ਵਿਚ ਹੀ 27 ਗੋਲ ਜੜ ਦਿੱਤੇ ਸਨ। ਇਹ ਕਿਸੇ ਇਕ ਵਿਸ਼ਵ ਕੱਪ 'ਚ ਇਕ ਟੀਮ ਦੁਆਰਾ ਕੀਤੇ ਗਏ ਸਭ ਤੋਂ ਵਧ ਗੋਲ ਹਨ। 1954 ਦੇ ਵਿਸ਼ਵ ਕੱਪ ਵਿਚ ਕੁੱਲ 26 ਮੈਚ ਖੇਡੇ ਗਏ ਸਨ, ਜਿਨ੍ਹਾਂ ਵਿਚ 140 ਗੋਲ ਕੀਤੇ ਗਏ ਸਨ। ਇਸੇ ਵਿਸ਼ਵ ਕੱਪ 'ਚ ਆਸਟਰੀਆ ਅਤੇ ਸਵਿਟਜ਼ਰਲੈਂਡ ਦਰਮਿਆਨ ਹੋਏ ਮੈਚ 'ਚ ਕੁੱਲ 12 ਗੋਲ ਦਾਗੇ ਗਏ ਸਨ, ਜੋ ਕਿ ਕਿਸੇ ਵੀ ਵਿਸ਼ਵ ਕੱਪ ਦੇ ਇਕ ਮੈਚ ਵਿਚ ਸਭ ਤੋਂ ਵਧ ਗੋਲਾਂ ਦਾ ਰਿਕਾਰਡ ਹੈ। 1930 ਦੌਰਾਨ ਉਰੁਗੁਏ ਵਿਖੇ ਖੇਡੇ ਗਏ ਪਹਿਲੇ ਅਤੇ 1934 ਵਿਚ ਇਟਲੀ ਵਿਖੇ ਖੇਡੇ ਗਏ ਦੂਜੇ ਵਿਸ਼ਵ ਕੱਪ ਵਿਚ ਕੁੱਲ 70-70 ਗੋਲ ਹੀ ਹੋਏ ਸਨ, ਜੋ ਕਿ ਹੁਣ ਤੱਕ ਕਿਸੇ ਵੀ ਵਿਸ਼ਵ ਕੱਪ ਵਿਚ ਦਾਗੇ ਗਏ ਸਭ ਤੋਂ ਘੱਟ ਗੋਲ ਹਨ।

1938 'ਚ ਫਰਾਂਸ ਵਿਖੇ ਹੋਏ ਵਿਸ਼ਵ ਕੱਪ ਦੇ 18 ਮੈਚਾਂ ਵਿਚ 184 ਗੋਲ ਦਾਗੇ ਗਏ ਸਨ, ਜਿਨ੍ਹਾਂ ਵਿਚੋਂ ਉਪ-ਜੇਤੂ ਰਹੀ ਹੰਗਰੀ ਦੀ ਟੀਮ ਨੇ 4 ਮੈਚਾਂ 'ਚ 15 ਗੋਲ ਜੜੇ ਸਨ। ਵਰ੍ਹੇ 1950 'ਚ ਬ੍ਰਾਜ਼ੀਲ ਵਿਖੇ ਖੇਡੇ ਗਏ ਵਿਸ਼ਵ ਕੱਪ 'ਚ ਚੈਂਪੀਅਨ ਬਣਨ ਦਾ ਮਾਣ ਭਾਵੇਂ ਹੀ ਉਰੁਗੁਏ ਨੇ ਹਾਸਿਲ ਕੀਤਾ ਹੋਵੇ, ਪਰ ਸ਼ੋਹਰਤ ਉਪ-ਜੇਤੂ ਬ੍ਰਾਜ਼ੀਲ ਨੇ ਲੁੱਟੀ ਸੀ। ਬ੍ਰਾਜ਼ੀਲ ਨੇ ਇਸ ਵਿਸ਼ਵ ਕੱਪ ਦੇ 6 ਮੈਚਾਂ 'ਚ 22 ਅਤੇ ਉਰੁਗੁਏ ਨੇ 15 ਗੋਲ ਕੀਤੇ ਸਨ। ਸਵੀਡਨ ਵਿਖੇ 1958 ਵਿਚ ਹੋਏ ਵਿਸ਼ਵ ਕੱਪ ਵਿਚ ਫਰਾਂਸ ਨੇ ਸਭ ਤੋਂ ਵੱਧ 23 ਗੋਲ ਕੀਤੇ ਸਨ। ਚਿਲੀ ਵਿਖੇ 1962 ਅਤੇ ਇੰਗਲੈਂਡ ਵਿਖੇ 1966 ਵਿਚ ਖੇਡੇ ਗਏ ਵਿਸ਼ਵ ਕੱਪ ਟੂਰਨਾਮੈਂਟਾਂ ਵਿਚ ਕੁੱਲ 32-32 ਮੈਚ ਖੇਡੇ ਗਏ ਸਨ, ਜਿਨ੍ਹਾਂ ਵਿਚ 89-89 ਗੋਲ ਹੋਏ ਸਨ। ਮੈਕਸੀਕੋ 'ਚ ਹੋਏ 1970 ਦੇ ਵਿਸ਼ਵ ਕੱਪ ਦੌਰਾਨ ਕੁੱਲ 32 ਮੈਚ ਖੇਡੇ ਗਏ, ਜਿਨ੍ਹਾਂ ਵਿਚ ਕੁੱਲ 95 ਗੋਲ ਦਾਗੇ ਗਏ। ਸਾਲ 2006 ਵਿਚ ਜਰਮਨੀ ਵਿਖੇ ਹੋਏ ਵਿਸ਼ਵ ਕੱਪ ਵਿਚ 64 ਮੈਚ ਖੇਡੇ ਗਏ, ਜਿਨ੍ਹਾਂ ਵਿਚ 147 ਗੋਲ ਦਾਗੇ ਗਏ। ਜਰਮਨੀ ਨੇ ਸਭ ਤੋਂ ਵੱਧ 14 ਗੋਲ ਕੀਤੇ। ਵਰ੍ਹੇ 2002 'ਚ ਕੋਰੀਆ ਅਤੇ ਜਾਪਾਨ ਵਲੋਂ ਸਾਂਝੇ ਤੌਰ 'ਤੇ ਕਰਵਾਏ ਗਏ ਵਿਸ਼ਵ ਕੱਪ ਦੇ 64 ਮੈਚਾਂ 'ਚ ਕੁੱਲ 161 ਗੋਲ ਹੋਏ। ਇਨ੍ਹਾਂ 'ਚ ਚੈਂਪੀਅਨ ਰਹੇ ਬ੍ਰਾਜ਼ੀਲ ਨੇ 7 ਮੈਚਾਂ 'ਚ 18 ਗੋਲ ਕੀਤੇ ਸਨ।

# ਆਂਧਰਾ ਵਿਚ ਹਿੰਸਾ, ਰੈਡੀ ਗ੍ਰਿਫਤਾਰ/ਰਿਹਾਅ

**ਹੈਦਰਾਬਾਦ :** ਕਾਂਗਰਸ ਹਾਈਕਮਾਨ ਦੇ ਮਨ੍ਹਾ ਕਰਨ ਅਤੇ ਤੇਲੰਗਾਨਾ ਰਾਸ਼ਟਰੀ ਸਮਿਤੀ ਅਤੇ ਤੇਲੰਗਾਨਾ ਦੀਆਂ ਕਈ ਹੋਰ ਜਥੇਬੰਦੀਆਂ ਦੇ ਵਿਰੋਧ ਦੇ ਬਾਵਜੂਦ ਆਂਧਰਾ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਵਾਈ.ਐਸ. ਰਾਜ ਸ਼ੇਖਰ ਰੈਡੀ ਦੇ ਪੁੱਤਰ ਅਤੇ ਕਾਂਗਰਸ ਦੇ ਐਮ.ਪੀ. ਵਾਈ.ਐਸ. ਜਗਮੋਹਨ ਰੈਡੀ ਨੇ 28 ਮਈ ਸ਼ੁੱਕਰਵਾਰ ਨੂੰ ਵਾਰੰਗਲ ਵਿਚ ਆਪਣੀ 'ਉਦਰਾਪੂ ਯਾਤਰਾ' ਸ਼ੁਰੂ ਕਰ ਦਿੱਤੀ। ਰੈਡੀ ਨੂੰ ਵਾਂਗਾਪਲੀ ਰੇਲਵੇ ਸਟੇਸ਼ਨ 'ਤੇ ਹਿਰਾਸਤ ਵਿਚ ਲੈ ਲਿਆ ਗਿਆ ਅਤੇ ਉਨ੍ਹਾਂ ਦੀ ਯਾਤਰਾ ਨੂੰ ਰੋਕ ਦਿੱਤਾ ਗਿਆ। ਰੈਡੀ ਨੇ ਹਿਰਾਸਤ ਵਿਚ ਲਏ ਜਾਣ ਪਿੱਛੋਂ ਕਿਹਾ ਕਿ ਉਹ ਵਾਰੰਗਲ ਜਾਣ ਦੀ ਕੋਸ਼ਿਸ਼ ਕਰਨਗੇ। ਉਨ੍ਹਾਂ ਨੂੰ ਹੈਦਰਾਬਾਦ ਲਿਆਂਦਾ ਗਿਆ। ਵਾਰੰਗਲ ਦੇ ਇਕ ਇਲਾਕੇ ਵਿਚ ਹਿੰਸਾ ਉਦੋਂ ਭੜਕ ਉਠੀ ਸੀ ਜਦੋਂ ਕਾਂਗਰਸੀ ਨੇਤਾ ਦੇ ਸੁਰੱਖਿਆ ਗਾਰਡ ਨੇ ਇਕ ਸਾਬਕਾ ਮੰਤਰੀ ਕੋਂਡਾ ਉਤੇ ਹਮਲਾ ਕਰਨ ਵਾਲੀ ਭੀੜ ਨੂੰ ਤਿੱਤਰ-ਬਿੱਤਰ ਕਰਨ ਲਈ ਰੇਲਵੇ ਸਟੇਸ਼ਨ ਦੇ ਵੇਟਿੰਗ ਰੂਮ ਵਿਚ ਫਾਇਰਿੰਗ ਸ਼ੁਰੂ ਕਰ ਦਿੱਤੀ।



ਇਸ ਕਾਰਨ 20 ਸਾਲ ਦੇ ਇਕ ਵਿਦਿਆਰਥੀ ਰਾਜੂ ਦੀ ਮੌਤ ਹੋ ਗਈ ਅਤੇ 24 ਹੋਰ ਜ਼ਖਮੀ ਹੋ ਗਏ। ਹਿੰਸਾ ਤੋਂ ਦੁਖੀ ਸਾਬਕਾ ਮੰਤਰੀ ਕੋਂਡਾ ਨੇ ਮੀਡੀਆ ਅਤੇ ਪੁਲਸ ਦੇ ਸਾਹਮਣੇ ਹੀ ਕੁਝ ਗੋਲੀਆਂ ਖਾ ਕੇ ਆਤਮਹੱਤਿਆ ਦੀ ਕੋਸ਼ਿਸ਼ ਕੀਤੀ। ਦੱਖਣੀ ਕੇਂਦਰੀ ਰੇਲਵੇ ਦੇ ਸੂਤਰਾਂ ਮੁਤਾਬਿਕ ਟੀ.ਆਰ. ਐੱਸ.ਅਤੇ ਉਸਮਾਨੀਆ ਵਿਦਿਆਰਥੀ ਐਸੋਸੀਏਸ਼ਨ ਦੀ ਸਾਂਝੀ ਕਾਰਵਾਈ ਕਮੇਟੀ ਅਤੇ ਕਈ ਹੋਰ ਜਥੇਬੰਦੀਆਂ ਦੇ ਰੈਡੀ ਦੀ ਯਾਤਰਾ ਦੇ ਭਾਰੀ ਵਿਰੋਧ ਕਾਰਨ ਹੈਦਰਾਬਾਦ-ਵਾਰੰਗਲ ਰੇਲ ਸੈਕਸ਼ਨ 'ਤੇ ਆਵਾਜਾਈ ਪ੍ਰਭਾਵਿਤ ਹੋਈ।

# ਦਾਂਤੇਵਾੜਾ ਕਾਂਡ – 4 ਅਫਸਰਾਂ ਖਿਲਾਫ ਕਮੇਟੀ

**ਨਵੀਂ ਦਿੱਲੀ :** ਸੀ.ਆਰ.ਪੀ.ਐਫ. ਨੇ ਆਪਣੇ ਤਿੰਨ ਅਫਸਰਾਂ ਅਤੇ ਇਕ ਸੇਵਾਮੁਕਤ ਇੰਸਪੈਕਟਰ ਜਨਰਲ ਖਿਲਾਫ ਜਾਂਚ ਕਮੇਟੀ ਕਾਇਮ ਕੀਤੀ ਹੈ ਤਾਂ ਕਿ ਇਨ੍ਹਾਂ ਦੇ ਕੰਮ ਕਾਜ ਦੀ ਪੜਤਾਲ ਕੀਤੀ ਜਾ ਸਕੇ।

ਸੀ.ਆਰ.ਪੀ.ਐਫ. ਦੇ ਡਾਇਰੈਕਟਰ ਜਨਰਲ ਵਿਕਰਮ ਸ੍ਰੀਵਾਸਤਵ ਨੇ ਦੱਸਿਆ ਕਿ ''ਜਾਂਚ ਕਮੇਟੀ ਤਿੰਨ ਅਫਸਰਾਂ ਦੀ ਖਾਸ ਭੂਮਿਕਾ ਦੀ ਜਾਂਚ ਕਰੇਗੀ ਅਤੇ ਇਸ ਨੂੰ 30 ਜੂਨ ਤਕ ਪੂਰੀ ਕਰੇਗੀ।'' ਜਾਂਚ ਕਮੇਟੀ ਦੀ ਅਗਵਾਈ ਸੁਰੱਖਿਆ ਬਲ ਦੇ ਹੈਡਕੁਆਰਟਰ ਵਿਖੇ ਐਡੀਸ਼ਨਲ ਡਾਇਰੈਕਟਰ ਜਨਰਲ ਡੀ.ਸੀ. ਡੇਅ ਕਰਨਗੇ ਅਤੇ ਇਸ ਵਿਚ ਇਕ ਆਈ.ਜੀ.ਪੀ. ਅਤੇ ਇਕ ਕਮਾਂਡੈਂਟ ਰੈਂਕ ਦਾ ਅਫਸਰ ਵੀ ਸ਼ਾਮਿਲ ਹੋਣਗੇ। ਜਿਹੜੇ ਚਾਰ ਅਫਸਰ ਕਟਹਿਰੇ ਵਿਚ ਹਨ ਉਨ੍ਹਾਂ ਵਿਚ ਡੀ.ਆਈ.ਜੀ. (ਸੀ.ਆਰ.ਪੀ.ਐਫ.) ਦਾਂਤੇਵਾੜਾ ਨਲਿਨ ਪ੍ਰਭਾਤ, 62ਵੀਂ ਬਟਾਲੀਅਨ ਦੇ ਉਸ ਵੇਲੇ ਦੇ ਕਮਾਂਡੈਂਟ ਏ.ਕੇ. ਬਿਸ਼ਤ, ਇੰਸਪੈਕਟਰ ਸੰਜੀਵ ਬਾਂਗਰੇ ਅਤੇ ਆਈ.ਜੀ. ਰਮੇਸ਼ ਚੰਦਰ ਜੋ 30 ਅਪ੍ਰੈਲ ਨੂੰ ਸੇਵਾਮੁਕਤ ਹੋ ਚੁੱਕੇ ਹਨ। ਸਰਕਾਰ ਵਲੋਂ ਈ. ਰਾਮਮੋਹਨ ਕਮੇਟੀ, ਜੋ ਛੇ ਅਪਰੈਲ ਨੂੰ ਹੋਏ ਦਾਂਤੇਵਾੜਾ ਹਮਲੇ ਦੀ ਜਾਂਚ ਲਈ ਬਣਾਈ ਗਈ ਸੀ, ਦੀ ਰਿਪੋਰਟ ਪ੍ਰਵਾਨ ਕਰਨ ਤੋਂ ਬਾਅਦ ਪ੍ਰਭਾਤ ਨੂੰ ਨੀਮ ਫੌਜੀ ਬਲਾਂ ਅੰਦਰ ਬਿਹਤਰੀਨ ਅਫਸਰਾਂ 'ਚ ਗਿਣਿਆ ਜਾਂਦਾ ਸੀ ਅਤੇ ਉਸ ਨੂੰ ਸ਼ਾਨਦਾਰ ਸੇਵਾਵਾਂ ਨਿਭਾਉਣ ਬਦਲੇ ਰਾਸ਼ਟਰਪਤੀ ਮੈਡਲ ਅਤੇ ਬਹਾਦਰੀ ਲਈ ਪੁਲੀਸ ਮੈਡਲ ਮਿਲੇ ਹੋਏ ਸਨ।

# ਜਾਤੀ ਅਧਾਰਿਤ ਜਨਗਣਨਾ ਦਾ ਮਾਮਲਾ ਮੰਤਰੀਆਂ ਹਵਾਲੇ

**ਨਵੀਂ ਦਿੱਲੀ :** ਜਾਤੀ ਆਧਾਰਿਤ ਜਨਗਣਨਾ ਦਾ ਮਾਮਲਾ ਹੁਣ ਮੰਤਰੀਆਂ ਦੇ ਇਕ ਗਰੁੱਪ ਦੇ ਹਵਾਲੇ ਕਰ ਦਿੱਤਾ ਗਿਆ ਹੈ। ਸਰਕਾਰੀ ਸੂਤਰਾਂ ਅਨੁਸਾਰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਅਗਵਾਈ ਵਿਚ ਬੀਤੀ 26 ਮਈ ਨੂੰ ਮੰਤਰੀ ਮੰਡਲ ਦੀ ਮੀਟਿੰਗ ਵਿਚ ਇਸ ਮੁੱਦੇ 'ਤੇ ਕੋਈ ਆਮ ਸਹਿਮਤੀ ਨਹੀਂ ਬਣ ਸਕੀ। ਸੂਤਰਾਂ ਮੁਤਾਬਕ ਕੇਂਦਰੀ ਕਾਨੂੰਨ ਮੰਤਰੀ ਵੀਰੱਪਾ ਮੋਇਲੀ ਜਿੱਥੇ ਜਾਤ ਆਧਾਰਤ ਮਰਦਮਸ਼ੁਮਾਰੀ ਦੇ ਹੱਕ ਵਿਚ ਹਨ, ਉਥੇ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਅਜੇ ਇਸ ਗੱਲ ਨੂੰ ਬਹੁਤੀ ਤਵੱਜੋਂ ਨਹੀਂ ਦੇਣਾ ਚਾਹੁੰਦੇ। ਗ੍ਰਹਿ ਮੰਤਰਾਲਾ ਚਾਹੁੰਦਾ ਹੈ ਕਿ ਅਜੇ ਆਮ ਮਰਦਮਸ਼ੁਮਾਰੀ ਕੀਤੀ ਜਾਵੇ। ਕਾਂਗਰਸ ਵਿਚਲੇ ਦੋਹਾਂ ਆਗੂਆਂ ਦੇ ਕੱਦ ਨੂੰ ਵੇਖਦਿਆਂ ਕੇਂਦਰੀ ਕੈਬਨਿਟ ਨੇ ਇਹ ਮਾਮਲਾ ਮੰਤਰੀਆਂ ਦੇ ਸਮੂਹ ਹਵਾਲੇ ਕਰਨਾ ਬਿਹਤਰ ਸਮਝਿਆ। ਸੂਤਰਾਂ ਨੇ ਦੱਸਿਆ ਕਿ ਇਸ ਸਬੰਧ 'ਚ 4 ਮਈ ਨੂੰ ਹੋਈ ਮੀਟਿੰਗ 'ਚ ਗੰਭੀਰ ਮਤਭੇਦ ਸਾਹਮਣੇ ਆਏ ਸਨ। ਹੁਣ ਇਸ ਮਾਮਲੇ ਨੂੰ ਵਿੱਤ ਮੰਤਰੀ ਪ੍ਰਣਬ ਮੁਖਰਜੀ ਦੀ ਅਗਵਾਈ ਵਾਲੇ ਮੰਤਰੀਆਂ ਦੇ ਗਰੁੱਪ ਹਵਾਲੇ ਕਰ ਦਿੱਤਾ ਗਿਆ ਹੈ।


ਮੰਤਰੀ ਮੰਡਲ ਵਿਚ ਕੁਝ ਮੰਤਰੀ ਜਾਤੀ ਆਧਾਰਿਤ ਜਨਗਣਨਾ ਦੇ ਹੱਕ ਵਿਚ ਨਹੀਂ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਇਸ ਨਾਲ ਦੇਸ਼ ਵਿਚ ਜਾਤੀ ਪ੍ਰਥਾ ਹੋਰ ਮਜ਼ਬੂਤ ਹੋਵੇਗੀ ਅਤੇ ਜਾਤੀ ਸੰਬੰਧੀ ਈਰਖਾ ਦੀ ਭਾਵਨਾ ਵਧੇਗੀ ਜਿਸ ਨਾਲ ਸਮਾਜ ਦੇ ਟੁੱਟਣ ਦਾ ਖਤਰਾ ਵਧ ਜਾਵੇਗਾ। ਪਰ ਸਮਾਜਿਕ ਨਿਆਂ ਦੇ ਹਮਾਇਤੀ ਮੰਤਰੀਆਂ ਦਾ ਕਹਿਣਾ ਸੀ ਕਿ ਜਾਤੀ ਇਕ ਸਿਆਸੀ ਸਚਾਈ ਹੀ ਨਹੀਂ ਸਗੋਂ ਸਮਾਜਿਕ ਸਚਾਈ ਵੀ ਹੈ। ਇਸ ਲਈ ਜਾਤੀ ਆਧਾਰਿਤ ਜਨਗਣਨਾ ਜ਼ਰੂਰੀ ਹੈ। ਇਸ ਨਾਲ ਸਮਾਜ ਵਿਚ ਵੱਖ-ਵੱਖ ਜਾਤੀਆਂ ਦੀ ਆਰਥਿਕ ਸਥਿਤੀ ਦਾ ਪਤਾ ਲੱਗ ਸਕੇਗਾ ਅਤੇ ਸਰਕਾਰ ਨੂੰ ਭਵਿੱਖ ਵਿਚ ਨੀਤੀਆਂ ਤੇ ਯੋਜਨਾਵਾਂ ਬਣਾਉਂਦੇ ਸਮੇਂ ਇਸ ਜਨਗਣਨਾ ਤੋਂ ਮਦਦ ਮਿਲ ਸਕੇਗੀ। ਵਰਨਣਯੋਗ ਹੈ ਕਿ 1931 ਤੋਂ ਬਾਅਦ ਦੇਸ਼ ਵਿਚ ਜਾਤੀ ਆਧਾਰਿਤ ਜਨਗਣਨਾ ਨਹੀਂ ਹੋ ਸਕੀ ਪਰ ਭਾਰਤੀ ਸਿਆਸਤ ਵਿਚ ਜਾਤੀ ਇਕ ਅਹਿਮ ਨੁਕਤਾ ਬਣ ਗਈ ਹੈ। ਸਮਾਜਿਕ ਨਿਆਂ ਦੀਆਂ ਸ਼ਕਤੀਆਂ ਦੇ ਉਭਾਰ ਤੋਂ ਬਾਅਦ ਭਾਰਤੀ ਸਿਆਸਤ ਵਿਚ ਜਾਤੀ ਨੂੰ ਅਣਡਿੱਠ ਕਰਨਾ ਸਾਰੀਆਂ ਪਾਰਟੀਆਂ ਨੂੰ ਮੁਸ਼ਕਲ ਹੋ ਗਿਆ ਹੈ।

ਜਾਤੀ ਆਧਾਰਿਤ ਜਨਗਣਨਾ ਦੀ ਮੰਗ ਨੂੰ ਲੈ ਕੇ ਸੰਸਦ ਦੇ ਪਿਛਲੇ ਬਜਟ ਸੈਸ਼ਨ ਵਿਚ ਕਾਫੀ ਹੰਗਾਮਾ ਅਤੇ ਬਹਿਸ ਹੋਈ ਸੀ। ਇਸ ਦੌਰਾਨ ਸਮਾਜਵਾਦੀ ਪਾਰਟੀ, ਜਨਤਾ ਦਲ (ਯੂ) ਤੇ ਆਰ ਜੇ ਡੀ ਨੇ ਜਾਤ ਆਧਾਰਤ ਮਰਦਮਸ਼ੁਮਾਰੀ ਦੀ ਮੰਗ ਕਰਦਿਆਂ ਕਈ ਵਾਰ ਸੰਸਦ ਨੂੰ ਠੱਪ ਕਰ ਦਿੱਤਾ ਸੀ ਤੇ ਭਾਜਪਾ ਨੇ ਵੀ ਉਨ੍ਹਾਂ ਦੀ ਹਾਂ 'ਚ ਹਾਂ ਮਿਲਾਈ ਸੀ। ਜਦਕਿ ਕਾਂਗਰਸ ਵਿਚਲੀਆਂ ਕੁਝ ਧਿਰਾਂ ਇਸ ਦਾ ਵਿਰੋਧ ਵੀ ਕਰ ਰਹੀਆਂ ਹਨ ਬਹਿਸ ਦਾ ਜਵਾਬ ਦਿੰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਇਸ ਮੁੱਦੇ 'ਤੇ ਹਾਂ-ਪੱਖੀ ਫੈਸਲਾ ਲਿਆ ਜਾਵੇਗਾ ਅਤੇ ਮੰਤਰੀ ਮੰਡਲ ਇਸ ਦਾ ਫੈਸਲਾ ਕਰੇਗਾ। ਜਾਤੀ ਆਧਾਰਿਤ ਜਨਗਣਨਾ ਦੀ ਮੰਗ ਖੱਬੀਆਂ ਪਾਰਟੀਆਂ ਸਮੇਤ ਸਾਰੀਆਂ ਵਿਰੋਧੀ ਪਾਰਟੀਆਂ ਕਰ ਰਹੀਆਂ ਹਨ। ਕਾਂਗਰਸ ਦਾ ਇਕ ਧੜਾ ਵੀ ਇਸ ਦੇ ਹੱਕ ਵਿਚ ਹੈ। ਰਾਜਗ ਦੇ ਕਨਵੀਨਰ ਸ਼ਰਦ ਯਾਦਵ ਨੇ ਵੀ ਇਹ ਮੰਗ ਕੀਤੀ ਸੀ। ਮੀਡੀਆ ਵਿਚ ਇਸ ਬਾਰੇ ਕਾਫੀ ਚਰਚਾ ਚੱਲ ਰਹੀ ਹੈ। ਜਨਗਣਨਾ ਦਾ ਕੰਮ ਪਿਛਲੇ ਇਕ ਮਹੀਨੇ ਤੋਂ ਦੇਸ਼ ਦੇ ਕਈ ਹਿੱਸਿਆਂ ਵਿਚ ਸ਼ੁਰੂ ਹੋ ਚੁੱਕਾ ਹੈ। ਇਸ ਵਾਰੀ ਜਨਗਣਨਾ ਵਿਚ ਲੋਕਾਂ ਦੀ ਆਰਥਿਕ ਸਥਿਤੀ ਦਾ ਪਤਾ ਲਗਾਇਆ ਜਾ ਸਕੇਗਾ।

ਇਸ ਮੁੱਦੇ 'ਤੇ ਆਪਣੇ ਮੰਤਰੀ ਮੰਡਲ ਦੇ ਕੁਝ ਸਹਿਯੋਗੀਆਂ ਦੇ ਉਲਟ ਸੰਸਦੀ ਕਾਰਜ ਮੰਤਰੀ ਪਵਨ ਕੁਮਾਰ ਬਾਂਸਲ ਨੇ ਜ਼ੋਰ ਦੇ ਕੇ ਕਿਹਾ ਕਿ ਮੰਤਰੀ ਮੰਡਲ ਦੇ ਬਹੁਗਿਣਤੀ ਸਹਿਯੋਗੀ ਇਸ ਦੇ ਪੱਖ਼ ਵਿਚ ਹਨ। ਸ੍ਰੀ ਬਾਂਸਲ ਨੇ ਉਨ੍ਹਾਂ ਖ਼ਬਰਾਂ ਨੂੰ ਵੀ ਖਾਰਜ ਕਰ ਦਿੱਤਾ ਕਿ ਇਹ ਮੁੱਦਾ ਮੰਡਲ-2 ਵਾਂਗ ਹੋ ਜਾਵੇਗਾ।

# ਸਦਾਮ ਨੂੰ ਸਮਲਿੰਗੀ ਦੱਸ ਕੇ ਬਦਨਾਮ ਕਰਨ ਦੀ ਯੋਜਨਾ ਸੀ

**ਵਾਸ਼ਿੰਗਟਨ:** ਇਕ ਮੀਡੀਆ ਰਿਪੋਰਟ ਅਨੁਸਾਰ 2003 ਵਿਚ ਇਰਾਕ ਹਮਲੇ ਦੀ ਯੋਜਨਾ ਦੌਰਾਨ ਸੀ.ਆਈ.ਏ. ਨੇ ਸੱਦਾਮ ਹੁਸੈਨ ਨੂੰ ਸਮਲਿੰਗੀ ਕਹਿ ਕੇ ਬਦਨਾਮ ਕਰਨ ਦੀ ਯੋਜਨਾ ਬਣਾਈ ਸੀ।



'ਦਿ ਵਾਸ਼ਿੰਗਟਨ ਪੋਸਟ' ਨੇ ਦੋ ਸਾਬਕਾ ਅਮਰੀਕੀ ਖੁਫੀਆ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਕਿ ਅਮਰੀਕ ਜਾਸੂਸੀ ਏਜੰਸੀ ਨੇ ਇਰਾਕ ਵਿਚ ਵੱਡੇ ਪੱਧਰ 'ਤੇ ਇਕ ਵੀਡੀਓ ਚੁੱਪ-ਚੁਪੀਤੇ ਢੰਗ ਨਾਲ ਜਾਰੀ ਕਰਨ ਦੀ ਯੋਜਨਾ ਬਣਾਈ ਸੀ ਜਿਸ ਵਿਚ ਸੱਦਾਮ ਹੁਸੈਨ ਨੂੰ ਇਕ ਲੜਕੇ ਨਾਲ ਸੈਕਸ ਸੰਬੰਧ ਬਣਾਉਂਦੇ ਦਿਖਾਇਆ ਜਾਣਾ ਸੀ। ਸੀ.ਆਈ.ਏ. ਦੇ ਇਕ ਸਾਬਕਾ ਅਧਿਕਾਰੀ ਨੇ ਕਿਹਾ ਕਿ ਇਸ ਵਿਚ ਅਜਿਹਾ ਲੱਗਦਾ ਹੈ ਕਿ ਇਸ ਨੂੰ ਗੁਪਤ ਕੈਮਰੇ ਨਾਲ ਰਿਕਾਰਡ ਕੀਤਾ ਗਿਆ, ਜਿਵੇਂ ਕਿਸੇ ਸੈਕਸ ਕਾਂਡ ਦੀ ਵੀਡੀਓ ਟੇਪ ਲਈ ਜਾ ਰਹੀ ਹੋਵੇ।

# ਪਾਕਿਸਤਾਨ ਵਿਚ ਦੋ ਮਸਜਿਦਾਂ 'ਤੇ ਹਮਲਾ, 70 ਮੌਤਾਂ

**ਲਾਹੌਰ:** ਲਾਹੌਰ 'ਚ ਆਤਮਘਾਤੀ ਹਮਲਿਆਂ, ਆਧੁਨਿਕ ਹਥਿਆਰਾਂ ਅਤੇ ਹੱਥ ਗੋਲਿਆਂ ਨਾਲ ਲੈਸ ਦਹਿਸ਼ਤਗਰਦਾਂ ਨੇ ਬੀਤੀ 28 ਮਈ ਜੁੰਮੇ ਦੀ ਨਮਾਜ਼ ਲਈ ਅਹਿਮਦੀ ਭਾਈਚਾਰੇ ਦੇ ਸੈਂਕੜੇ ਲੋਕਾਂ ਨਾਲ ਭਰੀਆਂ ਮਸਜਿਦਾਂ 'ਤੇ ਹਮਲਾ ਕੀਤਾ, ਜਿਸ ਨਾਲ 70 ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ ਕਈ ਹੋਰ ਜ਼ਖ਼ਮੀ ਹੋ ਗਏ।

ਦਹਿਸ਼ਤਗਰਦਾਂ ਦੇ ਦੋ ਸਮੂਹਾਂ ਨੇ ਗੜ੍ਹੀ ਸ਼ਾਹੂ ਅਤੇ ਮਾਡਲ ਟਾਊਨ ਦੇ ਤੰਗ ਇਲਾਕਿਆਂ 'ਚ ਸਥਿਤ ਦੋ ਮਸਜਿਦਾਂ 'ਚ ਸਥਾਨਕ ਸਮੇਂ ਅਨੁਸਾਰ ਦੁਪਹਿਰ 1.45 ਵਜੇ ਯੋਜਨਾਬੱਧ ਤਰੀਕੇ ਨਾਲ ਹਮਲਾ ਕੀਤਾ। ਜਾਣਕਾਰੀ ਮੁਤਾਬਕ ਕਈ ਘੰਟੇ ਚੱਲੇ ਅਪਰੇਸ਼ਨ ਤੋਂ ਬਾਅਦ ਸੁਰੱਖਿਆ ਦਸਤਿਆਂ ਨੇ ਮਸਜਿਦ 'ਚ ਬੰਦੀ ਬਣਾਏ 2000 ਦੇ ਕਰੀਬ ਨਮਾਜ਼ੀਆਂ ਨੂੰ ਛੁਡਵਾਇਆ। ਕੱਟੜਪੰਥੀ ਜਥੇਬੰਦੀਆਂ ਦਾ ਨਿਸ਼ਾਨਾ ਬਣ ਚੁੱਕੇ ਅਹਿਮਦੀ ਭਾਈਚਾਰੇ ਦੇ ਲੋਕਾਂ ਦੀਆਂ ਮਸਜਿਦਾਂ 'ਚੋਂ ਗੋਲੀਆਂ ਚੱਲਣ ਅਤੇ ਧਮਾਕਿਆਂ ਦੀ ਆਵਾਜ਼ ਸੁਣਾਈ ਦਿੱਤੀ, ਜਿਸ ਤੋਂ ਬਾਅਦ ਸੁਰੱਖਿਆ ਦਸਤਿਆਂ ਨੇ ਦੋਵੇਂ ਮਸਜਿਦਾਂ ਨੂੰ ਘੇਰੇ 'ਚ ਲੈ ਲਿਆ। ਜੀਓ ਨਿਊਜ਼ ਚੈਨਲ ਦੀ ਖ਼ਬਰ ਮੁਤਾਬਕ ਮਾਡਲ ਟਾਊਨ ਸਥਿਤ ਮਸਜਿਦ 'ਤੇ 7 ਦਹਿਸ਼ਤਗਰਦਾਂ ਨੇ ਹਮਲਾ ਕੀਤਾ, ਜਿਨ੍ਹਾਂ ਵਿਚੋਂ 5 ਨੂੰ ਸੁਰੱਖਿਆ ਦਸਤਿਆਂ ਨੇ ਮਾਰ ਮੁਕਾਇਆ, ਜਦਕਿ ਇਕ ਦਹਿਸ਼ਤਗਰਦ ਨੂੰ ਫੜ ਲਿਆ ਗਿਆ। ਪ੍ਰਸ਼ਾਸਨ ਮੁਤਾਬਕ ਵਾਰਦਾਤ 'ਚ ਜ਼ਖ਼ਮੀ ਹੋਏ ਜਿਨ੍ਹਾਂ 28 ਲੋਕਾਂ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ, ਉਨ੍ਹਾਂ 'ਚੋਂ 3 ਨੇ ਕੁਝ ਦੇਰ ਬਾਅਦ ਦਮ ਤੋੜ ਦਿੱਤਾ।


### ਤਹਿਰੀਕ-ਏ-ਤਾਲਿਬਾਨ ਵਲੋਂ ਲਈ ਗਈ ਜ਼ਿੰਮੇਵਾਰੀ

ਦਹਿਸ਼ਤਗਰਦਾਂ ਨਾਲ ਹੋਈ ਗੋਲੀਬਾਰੀ 'ਚ ਐਸ ਪੀ ਹੈਦਰ ਅਸ਼ਰਫ਼ ਸਮੇਤ 7 ਪੁਲਿਸ ਕਰਮਚਾਰੀ ਜ਼ਖ਼ਮੀ ਹੋ ਗਏ। ਚਸ਼ਮਦੀਦਾਂ ਮੁਤਾਬਕ ਕਈ ਹਮਲਾਵਰਾਂ ਨੇ ਆਪਣੀ ਪਿੱਠ 'ਤੇ ਵਿਸਫੋਟਕਾਂ ਨਾਲ ਭਰੀ ਬੈਲਟ ਪਾਈ ਹੋਈ ਸੀ। ਗੜ੍ਹੀ ਸ਼ਾਹੂ ਦੀ ਮਸਜਿਦ 'ਚ ਘੱਟ ਤੋਂ ਘੱਟ 2 ਆਤਮਘਾਤੀ ਹਮਲਾਵਰਾਂ ਨੇ ਵਿਸਫੋਟ ਕਰਕੇ ਖ਼ੁਦ ਨੂੰ ਉਡਾ ਲਿਆ, ਜਦਕਿ ਕੁਝ ਨੇ ਮਸਜਿਦ 'ਚ ਵੜਦਿਆਂ ਹੀ ਹੱਥ ਗੋਲੇ ਸੁੱਟੇ ਅਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ।

ਜੀਓ ਨਿਊਜ਼ ਦੀ ਖ਼ਬਰ ਮੁਤਾਬਕ ਤਹਿਰੀਕ-ਏ-ਤਾਲਿਬਾਨ ਦੀ ਪੰਜਾਬ ਸਥਿਤ ਬਰਾਂਚ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਹਮਲੇ ਸਮੇਂ ਉਥੇ 1500 ਤੋਂ ਵੱਧ ਨਮਾਜ਼ੀ ਮੌਜੂਦ ਸਨ




# ਸੱਜਣ ਕੁਮਾਰ ਤੇ ਹੋਰਨਾਂ ਖ਼ਿਲਾਫ਼ ਦੋਸ਼ ਤੈਅ



**ਨਵੀਂ ਦਿੱਲੀ :** ਦਿੱਲੀ ਦੀ ਇਕ ਅਦਾਲਤ ਨੇ ਬੀਤੀ 28 ਮਈ ਨੂੰ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ 'ਚ ਕਾਂਗਰਸੀ ਆਗੂ ਸੱਜਣ ਕੁਮਾਰ ਅਤੇ ਹੋਰਨਾਂ ਖ਼ਿਲਾਫ਼ ਹੱਤਿਆ, ਅਪਰਾਧਿਕ ਸਾਜ਼ਿਸ਼ ਅਤੇ ਦੋ ਭਾਈਚਾਰਿਆਂ ਵਿਚਕਾਰ ਪਾੜਾ ਵਧਾਉਣ ਦੇ ਦੋਸ਼ ਤੈਅ ਕੀਤੇ ਗਏ ਹਨ।

ਵਧੀਕ ਸੈਸ਼ਨ ਜੱਜ ਸਰੀਤਾ ਗੁਪਤਾ ਨੇ ਸੱਜਣ ਕੁਮਾਰ ਦੇ ਨਾਲ ਹੀ ਬਲਵਾਨ ਖੋਖਰ, ਕ੍ਰਿਸ਼ਨ ਖੋਖਰ, ਮਹਿੰਦਰ ਯਾਦਵ, ਕੈਪਟਨ ਭਾਗਮਲ ਅਤੇ ਗਿਰਧਾਰੀ ਲਾਲ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਦੋਸ਼ ਤੈਅ ਕਰਨ ਦੇ ਆਦੇਸ਼ ਦਿੱਤੇ ਸਨ। ਅਦਾਲਤ ਨੇ ਸਾਰੇ ਦੋਸ਼ੀਆਂ 'ਤੇ ਧਾਰਾ 120ਬੀ (ਸਾਜ਼ਿਸ਼), 302 (ਹੱਤਿਆ), 395 (ਡਕੈਤੀ), 427 (ਅਜਿਹਾ ਕੰਮ ਜਿਸ ਨਾਲ ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚੇ), 153ਏ (ਦੋ ਭਾਈਚਾਰਿਆਂ ਵਿਚਕਾਰ ਪਾੜਾ ਵਧਾਉਣ) ਅਤੇ ਧਾਰਾ 436 (ਅੱਗ ਜਾਂ ਧਮਾਕਿਆਂ ਦੀ ਵਰਤੋਂ ਨਾਲ ਨੁਕਸਾਨ) ਤਹਿਤ ਦੋਸ਼ ਤੈਅ ਕੀਤੇ ਹਨ। ਦੂਜੇ ਪਾਸੇ ਸੱਜਣ ਕੁਮਾਰ ਸਮੇਤ ਸਾਰੇ ਦੋਸ਼ੀਆਂ ਨੇ ਖ਼ੁਦ ਨੂੰ ਨਿਰਦੋਸ਼ ਦੱਸਦਿਆਂ ਲਾਏ ਗਏ ਦੋਸ਼ਾਂ ਦਾ ਸਾਹਮਣਾ ਕਰਨ ਦੀ ਗੱਲ ਕਹੀ।

ਦੱਸਣਾ ਬਣਦਾ ਹੈ ਕਿ ਬੀਤੀ 15 ਮਈ ਨੂੰ ਕਾਂਗਰਸੀ ਆਗੂ ਸੱਜਣ ਕੁਮਾਰ ਖ਼ਿਲਾਫ਼ ਦੋਸ਼ ਤੈਅ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ ਤੇ ਅਦਾਲਤ ਨੂੰ ਸ਼ੁਰੂਆਤੀ ਸੁਣਵਾਈ 'ਚ ਦੋਸ਼ੀਆਂ ਖ਼ਿਲਾਫ਼ ਸਬੂਤ ਮਿਲੇ ਸਨ। ਸੀਬੀਆਈ ਨੇ ਸੱਜਣ ਕੁਮਾਰ 'ਤੇ ਦੋਸ਼ ਲਗਾਇਆ ਸੀ ਕਿ ਉਸ ਨੇ 31 ਅਕਤੂਬਰ, 1984 ਨੂੰ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਇਕ ਭਾਈਚਾਰੇ ਦੇ ਮੈਂਬਰਾਂ ਨੂੰ ਉਕਸਾਇਆ, ਜਿਸ ਤੋਂ ਬਾਅਦ ਦਿੱਲੀ ਛਾਉਣੀ ਇਲਾਕੇ 'ਚ 5 ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਗਈ। ਆਪਣੇ ਬਚਾਅ ਲਈ ਸੱਜਣ ਕੁਮਾਰ ਨੇ ਕਿਹਾ ਕਿ ਸੀਬੀਆਈ ਦੇ ਬਿਆਨ ਭਰੋਸੇਯੋਗ ਨਹੀਂ ਹਨ, ਕਿਉਂਕਿ ਉਨ੍ਹਾਂ ਨੇ ਕਈ ਵਾਰ ਆਪਣੇ ਬਿਆਨ ਬਦਲੇ ਹਨ।

# ਜਯਾ ਬਚਨ ਨੇ ਸਪਾ ਦੀ ਪੇਸ਼ਕਸ਼ ਠੁਕਰਾਈ

**ਨਵੀਂ ਦਿੱਲੀ :** ਅਦਾਕਾਰਾ ਤੋਂ ਸਿਆਸਤ 'ਚ ਆਈ ਜਯਾ ਬਚਨ ਨੇ ਸਮਾਜਵਾਦੀ ਪਾਰਟੀ (ਸਪਾ) ਵਲੋਂ ਰਾਜ ਸਭਾ ਦੀ ਮੈਂਬਰੀ ਸਬੰਧੀ ਦਿੱਤੀ ਪੇਸ਼ਕਸ਼ ਨੂੰ ਠੁਕਰਾ ਦਿੱਤਾ ਹੈ। ਇਸ ਤੋਂ ਬਾਅਦ ਪਾਰਟੀ ਨੇ ਅਮਰ ਸਿੰਘ ਦੀ ਥਾਂ ਲਗਾਏ ਬੁਲਾਰੇ ਮੋਹਨ ਸਿੰਘ ਨੂੰ ਰਾਜ ਸਭਾ ਦਾ ਨਵਾਂ ਉਮੀਦਵਾਰ ਬਣਾਇਆ ਹੈ।

ਪਾਰਟੀ ਦੇ ਇਕ ਨੇਤਾ ਨੇ ਬੀਤੀ 28 ਮਈ ਨੂੰ ਕਿਹਾ ਕਿ ਜਯਾ ਬਚਨ ਨੇ ਇਸ ਬਾਰੇ ਸਾਨੂੰ ਜਾਣੂੰ ਕਰਵਾ ਦਿੱਤਾ ਹੈ। ਜਯਾ ਬਚਨ ਦੀ ਇਹ ਕਾਰਵਾਈ ਮੁਲਾਇਮ ਸਿੰਘ ਲਈ ਝਟਕਾ ਅਤੇ ਅਮਰ ਸਿੰਘ ਦੀ ਜਿੱਤ ਮੰਨੀ ਜਾ ਰਹੀ ਹੈ, ਕਿਉਂਕਿ ਮੁਲਾਇਮ ਸਿੰਘ ਨੇ ਜਯਾ ਨੂੰ ਇਹ ਟਿਕਟ ਦੇ ਕੇ ਇਕ ਤਰ੍ਹਾਂ ਨਾਲ ਅਮਰ ਸਿੰਘ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਸੀ। ਦੱਸਣਾ ਬਣਦਾ ਹੈ ਕਿ ਸਪਾ 'ਚ ਜਯਾ ਬਚਨ ਦੀ ਸ਼ਮੂਲੀਅਤ ਲਈ ਅਮਰ ਸਿੰਘ ਦਾ ਵੱਡਾ ਯੋਗਦਾਨ ਰਿਹਾ ਹੈ।

# ਮਾਇਆਵਤੀ ਕੋਲ 88 ਕਰੋੜ ਦੀ ਜਾਇਦਾਦ



**ਲਖਨਊ :** ਉਤਰ ਪ੍ਰਦੇਸ਼ ਦੀ ਵਿਧਾਨ ਪ੍ਰੀਸ਼ਦ ਲਈ ਦਾਖਲ ਨਾਮਜ਼ਦਗੀ ਪੱਤਰ ਨਾਲ ਪੇਸ਼ ਕੀਤੇ ਗਏ ਇਕ ਹਲਫਨਾਮੇ ਵਿਚ ਮੁੱਖ ਮੰਤਰੀ ਮਾਇਆਵਤੀ ਨੇ 88.06 ਕਰੋੜ ਰੁਪਏ ਮੁੱਲ ਦੀ ਚੱਲ ਅਤੇ ਅਚੱਲ ਜਾਇਦਾਦ ਦਾ ਐਲਾਨ ਕੀਤਾ ਹੈ, ਜਿਸ ਵਿਚ ਹੀਰੇ ਅਤੇ ਸੋਨੇ ਦੇ ਗਹਿਣੇ ਅਤੇ ਚਾਂਦੀ ਦੇ ਭਾਂਡੇ ਵੀ ਸ਼ਾਮਿਲ ਹਨ। ਹਲਫਨਾਮੇ ਅਨੁਸਾਰ ਮਾਇਆਵਤੀ ਕੋਲ 75.47 ਕਰੋੜ ਰੁਪਏ ਦੇ ਕਾਰੋਬਾਰੀ ਅਤੇ ਰਿਹਾਇਸ਼ੀ ਭਵਨ ਅਤੇ ਜਾਇਦਾਦ ਹੈ। ਉਨ੍ਹਾਂ ਦੀ ਸਭ ਤੋਂ ਵੱਡੀ ਜਾਇਦਾਦ ਨਵੀਂ ਦਿੱਲੀ ਦੇ ਨਹਿਰੂ ਰੋਡ 'ਤੇ ਹੈ। 3987.78 ਵਰਗ ਮੀਟਰ ਉਤੇ ਫੈਲੀ ਇਸ ਜਾਇਦਾਦ ਦੀ ਕੀਮਤ 54 ਕਰੋੜ ਰੁਪਏ ਹੈ। ਉਨ੍ਹਾਂ ਰਾਜਧਾਨੀ ਦੇ ਕੈਂਟ ਰੋਡ 'ਤੇ ਇਕ ਏਕੜ ਤੋਂ ਜ਼ਿਆਦਾ ਖੇਤਰਫਲ ਵਿਚ ਫੈਲੇ ਆਪਣੇ ਬੰਗਲੇ ਦੀ ਕੀਮਤ 72 ਲੱਖ ਰੁਪਏ ਦੱਸੀ। ਮੁੱਖ ਮੰਤਰੀ ਦੀ ਐਲਾਨੀ ਜਾਇਦਾਦ ਵਿਚ 88 ਲੱਖ ਰੁਪਏ ਦੇ ਹੀਰੇ ਅਤੇ ਸੋਨੇ ਦੇ ਜਵਾਹਰਾਤ ਹਨ, ਜਿਸ ਵਿਚ ਇਕ ਕਿਲੋ ਸੋਨਾ ਸ਼ਾਮਲ ਹੈ। ਮਾਇਆਵਤੀ ਨੇ ਦੱਸਿਆ ਕਿ ਉਨ੍ਹਾਂ ਕੋਲ ਲਗਭਗ 13 ਲੱਖ ਰੁਪਏ ਨਕਦ ਹਨ, ਜਦੋਂਕਿ 11.39 ਕਰੋੜ ਰੁਪਏ ਵੱਖ-ਵੱਖ ਬੈਂਕਾਂ ਅਤੇ ਵਿੱਤੀ ਸੰਸਥਾਨਾਂ ਵਿਚ ਜਮ੍ਹਾਂ ਹਨ। ਮਾਇਆਵਤੀ ਅਨੁਸਾਰ ਉਸ ਕੋਲ 15 ਲੱਖ ਰੁਪਏ ਮੁੱਲ ਦੀਆਂ ਕਲਾਕ੍ਰਿਤੀਆਂ ਵੀ ਹਨ।

ਸਾਲ 2007 ਵਿਚ ਜ਼ਿਮਨੀ ਚੋਣ ਜ਼ਰੀਏ ਵਿਧਾਨ ਪ੍ਰੀਸ਼ਦ ਦੀ ਮੈਂਬਰ ਬਣੀ ਬਸਪਾ ਸੁਪਰੀਮੋ ਨੇ ਉਦੋਂ ਆਪਣੇ ਕੋਲ 52 ਕਰੋੜ ਰੁਪਏ ਤੋਂ ਕੁਝ ਜ਼ਿਆਦਾ ਦੀ ਜਾਇਦਾਦ ਹੋਣ ਦਾ ਐਲਾਨ ਕੀਤਾ ਸੀ ਪਰ ਅੱਜ ਵੀ ਮਾਇਆਵਤੀ ਕੋਲ ਆਪਣਾ ਕੋਈ ਨਿੱਜੀ ਵਾਹਨ ਨਹੀਂ ਹੈ।

Quik Signs
Signs * Graphics * Wraps



ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ



ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi




ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ਰੇਲ ਹਾਦਸੇ ਵਿਚ 148 ਮੌਤਾਂ, 200 ਤੋਂ ਵੱਧ ਜ਼ਖਮੀ

## ਨਕਸਲੀ ਹਮਲੇ ਨੂੰ ਲੈ ਕੇ ਰੇਲ ਤੇ ਗ੍ਰਹਿ ਮੰਤਰਾਲੇ ਵਿਚਾਲੇ ਖੜਕੀ



ਮਮਤਾ ਨੇ ਰੇਲ ਹਾਦਸੇ ਲਈ ਬੰਗਾਲ ਸਰਕਾਰ ਨੂੰ ਦੋਸ਼ੀ ਕਿਹਾ

**ਝਾੜਗਰਾਮ:** ਝਾੜਗਰਾਮ ਰੇਲ ਦੁਰਘਟਨਾ ਨੂੰ ਲੈ ਕੇ ਕੇਂਦਰੀ ਰੇਲ ਅਤੇ ਗ੍ਰਹਿ ਮੰਤਰਾਲਾ ਵਿਰੋਧੀ ਪੁਜੀਸ਼ਨਾਂ 'ਤੇ ਅੜ ਗਏ ਹਨ। ਇਸ ਹਾਦਸੇ 'ਚ ਪੱਛਮੀ ਬੰਗਾਲ ਸਰਕਾਰ ਦੀ ਸਾਜ਼ਿਸ਼ ਹੋਣ ਸਬੰਧੀ ਰੇਲ ਮੰਤਰੀ ਮਮਤਾ ਬੈਨਰਜੀ ਵਲੋਂ ਲਾਏ ਜਾ ਰਹੇ ਦੋਸ਼ਾਂ ਨੂੰ ਨਕਾਰਦਿਆਂ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਨੇ ਕਿਹਾ ਕਿ ਸ਼ੱਕ ਦੀ ਸੂਈ ਸੀ ਪੀ ਆਈ (ਮਾਓਵਾਦੀ) ਜਾਂ ਉਸ ਦੀ ਕਿਸੇ ਸਹਿਯੋਗੀ ਜਥੇਬੰਦੀ 'ਤੇ ਜਾਂਦੀ ਹੈ। ਦੂਜੇ ਪਾਸੇ ਪੱਛਮੀ ਬੰਗਾਲ ਸਰਕਾਰ ਨੇ ਇਸ ਮਾਮਲੇ ਦੀ ਸੀ ਬੀ ਆਈ ਜਾਂਚ ਤੋਂ ਇਨਕਾਰ ਕਰ ਦਿੱਤਾ ਹੈ। ਉਧਰ ਪੱਛਮੀ ਬੰਗਾਲ ਦੇ ਗ੍ਰਹਿ ਸਕੱਤਰ ਸਮਰ ਘੋਸ਼ ਨੇ ਕਿਹਾ ਹੈ ਕਿ ਅਸੀਂ ਸੀ ਆਈ ਡੀ ਜਾਂਚ ਸ਼ੁਰੂ ਕੀਤੀ ਹੋਈ ਹੈ ਅਤੇ ਇਸ ਦੇ ਨਾਲ-ਨਾਲ ਸੀ ਬੀ ਆਈ ਜਾਂਚ ਕਰਵਾਉਣਾ ਸਹੀ ਨਹੀਂ ਹੈ।

ਗ੍ਰਹਿ ਮੰਤਰੀ ਸ੍ਰੀ ਚਿਦੰਬਰਮ ਨੂੰ ਜਦੋਂ ਸਵਾਲ ਕੀਤਾ ਗਿਆ ਕਿ ਤ੍ਰਿਣਮੂਲ ਕਾਂਗਰਸ ਨੇ ਦੋਸ਼ ਲਗਾਇਆ ਹੈ ਕਿ ਇਸ ਦੁਰਘਟਨਾ 'ਚ ਪੱਛਮੀ ਬੰਗਾਲ ਸਰਕਾਰ ਦਾ ਹੱਥ ਹੋ ਸਕਦਾ ਹੈ ਤਾਂ ਸ੍ਰੀ ਚਿਦੰਬਰਮ ਨੇ ਤ੍ਰਿਣਮੂਲ ਕਾਂਗਰਸ ਦੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਕਿਹਾ ਕਿ ਸ਼ੁਰੂਆਤੀ ਜਾਂਚ 'ਚ ਇਸ ਘਟਨਾ ਪਿੱਛੇ ਸੀ ਪੀ ਆਈ (ਮਾਓਵਾਦੀ) ਦੇ ਹੱਥ ਹੋਣ ਦੇ ਸੁਰਾਗ ਸਾਹਮਣੇ ਆਏ ਹਨ। ਉਨ੍ਹਾਂ ਕਿਹਾ ਕਿ ਝਾੜਗਰਾਮ ਰੇਲ ਦੁਰਘਟਨਾ 'ਚ 148 ਲੋਕਾਂ ਦੀ ਜਾਨ ਗਈ ਹੈ ਅਤੇ ਰੇਲ ਮੰਤਰਾਲੇ ਨੇ ਇਸ ਦੀ ਸੀ ਬੀ ਆਈ ਤੋਂ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਸ੍ਰੀ ਚਿਦੰਬਰਮ ਨੇ ਦੱਸਿਆ ਕਿ ਇਸ ਬਾਰੇ ਰਾਜ ਸਰਕਾਰ ਤੋਂ ਉਸ ਦੇ ਵਿਚਾਰ ਮੰਗੇ ਗਏ ਹਨ। ਧਮਾਕੇ ਨਾਲ ਪਟੜੀ ਉਡਾਉਣ ਦੇ ਤ੍ਰਿਣਮੂਲ ਕਾਂਗਰਸ ਵਲੋਂ ਲਾਏ ਦੋਸ਼ਾਂ ਬਾਰੇ ਸ੍ਰੀ ਚਿਦੰਬਰਮ ਨੇ ਕਿਹਾ ਕਿ ਪੱਛਮੀ ਬੰਗਾਲ ਸਰਕਾਰ ਅਤੇ ਪੁਲਿਸ ਵਲੋਂ ਉਨ੍ਹਾਂ ਨੂੰ ਦੱਸਿਆ ਗਿਆ ਹੈ ਕਿ ਅਜੇ ਤੱਕ ਇਸ ਘਟਨਾ ਸਬੰਧੀ ਕੋਈ ਸਬੂਤ ਨਹੀਂ ਮਿਲੇ। ਦੂਜੇ ਪਾਸੇ ਪੱਛਮੀ ਬੰਗਾਲ ਸਰਕਾਰ ਦਾ ਕਹਿਣਾ ਹੈ ਕਿ ਪਟੜੀ ਤੋਂ ਪੈਨਰੋਲ ਕਲਿੱਪ ਹਟਾ ਕੇ ਪੱਟੜੀ ਨੂੰ ਕੱਟਿਆ ਗਿਆ ਹੈ।

ਜ਼ਿਕਰਯੋਗ ਹੈ ਕਿ 28 ਮਈ ਨੂੰ ਮਹਾਰਾਸ਼ਟਰ ਜਾ ਰਹੀ ਗਿਆਨੇਸ਼ਵਰੀ ਐਕਸਪ੍ਰੈਸ ਦੇ 13 ਡੱਬੇ ਪਟੜੀ ਤੋਂ ਉਤਰ ਗਏ ਸਨ ਅਤੇ ਦੂਜੇ ਪਾਸਿਓਂ ਆ ਰਹੀ ਇਕ ਮਾਲ ਗੱਡੀ ਉਸ ਨਾਲ ਟਕਰਾ ਗਈ ਸੀ। ਨਕਸਲੀਆਂ ਵਲੋਂ ਕੀਤੀ ਗਈ ਕਾਰਵਾਈ 'ਚ 148 ਲੋਕਾਂ ਦੀ ਜਾਨ ਚਲੀ ਗਈ ਸੀ, ਜਦਕਿ 200 ਤੋਂ ਵਧ ਜ਼ਖ਼ਮੀ ਹੋ ਗਏ ਸਨ। ਅਧਿਕਾਰੀਆਂ ਵਲੋਂ ਦਿੱਤੀ ਜਾਣਕਾਰੀ ਮੁਤਾਬਕ ਪੱਛਮੀ ਮਿਦਨਾਪੁਰ ਜ਼ਿਲ੍ਹੇ ਦੇ ਝਾੜਗਰਾਮ ਖੇਤਰ 'ਚ ਬੀਤੀ 28-29 ਮਈ ਨੂੰ ਦੇਰ ਰਾਤ 1.30 ਵਜੇ ਮਹਾਰਾਸ਼ਟਰ ਜਾ ਰਹੀ ਗਿਆਨੇਸ਼ਵਰੀ ਐਕਸਪ੍ਰੈਸ ਦੇ 13 ਡੱਬੇ ਅਚਾਨਕ ਪਟੜੀ ਤੋਂ ਲੱਥ ਗਏ ਸਨ ਅਤੇ ਇਨ੍ਹਾਂ ਵਿਚੋਂ 5 ਡੱਬੇ ਨੇੜਲੀ ਪਟੜੀ 'ਤੇ ਜਾ ਡਿੱਗੇ ਸਨ, ਜਿਨ੍ਹਾਂ ਨੂੰ ਦੂਜੇ ਪਾਸਿਓਂ ਆ ਰਹੀ ਮਾਲ ਗੱਡੀ ਦੇ ਇੰਜਣ ਨੇ ਟੱਕਰ ਮਾਰ ਦਿੱਤੀ।

ਇਹ ਹਾਦਸਾ ਇੰਨਾ ਜ਼ਬਰਦਸਤ ਸੀ ਕਿ ਦੁਪਹਿਰ ਤੱਕ ਗੈਸ ਕਟਰ ਦੀ ਵਰਤੋਂ ਕਰਨ ਦੇ ਬਾਵਜੂਦ ਸਾਰੀਆਂ ਲਾਸ਼ਾਂ ਬਾਹਰ ਨਹੀਂ ਸਨ ਕੱਢੀਆਂ ਜਾ ਸਕੀਆਂ। ਇਸ ਹਾਦਸੇ ਦੀ ਜ਼ਿੰਮੇਵਾਰੀ ਵਜੋਂ ਘਟਨਾ ਸਥਾਨ ਤੋਂ ਨਕਸਲ ਹਮਾਇਤੀ ਪੀਪਲਜ਼ ਕਮੇਟੀ ਅਗੇਂਸਟ ਪੁਲਿਸ ਐਟਰੋਸਿਟੀਜ਼ ਦੇ ਪੋਸਟਰ ਮਿਲੇ ਸਨ ਪਰ ਕਮੇਟੀ ਦੇ ਕਨਵੀਨਰ ਅਸਿਤ ਮਹਿਤੋ ਨੇ ਬਾਅਦ ਵਿਚ ਇਕ ਬਿਆਨ ਦਿੰਦਿਆਂ ਕਿਹਾ, "ਉਨ੍ਹਾਂ ਦਾ ਗਿਆਨੇਸ਼ਵਰੀ ਐਕਸਪ੍ਰੈਸ ਹਾਦਸੇ ਨਾਲ ਕੋਈ ਸੰਬੰਧ ਨਹੀਂ ਹੈ ਅਤੇ ਇਸ ਪਿੱਛੇ ਸੀ ਪੀ ਐਮ ਦੀ ਸਾਜ਼ਿਸ਼ ਹੈ। ਸਾਡਾ ਇਰਾਦਾ ਕਦੇ ਵੀ ਰੇਲ ਗੱਡੀਆਂ ਨੂੰ ਨਿਸ਼ਾਨਾ ਬਣਾਉਣ ਦਾ ਨਹੀਂ ਰਿਹਾ। ਸਾਡੀ ਹਾਦਸੇ ਵਿਚ ਮਰਨ ਵਾਲੇ ਲੋਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਹੈ ਅਤੇ ਅਸੀਂ ਇਸ ਘਟਨਾ ਤੋਂ ਦੁਖੀ ਹਾਂ।" ਉਨ੍ਹਾਂ ਨੇ ਸੀ ਪੀ ਐਮ ਦੇ ਚਾਰ ਆਗੂਆਂ ਦੇ ਨਾਂ ਵੀ ਜਾਰੀ ਕੀਤੇ ਜਿਨ੍ਹਾਂ ਨੇ ਰੇਲ ਹਾਦਸਾ ਕਰਵਾ ਕੇ ਦਹਿਸ਼ਤ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ।

ਪੱਛਮੀ ਬੰਗਾਲ ਦੇ ਡੀ ਆਈ ਜੀ (ਲਾਅ ਐਂਡ ਆਰਡਰ) ਐਸ ਕਰਪੁਰਕਾਇਸਥ ਨੇ ਦੱਸਿਆ ਕਿ ਰੇਲ ਪੱਟੜੀ ਦੇ ਨੇੜੇ ਪੀ ਸੀ ਪੀ ਏ ਨੇ ਦੋ ਪੋਸਟਰ ਛੱਡੇ ਹਨ, ਜਿਨ੍ਹਾਂ ਵਿਚ ਰੇਲ ਗੱਡੀ ਨੂੰ ਪਟਰੀ ਤੋਂ ਲਾਹੁਣ ਦੀ ਜ਼ਿੰਮੇਵਾਰੀ ਲਈ ਗਈ ਸੀ। ਇਨ੍ਹਾਂ ਪੋਸਟਰਾਂ 'ਚ ਜੰਗਲ ਮਹਿਲ (ਪੱਛਮੀ ਮਿਦਨਾਪੁਰ, ਪੁਰੂਲੀਆ ਤੇ ਬਾਂਕੁਰਾ) ਤੋਂ ਸੰਯੁਕਤ ਸੁਰੱਖਿਆ ਦਸਤਿਆਂ ਨੂੰ ਵਾਪਸ ਬੁਲਾਉਣ ਦੀ ਮੰਗ ਕੀਤੀ ਗਈ ਸੀ।

ਰੇਲ ਮੰਤਰੀ ਮਮਤਾ ਬੈਨਰਜੀ ਨੇ ਹਾਦਸੇ 'ਚ ਮਾਰੇ ਗਏ ਲੋਕਾਂ ਦੇ ਪਰਿਵਾਰ ਵਾਲਿਆਂ ਨੂੰ 5-5 ਲੱਖ ਰੁਪਏ ਅਤੇ ਜ਼ਖ਼ਮੀਆਂ ਨੂੰ 1-1 ਲੱਖ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ। ਪੱਛਮੀ ਬੰਗਾਲ ਦੇ ਡੀ ਆਈ ਜੀ ਭੁਪਿੰਦਰ ਸਿੰਘ ਨੇ ਕਿਹਾ ਕਿ ਇਹ ਭੰਨ-ਤੋੜ ਦੀ ਘਟਨਾ ਹੈ ਪਰ ਅਜੇ ਇਹ ਕਹਿਣਾ ਕਿ ਹਾਦਸਾ ਧਮਾਕੇ ਕਾਰਨ ਹੋਇਆ ਹੈ, ਜਲਦਬਾਜ਼ੀ ਹੋਵੇਗੀ। ਉਨ੍ਹਾਂ ਦੱਸਿਆ ਕਿ ਅੱਪ-ਡਾਊਨ ਦੋਹਾਂ ਲਾਈਨਾਂ 'ਚ 50 ਮੀਟਰ ਲੰਮੀ ਪੱਟੜੀ ਦੇ ਦਾਇਰੇ 'ਚ ਫਿਸ਼ ਪਲੇਟਾਂ ਨੂੰ ਜੋੜਨ ਵਾਲੀ ਪੈਨਰੋਲ ਕਲਿੱਪ ਗਾਇਬ ਪਾਈ ਗਈ ਹੈ, ਜੋ ਕਿ ਹਾਦਸੇ ਦਾ ਪ੍ਰਮੁੱਖ ਕਾਰਨ ਦੱਸੀ ਜਾ ਰਹੀ ਹੈ। ਪਰ ਇਕ ਹੋਰ ਅਧਿਕਾਰੀ ਨੇ ਦੱਸਿਆ ਕਿ ਹਾਦਸੇ ਤੋਂ ਪਹਿਲਾਂ ਰੇਲ ਦੇ ਡਰਾਈਵਰ ਨੂੰ ਇਕ ਜ਼ੋਰਦਾਰ ਧਮਾਕੇ ਦੀ ਆਵਾਜ਼ ਸੁਣਾਈ ਦਿੱਤੀ ਸੀ ਅਤੇ ਇਸ ਤੋਂ ਬਾਅਦ ਹੀ ਰੇਲ ਪੱਟੜੀ ਤੋਂ ਲੱਥੀ ਸੀ।

ਇਸ ਮੰਦਭਾਗੇ ਹਾਦਸੇ 'ਤੇ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਪ੍ਰਧਾਨ ਮੰਤਰੀ ਨੇ ਹਰੇਕ ਮ੍ਰਿਤਕ ਦੇ ਪਰਿਵਾਰ ਨੂੰ 2-2 ਲੱਖ ਰੁਪਏ ਅਤੇ ਜ਼ਖ਼ਮੀਆਂ ਨੂੰ 50-50 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਸੂਬਾ ਸਰਕਾਰ ਨੇ ਵੀ ਹਰ ਸੰਭਵ ਸਹਾਇਤਾ ਦੇਣ ਲਈ ਅਧਿਕਾਰੀਆਂ ਨੂੰ ਹੁਕਮ ਜਾਰੀ ਕਰ ਦਿੱਤੇ ਹਨ। ਇਸ ਸਬੰਧੀ ਬਿਆਨ ਜਾਰੀ ਕਰਦਿਆਂ ਸੀ ਪੀ ਆਈ (ਐਮ) ਪੋਲਿਟ ਬਿਊਰੋ ਨੇ ਕਿਹਾ ਕਿ ਨਕਸਲੀਆਂ ਵਲੋਂ ਹਮਲਾ ਕੀਤੇ ਜਾਣ ਤੋਂ ਬਾਅਦ ਵਾਪਰੇ ਇਸ ਹਾਦਸੇ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਨਕਸਲੀ ਮਨੁੱਖੀ ਜੀਵਨ ਪ੍ਰਤੀ ਕਿੰਨੇ ਅਸੰਵੇਦਨਸ਼ੀਲ ਹਨ। ਪੋਲਿਟ ਬਿਊਰੋ ਨੇ ਹਾਦਸੇ ਦੌਰਾਨ ਮਾਰੇ ਗਏ ਤੇ ਜ਼ਖ਼ਮੀ ਹੋਏ ਵਿਅਕਤੀਆਂ ਦੇ ਪਰਿਵਾਰਾਂ ਨਾਲ ਹਮਦਰਦੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਇਸ ਦੁੱਖ ਦੀ ਘੜੀ 'ਚ ਪੂਰਾ ਦੇਸ਼ ਉਨ੍ਹਾਂ ਦੇ ਨਾਲ ਹੈ। ਪੋਲਿਟ ਬਿਊਰੋ ਨੇ ਕਿਹਾ ਕਿ ਹਾਦਸੇ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਰੇਲ ਅਧਿਕਾਰੀ ਇਸ ਤਰ੍ਹਾਂ ਦੀਆਂ ਘਟਨਾਵਾਂ ਪ੍ਰਤੀ ਗੰਭੀਰ ਨਹੀਂ ਹਨ ਅਤੇ ਉਹ ਨਕਸਲਵਾਦ ਨਾਲ ਪ੍ਰਭਾਵਿਤ ਖੇਤਰਾਂ 'ਚ ਰੇਲ ਨੂੰ ਵਿਸ਼ੇਸ਼ ਮਹੱਤਵ ਦੇਣ ਵਾਲੀ ਆਪਣੀ ਨੀਤੀ ਤੋਂ ਵੀ ਭੱਜ ਰਹੇ ਹਨ।

ਪੋਲਿਟ ਬਿਊਰੋ ਨੇ ਕਿਹਾ ਕਿ ਹਾਦਸੇ ਤੋਂ ਪਹਿਲਾਂ ਜਾਂਚ ਪਰਖ ਕਰਨ ਵਾਲੀ ਪਾਇਲਟ ਟਰੇਨ ਉਥੇ ਨਾ ਹੋਣ ਕਾਰਨ ਇਹ ਹਾਦਸਾ ਵਾਪਰਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹ ਪਾਇਲਟ ਟਰੇਨ ਉਥੇ ਦੌਰਾ ਕਰ ਲੈਂਦੀ ਤਾਂ ਇਸ ਤਰ੍ਹਾਂ ਦਾ ਹਾਦਸਾ ਨਹੀਂ ਵਾਪਰਨਾ ਸੀ। ਪੋਲਿਟ ਬਿਊਰੋ ਨੇ ਕਿਹਾ ਕਿ ਰੇਲ ਮੰਤਰੀ ਮਮਤਾ ਬੈਨਰਜੀ ਦੇ ਮੁੱਢ ਤੋਂ ਹੀ ਸੂਬੇ 'ਚ ਨਕਸਲੀਆਂ ਦੀ ਹੋਂਦ ਤੋਂ ਇਨਕਾਰੀ ਹੋਣ ਕਾਰਨ ਰੇਲ ਅਧਿਕਾਰੀ ਇਥੇ ਇਸ ਤਰ੍ਹਾਂ ਦੇ ਹਾਦਸਿਆਂ ਨੂੰ ਰੋਕਣ ਲਈ ਕੋਈ ਅਗਾਊਂ ਕਦਮ ਨਹੀਂ ਚੁੱਕ ਰਹੇ। ਪੋਲਿਟ ਬਿਊਰੋ ਨੇ ਇਸ ਭਿਆਨਕ ਹਾਦਸੇ ਦੀ ਉਚ ਪੱਧਰੀ ਜਾਂਚ ਦੀ ਮੰਗ ਕਰਦਿਆਂ ਪ੍ਰਧਾਨ ਮੰਤਰੀ ਨੂੰ ਖ਼ੁਦ ਇਸ ਮਾਮਲੇ 'ਚ ਦਖ਼ਲ ਦੇਣ ਦੀ ਮੰਗ ਕੀਤੀ ਹੈ। ਪੋਲਿਟ ਬਿਊਰੋ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਚਾਹੀਦਾ ਹੈ ਕਿ ਉਹ ਨਕਸਲਵਾਦ ਪ੍ਰਭਾਵਿਤ ਖੇਤਰਾਂ 'ਚ ਮੁਸਾਫ਼ਿਰਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸੁਰੱਖਿਆ ਏਜੰਸੀਆਂ ਤੇ ਰੇਲਵੇ ਮੁਲਾਜ਼ਮਾਂ ਵਿਚਾਲੇ ਤਾਲਮੇਲ ਯਕੀਨੀ ਬਣਾਉਣ ਲਈ ਕਾਰਵਾਈ ਕਰਨ।

ਰੇਲ ਮੰਤਰੀ ਮਮਤਾ ਬੈਨਰਜੀ ਨੇ ਰੇਲ ਹਾਦਸੇ ਪਿੱਛੇ ਸਿਆਸੀ ਸਾਜ਼ਸ਼ ਹੋਣ ਦਾ ਦੋਸ਼ ਲਗਾਉਂਦਿਆਂ ਮਾਮਲੇ ਦੀ ਸੀ.ਬੀ.ਆਈ. ਜਾਂਚ ਕਰਵਾਉਣ ਦੀ ਮੰਗ ਕੀਤੀ। ਰੇਲਵੇ ਨੇ ਅਣਪਛਾਤੇ ਵਿਅਕਤੀਆਂ ਵਿਰੁਧ ਮਾਮਲਾ ਦਰਜ ਕਰ ਲਿਆ ਗਿਆ ਹੈ। ਗਿਆਨੇਸ਼ਵਰੀ ਐਕਸਪ੍ਰੈੱਸ ਦੇ ਡਰਾਈਵਰ ਵੀ.ਕੇ. ਦਾਸ ਨੇ ਝਾੜਗਰਾਮ ਵਿਖੇ ਰੇਲਵੇ ਪੁਲਿਸ ਕੋਲ ਅਣਪਛਾਤੇ ਵਿਅਕਤੀਆਂ ਵਿਰੁਧ ਐਫ.ਆਈ.ਆਰ. ਦਰਜ ਕਰਵਾਈ। ਐਫ.ਆਈ.ਆਰ. ਵਿਚ ਨਕਸਲੀਆਂ ਦੀ ਹਾਦਸੇ ਵਿਚ ਸ਼ਮੂਲੀਅਤ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਪਰ ਇਹ ਕਿਹਾ ਗਿਆ ਹੈ ਕਿ ਰੇਲ ਗੱਡੀ ਦੇ ਲੀਹੋਂ ਲੱਥਣ ਤੋਂ ਪਹਿਲਾਂ ਉਸ ਨੂੰ ਧਮਾਕੇ ਦੀ ਆਵਾਜ਼ ਸੁਣਾਈ ਦਿਤੀ।

ਕੋਲਕਾਤਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਮਤਾ ਬੈਨਰਜੀ ਨੇ ਕਿਹਾ ਕਿ ਹਾਦਸੇ ਦੇ ਕਾਰਨਾਂ ਦਾ ਪਤਾ ਲਗਾਉਣਾ ਪੱਛਮੀ ਬੰਗਾਲ ਸਰਕਾਰ ਦਾ ਕੰਮ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਜਦੋਂ ਤਕ ਜਾਂਚ ਪੂਰੀ ਨਹੀਂ ਹੋ ਜਾਂਦੀ, ਉਦੋਂ ਤਕ ਮਾਓਵਾਦੀਆਂ ਨੂੰ ਜ਼ੁੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਰੇਲ ਵਿਭਾਗ ਵਲੋਂ ਅਸੀਂ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਸੀ.ਬੀ.ਆਈ. ਜਾਂਚ ਕਰਵਾਉਣ ਦੀ ਮੰਗ ਕੀਤੀ ਹੈ ਜਿਸ ਬਾਰੇ ਕੇਂਦਰ ਸਰਕਾਰ ਨੂੰ ਪੱਤਰ ਭੇਜਿਆ ਜਾ ਚੁੱਕਾ ਹੈ। ਉਨ੍ਹਾਂ ਕਿਹਾ, "ਮੈਂ ਨਹੀਂ ਜਾਣਦੀ ਕਿ ਇਸ ਹਾਦਸੇ ਪਿੱਛੇ ਕੌਣ ਹਨ ਪਰ ਇਹ ਇਕ ਸਿਆਸੀ ਸਾਜ਼ਸ਼ ਹੈ। ਇਹ ਹਾਦਸਾ ਨਗਰ ਕੌਂਸਲ ਚੋਣਾਂ ਤੋਂ ਦੋ ਦਿਨ ਪਹਿਲਾਂ ਹੋਇਆ ਹੈ ਜਿਸ ਬਾਰੇ ਮੇਰਾ ਮੰਨਣਾ ਹੈ ਕਿ ਸਿਆਸੀ ਹਿਤਾਂ ਨੂੰ ਪੂਰਾ ਕਰਨ ਲਈ ਇਹ ਸਾਜ਼ਸ਼ ਘੜੀ ਗਈ।"

ਸੀ.ਪੀ.ਐਮ. ਦੇ ਆਗੂ ਸੀਤਾਰਾਮ ਯੇਚੁਰੀ ਨੇ ਮਮਤਾ ਦੇ ਦਾਅਵੇ ਨੂੰ ਰੱਦ ਕਰਦਿਆਂ ਕਿਹਾ ਕਿ ਉਹ ਬਿਨਾਂ ਕਾਰਨ ਖੱਬੇਪੱਖੀ ਪਾਰਟੀ 'ਤੇ ਉਂਗਲਾਂ ਚੁੱਕ ਰਹੀ ਹੈ। ਹਾਦਸੇ ਨੂੰ ਸਿਆਸੀ ਰੁਖ਼ ਦੇ ਕੇ ਉਹ ਆਪਣੇ ਮਹਿਕਮੇ ਦੀਆਂ ਕਮੀਆਂ ਨੂੰ ਲੁਕਾਉਣਾ ਚਾਹੁੰਦੀ ਹੈ। ਉਧਰ ਮਾਓਵਾਦੀਆਂ ਵਲੋਂ 28 ਮਈ ਤੋਂ 2 ਜੂਨ ਤਕ ਮਨਾਏ ਗਏ ਕਾਲੇ ਹਫ਼ਤੇ ਦੇ ਮੱਦੇਨਜ਼ਰ ਰੇਲ ਮੰਤਰਾਲੇ ਨੇ ਰਾਤ ਦੇ ਸਮੇਂ ਨਕਸਲ ਪ੍ਰਭਾਵਤ ਇਲਾਕਿਆਂ 'ਚ ਯਾਤਰੀ ਗੱਡੀਆਂ ਬੰਦ ਰੱਖੀਆਂ।

## ਸਰਕਾਰ ਤੇ ਅਦਾਲਤੀ ਦਬਾਅ ਪਿਛੋਂ ਏਅਰ ਇੰਡੀਆ ਦੇ ਮੁਲਾਜ਼ਮਾਂ ਦੀ ਹੜਤਾਲ ਖ਼ਤਮ

**ਨਵੀਂ ਦਿੱਲੀ:** ਬੀਤੀ 25 ਮਈ ਤੋਂ ਆਪਣੀਆਂ ਮੰਗਾਂ ਨੂੰ ਲੈ ਕੇ ਹੜਤਾਲ 'ਤੇ ਗਏ ਏਅਰ ਇੰਡੀਆ ਦੇ 30 ਹਜ਼ਾਰ ਮੁਲਾਜ਼ਮਾਂ ਨੇ ਕੇਂਦਰ ਸਰਕਾਰ ਤੇ ਅਦਾਲਤੀ ਦਬਾਅ ਤੋਂ ਬਾਅਦ ਦੂਜੇ ਦਿਨ 26 ਮਈ ਨੂੰ ਆਪਣੀ ਹੜਤਾਲ ਵਾਪਸ ਲੈ ਲਈ। ਦੂਜੇ ਪਾਸੇ ਏਅਰ ਇੰਡੀਆ ਦੇ ਪ੍ਰਬੰਧਕਾਂ ਨੇ ਮੌਕੇ ਦਾ ਲਾਭ ਉਠਾਉਂਦਿਆਂ ਇਸ ਹੜਤਾਲ ਦੀ ਅਗਵਾਈ ਕਰਨ ਵਾਲੇ 15 ਯੂਨੀਅਨ ਆਗੂਆਂ ਨੂੰ ਬਰਖ਼ਾਸਤ ਕਰ ਦਿੱਤਾ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਵਲੋਂ ਸਖ਼ਤ ਰੁਖ ਅਪਣਾਉਣ ਦੇ ਸੰਕੇਤ ਦੇਣ ਤੋਂ ਬਾਅਦ ਏਅਰ ਇੰਡੀਆ ਨੇ ਵੀ ਦਿੱਲੀ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ ਤੇ ਇਸ ਮਾਮਲੇ ਦੀ ਸੁਣਵਾਈ ਕਰਦਿਆਂ ਹਾਈ ਕੋਰਟ ਨੇ ਕਿਹਾ ਕਿ ਜੇਕਰ ਮੁਲਾਜ਼ਮ ਤੁਰੰਤ ਕੰਮ 'ਤੇ ਨਾ ਪਰਤੇ ਤਾਂ ਇਸ ਨੂੰ ਅਦਾਲਤ ਦੀ ਉਲੰਘਣਾ ਕਰਾਰ ਦਿੱਤਾ ਜਾਵੇਗਾ।

ਦੂਜੇ ਪਾਸੇ ਏਅਰ ਇੰਡੀਆ ਮੁਲਾਜ਼ਮਾਂ ਦੀਆਂ ਯੂਨੀਅਨਾਂ ਨੇ ਕਿਹਾ ਕਿ ਉਨ੍ਹਾਂ ਪ੍ਰਬੰਧਕਾਂ ਨਾਲ ਸਮਝੌਤਾ ਹੋਣ ਤੋਂ ਬਾਅਦ ਹੀ ਹੜਤਾਲ ਵਾਪਸ ਲਈ ਹੈ। ਇਸੇ ਦਰਮਿਆਨ ਕਈ ਮੁਲਾਜ਼ਮ ਆਪਣੇ ਕੰਮ 'ਤੇ ਪਹੁੰਚ ਗਏ ਤੇ ਜਲਦ ਹੀ ਹਵਾਈ ਸੇਵਾਵਾਂ ਆਮ ਵਾਂਗ ਹੋ ਗਈਆਂ। ਇਸ ਮਾਮਲੇ 'ਚ ਤੇਜ਼ੀ ਨਾਲ ਹੋਏ ਘਟਨਾਕ੍ਰਮ ਦਰਮਿਆਨ ਏਅਰ ਇੰਡੀਆ ਪ੍ਰਬੰਧਕਾਂ ਵਲੋਂ ਦਾਇਰ ਅਰਜ਼ੀ ਦੀ ਸੁਣਵਾਈ ਕਰਦਿਆਂ ਦਿੱਲੀ ਹਾਈ ਕੋਰਟ ਨੇ ਮੁਲਾਜ਼ਮਾਂ ਦੀ ਹੜਤਾਲ 'ਤੇ ਰੋਕ ਲਗਾਉਂਦਿਆਂ ਇਸ ਮਾਮਲੇ ਦੀ ਅਗਲੀ ਸੁਣਵਾਈ ਲਈ 13 ਜੁਲਾਈ ਨਿਰਧਾਰਤ ਕਰ ਦਿੱਤੀ ਹੈ।

## ਨਕਸਲੀਆਂ ਨੇ ਹਰੇਕ 2 ਦਿਨਾਂ 'ਚ ਲਈਆਂ 3 ਜਾਨਾਂ

**ਨਵੀਂ ਦਿੱਲੀ:** ਅੰਕੜਿਆਂ ਮੁਤਾਬਕ ਨਕਸਲੀ ਪਿਛਲੇ 5 ਸਾਲਾਂ ਤੋਂ ਹਰੇਕ 2 ਦਿਨਾਂ ਵਿਚ ਔਸਤਨ 3 ਵਿਅਕਤੀਆਂ ਦੀ ਜਾਨ ਲੈ ਰਹੇ ਹਨ। ਸਾਲ 2005 ਤੋਂ ਹੁਣ ਤੱਕ ਨਕਸਲੀ ਲਗਭਗ 2670 ਲੋਕਾਂ ਨੂੰ ਮਾਰ ਚੁੱਕੇ ਹਨ। ਇਨ੍ਹਾਂ ਵਿਚ ਤਕਰੀਬਨ 1680 ਆਮ ਨਾਗਰਿਕ ਅਤੇ 990 ਸੁਰੱਖਿਆ ਬਲਾਂ ਦੇ ਜਵਾਨ ਹਨ। ਇਹ ਅੰਕੜੇ ਹਰੇਕ 2 ਦਿਨਾਂ ਵਿਚ ਔਸਤਨ 3 ਲੋਕਾਂ ਦੀ ਮੌਤ ਦੇ ਬਰਾਬਰ ਹਨ।

ਦਿੱਲੀ ਅਧਾਰਤ ਸੁਰੱਖਿਆ ਨਿਗਰਾਨੀ ਸੰਸਥਾਨ ਦ ਇੰਸਟੀਚਿਊਟ ਫਾਰ ਕੰਨਫਲਿਕਟ ਮੈਨੇਜਮੈਂਟ ਦੀ ਵੈਬਸਾਈਟ ਸਾਊਥ ਏਸ਼ੀਆ ਟੈਰਰਿਜ਼ਮ ਪੋਰਟਰਲ ਮੁਤਾਬਕ ਪਿਛਲੇ ਪੰਜ ਸਾਲਾਂ ਵਿਚ ਤਕਰੀਬਨ 1440 ਨਕਸਲੀ ਮਾਰੇ ਜਾ ਚੁੱਕੇ ਹਨ। ਨਕਸਲੀਆਂ ਖਿਲਾਫ਼ ਜੰਗ ਦੇ ਅੰਕੜੇ ਦੱਸਦੇ ਹਨ ਕਿ ਨਕਸਲੀ ਨਾਗਰਿਕਾਂ ਨੂੰ ਕਾਫ਼ੀ ਹੱਦ ਤੱਕ ਨੁਕਸਾਨ ਪਹੁੰਚਾਉਣ ਵਿਚ ਸਫ਼ਲ ਰਹੇ ਹਨ। ਅੰਕੜਿਆਂ ਮੁਤਾਬਕ ਸਿਰਫ਼ ਇਸੇ ਸਾਲ ਵਿਚ ਨਕਸਲੀਆਂ ਨੇ 460 ਵਿਅਕਤੀਆਂ ਨੂੰ ਮਾਰ ਮੁਕਾਇਆ, ਜਿਨ੍ਹਾਂ ਵਿਚ ਸੁਰੱਖਿਆ ਬਲਾਂ ਦੇ 167 ਜਵਾਨ ਵੀ ਸ਼ਾਮਲ ਹਨ। ਹਾਲਾਂਕਿ ਨਕਸਲੀ ਹਿੰਸਾ ਨਾਲ ਕਈ ਸੂਬੇ ਪ੍ਰਭਾਵਤ ਹੋਏ ਹਨ, ਪਰ ਇਨ੍ਹਾਂ ਦਾ ਗੜ੍ਹ ਛੱਤੀਸਗੜ੍ਹ ਸਭ ਤੋਂ ਜ਼ਿਆਦਾ ਪ੍ਰਭਾਵਤ ਹੋਇਆ ਹੈ, ਜਿਥੇ ਸੁਰੱਖਿਆ ਬਲਾਂ ਦੇ 103 ਜਵਾਨ ਅਤੇ 43 ਨਾਗਰਿਕ ਮਾਰੇ ਗਏ ਹਨ। ਇਸ ਗਿਣਤੀ ਵਿਚ ਦਾਂਤੇਵਾੜਾ ਵਿਚ ਪਿਛਲੇ ਮਹੀਨੇ ਮਾਰੇ ਗਏ ਸੁਰੱਖਿਆ ਬਲਾਂ ਦੇ 75 ਜਵਾਨ ਅਤੇ ਇਸੇ ਜ਼ਿਲ੍ਹੇ ਵਿਚ ਇਸੇ ਮਹੀਨੇ ਦੀ ਸ਼ੁਰੂਆਤ ਵਿਚ ਬੱਸ 'ਤੇ ਹੋਏ ਹਮਲੇ ਵਿਚ ਮਾਰੇ ਗਏ ਤਕਰੀਬਨ 30 ਨਾਗਰਿਕ ਵੀ ਸ਼ਾਮਲ ਹਨ। ਨਕਸਲੀ ਹਿੰਸਾ ਦਾ ਸ਼ਿਕਾਰ ਬਣੇ ਸੂਬਿਆਂ ਵਿਚ ਦੂਜਾ ਸਥਾਨ ਪੱਛਮੀ ਬੰਗਾਲ ਦਾ ਆਉਂਦਾ ਹੈ, ਜਿੱਥੇ ਸੁਰੱਖਿਆ ਬਲਾਂ ਦੇ 32 ਜਵਾਨਾਂ ਅਤੇ 63 ਆਮ ਨਾਗਰਿਕਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਸ ਗਿਣਤੀ ਵਿਚ ਝਾੜਗਰਾਮ ਵਿਖੇ 2 ਦਿਨ ਪਹਿਲਾਂ ਹੋਏ ਇਕ ਟਰੇਨ ਹਾਦਸੇ ਵਿਚ ਮਾਰੇ ਗਏ ਲੋਕਾਂ ਦੀ ਗਿਣਤੀ ਨੂੰ ਸ਼ਾਮਲ ਨਹੀਂ ਕੀਤਾ ਗਿਆ। ਨਕਸਲੀ ਹਿੰਸਾ ਨਾਲ ਪ੍ਰਭਾਵਤ ਤੀਜਾ ਸਥਾਨ ਉੜੀਸਾ ਦਾ ਹੈ, ਜਿੱਥੇ ਇਸ ਸਾਲ 22 ਨਾਗਰਿਕ ਅਤੇ ਸੁਰੱਖਿਆ ਬਲਾਂ ਦੇ 17 ਜਵਾਨ ਸ਼ਿਕਾਰ ਬਣੇ।

ਬਿਹਾਰ ਵਿਚ ਇਹ ਗਿਣਤੀ ਕ੍ਰਮਵਾਰ 29 ਅਤੇ 6 ਹੈ। ਅੰਕੜੇ ਦੱਸਦੇ ਹਨ ਕਿ ਇਸ ਸਾਲ ਹੁਣ ਤੱਕ 107 ਨਕਸਲੀ ਮਾਰੇ ਜਾ ਚੁੱਕੇ ਹਨ, ਜਦਕਿ ਸਾਲ 2009 ਵਿਚ ਇਸ ਹਿੰਸਾ ਨਾਲ 1000 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿਚ 392 ਨਾਗਰਿਕ, 312 ਸੁਰੱਖਿਆ ਬਲਾਂ ਦੇ ਜਵਾਨ ਅਤੇ 294 ਨਕਸਲੀ ਸਨ।

## ਦਿੱਲੀ ਕਮੇਟੀ ਵਲੋਂ ਕਮਲਨਾਥ ਵਿਰੁਧ ਕੇਸ ਤੋਂ ਨਾਂਹ

**ਪਟਿਆਲਾ:** ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਵੰਬਰ 1984 ਦੇ ਦਿੱਲੀ ਸਿੱਖ ਕਤਲੇਆਮ 'ਚ ਦੋਸ਼ੀ ਕੇਂਦਰੀ ਮੰਤਰੀ ਕਮਲ ਨਾਥ ਖਿਲਾਫ ਕੇਸ ਦਰਜ ਕਰਵਾਉਣ ਤੋਂ ਪੈਰ ਪਿਛਾਂਹ ਖਿਚ ਰਹੀ ਹੈ। ਇਹ ਪ੍ਰਗਟਾਵਾ ਕਰਦਿਆਂ ਪਿਛਲੇ ਲੰਮੇ ਸਮੇਂ ਤੋਂ ਦਿੱਲੀ ਸਿੱਖ ਕਤਲੇਆਮ ਸੰਬੰਧੀ ਸੁਪਰੀਮ ਕੋਰਟ ਅਤੇ ਹੋਰਨਾਂ ਅਦਾਲਤਾਂ ਵਿਚ ਸਿੱਖਾਂ ਦੇ ਕੇਸ ਲੜਦੇ ਆ ਰਹੇ ਐਡਵੋਕੇਟ ਐਚ.ਐਸ. ਫੂਲਕਾ ਨੇ ਆਖਿਆ ਕਿ 2 ਨਵੰਬਰ 1984 ਨੂੰ ਕਾਂਗਰਸੀ ਆਗੂ ਕਮਲ ਨਾਥ ਦੀ ਅਗਵਾਈ ਹੇਠ ਭੀੜ ਨੇ ਗੁਰਦੁਆਰਾ ਸ੍ਰੀ ਰਕਾਬਗੰਜ ਵਿਖੇ ਹਮਲਾ ਕੀਤਾ ਤੇ ਇਸ ਦੌਰਾਨ ਦੋ ਸਿੱਖ ਮਾਰੇ ਗਏ। ਇਸ ਲਈ ਹੁਣ ਕਮਲ ਨਾਥ ਖਿਲਾਫ ਕੇਸ ਦਰਜ ਕਰਵਾਉਣਾ ਦਿੱਲੀ ਕਮੇਟੀ ਦੀ ਜ਼ਿੰਮੇਵਾਰੀ ਬਣਦੀ ਹੈ ਪਰ ਪਤਾ ਨਹੀਂ ਕਿਉਂ ਦਿੱਲੀ ਕਮੇਟੀ ਇਸ ਤੋਂ ਆਪਣੇ ਪੈਰ ਪਿਛਾਂਹ ਖਿਚ ਰਹੀ। ਸ. ਫੂਲਕਾ 30 ਮਈ ਨੂੰ ਕਿਸੇ ਨਿੱਜੀ ਸਮਾਗਮ 'ਚ ਹਿੱਸਾ ਲੈਣ ਪਟਿਆਲਾ ਪਹੁੰਚੇ ਹੋਏ ਸਨ।

ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਸੀ.ਬੀ.ਆਈ. ਵਲੋਂ ਜਗਦੀਸ਼ ਟਾਈਟਲਰ ਨੂੰ ਕਲੀਨ ਚਿੱਟ ਦੇਣ ਵਿਰੁਧ ਮ੍ਰਿਤਕ ਬਾਦਲ ਸਿੰਘ ਦੀ ਪਤਨੀ ਲਖਵਿੰਦਰ ਕੌਰ ਵਲੋਂ ਦਿੱਲੀ ਦੀ ਕੜਕੜਡੂਮਾ ਅਦਾਲਤ ਵਿਚ ਰਵੀਜ਼ਨ ਪਟੀਸ਼ਨ ਦਰਜ ਕਰਵਾਈ ਗਈ ਸੀ ਜਿਸ ਨੂੰ ਸੈਸ਼ਨ ਜੱਜ ਦੀ ਅਦਾਲਤ ਨੇ ਪ੍ਰਵਾਨ ਕਰ ਲਿਆ ਹੈ ਅਤੇ ਇਸ ਉਪਰ ਮੰਗਲਵਾਰ ਨੂੰ ਸੁਣਵਾਈ ਹੋਵੇਗੀ। ਦਿੱਲੀ ਸਿਖ ਕਤਲੇਆਮ ਦੇ ਮਾਮਲਿਆਂ 'ਚ ਗਵਾਹਾਂ ਦੀ ਸੁਰੱਖਿਆ ਨੂੰ ਅਹਿਮ ਮਸਲਾ ਦੱਸਦਿਆਂ ਐਡਵੋਕੇਟ ਫੂਲਕਾ ਨੇ ਆਖਿਆ ਕਿ ਕੇਂਦਰ ਸਰਕਾਰ ਤਾਂ ਇਸ ਮਸਲੇ 'ਚ ਫੇਲ੍ਹ ਸਾਬਤ ਹੋਈ ਹੀ ਹੈ, ਬਲਕਿ ਸਾਡੀਆਂ ਸਿੱਖ ਸੰਸਥਾਵਾਂ ਅਤੇ ਪੰਥਕ ਸਰਕਾਰਾਂ ਵੀ ਇਸ ਮਸਲੇ 'ਤੇ ਕੁਝ ਨਹੀਂ ਕਰ ਸਕੀਆਂ। ਇਸ ਲਈ ਚਾਹੀਦਾ ਹੈ ਕਿ ਇਨ੍ਹਾਂ ਗਵਾਹਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ਅਤੇ ਇਨ੍ਹਾਂ ਦੇ ਮੁੜ ਵਸੇਬੇ ਲਈ ਕੌਮੀ ਯਤਨ ਕੀਤੇ ਜਾਣ। ਉਨ੍ਹਾਂ ਕਿਹਾ ਕਿ ਉਹ ਇਸ ਸਬੰਧੀ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਮਿਲਣਗੇ। ਉਨ੍ਹਾਂ ਹੋਰ ਕਿਹਾ ਕਿ ਜਗਦੀਸ਼ ਟਾਈਟਲਰ ਦੀ ਸਿੱਖ ਕਤਲੇਆਮ 'ਚ 'ਸਾਜ਼ਸ਼ੀ' ਭੂਮਿਕਾ ਸਬੰਧੀ ਸੀ.ਬੀ.ਆਈ. ਨੇ ਕੋਈ ਪੜਤਾਲ ਨਹੀਂ ਕੀਤੀ, ਕਿਉਂਕਿ ਅਜਿਹੇ ਮਾਮਲਿਆਂ ਵਿਚ ਦੋਸ਼ੀ ਦੀ ਹਾਜ਼ਰੀ ਘਟਨਾ ਸਥਾਨ 'ਤੇ ਜ਼ਰੂਰੀ ਨਹੀਂ ਹੁੰਦੀ।

ਦੂਜੇ ਬੰਨੇ ਇਸ ਸਬੰਧੀ ਗਵਾਹ ਸੁਰਿੰਦਰ ਸਿੰਘ ਦੀ ਗਵਾਹੀ ਅਤੇ ਦੂਜੇ ਗਵਾਹ ਜਸਬੀਰ ਸਿੰਘ ਦੀ ਗਵਾਹੀ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਇਸ ਤੋਂ ਇਲਾਵਾ ਉਸ ਸਮੇਂ ਛਪੀਆਂ ਖ਼ਬਰਾਂ ਅਤੇ ਟਾਈਟਲਰ ਵਲੋਂ 5 ਨਵੰਬਰ ਨੂੰ ਥਾਣੇ ਵਿਚ ਆ ਕੇ ਆਪਣੇ ਬੰਦੇ ਛੁਡਵਾ ਕੇ ਲੈ ਜਾਣਾ ਸਿੱਧ ਕਰਦਾ ਹੈ ਕਿ ਉਸ ਦੀ ਕਤਲੇਆਮ 'ਚ ਪ੍ਰਤੱਖ ਭੂਮਿਕਾ ਰਹੀ।

## ਮੁਕੱਦਮੇ ਦਾ ਛੇਤੀ ਨਿਪਟਾਰਾ ਕਰੋ-ਅਫ਼ਜ਼ਲ ਗੁਰੂ



**ਨਵੀਂ ਦਿੱਲੀ:** ਸੰਸਦ 'ਤੇ ਹਮਲਾ ਕਰਨ ਦੇ ਦੋਸ਼ੀ ਠਹਿਰਾਏ ਗਏ ਅਫ਼ਜ਼ਲ ਗੁਰੂ ਨੇ 26 ਮਈ ਨੂੰ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕਰ ਕੇ ਆਪਣੇ ਮੁਕੱਦਮੇ ਦਾ ਨਿਪਟਾਰਾ ਛੇਤੀ ਕਰਨ ਦੀ ਅਪੀਲ ਕੀਤੀ ਹੈ। ਸੰਸਦ ਉਤੇ ਹਮਲੇ 'ਚ ਫਾਂਸੀਯਾਫਤਾ ਅਫ਼ਜ਼ਲ ਦੀ ਫਾਂਸੀ ਉਸ ਦੀ ਰਹਿਮ ਦੀ ਅਪੀਲ ਕਾਰਨ ਲਟਕ ਰਹੀ ਹੈ। ਉਸ ਨੇ ਆਪਣੀ ਅਪੀਲ ਵਿਚ ਕਿਹਾ ਕਿ ਜੇਲ੍ਹ 'ਚ ਵੱਖਰਾ ਰਖਿਆ ਜਾਣਾ ਮੌਤ ਤੋਂ ਵੀ ਬਦਤਰ ਹੈ। ਉਸ ਨੇ ਮਾਰਚ ਵਿਚ ਦਾਖਲ ਆਪਣੀ ਅਪੀਲ 'ਚ ਆਪਣੀ ਰਹਿਮ ਦੀ ਅਪੀਲ 'ਤੇ ਵੀ ਤੁਰੰਤ ਫੈਸਲਾ ਸੁਣਾਉਣ ਦੀ ਮੰਗ ਕੀਤੀ।

ਵਰਨਣਯੋਗ ਹੈ ਕਿ ਉਸ ਦੀ ਰਹਿਮ ਦੀ ਅਪੀਲ ਪਿਛਲੇ ਚਾਰ ਸਾਲਾਂ ਤੋਂ ਸਰਕਾਰ ਕੋਲ ਲਟਕ ਰਹੀ ਹੈ। ਅਫਜ਼ਲ ਦੇ ਵਕੀਲ ਐਨ.ਡੀ. ਪੰਚੋਲੀ ਨੇ ਕਿਹਾ ਕਿ ਪਿਛਲੇ ਹਫਤੇ ਆਖਰੀ ਮੁਲਾਕਾਤ ਦੌਰਾਨ ਅਫ਼ਜ਼ਲ ਨੇ ਕਿਹਾ ਸੀ ਕਿ ਉਹ ਮੌਤ ਤੋਂ ਵੀ ਬਦਤਰ ਜ਼ਿੰਦਗੀ ਦਾ ਸਾਹਮਣਾ ਕਰ ਰਿਹਾ ਹੈ। ਉਸ ਨੇ ਦੱਸਿਆ ਕਿ ਅਫ਼ਜ਼ਲ ਨੇ ਆਪਣੀ ਅਪੀਲ ਜੇਲ੍ਹ ਅਧਿਕਾਰੀਆਂ ਰਾਹੀਂ ਮਾਰਚ ਵਿਚ ਭੇਜੀ ਸੀ। ਇਸ ਤੋਂ ਪਹਿਲਾਂ ਜਨਵਰੀ 'ਚ ਭੇਜੀ ਅਜਿਹੀ ਹੀ ਇਕ ਅਪੀਲ ਨੂੰ ਅਦਾਲਤ ਨੇ ਇਹ ਕਹਿ ਕੇ ਖਾਰਜ ਕਰ ਦਿੱਤਾ ਕਿ ਇਸ ਲਈ ਯੋਗ ਪ੍ਰਕਿਰਿਆ ਅਪਣਾਈ ਜਾਵੇ। ਅਫ਼ਜ਼ਲ ਦੀ ਦਲੀਲ ਹੈ ਕਿ ਉਸ ਨੂੰ ਮੌਤ ਦੀ ਸ਼ਜ਼ਾ ਸੁਣਾਈ ਗਈ ਹੈ ਨਾ ਕਿ ਜੇਲ੍ਹ ਵਿਚ ਇਕੱਲਿਆਂ ਰੱਖਣ ਦੀ। ਉਸ ਨੇ ਕਿਹਾ ਕਿ ਉਸ ਦੀ ਫਾਂਸੀ ਦੇ ਮਾਮਲੇ ਵਿਚ ਛੇਤੀ ਤੋਂ ਛੇਤੀ ਫੈਸਲਾ ਲਿਆ ਜਾਵੇ।

# ਚਾਰ ਸਾਲਾਂ ਤੋਂ ਰੁਲ ਰਹੀ ਹੈ ਅਫਜ਼ਲ ਗੁਰੂ ਦੀ ਰਹਿਮ ਦੀ ਅਪੀਲ

**ਨਵੀਂ ਦਿੱਲੀ:** ਪ੍ਰਸ਼ਾਸ਼ਨਿਕ ਜਾਂ ਸਿਆਸੀ ਕਾਰਨਾਂ ਕਰਕੇ ਸੰਸਦ ਤੇ ਹਮਲੇ ਦੇ ਦੋਸ਼ੀ ਕਰਾਰ ਦਿੱਤੇ ਗਏ ਅਫਜ਼ਲ ਗੁਰੂ ਵਲੋਂ ਆਪਣੀ ਫਾਂਸੀ ਦੀ ਸਜ਼ਾ ਵਿਰੁੱਧ ਰਾਸ਼ਟਰਪਤੀ ਕੋਲ ਪਾਈ ਗਈ ਰਹਿਮ ਦੀ ਅਰਜੀ ਸਬੰਧੀ ਫਾਈਲ ਸਾਢੇ 3 ਸਾਲ ਤੋਂ ਦਿੱਲੀ ਸਰਕਾਰ ਦੀ ਸਕਤਰੇਤ ਦੇ ਮੇਜ਼ਾਂ 'ਤੇ ਹੀ ਘੁੰਮ ਰਹੀ ਸੀ। 13 ਦਸੰਬਰ 2001 ਨੂੰ ਸੰਸਦ 'ਤੇ ਹੋਏ ਅਤਿਵਾਦੀ ਹਮਲੇ ਸੰਬੰਧੀ ਅਫਜ਼ਲ ਗੁਰੂ ਨੂੰ ਦੋਸ਼ੀ ਮੰਨਦੇ ਹੋਏ 18 ਦਸੰਬਰ 2002 ਨੂੰ ਅਦਾਲਤ ਵੱਲੋਂ ਮੌਤ ਦੀ ਸਜ਼ਾ ਸੁਣਾਈ ਗਈ ਸੀ। 29 ਅਕਤੂਬਰ 2003 ਨੂੰ ਦਿੱਲੀ ਦੀ ਉਚ ਅਦਾਲਤ ਨੇ ਸਜ਼ਾ ਨੂੰ ਉਚਿਤ ਕਿਹਾ ਅਤੇ 4 ਅਗਸਤ 2005 ਨੂੰ ਸੁਪਰੀਮ ਕੋਰਟ ਵੱਲੋਂ ਅਫਜ਼ਲ ਗੁਰੂ ਦੀ ਅਪੀਲ ਰੱਦ ਕਰ ਦਿੱਤੀ ਗਈ। ਇਸ ਤੋਂ ਬਾਅਦ ਦਿੱਲੀ ਦੀ ਸੈਸ਼ਨ ਕੋਰਟ ਨੇ 20 ਅਕਤੂਬਰ 2006 ਫਾਂਸੀ ਦੀ ਤਰੀਕ ਨਿਸ਼ਚਿਤ ਕਰ ਦਿੱਤੀ।

ਅਫਜ਼ਲ ਗੁਰੂ ਵੱਲੋਂ 3 ਅਕਤੂਬਰ 2006 ਨੂੰ ਰਾਸ਼ਟਰਪਤੀ ਜਨਾਬ ਏ.ਪੀ.ਜੇ. ਅਬਦੁਲ ਕਲਾਮ ਕੋਲ ਰਹਿਮ ਦੀ ਅਪੀਲ ਲਈ ਅਰਜ਼ੀ ਦਿੱਤੀ ਗਈ। ਇਸੇ ਦਿਨ ਹੀ ਰਾਸ਼ਟਰਪਤੀ ਵੱਲੋਂ ਇਹ ਅਪੀਲ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਰਾਇ ਲੈਣ ਲਈ ਭੇਜ ਦਿੱਤੀ ਗਈ। ਗ੍ਰਹਿ ਮੰਤਰਾਲੇ ਦੇ ਸੰਯੁਕਤ ਸਕੱਤਰ ਪੀ.ਕੇ. ਸੇਠੀ ਵਲੋਂ 4 ਅਕਤੂਬਰ 2006 ਨੂੰ ਇਹ ਫਾਈਲ ਦਿੱਲੀ ਸਰਕਾਰ ਦੇ ਗ੍ਰਹਿ ਵਿਭਾਗ ਦੇ ਪ੍ਰਮੁੱਖ ਸਕੱਤਰ ਓ.ਪੀ. ਕੇਲਕਰ ਨੂੰ ਭੇਜ ਕੇ ਰਾਇ ਦੇਣ ਲਈ ਕਿਹਾ ਗਿਆ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਇਸਦੇ ਨਾਲ ਹੀ ਯਾਦ ਪੱਤਰ ਵੀ ਦਿੱਲੀ ਸਰਕਾਰ ਨੂੰ ਭੇਜਣੇ ਸ਼ੁਰੂ ਕਰ ਦਿੱਤੇ ਗਏ ਅਤੇ ਇਸ ਤਰ੍ਹਾਂ ਕੁੱਲ 16 ਯਾਦ ਪੱਤਰ ਭੇਜੇ ਗਏ। ਪਰ ਦਿੱਲੀ ਸਰਕਾਰ ਦੇ ਮੇਜ਼ਾਂ 'ਤੇ ਇਸ ਫਾਈਲ 'ਤੇ ਧੂੜ ਪੈਂਦੀ ਰਹੀ ਅਤੇ ਕੇਂਦਰੀ ਗ੍ਰਹਿ ਮੰਤਰਾਲਾ ਹਰ ਸੁਆਲ ਦੇ ਜਵਾਬ ਵਿਚ ਦਿੱਲੀ ਸਰਕਾਰ ਨੂੰ ਪੁੱਛਣ ਲਈ ਕਹਿੰਦਾ ਰਿਹਾ।

ਫਾਈਲ ਦੇ ਅਟਕੇ ਰਹਿਣ ਦੀ ਕਿਸੇ ਗੁੰਜਾਇਸ਼ ਤੋਂ ਇਨਕਾਰ ਕਰਦੇ ਹੋਏ ਇੰਟੈਲੀਜੈਂਸ ਬਿਊਰੋ ਦੇ ਸਾਬਕਾ ਨਿਰਦੇਸ਼ਕ ਅਜਿਤ ਡੋਵਲ ਦਾ ਕਹਿਣਾ ਹੈ ਕਿ ਅਦਾਲਤ ਦਾ ਫੈਸਲਾ ਏਨਾ ਸਾਫ ਹੈ ਕਿ ਇਸ ਫਾਈਲ 'ਚ ਦੇਰੀ ਹੋਣ ਦੀ ਕੋਈ ਸੰਭਾਵਨਾ ਨਹੀਂ ਸੀ, ਪਰ ਰਾਜਨੀਤਕ ਇੱਛਾ ਸ਼ਕਤੀ ਦੀ ਘਾਟ ਦੇ ਕਾਰਨ ਦੇਸ਼ ਨੂੰ ਇਹ ਦਿਨ ਦੇਖਣੇ ਪਏ। ਉਹ ਸੁਆਲ ਕਰਦੇ ਹਨ ਕਿ ਕਿਸੇ ਲੋਕਤੰਤਰ ਵਿਚ ਸੰਸਦ ਉਤੇ ਹਮਲੇ ਤੋਂ ਵੱਡਾ ਗੁਨਾਹ ਕੀ ਹੋ ਸਕਦਾ ਹੈ? ਜਦ ਅਦਾਲਤ ਵਿਚ ਸਿੱਧ ਇਸ ਮਾਮਲੇ ਵਿਚ ਸਿਆਸੀ ਫੈਸਲੇ ਦਾ ਇਹ ਹਾਲ ਹੈ ਤਾਂ ਉਮੀਦ ਦੇ ਲਈ ਬਚਦਾ ਹੀ ਕੀ ਹੈ? ਡੋਵਲ ਦਾ ਮੰਨਣਾ ਇਹ ਵੀ ਹੈ, ''ਇਸ ਮਾਮਲੇ ਵਿਚ ਦੋ ਪੱਧਰਾਂ 'ਤੇ ਰਾਜਨੀਤਕ ਇੱਛਾ ਸ਼ਕਤੀ ਕਮਜ਼ੋਰ ਦਿਖਾਈ ਦਿੱਤੀ-ਇਕ ਕੇਂਦਰੀ ਗ੍ਰਹਿ ਮੰਤਰਾਲਾ ਅਤੇ ਦੂਸਰਾ ਮੁੱਖ ਮੰਤਰੀ। ਉਂਜ ਵੀ ਨਿਯਮਾਂ ਅਨੁਸਾਰ ਇਹ ਮਾਮਲਾ ਰਾਜ ਸਰਕਾਰ ਨੂੰ ਭੇਜਣਾ ਜ਼ਰੂਰੀ ਹੀ ਨਹੀਂ ਸੀ।''

ਹੁਣ ਮੁੱਖ ਮੰਤਰੀ ਸ਼ੀਲਾ ਦੀਸ਼ਕਤ ਵਲੋਂ ਅਫਜ਼ਲ ਮਾਮਲੇ ਵਿਚ ਆਪਣੇ ਦੋਵਾਂ ਮੁੱਖ ਸਕੱਤਰਾਂ ਨੂੰ ਜ਼ਿੰਮੇਵਾਰ ਦੱਸਦੇ ਹੋਏ ਆਪਣੇ ਬਚਾਅ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਫਜ਼ਲ ਨੂੰ ਫਾਂਸੀ ਦੇਣ ਦੀ ਹਾਲਤ ਵਿਚ ਕਾਨੂੰਨ ਵਿਵਸਥਾ ਨੂੰ ਲੈ ਕੇ ਦੋਵਾਂ ਮੁੱਖ ਸਕੱਤਰਾਂ ਦੀ ਵੱਖਰੀ ਵੱਖਰੀ ਰਾਇ ਕਾਰਨ ਇਹ ਦੇਰੀ ਹੋਈ। ਦਸੰਬਰ 2006 'ਚ ਤੱਤਕਾਲੀ ਮੁੱਖ ਸਕੱਤਰ ਆਰ. ਨਾਰਾਇਣ ਸੁਆਮੀ ਨੇ ਫਾਈਲ 'ਤੇ ਆਪਣੀ ਟਿੱਪਣੀ ਵਿਚ ਅਫਜ਼ਲ ਨੂੰ ਫਾਂਸੀ ਦੇਣ ਦੀ ਹਾਲਤ ਵਿਚ ਦਿੱਲੀ ਦੀ ਕਾਨੂੰਨ ਵਿਵਸਥਾ ਨੂੰ ਲੈ ਕੇ ਸੁਆਲ ਉਠਾਏ ਅਤੇ ਜਨਵਰੀ 2008 ਵਿਚ ਜਦੋਂ ਦਿੱਲੀ ਦੇ ਮੁੱਖ ਸਕੱਤਰ ਰਾਕੇਸ਼ ਮਹਿਤਾ ਦੇ ਸਾਹਮਣੇ ਫਾਈਲ ਆਈ ਤਾਂ ਉਨ੍ਹਾਂ ਨੇ ਅਦਾਲਤ ਦੇ ਫੈਸਲੇ ਦੀ ਪਾਲਣਾ ਕਰਨ ਦੀ ਸਪੱਸ਼ਟ ਰਾਇ ਦਿੱਤੀ। ਇਸ ਦੇ ਬਾਵਜੂਦ ਫਾਈਲ ਅੱਗੇ ਨਹੀਂ ਵਧੀ।

ਇਸ ਮਾਮਲੇ ਨਾਲ ਨੇੜਿਉਂ ਜੁੜੇ ਅਧਿਕਾਰੀਆਂ ਦਾ ਸਪੱਸ਼ਟ ਇਸ਼ਾਰਾ ਹੈ ਕਿ ਇਸ ਸਬੰਧੀ ਹੋਈ ਦੇਰੀ ਪਿਛੇ ਕਾਰਨ ਰਾਜਨੀਤਕ ਹਨ। ਰਾਜਨੀਤਕਾਂ ਦੀ ਇੱਛਾ ਬਿਨਾਂ ਇਹ ਫਾਈਲ ਰੁਕੀ ਹੋਈ ਨਹੀਂ ਰਹਿ ਸਕਦੀ ਸੀ। ਖੈਰ, ਇਹ ਫਾਈਲ ਹੁਣ ਬੀਤੀ 19 ਮਈ ਨੂੰ ਦਿੱਲੀ ਦੇ ਲੈਫਟੀਨੈਂਟ ਗਵਰਨਰ ਤੇਜਿੰਦਰ ਖੰਨਾ ਕੋਲ ਭੇਜੀ ਗਈ। ਰਾਜਪਾਲ ਖੰਨਾ ਨੇ ਇਕ ਘੰਟੇ ਦੇ ਅੰਦਰ ਅੰਦਰ ਕੁਝ ਸਪੱਸ਼ਟੀਕਰਨਾਂ ਲਈ ਫਾਈਲ ਵਾਪਸ ਮੁੱਖ ਮੰਤਰੀ ਦਫਤਰ ਭੇਜੀ। ਤਿੰਨ ਸਾਲ ਤੱਕ ਸੁੱਤੇ ਰਹੇ ਮੁੱਖ ਮੰਤਰੀ ਦਫਤਰ ਨੇ ਅਗਲੇ ਹੀ ਦਿਨ ਸਪੱਸ਼ਟੀਕਰਨ ਦੇ ਨਾਲ ਫਾਈਲ ਨੂੰ ਫਿਰ ਖੰਨਾ ਕੋਲ ਭੇਜਿਆ। ਫਿਲਹਾਲ ਇਹ ਫਾਈਲ ਰਾਜ ਭਵਨ ਤੋਂ ਰਾਸ਼ਟਰਪਤੀ ਭਵਨ ਭੇਜੇ ਜਾਣ ਦਾ ਇੰਤਜ਼ਾਰ ਕਰ ਰਹੀ ਹੈ।

# ਪਾਣੀਆਂ ਦੀ ਵੰਡ 'ਤੇ ਭਾਰਤ-ਪਾਕਿ ਵਿਚਾਲੇ ਗੱਲਬਾਤ

**ਨਵੀਂ ਦਿੱਲੀ:** ਭਾਰਤ ਅਤੇ ਪਾਕਿਸਤਾਨ ਨੇ ਦਰਿਆਵਾਂ ਦੇਪਾਣੀ ਦੀ ਵੰਡ ਦੇ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਅਤੇ ਹੜ੍ਹ ਦੀ ਚਿਤਾਵਨੀ ਨਾਲ ਸੰਬੰਧਿਤ ਅੰਕੜੇ ਸਮੇਤ ਅੰਕੜਿਆਂ ਦਾ ਵਟਾਂਦਰਾ ਕੀਤਾ। ਇੰਡਸ ਕਮਿਸ਼ਨਰਾਂ ਦੀ ਤਿੰਨ ਦਿਨਾਂ ਗੱਲਬਾਤ ਸਾਲਾਨਾ ਰਿਪੋਰਟ ਨੂੰ ਅੰਤਰਿਮ ਰੂਪ ਦੇਣ ਅਤੇ 1960 ਦੀ ਇੰਡਸ ਵਾਟਰ ਸੰਧੀ ਮੁਤਾਬਕ ਅਗਲੇ ਸਾਲ ਦਾ ਪ੍ਰੋਗਰਾਮ ਤਿਆਰ ਕਰਨ 'ਤੇ ਕੇਂਦਰਤ ਰਹੇਗੀ। ਸੂਤਰਾਂ ਨੇ ਦੱਸਿਆ ਕਿ ਗੱਲਬਾਤ ਸ਼ੁਰੂ ਹੋਣ ਤੋਂ ਪਹਿਲਾਂ ਪਾਕਿਸਤਾਨੀ ਟੀਮ ਨੇ 240 ਮੈਗਾਵਾਟ ਵਾਲੇ ਉੜੀ 2 ਪ੍ਰਾਜੈਕਟ ਅਤੇ ਸ਼ੁਰੂ ਵਿਚ 44 ਮੈਗਾਵਾਟ ਵਾਲੇ ਚੁਟਕ ਹਾਈਡਲ ਪ੍ਰਾਜੈਕਟ ਦਾ ਦੌਰਾ ਕਰਨ ਦੀ ਇੱਛਾ ਜ਼ਾਹਿਰ ਕੀਤੀ।

ਪਾਕਿਸਤਾਨ ਦਾ ਦਾਅਵਾ ਹੈ ਕਿ ਚੁਟਕ ਪ੍ਰਾਜੈਕਟ ਦੀ ਉਸਾਰੀ ਪ੍ਰਤੀ ਏਕੜ 35000 ਫੁੱਟ ਪਾਣੀ ਰੋਕ ਦੇਵੇਗੀ। ਉੜੀ 2 ਵਿਚ ਪਾਕਿਸਤਾਨ ਨੇ ਦਾਅਵਾ ਕੀਤਾ ਕਿ ਇੰਡਸ ਸੰਧੀ ਤਹਿਤ ਭਾਰਤ ਨੂੰ ਪ੍ਰਾਜੈਕਟ ਦੇ ਡਿਜ਼ਾਈਨਾਂ ਦਾ ਜਵਾਬ ਦੇਣ ਲਈ ਪਾਕਿਸਤਾਨ ਨੂੰ ਕੁਝ ਸਮਾਂ ਦਿੱਤਾ ਗਿਆ ਸੀ ਪਰ ਭਾਰਤ ਨੇ ਉਸ ਦਾ ਜਵਾਬ ਉਡੀਕਣ ਦੇ ਸਮੇਂ ਤੋਂ ਪਹਿਲਾਂ ਹੀ ਉਸਾਰੀ ਸ਼ੁਰੂ ਕਰ ਦਿੱਤੀ ਸੀ। ਸੂਤਰਾਂ ਨੇ ਦੱਸਿਆ ਕਿ ਸ਼ੁੱਭ ਸੰਕੇਤ ਵਜੋਂ ਭਾਰਤ ਮੌਨਸੂਨ ਦੇ ਪਹੁੰਚਣ ਨਾਲ ਹੀ ਹੜ੍ਹ ਬਾਰੇ ਅੰਕੜੇ (ਡਾਟਾ) ਪਾਕਿਸਤਾਨ ਨੂੰ ਪੇਸ਼ਗੀ ਵਿਚ ਮੁਹੱਈਆ ਕਰਨ ਲਈ ਤਿਆਰ ਹੈ। ਭਾਰਤ ਪਿਛਲੇ ਕਈ ਸਾਲਾਂ ਤੋਂ ਪਾਕਿਸਤਾਨ ਨੂੰ ਅਚਨਚੇਤ ਹੜ੍ਹਾਂ ਬਾਰੇ ਪੇਸ਼ਗੀ ਚਿਤਾਵਨੀ ਦਿੰਦਾ ਰਿਹਾ ਹੈ ਤਾਂ ਜੋ ਘੱਟ ਨੁਕਸਾਨ ਹੋਵੇ। ਇੰਡਸ ਕਮਿਸ਼ਨਰ ਸਈਅਦ ਜਮਾਤ ਅਲੀ ਸ਼ਾਹ ਦੀ ਅਗਵਾਈ ਵਿਚ 9 ਮੈਂਬਰੀ ਪਾਕਿਸਤਾਨੀ ਵਫਦ ਸਨਿਚਰਵਾਰ ਦਿੱਲੀ ਪਹੁੰਚਿਆ ਸੀ। ਭਾਰਤੀ ਵਫਦ ਦੀ ਅਗਵਾਈ ਇੰਡਸ ਵਾਟਰ ਕਮਿਸ਼ਨਰ ਜੀ ਰੰਗਾਨਾਥਨ ਕਰ ਰਹੇ ਹਨ।

ਯਾਦ ਰਹੇ ਪਾਕਿਸਤਾਨ ਵਲੋਂ ਪਾਣੀ ਦੀ ਚੋਰੀ ਬਾਰੇ ਵਾਰ ਵਾਰ ਲਾਏ ਜਾ ਰਹੇ ਦੋਸ਼ਾਂ ਤੋਂ ਦੁਖੀ ਭਾਰਤ ਨੇ ਕਿਹਾ ਸੀ ਕਿ ਪਾਕਿਸਤਾਨ ਵਲੋਂ ਅਜਿਹੇ ਦੋਸ਼ ਆਪਣੇ ਸੋਮਿਆਂ ਦੀ ਸਹੀ ਵਰਤੋਂ ਨਾ ਕੀਤੇ ਜਾਣ 'ਤੇ ਲੋਕਾਂ ਦਾ ਧਿਆਨ ਇਸ ਪਾਸੇ ਤੋਂ ਹਟਾਉਣ ਲਈ ਲਾਏ ਜਾ ਰਹੇ ਹਨ। ਪਾਣੀਆਂ ਬਾਰੇ ਦੁਵੱਲੀ ਗੱਲਬਾਤ ਦੀ ਪੂਰਬ ਸੰਧਿਆ 'ਤੇ ਭਾਰਤ ਨੇ ਕਿਹਾ ਕਿ ਉਸ ਨੇ ਕਦੇ ਵੀ ਅਤੇ ਇਥੋਂ ਤੱਕ ਕਿ ਜੰਗ ਵੇਲੇ ਵੀ ਪਾਕਿਸਤਾਨ ਦੇ ਹਿੱਸੇ ਦਾ ਪਾਣੀ ਨਹੀਂ ਖੋਹਿਆ ਅਤੇ ਨਾ ਹੀ ਉਸ ਦੀ ਅਜਿਹਾ ਕਰਨ ਦੀ ਮਨਸ਼ਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਾਣੀ ਸੋਮਿਆਂ ਬਾਰੇ ਮੰਤਰਾਲੇ ਦੇ ਮੰਤਰੀ ਸ੍ਰੀ ਪਵਨ ਕੁਮਾਰ ਬਾਂਸਲ ਨੇ ਕਿਹਾ ਕਿ ਸਾਨੂੰ ਉਹ ਪਾਣੀ ਚੋਰੀ ਕਰਨ ਦੀ ਲੋੜ ਨਹੀਂ, ਜਿਸ 'ਤੇ ਕਾਨੂੰਨਨ ਸਾਡਾ ਅਧਿਕਾਰ ਹੈ।


**SUPER TRAVEL**

**847-676-9090**

*E-mail: supertravel2003@yahoo.com*

***Lowest Fares With Excellent Service***

*AMERICAN AIR,*



*JET AIRWAYS DELTA, AIR INDIA,*

***For Emergency Call anytime at***

***EARLY BIRD SALE!!!!***

**India $545**

**Homeopathic Systems for Health Treatment**

**When you are tired of all treatments for any disease at any age**

**Try homeopathic, systems of treatment**

ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ

You can get all Homeopathic, Ayurvedic, Biochemic medicines at economical prices.

www.homeomedicine.net

Consultant /Practitioner

**GURDIP SINGH SANDHU**

**DHMS, Hons, BAMS, MDEH, 30 Years experience**

Working as per ACT.SB-577 State of CA.

**CALL: TOLL FREE: 877-OK-HOMEO**

**(877-654-6636)OFFICE: 408-729-6691**

E-mail: Homeomedicine@yahoo.com



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ


# ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ

ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**RAM Commercial Insurance**

**High Five Plaza #204**

**19625 Harlan Rd Lathrop CA 95330**

**Exactly on I-5 and Luise Exit Opposite to Dennis Restaurant**

**Global Multi Services**

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



***Rajinder Singh***

**Insurance Lic No. 0G73739**

Financing Available For Buying Trucks

**Cell:(510) 557-6988, Ph:209-982-9996**

# ਬ੍ਰਹਮ ਗਿਆਨੀ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲੇ

**ਸੁਰਜੀਤ ਕੌਰ***

ਮਹਾਂਪੁਰਸ਼ ਤੇ ਮਹਾਨ ਤਪਸਵੀ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦਾ ਜਨਮ ਕੱਤਕ ਦੀ ਸੰਗਰਾਂਦ ਵਾਲੇ ਦਿਨ ਪਿੰਡ ਖੇੜੀ ਦੂਨਾ ਸਿੰਘ, ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਵਿਚ ਹੋਇਆ, ਆਪ ਜੀ ਦੇ ਪਿਤਾ ਜੀ ਦਾ ਨਾਂ ਵਸਾਵਾ ਸਿੰਘ ਤੇ ਮਾਤਾ ਜੀ ਦਾ ਨਾਂ ਮਾਤਾ ਨਿਹਾਲ ਕੌਰ ਸੀ। ਬਾਬਾ ਜੀ ਜਨਮ ਤੋਂ ਹੀ ਅਕਾਲ ਪੁਰਖ ਦੀਆਂ ਰਹਿਮਤਾਂ ਨਾਲ ਭਰਪੂਰ ਸਨ। ਬਾਬਾ ਪ੍ਰੇਮ ਸਿੰਘ ਬਚਪਨ ਵਿਚ ਹੀ ਚੌਂਕੜਾ ਸਜਾ ਕੇ ਬੈਠ ਜਾਂਦੇ ਤੇ ਵਾਹਿਗੁਰੂ ਦਾ ਸਿਮਰਨ ਕਰਦੇ। ਤਾਂ ਹੀ ਤੇ ਕਹਿੰਦੇ ਹਨ, ਹੋਣਹਾਰ ਬਿਰਵਾ ਕੇ ਚਿਕਨੇ ਚਿਕਨੇ ਪਾਤ। ਜਿਵੇਂ ਕਿ ਪਰਮੇਸ਼ਰ ਪਿਤਾ ਦਾ ਹੁਕਮ ਸੀ, ਬਹੁਤ ਛੋਟੀ ਉਮਰ ਵਿਚ ਹੀ ਉਨ੍ਹਾਂ ਦੀ ਮਾਤਾ


## ਬਰਸੀ 'ਤੇ ਵਿਸ਼ੇਸ਼

ਨਿਹਾਲ ਕੌਰ ਚੜ੍ਹਾਈ ਕਰ ਗਏ, ਪਰ ਪਿਤਾ ਵਸਾਵਾ ਸਿੰਘ ਆਪਣੇ ਲਾਡਲੇ ਸਪੁੱਤਰ ਦਾ ਬੜੇ ਪਿਆਰ ਨਾਲ ਪਾਲਣ-ਪੋਸ਼ਣ ਕਰਦੇ ਰਹੇ। ਕੁਝ ਸਮੇਂ ਬਾਅਦ ਵਸਾਵਾ ਸਿੰਘ ਨੂੰ ਕਿਸੇ ਗੁਰੂ ਵਰੋਸਾਏ ਗੁਰਸਿੱਖ ਨੇ ਇਹ ਸਲਾਹ ਦਿੱਤੀ ਕਿ ਤੁਹਾਡਾ ਬੱਚਾ ਪ੍ਰੇਮ ਸਿੰਘ ਬਹੁਤ ਕਰਮਾਂ ਵਾਲਾ ਹੈ, ਇਹ ਬਾਲਕ ਬਹੁਤ ਤੇਜੱਸਵੀ ਤੇ ਪਰਤਾਪ ਵਾਲਾ ਹੋਵੇਗਾ, ਇਸ ਦੇ ਸਾਰੇ ਚਿਹਨ-ਚੱਕਰ ਮਹਾਂਪੁਰਸ਼ਾਂ ਵਾਲੇ ਹਨ, ਸੋ ਕਿਉਂ ਨਹੀਂ ਆਪ ਇਸ ਨੂੰ ਸੰਤ ਬਾਬਾ ਬਿਸ਼ਨ ਸਿੰਘ ਦੇ ਡੇਰੇ ਮੁਰਾਲਾ ਸਾਹਿਬ ਲੈ ਜਾਂਦੇ। ਉਸ ਨੇਕ ਆਤਮਾ ਦਾ ਵਿਚਾਰ ਪਿਤਾ ਵਸਾਵਾ ਸਿੰਘ ਨੂੰ ਬਹੁਤ ਹੀ ਚੰਗਾ ਲੱਗਾ ਤੇ ਉਨ੍ਹਾਂ ਮੁਰਾਲਾ ਸਾਹਿਬ ਵਲ ਚਾਲੇ ਪਾ ਦਿੱਤੇ। ਜਦ ਬਾਲਕ ਪ੍ਰੇਮ ਸਿੰਘ ਨੇ ਬਾਬਾ ਬਿਸ਼ਨ ਸਿੰਘ ਨੂੰ ਮੱਥਾ ਟੇਕਿਆ ਤਾਂ ਮਹਾਂਪੁਰਸ਼ਾਂ ਨੇ ਪਿਆਰ ਦੇ ਕੇ ਆਖਿਆ, "ਭਾਈ ਪ੍ਰੇਮ ਸਿੰਘ ਅਸੀਂ ਵੀ ਤੈਨੂੰ ਉਡੀਕ ਰਹੇ ਸੀ" ਅਤੇ ਮਹਾਂਪੁਰਸ਼ਾਂ ਨੇ ਪਿਤਾ ਵਸਾਵਾ ਸਿੰਘ ਨੂੰ ਕਿਹਾ, "ਹੁਣ ਤੁਹਾਡਾ ਪ੍ਰੇਮ ਸਾਡੇ ਕੋਲ ਹੀ ਰਹੇਗਾ।" ਇਸ ਤਰ੍ਹਾਂ ਬਾਲਕ ਪ੍ਰੇਮ ਮੁਰਾਲੇ ਦਾ ਵਾਸੀ ਬਣ ਗਿਆ। ਡੇਰੇ ਵਿਚ ਹੀ ਬਾਬਾ ਜੀ ਕੀਰਤਨ ਦੀ ਸਿੱਖਿਆ ਪ੍ਰਾਪਤ ਕਰਦੇ ਰਹੇ। ਜ਼ਿੰਦਗੀ ਅੱਗੇ ਵਧ ਰਹੀ ਸੀ ਤੇ ਬਚਪਨ ਪਿੱਛੇ ਰਹਿ ਗਿਆ ਸੀ। ਉਮਰ ਵਧਣ ਦੇ ਨਾਲ ਨਾਲ ਸਿਮਰਨ ਦਾ ਅਭਿਆਸ ਵੀ ਖੂਬ ਵਧਦਾ ਜਾ ਰਿਹਾ ਸੀ ਤੇ ਅਕਾਲ ਪੁਰਖ ਦੀ ਬਖਸ਼ਿਸ਼ ਹੋ ਰਹੀ ਸੀ। ਬਾਲਕ ਪ੍ਰੇਮ ਸਿੰਘ ਦੀ ਪ੍ਰੇਮਾਭਗਤੀ ਵੇਖ ਕੇ ਬਾਬਾ ਬਿਸ਼ਨ ਸਿੰਘ ਨੇ ਸੇਵਕ ਪ੍ਰੇਮ ਸਿੰਘ ਦੇ ਸਿਰ 'ਤੇ ਹੱਥ ਰੱਖਿਆ ਤੇ ਬਚਨ ਕੀਤਾ:

'ਦਿਲਹੁ ਮੁਹਬਤ ਜਿਨ ਸੇਈ ਸਚਿਆ,
ਜਿਨ ਮਨਿ ਹੋਰ ਮੁਖ ਹੋਰ ਸਿ ਕਾਂਢੇ ਕਚਿਆ''।

ਪਿਆਰ ਦਾ ਥਾਪੜਾ ਦਿੱਤਾ ਤੇ ਆਖਿਆ ਤੇਰੀ ਰਸਨਾ ਤੇ ਆਪ ਪਰਮਾਤਮਾ ਆ ਬੈਠਾ ਹੈ। ਇਸ ਡੇਰੇ ਦੀ ਸੇਵਾ ਹੁਣ ਅਸੀਂ ਆਪ ਦੇ ਹਵਾਲੇ ਕਰਦੇ ਹਾਂ। ਇਸ ਤਰ੍ਹਾਂ ਵਰਦਾਨ ਦੇ ਕੇ ਡੇਰੇ ਦੀ ਸਾਰੀ ਜ਼ਿੰਮੇਵਾਰੀ ਬਾਬਾ ਪ੍ਰੇਮ ਸਿੰਘ ਨੂੰ ਸੌਂਪ ਕੇ ਬਾਬਾ ਬਿਸ਼ਨ ਸਿੰਘ ਗੁਰੂ ਧਾਮ ਜਾ ਬਿਰਾਜੇ।

ਸੰਤ ਪ੍ਰੇਮ ਸਿੰਘ ਦਾ ਜੀਵਨ ਕਿਸੇ ਇਕ ਕੌਮ ਜਾਂ ਬਰਾਦਰੀ ਦਾ ਨਹੀਂ ਸੀ, ਉਹ ਸਰਬ ਸਾਂਝੀਵਾਲਤਾ ਦੇ ਅਲੰਬਰਦਾਰ ਸਨ



ਤੇ ਭਟਕੀਆਂ ਰੂਹਾਂ ਨੂੰ ਰੱਬ ਨਾਲ ਜੋੜ ਰਹੇ ਸਨ। ਅਨਪੜ੍ਹਤਾ ਦਾ ਹਨੇਰਾ ਦੂਰ ਕਰਨ ਲਈ ਬਾਬਾ ਜੀ ਨੇ ਪਿੰਡ-ਪਿੰਡ ਸਕੂਲ ਖੋਲ੍ਹ ਕੇ ਵਿਦਿਆ ਦਾ ਚਾਨਣਾ ਵੰਡਿਆ। ਬਾਬਾ ਜੀ ਨੇ ਸਭ ਤੋਂ ਪਹਿਲਾਂ ਖਾਲਸਾ ਹਾਈ ਸਕੂਲ, ਪਿੰਡ ਟਾਂਡਾ, ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਵਿਚ ਖੋਲ੍ਹਿਆ। ਅੱਜ ਬਾਬਾ ਪ੍ਰੇਮ ਸਿੰਘ ਦੇ ਨਾਂ 'ਤੇ ਬੇਸ਼ੁਮਾਰ ਸਕੂਲ ਤੇ ਕਈ ਕਾਲਜ, ਹਸਪਤਾਲ ਤੇ ਕਈ ਧਾਰਮਿਕ ਸੰਸਥਾਵਾਂ ਚਲ ਰਹੀਆਂ ਹਨ। ਬਾਬਾ ਜੀ ਨੇ ਕੁਝ ਸਮਾਂ ਸਿਆਸਤ ਵਿਚ ਵੀ ਦਿੱਤਾ ਪਰ ਅੰਮ੍ਰਿਤ ਸੰਚਾਰ ਤੇ ਗੁਰਬਾਣੀ ਦੇ ਪ੍ਰਚਾਰ ਵਿਚ ਬਾਬਾ ਜੀ ਨੇ ਸਾਰਾ ਜੀਵਨ ਹੀ ਅਰਪਿਤ ਕਰ ਦਿੱਤਾ ਤੇ ਸੇਵਾ ਸਿਮਰਨ ਕਰਦੇ ਕਰਦੇ 2 ਜੂਨ 1950 ਦੇ ਦਿਨ ਪਿੰਡ ਬੇਗੋਵਾਲ, ਜ਼ਿਲ੍ਹਾ ਕਪੂਰਥਲਾ ਵਿਚ ਜੋਤੀ ਜੋਤ ਸਮਾ ਗਏ।

ਇਥੇ ਮੈਂ ਇਹ ਦੱਸਣਾ ਵੀ ਜ਼ਰੂਰੀ ਸਮਝਦੀ ਹਾਂ ਕਿ ਮੇਰੇ ਸਤਿਕਾਰਯੋਗ ਪਿਤਾ ਭਾਈ ਦਰਗਾਹ ਸਿੰਘ ਨੇ ਆਪਣੇ ਜੀਵਨ ਦਾ 50 ਸਾਲ ਦਾ ਸਮਾਂ ਗੁਰੂ ਘਰ ਦੇ ਵਜ਼ੀਰ ਰਹਿ ਕੇ ਤੇ ਕੀਰਤਨ ਦੀ ਸੇਵਾ ਕਰਕੇ ਗੁਰੂ ਲੇਖੇ ਲਾਇਆ, ਇਹ ਸਾਰੀਆਂ ਗੱਲਾਂ ਮੈਂ ਆਪਣੇ ਬਚਪਨ ਵਿਚ ਹੀ ਆਪਣੇ ਪਿਤਾ ਤੋਂ ਅਕਸਰ ਸੁਣਿਆ ਕਰਦੀ ਸਾਂ, ਕਿਉਂਕਿ ਪਿਤਾ ਜੀ ਨੇ ਜੀਵਨ ਦੇ ਕਈ ਸਾਲ ਬਾਬਾ ਪ੍ਰੇਮ ਸਿੰਘ ਦੀ ਸੰਗਤ 'ਚ ਹੀ ਗੁਜਾਰੇ ਸਨ। ਸਾਡਾ ਪਿੰਡ ਯਾਨਿ ਕਿ ਪਿਤਾ ਜੀ ਦਾ ਪਿੰਡ ਟਾਂਡਾ ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਖ਼ਾਸ ਹੀ ਸੀ।

ਸੋ ਪਿਤਾ ਜੀ ਨੇ ਬਾਬਾ ਪ੍ਰੇਮ ਸਿੰਘ ਦੀਆਂ ਰਹਿਮਤਾਂ ਦੇ ਆਨੰਦ ਮਾਣੇ ਹੋਏ ਸਨ ਤੇ ਅਕਸਰ ਹੀ ਉਹ ਬਾਬਾ ਜੀ ਦੇ ਜੀਵਨ ਦੇ ਬਿਰਤਾਂਤ ਸੰਗਤਾਂ ਨਾਲ ਸਾਂਝੇ ਕਰਦੇ ਹੁੰਦੇ ਸਨ। ਸੰਤ ਪ੍ਰੇਮ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਵੀ ਪਿਤਾ ਜੀ ਪਿੰਡ ਬੇਗੋਵਾਲ ਜ਼ਿਲ੍ਹਾ ਕਪੂਰਥਲਾ ਵਿਚ ਬਾਬਾ ਜੀ ਦੀ ਯਾਦ ਵਿਚ ਸਥਾਪਤ ਗੁਰੂਘਰ ਕਈ ਸਾਲ ਗ੍ਰੰਥੀ ਤੇ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ।

ਅੱਜ ਦੁਨੀਆਂ ਦੇ ਹਰ ਮੁਲਕ ਵਿਚ ਹੀ ਸੰਤ ਪ੍ਰੇਮ ਸਿੰਘ ਦੀ ਯਾਦ ਵਿਚ ਗੁਰੂ ਘਰ ਬਣ ਚੁੱਕੇ ਹਨ, ਹਰ ਸਾਲ ਥਾਂ ਥਾਂ ਮੇਲੇ ਲਗਦੇ ਹਨ ਤੇ 2 ਜੂਨ ਦਾ ਦਿਹਾੜਾ ਜਦ ਬਾਬਾ ਜੀ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਸਨ, ਬਰਸੀ ਦੇ ਰੂਪ ਵਿਚ ਮਨਾ ਕੇ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ। ਬਾਬਾ ਪ੍ਰੇਮ ਸਿੰਘ ਲੁਬਾਣਾ ਬਰਾਦਰੀ ਵਿਚ ਪੈਦਾ ਹੋਏ ਤੇ ਬਰਾਦਰੀ ਲਈ ਦਿਨ ਰਾਤ ਸੇਵਾ ਤੇ ਸਿਮਰਨ ਦਾ ਪ੍ਰਚਾਰ ਕਰਕੇ ਇਸ ਪੱਛੜੀ ਕੌਮ ਦਾ ਮਾਰਗਦਰਸ਼ਨ ਕੀਤਾ। ਪੁਰਾਣੇ ਰੀਤੀ-ਰਿਵਾਜਾਂ, ਹੁੱਕਾ ਪੀਣ ਅਤੇ ਤੰਬਾਕੂ ਖਾਣ ਵਰਗੀਆਂ ਅਲਾਮਤਾਂ ਵਿਰੁਧ ਪ੍ਰਚਾਰ ਕਰਕੇ ਇਕੱਲੀ ਲੁਬਾਣਾ ਬਰਾਦਰੀ ਨੂੰ ਹੀ ਨਹੀਂ, ਸਮੁੱਚੀ ਮਾਨਵਤਾ ਨੂੰ ਗੁਰੂ ਨਾਨਕ ਦੇਵ ਦੇ ਬਣਾਏ ਹੋਏ ਸੋਹਣੇ ਮਾਰਗ ਨਾਲ ਜੋੜਿਆ। ਬਾਬਾ ਜੀ ਨੂੰ ਗੁਰਬਾਣੀ ਦੀਆਂ ਇਨ੍ਹਾਂ ਪੰਕਤੀਆਂ ਨਾਲ ਮੇਰਾ ਪ੍ਰਣਾਮ:

ਧੰਨੁ ਧੰਨੁ ਧੰਨੁ ਜਨੁ ਆਇਆ॥
ਜਿਸੁ ਪਰਸਾਦਿ ਸਭੁ ਜਗਤੁ ਤਰਾਇਆ॥
ਜਨ ਆਵਨ ਕਾ ਇਹੈ ਸੁਆਉ॥
ਜਨ ਕੈ ਸੰਗਿ ਚਿਤਿ ਆਵੈ ਨਾਉ॥
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥

ਆਓ ਸਾਰੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਬਰਸੀ 'ਤੇ ਗੁਰੂ ਦੇ ਲੜ ਲੱਗ ਕੇ ਜੀਵਨ ਸਫਲਾ ਕਰੀਏ।

### ਧੰਨ ਧੰਨ ਬਾਬਾ ਪ੍ਰੇਮ ਸਿੰਘ

ਧੰਨ ਧੰਨ ਬਾਬਾ ਪ੍ਰੇਮ ਸਿੰਘ ਤੇਰੀ ਧੰਨ ਕਮਾਈ,
ਤੂੰ ਮਰਦੀ ਹੋਈ ਕੌਮ ਵਿਚ ਫਿਰ ਜ਼ਿੰਦਗੀ ਪਾਈ।

ਧੰਨ ਧਰਤੀ ਬੇਗੋਵਾਲ ਦੀ ਜਿਥੇ ਚਰਨ ਤੂੰ ਪਾਏ,
ਤੂੰ ਸਾਡੇ ਦਿਲ ਵਿਚ ਵਸਦਾ ਅਸੀਂ ਤੇਰੇ ਜਾਏ,
ਤੇਰੇ ਬਿਨ ਸਾਡੀ ਕਿਸੇ ਨਾ ਕੀਤੀ ਸੁਣਵਾਈ,
ਤੂੰ ਧੰਨ ਧੰਨ...।

ਤੂੰ ਵਿਦਿਆ ਵੰਡ ਕੇ ਕੌਮ ਨੂੰ ਦਿਤੀ ਖੁਸ਼ਹਾਲੀ,
ਇਸ ਕੌਮ ਦੇ ਉਜੜੇ ਬਾਗ ਦਾ ਤੂੰ ਬਣਿਆ ਮਾਲੀ,
ਕੋਈ ਬੰਦਾ ਮਾਪੇ ਕਿਸ ਤਰ੍ਹਾਂ ਤੇਰੀ ਗਹਿਰਾਈ,
ਤੂੰ ਧੰਨ ਧੰਨ...।

ਅੱਜ ਦੁਨੀਆਂ ਦੇ ਵਿਚ ਹੁੰਦੀਆਂ ਨੇ ਤੇਰੀਆਂ ਗੱਲਾਂ,
ਤੇਰੇ ਸੇਵਕ ਬਾਬਾ ਜੀ ਮਾਰ ਰਹੇ ਦੁਨੀਆਂ ਵਿਚ ਮੱਲਾਂ,
ਤੂੰ ਗਿਆਨ ਦੀ ਸਾਡੇ ਦਿਲਾਂ ਵਿਚ ਸੀ ਜੋਤ ਜਗਾਈ,
ਤੂੰ ਧੰਨ ਧੰਨ...।

ਪੀਂਦੇ ਸੀ ਹੁੱਕੇ, ਗੁਰਗਤੀਆਂ ਸਾਡੇ ਵੱਡ-ਵਡੇਰੇ,
ਅਨਪੜ੍ਹਤਾ ਤੇ ਅਗਿਆਨ ਨੇ ਲਾਏ ਸੀ ਡੇਰੇ,
ਤੂੰ ਵਿਦਿਆ ਵੰਡ ਕੇ ਕੌਮ ਨੂੰ ਦਿੱਤੀ ਰੁਸ਼ਨਾਈ,
ਤੂੰ ਧੰਨ ਧੰਨ...।

ਬਾਬਾ ਬਿਸ਼ਨ ਸਿੰਘ ਦੇ ਡੇਰੇ ਸੀ ਜਦ ਚੱਕੀਆਂ ਚੱਲੀਆਂ,
ਉਦੋਂ ਰੱਬ ਨੇ ਰੱਬੀ ਰਹਿਮਤਾਂ ਤੇਰੇ ਵਲ ਘੱਲੀਆਂ,
ਹੱਥ ਤੇਰਾ, ਖੀਸਾ ਮੇਰਾ ਏ ਇਹ ਗੱਲ ਸਮਝਾਈ,
ਤੂੰ ਧੰਨ ਧੰਨ...।

ਅੱਜ ਲੀਡਰ ਭੁੱਖੇ ਹੋ ਗਏ, ਬਣ ਗਏ ਜਰਵਾਣੇ,
ਸਭ ਭੁੱਲ ਗਏ ਗੱਲਾਂ ਤੇਰੀਆਂ ਬਣ ਬੈਠੇ ਸਿਆਣੇ,
ਲੜਦੇ ਨੇ ਚੌਧਰ ਵਾਸਤੇ ਅੱਜ ਭਾਈ ਭਾਈ,
ਤੂੰ ਧੰਨ ਧੰਨ...।

ਅੱਜ ਸੰਗਤਾਂ ਤੇਰੀ ਸ਼ਾਨ ਵਿਚ ਕੱਠੀਆਂ ਨੇ ਹੋਈਆਂ,
ਤੇਰੇ ਦਰ ਤੇ ਮੱਥੇ ਟੇਕਦੇ, ਕਰਦੇ ਅਰਜੋਈਆਂ,
ਤੈਨੂੰ ਸੁਰਜੀਤ ਪੁਕਾਰਦੀ ਸਾਡੀ ਕਰ ਅਗਵਾਈ,
ਤੂੰ ਧੰਨ ਧੰਨ...।

*-ਬੀਬੀ ਸੁਰਜੀਤ ਕੌਰ, ਹਜ਼ੂਰੀ ਰਾਗੀ*
*ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ।*

# ਅੱਯਾਸ਼ੀਆਂ ਦੇ ਮਾਮਲੇ 'ਚ ਕ੍ਰਿਕਟਰ ਤੇ ਕਲਾਕਾਰ ਇਕਸਮਾਨ

**ਸਵਰਨ ਸਿੰਘ ਟਹਿਣਾ***

ਵਾਹਵਾ ਦੇਰ ਪਹਿਲਾਂ ਇੱਕ ਹਿੰਦੀ ਫਿਲਮ 'ਚ ਸੁਣਿਆ ਡਾਇਲਾਗ ਚੇਤੇ ਦੀ ਸਲੇਟ 'ਤੇ ਪੱਕਾ ਹੀ ਉਕਰਿਆ ਪਿਐ। ਖਲਨਾਇਕ ਕਹਿੰਦਾ ਸੀ, 'ਖੁੱਲ੍ਹਾ ਪੈਸਾ, ਖੂਬ ਸ਼ੋਹਰਤ ਔਰ ਅੱਯਾਸ਼ੀ ਕੀ ਲਤ ਇਨਸਾਨ ਕੇ ਦਿਮਾਗ ਕੋ ਬੇਕਾਬੂ ਕਰ ਦੇਤੀ ਹੈ...ਆਦਮੀ ਚਾਹੇ ਤੋ ਭੀ ਇਨ ਆਦਤੋਂ ਸੇ ਬਾਜ਼ ਨਹੀਂ ਆ ਸਕਤਾ...।' ਹੁਣ ਜਦੋਂ ਵੀ ਕਿਸੇ ਨਾਮਣੇ ਵਾਲੇ ਬੰਦੇ ਨੂੰ ਅੱਯਾਸ਼ੀ ਖਾਤਰ ਤਿਕੜਮਬਾਜ਼ੀ ਲਾਉਂਦਿਆਂ ਜਾਂ ਸਿਰੇ ਦੀ ਡਿੰਗੀ ਕਰਤੂਤ ਕਰਦਿਆਂ ਦੇਖਦਾਂ ਤਾਂ ਇਸ ਡਾਇਲਾਗ ਦੀਆਂ ਸਤਰਾਂ ਫੱਟ ਜ਼ਿਹਨ 'ਚ ਆ ਜਾਂਦੀਆਂ ਨੇ।

ਇਹ ਸਤਰਾਂ ਪਿਛਲੇ ਇੱਕ ਮਹੀਨੇ ਤੋਂ ਮੁੜ ਦਿਮਾਗ 'ਚ ਤੁਰੀਆਂ-ਫਿਰਦੀਆਂ ਨੇ। ਭਾਰਤੀ ਕ੍ਰਿਕਟ ਟੀਮ ਵੱਲੋਂ ਦੱਖਣੀ ਅਫਰੀਕਾ ਵਿਚ ਟਵੰਟੀ-ਟਵੰਟੀ ਵਿਸ਼ਵ ਕੱਪ ਦੇ ਸੈਮੀਫਾਈਨਲ ਵਿਚ ਪਹੁੰਚਣ ਲਈ ਖੇਡ ਮੈਦਾਨ ਵਿਚ ਹਾਰਨ ਤੋਂ ਕੁੱਝ ਘੰਟੇ ਬਾਅਦ ਉਥੋਂ ਦੇ 'ਟਕੀਲਾ ਪੱਬ' ਵਿਚ ਜਿਸ ਤਰ੍ਹਾਂ ਨਸ਼ੇ ਦੀ ਵਰਤੋਂ ਕੀਤੀ ਗਈ...ਹਾਜ਼ਰ ਮੁਟਿਆਰਾਂ ਵੱਲ ਤੱਕ-ਤੱਕ ਅੱਖਾਂ ਤੱਤੀਆਂ ਕੀਤੀਆਂ ਗਈਆਂ ਤੇ ਬਾਅਦ 'ਚ ਪ੍ਰਸ਼ੰਸਕਾਂ ਨਾਲ ਖਹਿਬੜਿਆ ਗਿਆ, ਉਸ ਨੇ ਕ੍ਰਿਕਟ ਦੇ ਦੀਵਾਨਿਆਂ ਨੂੰ ਝੰਜੋੜ ਛੱਡਿਆ ਹੈ। ਲੋਕ ਸੋਚਣ ਲਈ ਮਜਬੂਰ ਹੋ ਗਏ ਕਿ ਅਸੀਂ ਤਾਂ ਟੀਮ ਦੇ ਚੰਗੇ ਪ੍ਰਦਰਸ਼ਨ ਖਾਤਰ ਦੇਵੀ-ਦੇਵਤੇ ਖੁਸ਼ ਲਈ ਹਵਨ ਕਰ ਰਹੇ ਸਾਂ, ਮੰਦਰਾਂ ਦੀਆਂ ਟੱਲੀਆਂ ਖੜਕਾ ਰਹੇ ਸਾਂ ਪਰ ਖਿਡਾਰੀ ਪ੍ਰਸ਼ੰਸਕਾਂ ਦੀਆਂ ਭਾਵਨਾਵਾਂ ਨਾਲ ਗੱਦਾਰੀ ਕਰੀ ਜਾ ਰਹੇ ਨੇ ਤੇ ਬੰਦੇ ਦੇ ਪੁੱਤ ਬਣਨ ਦੀ ਥਾਂ ਤਰ੍ਹਾਂ-ਤਰ੍ਹਾਂ ਦੇ ਉਲਾਂਭੇ ਖੱਟ ਰਹੇ ਨੇ। ਉਤੋਂ ਟੀਮ ਦੇ ਕੋਚ ਗੈਰੀ ਕ੍ਰਿਸਟਨ ਨੇ ਸਾਫ਼ ਸ਼ਬਦਾਂ ਵਿਚ ਕਹਿ ਦਿੱਤਾ ਕਿ ਟੀਮ ਦੇ ਕਈ ਖਿਡਾਰੀ ਅਨਫਿੱਟ ਨੇ...ਖੇਡ ਭਾਵਨਾ ਉਨ੍ਹਾਂ ਅੰਦਰੋਂ ਦਮ ਤੋੜ ਚੁੱਕੀ ਹੈ...ਉਨ੍ਹਾਂ ਦੇ ਢਿੱਡ ਹਲਵਾਈਆਂ ਵਾਂਗ ਵਧ ਚੁੱਕੇ ਨੇ...ਤੇ ਉਹ ਮੈਦਾਨ 'ਚ ਮਰ ਮਿਟਣ ਦੀ ਥਾਂ ਕੁੜੀਆਂ ਦੀਆਂ ਅਦਾਵਾਂ 'ਤੇ ਜ਼ਿਆਦਾ ਮਰਦੇ ਨੇ।

ਇਹ ਖ਼ਬਰਾਂ ਨਸ਼ਰ ਹੋਈਆਂ ਤਾਂ ਪੂਰੇ ਮੁਲਕ ਨੇ ਆਪਣਾ ਨੱਕ ਵੱਢਿਆ ਗਿਆ ਸਮਝਿਆ ਪਰ ਹੋਇਆ ਕੁੱਝ ਨਹੀਂ, ਟੀਮ ਦੇ ਖਿਡਾਰੀਆਂ ਨੇ ਪਹਿਲਾਂ ਤਤੀ ਜਿਹੀ ਦਿਖਾਈ ਤੇ ਫੇਰ ਮਾਫੀ ਮੰਗਣ ਤੋਂ ਬਾਅਦ ਮਾਮਲਾ ਰਫ਼ਾ-ਦਫ਼ਾ ਹੋ ਗਿਆ। ਹਾਲੇ ਚਾਰ ਕੁ ਦਿਨ ਹੀ ਲੰਘੇ ਸਨ ਕਿ ਇਹੋ ਜਿਹੇ ਕਸੂਤੇ ਪੰਗੇ ਵਿਚ ਇੱਕ ਕਲਾਕਾਰ ਫਸ ਗਿਆ। ਸ਼ੁਕਰ ਏਸ ਗੱਲ ਦਾ ਹੈ ਕਿ ਉਹਦੀ ਕਰਤੂਤ ਜੱਗ ਜ਼ਾਹਰ ਨਹੀਂ ਹੋਈ, ਜੇ ਕਿਤੇ ਹੋ ਜਾਂਦੀ ਤਾਂ ਨਿਆਣਿਆਂ-ਸਿਆਣਿਆਂ ਨੇ ਉਹਦੇ ਦੋਗਾਣਿਆਂ ਤੋਂ ਮੂੰਹ ਫੇਰ ਲੈਣਾ ਸੀ। ਉਹਦਾ ਅਕਸ ਟਾਈਗਰ ਵੁੱਡਜ਼ ਵਾਂਗੂ ਖਰਾਬ ਹੋਣਾ ਸੀ ਤੇ ਉਹ ਨੇ ਵੀ ਕ੍ਰਿਕਟਰਾਂ ਵਾਂਗ ਪਹਿਲਾਂ ਏਸ ਕਰਤੂਤ ਤੋਂ ਮੁੱਕਰਨ ਦੀ ਕੋਸ਼ਿਸ਼ ਕਰਨੀ ਸੀ, ਪਰ ਬਾਅਦ 'ਚ ਚਾਰਾ ਨਾ ਚੱਲਦਿਆਂ ਪਹਿਲਾਂ ਪ੍ਰਸ਼ੰਸਕਾਂ ਤੋਂ ਮਾਫ਼ੀ ਮੰਗਣੀ ਸੀ ਤੇ ਫੇਰ ਘਰਵਾਲੀ ਦੇ ਗੋਡੇ ਫੜਨੇ ਸਨ।

ਚੰਡੀਗੜ੍ਹ ਵੱਲ ਦਾ ਉਹ ਕਲਾਕਾਰ ਅੱਯਾਸ਼ੀ, ਪੈਸੇ ਮਾਰਨ, ਝੂਠ ਦੀਆਂ ਤੋਪਾਂ ਚਲਾਉਣ ਅਤੇ ਗੱਲੀਂ-ਬਾਤੀਂ ਸਭ ਨੂੰ ਕਾਕੇ ਵੰਡਣ ਕਰਕੇ ਉਦੋਂ ਤੋਂ ਮਸ਼ਹੂਰ ਹੈ, ਜਦੋਂ ਉਹ ਗਾਇਕੀ ਦੇ ਸ਼ੁਰੂਆਤੀ ਦਿਨਾਂ 'ਚ ਬਠਿੰਡੇ ਇੱਕ ਕਿਰਾਏ ਦੇ ਕਮਰੇ 'ਚ ਰਹਿੰਦਾ ਸੀ। ਜਦੋਂ ਤਿੰਨ ਕੁ ਮਹੀਨਿਆਂ ਦਾ ਕਿਰਾਇਆ ਸਿਰ ਚੜ੍ਹ ਜਾਂਦਾ, ਉਹ ਆਪਣਾ ਮੰਜਾ-ਬਿਸਤਰਾ ਚੁੱਕ ਅੱਧੀ ਰਾਤ ਨੂੰ ਫੁਰਰ ਹੋ ਜਾਂਦਾ। ਹੌਲੀ-ਹੌਲੀ ਉਹਦੀ ਚੜ੍ਹਾਈ ਹੋਣੀ ਸ਼ੁਰੂ ਹੋ ਗਈ, ਪਰ ਆਦਤਾਂ ਨਾ ਸੁਧਰੀਆਂ। ਜਿਵੇਂ-ਜਿਵੇਂ ਪੈਸਾ ਆਉਂਦਾ ਗਿਆ, ਉਵੇਂ-ਉਵੇਂ ਉਹ ਅਜੀਬ ਜਿਹੀਆਂ ਹਰਕਤਾਂ ਕਰਨ ਲੱਗ ਗਿਆ ਤੇ ਅੱਜ ਪੰਜਾਬ ਦਾ ਸ਼ਾਇਦ ਹੀ ਕੋਈ ਅਜਿਹਾ ਜ਼ਿਲ੍ਹਾ ਹੋਵੇਗਾ, ਜਿੱਥੇ ਉਸ ਨੇ ਕਿਸੇ ਦਾ ਪੰਜਾਹ ਹਜ਼ਾਰ, ਕਿਸੇ ਦਾ ਅੱਸੀ ਹਜ਼ਾਰ, ਕਿਸੇ ਦਾ ਦਸ ਹਜ਼ਾਰ ਤੇ ਕਿਸੇ ਦਾ ਪੰਜ ਹਜ਼ਾਰ ਨਹੀਂ ਮਾਰਿਆ ਹੋਵੇਗਾ। ਉਹਦੇ 'ਤੇ ਕਬੂਤਰਬਾਜ਼ੀ ਦੇ ਦੋਸ਼ ਵੀ ਲੱਗਦੇ ਰਹਿੰਦੇ ਨੇ ਤੇ ਲੁੱਟੇ ਗਏ ਲੋਕ ਖੁੱਲ੍ਹ ਕੇ ਪ੍ਰੈਸ ਕਾਨਫਰੰਸਾਂ 'ਚ ਆਖਦੇ ਨੇ, 'ਇਹਨੇ ਸਾਥੋਂ ਕਨੇਡਾ ਲਿਜਾਣ ਲਈ ਚਾਰ ਲੱਖ...ਤਿੰਨ ਲੱਖ ਲਿਆ ਸੀ...ਪਰ ਹੁਣ ਸਾਨੂੰ ਆਖਦੈ, ਜੋ ਮਰਜ਼ੀ ਕਰ ਲਵੋ, ਮੇਰੀ ਪਹੁੰਚ ਬਹੁਤ ਐ...।'

ਖ਼ੈਰ, ਗੱਲ ਉਸ ਦੇ ਪਿਛੋਕੜ ਵੱਲ ਤੁਰ ਗਈ। ਤਾਜ਼ਾ ਮਾਮਲੇ ਵਿਚ ਉਸ ਕਲਾਕਾਰ ਨੇ ਆਪਣੇ ਪੰਜ-ਚਾਰ ਦੋਸਤਾਂ ਨਾਲ ਰਾਏ ਬਣਾਈ ਕਿ ਕਿਉਂ ਨਾ ਹਫ਼ਤੇ ਕੁ ਲਈ ਥਾਈਲੈਂਡ ਜਾ ਕੇ 'ਮਸਤੀ' ਮਾਰ ਲਈ ਜਾਵੇ। ਵੀਜ਼ੇ ਲੈ ਲਏ ਤੇ ਜਦੋਂ ਉਡਾਣ ਭਰਨ ਵੇਲੇ ਏਅਰਪੋਰਟ ਅਧਿਕਾਰੀਆਂ ਨੇ ਕਲਾਕਾਰ ਦੇ ਬੈਗ ਫਰੋਲੇ ਤਾਂ ਵਿਚੋਂ ਰਿਵਾਲਵਰ ਨਿਕਲ ਆਇਆ। ਏਅਰਪੋਰਟ ਅਧਿਕਾਰੀ ਚੌਕਸ ਹੋ ਗਏ ਤੇ ਉਸ ਨੂੰ ਪਾਸੇ ਲਿਜਾ ਕੇ ਸਾਰੇ ਕੱਪੜੇ ਲੁਹਾ ਲਏ। ਵਾਰ-ਵਾਰ ਦਬਾਅ ਪਾ ਕੇ ਪੁੱਛਿਆ ਜਾਣ ਲੱਗਾ, 'ਕਿਹੜੇ ਗਰੁੱਪ ਨਾਲ ਸਬੰਧ ਰੱਖਦੇ ਓ...?' ਕਲਾਕਾਰ ਕਹੇ ਕਿ ਮੈਂ ਤਾਂ 'ਮਿਊਜ਼ਿਕਲ ਗਰੁਪ ਨਾਲ ਸਬੰਧ ਰੱਖਣ ਵਾਲਾ ਹਾਂ...ਫ਼ਲਾਣੇ ਫ਼ਲਾਣੇ ਗੀਤ ਮੇਰੇ ਹਿੱਟ ਹੋਏ ਨੇ...ਪੰਜਾਬ 'ਚ ਬੜਾ ਨਾਂ ਐ ਮੇਰਾ...ਪਰ ਅੰਬੈਸੀ ਵਾਲੇ ਨਾ ਮੰਨੇ।' ਮਾੜੀ ਕਿਸਮਤ ਨੂੰ ਰਿਵਾਲਵਰ ਦਾ ਲਾਇਸੰਸ ਉਸ ਗੱਡੀ 'ਚ ਪਿਆ ਸੀ, ਜਿਸ ਨੂੰ ਉਸ ਨੇ ਏਅਰਪੋਰਟ ਦਾਖਲ ਹੋਣ ਤੋਂ ਬਾਅਦ ਵਾਪਸ ਭੇਜ ਦਿੱਤਾ ਸੀ। ਖਹਿੜਾ ਉਦੋਂ ਛੁੱਟਿਆ ਜਦੋਂ ਕਲਾਕਾਰ ਨੇ ਗੱਡੀ ਵਾਪਸ ਬੁਲਾ ਕੇ ਲਾਇਸੰਸ ਦਿਖਾਇਆ।

ਜਦੋਂ ਕਲਾਕਾਰ ਦੇ ਹੋਰ ਬੈਗਾਂ ਦੀ ਫ਼ੋਲਾ-ਫਾਲੀ ਕੀਤੀ ਗਈ ਤਾਂ ਕਈ ਕਾਮ ਵਧਾਊ ਦਵਾਈਆਂ ਤੇ ਅੱਯਾਸ਼ੀ ਵਾਲਾ ਹੋਰ ਸਾਮਾਨ ਨਿਕਲਿਆ। ਏਅਰਪੋਰਟ ਅਧਿਕਾਰੀ ਨਾਲੇ ਸਾਮਾਨ ਦੇਖੀ ਜਾਣ ਤੇ ਨਾਲੇ ਮੁਸਕਰਾਉਂਦੇ ਹੋਏ ਆਖੀ ਜਾਣ, 'ਕਲਾਕਾਰ ਘੱਟ ਤੇ ਅੱਯਾਸ਼ ਵੱਧ ਲੱਗਦੇ ਓ ਤੁਸੀਂ...।'

ਏਸ ਘਟਨਾ ਤੋਂ ਪ੍ਰੇਸ਼ਾਨ ਹੋਇਆ ਕਲਾਕਾਰ ਤੇ ਉਸ ਦੇ ਸਾਥੀ ਥਾਈਲੈਂਡ ਜਾਣ ਦੀ ਥਾਂ ਵਾਪਸ ਘਰੋ-ਘਰੀ ਆ ਗਏ। ਜੇ ਪਾਠਕਾਂ ਨੂੰ ਇਸ ਕਾਰੇ ਵਾਲੇ ਕਲਾਕਾਰ ਦਾ ਨਾਂ ਪਤਾ ਲੱਗ ਜਾਵੇ ਤਾਂ ਉਹ ਇਹਨੂੰ ਵੀ ਬਿਲਕੁਲ ਉਵੇਂ ਹੀ ਗਾਲ੍ਹਾਂ ਕੱਢਣਗੇ ਜਿਵੇਂ ਕ੍ਰਿਕਟਰ ਯੁਵਰਾਜ ਸਿੰਘ, ਜ਼ਹੀਰ ਖਾਨ, ਯੂਸਫ਼ ਪਠਾਨ, ਹਰਭਜਨ ਸਿੰਘ ਤੇ ਇਨ੍ਹਾਂ ਦੇ ਹੋਰ ਸਾਥੀਆਂ ਨੂੰ ਗੈਰੀ ਕ੍ਰਿਸਟਨ ਦਾ ਬਿਆਨ ਆਉਣ ਤੋਂ ਬਾਅਦ ਕੱਢਦੇ ਸਨ।

ਗੱਲ ਨੂੰ ਭਾਵੇਂ ਢਕੀ ਰਿੱਝਣ ਦੇਣਾ ਚਾਹੀਦੈ, ਪਰ ਹੈਰਾਨੀ ਉਦੋਂ ਹੁੰਦੀ ਹੈ ਜਦੋਂ ਉਹ ਲੋਕ ਇਹੋ ਜਿਹੀਆਂ ਕਰਤੂਤਾਂ ਕਰਦੇ ਨੇ, ਜਿਨ੍ਹਾਂ ਨੂੰ ਨੌਜਵਾਨ ਤਬਕਾ ਆਪਣਾ ਰਾਹ ਦਸੇਰਾ ਮੰਨਦੈ। ਚੌਕੇ-ਛੱਕਿਆਂ ਦੇ ਦੀਵਾਨਿਆਂ ਨੇ ਕ੍ਰਿਕਟਰਾਂ ਨੂੰ ਰੱਬ ਵਰਗਾ ਦਰਜਾ ਦਿੱਤਾ ਹੋਇਐ ਤੇ ਕਲਾਕਾਰ ਨੂੰ ਸੂਖਮ ਭਾਵਾਂ ਵਾਲੇ ਮੰਨ ਕੇ ਇਨ੍ਹਾਂ ਦੇ ਕਾਰਿਆਂ ਵੱਲ ਧਿਆਨ ਹੀ ਨਹੀਂ ਦਿੱਤਾ ਜਾਂਦਾ, ਪਰ ਪਰਦੇ ਪਿੱਛੇ ਇਹ ਲੋਕ ਕੀ ਕੁੱਝ ਕਰਦੇ ਨੇ, ਜਦੋਂ ਸਾਹਮਣੇ ਆਉਂਦੈ ਤਾਂ ਹਾਲ ਬਿਲਕੁਲ ਲੀਰਾਂ ਵਾਲੀ ਖਿੱਦੋ ਵਾਲਾ ਹੋ ਜਾਂਦੈ।

ਇਹ ਪਹਿਲੀ ਵਾਰ ਨਹੀਂ ਹੋਇਆ। ਰਾਜਿਆਂ-ਮਹਾਰਾਜਿਆਂ ਤੋਂ ਸ਼ੁਰੂ ਹੋ ਜਾਵੋ, ਪੈਸੇ ਤੇ ਹਕੂਮਤ ਦੇ ਨਸ਼ੇ 'ਚ ਉਹ ਭੋਗ ਵਿਲਾਸ ਦੇ ਅਜਿਹੇ ਕੁੰਡਲ 'ਚ ਫ਼ਸਦੇ ਕਿ ਇੱਕ ਦਿਨ ਉਨ੍ਹਾਂ ਕੋਲੋਂ ਰਾਜ ਭਾਗ ਖੁੱਸ ਜਾਂਦਾ। ਸਾਡੇ ਕਈ ਕਲਾਕਾਰ ਵੀ ਅਜਿਹੇ ਨੇ ਜਿਨ੍ਹਾਂ ਦੀ ਇੱਕ ਦਹਾਕਾ ਪਹਿਲਾਂ ਤੂਤੀ ਬੋਲਦੀ ਸੀ, ਪਰ ਜਦੋਂ ਉਨ੍ਹਾਂ ਨੇ ਗਾਇਕੀ ਦਾ ਮਕਸਦ ਹੀ ਪ੍ਰਸ਼ੰਸਕ ਕੁੜੀਆਂ ਨਾਲ 'ਵਕਤ' ਗੁਜ਼ਾਰਨਾ ਬਣਾ ਲਿਆ ਤਾਂ ਉਨ੍ਹਾਂ ਦੀ ਪੁੱਠੀ ਗਿਣਤੀ ਸ਼ੁਰੂ ਹੋ ਗਈ। ਅੱਜ ਉਹ ਲੋਕ ਆਪਣੇ ਮੁਕੱਦਰ ਨੂੰ ਦੋਸ਼ੀ ਮੰਨਦੇ ਨੇ, ਕਈ ਕਹਿੰਦੇ ਨੇ, 'ਵਕਤ ਬਦਲ ਗਿਐ...ਲੋਕਾਂ ਨੂੰ ਮਾੜੇ-ਚੰਗੇ ਗਵੱਈਆਂ ਦਾ ਫ਼ਰਕ ਨਹੀਂ ਰਿਹਾ', ਪਰ ਅਸਲ ਵਿਚ ਜਦੋਂ ਅਮਲਾਂ ਦੇ ਨਬੇੜੇ ਹੁੰਦੇ ਨੇ ਤਾਂ ਸਭ ਗੱਲਾਂ ਦਾ ਨਿਤਾਰਾ ਹੋ ਜਾਂਦੈ।

ਇਹ ਹਾਲ ਸਿਰਫ਼ ਕ੍ਰਿਕਟਰਾਂ, ਅਦਾਕਾਰਾਂ ਜਾਂ ਗਵੱਈਆਂ ਦਾ ਨਹੀਂ, ਭਾਵੇਂ ਲੀਡਰ ਹੋਵੇ ਜਾਂ ਅਸਰ-ਰਸੂਖ ਵਾਲੇ ਧਨਵੈਲ ਹੋਣ, ਜ਼ਿਆਦਾਤਰ ਦੇ ਹੱਡਾਂ ਨੂੰ 'ਮੌਜ ਮਸਤੀ' ਦਾ ਐਸਾ ਰੋਗ ਚਿੰਬੜਿਆ ਹੋਇਐ ਕਿ ਉਨ੍ਹਾਂ ਦਾ ਸਭ ਕੁੱਝ ਦਾਅ 'ਤੇ ਲੱਗ ਜਾਂਦੈ। ਵੱਡਿਆਂ ਨੂੰ ਕਿਉਂਕਿ ਛੋਟਿਆਂ ਦੀ ਅਵਾਜ਼ ਦਬਾਉਣ ਦਾ ਢੰਗ ਆਉਂਦੈ, ਏਸ ਕਰਕੇ ਉਨ੍ਹਾਂ ਦੀ ਜਾਨ ਛੁੱਟ ਜਾਂਦੀ ਹੈ ਤੇ ਸਾਡੇ ਤੱਕ ਤਾਂ ਸੌ 'ਚੋਂ ਇੱਕੜ-ਦੁੱਕੜ ਗੱਲਾਂ ਹੀ ਪਹੁੰਚਦੀਆਂ ਨੇ, ਜਿਨ੍ਹਾਂ ਜ਼ਰੀਏ ਸ਼ੋਹਰਤ ਦੇ ਹਮਸਾਥੀਆਂ ਦੀਆਂ ਹਰਕਤਾਂ ਦਾ ਖੁਲਾਸਾ ਹੁੰਦੈ।

ਅਨੇਕਾਂ ਕ੍ਰਿਕਟਰਾਂ ਨੂੰ ਆਪਣੀਆਂ ਵਿਗੜੀਆਂ ਆਦਤਾਂ ਕਾਰਨ ਮੈਦਾਨ ਦਾ ਖਹਿੜਾ ਛੱਡਣਾ ਪਿਐ ਤੇ ਅਨੇਕਾਂ ਕਲਾਕਾਰ ਅਜਿਹੇ ਨੇ, ਜਿਨ੍ਹਾਂ ਦੇ ਚਰਿੱਤਰ ਨਾਲ ਜੁੜੀਆਂ ਖ਼ਬਰਾਂ ਸਾਹਮਣੇ ਆਉਣ ਤੋਂ ਬਾਅਦ ਲੋਕਾਂ ਨੇ ਉਨ੍ਹਾਂ ਨੂੰ ਮੂੰਹ ਨਹੀਂ ਲਾਇਆ।

ਵੈਸੇ ਜੇ ਸਾਡੇ ਕ੍ਰਿਕਟਰਾਂ ਤੇ ਕਲਾਕਾਰਾਂ ਦੀ ਤੁਲਨਾ ਕੀਤੀ ਜਾਵੇ ਤਾਂ ਕਈ ਮਾਮਲਿਆਂ ਵਿਚ ਇਹ ਇਕਸਮਾਨ ਨੇ। ਮੌਜ-ਮਸਤੀਆਂ 'ਚ ਫਸੇ ਸਾਡੇ ਖਿਡਾਰੀ ਮੈਚਾਂ ਵਿਚ ਘੱਟ ਵੱਧ ਹੀ ਚੱਲਦੇ ਨੇ ਤੇ ਦੂਜੇ ਪਾਸੇ ਵਿਗੜੀਆਂ ਆਦਤਾਂ ਵਾਲੇ ਸਾਡੇ ਕਲਾਕਾਰਾਂ ਦੀਆਂ ਕੈਸਿਟਾਂ ਵੀ ਘੱਟ ਵੱਧ ਹੀ ਚੱਲਦੀਆਂ ਨੇ। ਫਿਟਨੈਸ ਦਾ ਖਿਆਲ ਨਾ ਰੱਖਣ ਕਰਕੇ ਸਾਡੇ ਖਿਡਾਰੀਆਂ ਦੀਆਂ ਗੋਗੜਾਂ ਵਧੀ ਜਾ ਰਹੀਆਂ ਨੇ ਤੇ ਇਹੋ ਹਾਲ ਸਾਡੇ ਕਲਾਕਾਰਾਂ ਦਾ ਹੈ, ਜਿਹੜੇ ਸਟੇਜ 'ਤੇ ਚੁੰਬਕੀ ਪ੍ਰਦਰਸ਼ਨ ਕਰਨ ਵਾਲੇ ਘੱਟ ਤੇ ਸੂਮੋ ਪਹਿਲਵਾਨ ਵੱਧ ਲੱਗਦੇ ਨੇ।

ਭਾਵੇਂ ਕੋਈ ਇਹ ਕਹੇ ਕਿ ਪਰਦੇ ਨਾਲ ਤਾਂ ਸਭ ਕੁੱਝ ਚੱਲੀ ਜਾਂਦੈ, ਪਰ ਜਿਹੜੇ ਬੰਦੇ ਦਾ ਨਾਂ ਲੋਕਾਂ ਵਿਚ ਖਾਸ ਪਛਾਣ ਰੱਖਦਾ ਹੋਵੇ, ਉਹ ਕੁੱਝ ਪਲਾਂ ਦੀ 'ਮਸਤੀ' ਖ਼ਾਤਰ ਆਪਣਾ ਭਵਿੱਖ ਦਾਅ 'ਤੇ ਕਿਉਂ ਲਾ ਛੱਡਦੈ, ਏਸ ਗੱਲ ਦੀ ਹਾਲੇ ਤੱਕ ਸਾਨੂੰ ਤਾਂ ਸਮਝ ਨਹੀਂ ਆਈ।

*ਫੋਨ:91-98141-78883*

# ਅਖੇ! ਪਿੰਡਾਂ ਵਿਚੋਂ ਪਿੰਡ ਸੁਣੀਂਦਾ...

ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ
ਫੋਨ:510-277-2592

*ਜਿਹੜਾ ਬੰਦਾ ਪਿੰਡ 'ਚ ਜੰਮ ਕੇ ਅਮੀਰ ਬਣ ਜਾਵੇ, ਰਹੇ ਜਿਥੇ ਮਰਜ਼ੀ ਉਹਦੇ ਅੰਦਰ ਸੂਮ ਹੋਣ ਦਾ ਔਗੁਣ ਆ ਨਹੀਂ ਸਕਦਾ। ਜਿਹੜਾ ਮੱਝਾਂ ਦੀਆਂ ਪੂਛਾਂ ਫੜ ਕੇ ਛੱਪੜ 'ਚ ਨਹਾਉਂਦਾ ਰਿਹਾ ਹੋਵੇ ਉਹ ਭਾਵੇਂ ਡੀ.ਸੀ. ਵੀ ਲੱਗ 'ਜੇ ਜਦੋਂ ਪਿੰਡ ਆਵੇਗਾ ਤਾਂ ਸਾਫਾ ਮੰਗ ਕੇ ਆਖੇਗਾ 'ਚੱਲ ਮੋਟਰ 'ਤੇ ਨਹਾ ਆਈਏ।' ਇਸੇ ਕਰਕੇ ਦਰਿਆਦਿਲੀ ਸ਼ਹਿਰੀਆਂ ਦੇ ਮੁਕਾਬਲੇ ਪੇਂਡੂਆਂ ਕੋਲ ਹੀ ਵਧ ਰਹੀ ਹੈ।' ਵਸੀਏ ਸ਼ਹਿਰ... ਵਾਲੀ ਕਹਾਵਤ ਇਨ੍ਹਾਂ 'ਤੇ ਲਾਗੂ ਨਹੀਂ ਹੁੰਦੀ ਕਿਉਂਕਿ ਉਹ ਸੁਰਜੀਤ ਪਾਤਰ ਦੇ ਕਹਿਣ ਵਾਂਗ 'ਪਿੰਡਾਂ 'ਚ ਚਲਦੇ ਨੇ ਜਿਨ੍ਹਾਂ ਦੇ ਹੁਕਮ ਅਤੇ ਸਰਦਾਰੀ, ਸ਼ਹਿਰ 'ਚ ਜਾ ਕੇ ਬਣ ਜਾਂਦੇ ਨੇ ਬਸ ਦੀ ਇਕ ਸਵਾਰੀ...' ਸੋਚਦੇ ਹਨ ਪਿੰਡਾਂ 'ਚ ਸਰਪੰਚੀ ਦੀਆਂ ਵੋਟਾਂ 'ਤੇ ਲੱਖਾਂ ਰੁਪਏ ਇਸ ਕਰਕੇ ਖਰਚ ਹੋਣ ਲੱਗ ਪਏ ਹਨ, ਕਿਉਂਕਿ ਸਿਆਣੇ ਸਰਪੰਚ ਸਮਝਦੇ ਹਨ ਉਹ ਆਪਣੇ ਨਗਰ ਦੇ ਮੁੱਖ ਮੰਤਰੀ, ਡੀ.ਜੀ.ਪੀ., ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀ. ਦੇ ਇਕੱਠੇ ਚਾਰ ਅਹੁਦਿਆਂ 'ਤੇ ਤਾਇਨਾਤ ਹਨ ਤੇ ਜਿਹੜੇ ਆਪਣੇ ਆਪ ਨੂੰ ਨਾਲ ਖਜ਼ਾਨਾ ਮੰਤਰੀ ਵੀ ਸਮਝਣ ਲੱਗ ਪੈਂਦੇ ਹਨ ਉਹੀ ਸਮਝਦੇ ਹਨ ਕਿ ਬੀ.ਡੀ.ਓ. ਤੇ ਪੰਚਾਇਤ ਅਫਸਰ ਨਾਲ ਮਿਲ ਕੇ ਸਰਕਾਰੀ ਲਾਟਾਂ 'ਤੇ ਗੰਡਾਸਾ ਵੀ ਫੇਰਿਆ ਜਾ ਸਕਦਾ ਹੈ। ਤੇ ਜਿਨ੍ਹਾਂ ਨੇ ਸਵੇਰੇ ਵੇਲੇ ਬਾਂਗਾ ਦੇਂਦੇ ਕੁੱਕੜ, ਗੋਹਾ-ਕੂੜਾ ਕਰਦੀਆਂ ਤੇ ਭੱਤਾ ਢੋਂਹਦੀਆਂ ਸੁਆਣੀਆਂ, ਖੂਹਾਂ 'ਤੇ ਖੜਕਦੇ ਡੋਲ, ਬੋਹੜਾਂ ਥੱਲੇ ਸੱਥ, ਗੰਨੇ, ਤੱਤਾ ਤੱਤਾ ਗੁੜ, ਸਰ੍ਹੋਂ ਦਾ ਸਾਗ, ਘਰ ਦੀ ਕੱਢੀ ਪਹਿਲੇ ਤੋੜ ਵਾਲੀ ਵੇਖੀ ਜਾਂ ਖਾਧੀ ਨਹੀਂ ਉਹ ਕਿਥੇ ਜਾਣ ਸਕਦੇ ਨੇ ਰੱਬ ਨੂੰ। ਕਿੱਥੋਂ ਲੱਭੋਗੇ, ਇਹ ਤਾਂ ਪੇਂਡੂਆਂ ਨੇ ਅਗਵਾ ਕੀਤਾ ਹੋਇਐ। ਲੋਕ ਬੋਲੀਆਂ 'ਚ 'ਉਰਲੇ ਪਾਸੇ ਢਾਬ ਸੁਣੀਂਦੀ ਪਰਲੇ ਪਾਸੇ ਟੋਭਾ, ਟੋਭੇ ਤੇ ਇਕ ਸਾਧੂ ਰਹਿੰਦਾ... ਜਾਂ ਬੰਗਿਆਂ ਕੋਲ ਮਜਾਰੀ... ਨਾ ਪਤਲੀ ਨਾ ਭਾਰੀ....' ਪੇਂਡੂ ਜਨ-ਜੀਵਨ ਦਾ ਸਹੀ ਮਾਅਨਿਆਂ ਵਿਚ ਸਭਿਆਚਾਰਕ ਵਿਸ਼ਲੇਸ਼ਣ ਹੈ। ਜਿਹੜੇ ਪਿੰਡਾਂ 'ਚ ਜੰਮ ਕੇ ਸ਼ਹਿਰ ਵਸ ਗਏ ਤੇ ਮੁੜ ਕੇ ਪਿੰਡ ਨਹੀਂ ਗਏ ਉਨ੍ਹਾਂ ਦੀ ਸੋਚ ਤੇ ਅਕਲ ਦਾ ਮੱਚ ਹੀ ਮਰਿਆ ਹੋ ਸਕਦੈ...ਖੈਰ! ਪਿੰਡਾਂ 'ਚ ਢੋਲਕੀਆਂ ਛੈਣੇ ਖੜਕਦੇ ਆਏ ਹਨ ਪਰ...।*

ਜੇ ਕੋਈ ਤੁਹਾਡਾ ਕੱਟੜ ਦੁਸ਼ਮਣ ਵੀ ਹੈ, ਪਰ ਉਹਦੇ ਗੁਣਾਂ ਨੂੰ ਦੁਨੀਆਂ ਮੰਨਦੀ ਹੈ ਤਾਂ ਇਨ੍ਹਾਂ ਗੁਣਾਂ ਦਾ ਰਸ ਆਪਣੇ ਅੰਦਰ ਭਰਨ ਤੋਂ ਕੁਤਾਹੀ ਨਾ ਕਰੋ। ਜੇ ਤੁਹਾਡਾ ਉਸਤਾਦ ਅਵਗੁਣਾਂ ਦੀ ਖੱਟੀ ਖਾ ਰਿਹਾ ਹੈ ਤਾਂ ਇਨ੍ਹਾਂ ਨੂੰ ਪਰ੍ਹਾਂ ਹੀ ਨਾ ਰੱਖੋ ਸਗੋਂ ਇਨ੍ਹਾਂ ਦੀ ਨਿੰਦਿਆ ਵੀ ਕਰੋ। ਦੁੱਖ ਦੁਸ਼ਮਣ ਵੀ ਦਿੰਦੇ ਨੇ ਦੋਸਤ ਵੀ, ਕੋਈ ਮਿਲਣ ਲੱਗਿਆਂ ਤੇ ਕੋਈ ਵਿਛੜਨ ਲੱਗਿਆਂ। ਜਿਥੋਂ ਦਾ ਖਾਂਦੇ ਹੋ ਉਹਦਾ ਬੁਰਾ ਨਾ ਮੰਨੋ ਤੇ ਜਿਸ ਮਿੱਟੀ ਨੇ ਤੁਹਾਨੂੰ ਜਨਮ ਦਿੱਤਾ ਉਹਦਾ ਮੱਥੇ 'ਤੇ ਟਿੱਕਾ ਲਗਾਉਣ ਵਿਚ ਸ਼ਰਮ ਨਾ ਮਹਿਸੂਸ ਕਰੋ। ਤ੍ਰਿਕਾਲਾਂ ਪੈਂਦੀਆਂ ਹਨ ਤਾਂ ਪੰਛੀ ਵੀ ਆਪਣੇ ਘਰਾਂ (ਆਲ੍ਹਣਿਆਂ) ਵਲ ਮੁੜ ਪੈਂਦੇ ਨੇ, ਕਿਉਂਕਿ ਪੰਛੀ ਉਡਦੇ ਭਾਵੇਂ ਅਸਮਾਨ 'ਚ ਨੇ ਪਰ ਆਲ੍ਹਣੇ ਧਰਤੀ 'ਤੇ ਪਾ ਕੇ ਰੱਖਦੇ ਹਨ। ਇਸ ਲਈ ਬੰਦਾ ਦੁਨੀਆਂ 'ਚ ਜਿਥੇ ਮਰਜ਼ੀ ਭੱਜਿਆ-ਦੌੜਿਆ ਫਿਰੇ, ਉਹ ਆਪਣੀ ਮਾਂ ਅਤੇ ਮਾਤਭੂਮੀ ਤੋਂ ਟੁੱਟਿਆਂ ਨਹੀਂ ਹੁੰਦਾ। ਕਿਤੇ ਵਿਹਲ ਮਿਲੇ ਤਾਂ ਉਨ੍ਹਾਂ ਲੋਕਾਂ ਦਾ ਦਰਦ ਕਾਲਜੇ 'ਤੇ ਹੱਥ ਧਰ ਕੇ ਪੁੱਛਿਓ ਜਿਨ੍ਹਾਂ ਨੂੰ ਵਰ੍ਹੇ ਬੀਤ ਗਏ ਹਨ ਮਾਂ ਤੇ ਮਾਤਭੂਮੀ ਨੂੰ ਮਿਲਿਆਂ। ਉਨ੍ਹਾਂ ਨੂੰ ਕਈ ਵਾਰ ਧਨ ਦੌਲਤ ਵੀ ਕੌਡੀਆਂ ਵਰਗੀ ਲਗਦੀ ਹੈ। ਭਾਵੇਂ ਮੱਛਰ ਖਾਵੇ, ਭਾਵੇਂ ਮੱਖੀਆਂ ਭਿਣਕਣ, ਪਰ ਚਾਟੀ ਦੀ ਲੱਸੀ, ਸਰ੍ਹੋਂ ਦਾ ਸਾਗ, ਕੂੰਡੇ ਦੀ ਚਟਣੀ, ਮੱਕੀ ਦੀ ਰੋਟੀ, ਮੱਖਣ ਦਾ ਪੇੜਾ ਮਾਂ ਦੇ ਗੋਡੇ ਨਾਲ ਲੱਗ ਕੇ ਖਾਣ ਦਾ ਮੌਕਾ ਮਿਲ ਜਾਵੇ ਤਾਂ ਘਰ ਕੱਚਾ ਵੀ ਹੋਵੇ, ਮਹਿਲਾਂ ਤੋਂ ਘੱਟ ਨਹੀਂ ਜਪਦਾ। ਬੋਤਲਾਂ ਦਾ ਠੰਢਾ ਪਾਣੀ ਖੂਹ ਦੀਆਂ ਟਿੰਡਾਂ ਵਿਚਲੇ ਅਤੇ ਆੜ ਦੇ ਮਿੱਠੇ ਪਾਣੀ ਨੂੰ ਮਾਤ ਨਹੀਂ ਦੇ ਸਕਿਆ। ਪਿੰਡ ਉਹ ਥਾਂ ਹੈ ਜਿੱਥੇ ਬਚਪਨ ਉਡਾਰ ਹੋ ਕੇ ਵੀ ਕਹਿੰਦਾ ਹੈ 'ਪਿੰਡ ਦੀਆਂ ਗਲੀਆਂ, ਨੱਕ ਦੀਆਂ ਨਲੀਆਂ, 'ਰਵਾਂ ਦੀਆਂ ਫਲੀਆਂ ਤੇ ਦੋਧਾ ਛੱਲੀਆਂ' ਹੀ ਜ਼ਿੰਦਗੀ ਦੀ ਬਾਦਸ਼ਾਹੀ ਹੁੰਦੀਆਂ ਹਨ। ਤੇ:

ਤੇਰੇ ਘੜਿਆਂ ਦਾ ਪਾਣੀ
ਤੇਰੇ ਚੁੱਲ੍ਹਿਆਂ ਦੀ ਅੱਗ
ਜਗੇ ਆਲੇ ਵਿਚ ਦੀਵਾ
ਟੰਗੀ ਕਿੱਲੀ ਉਤੇ ਪੱਗ
ਤੇਰੇ ਪਿੱਪਲਾਂ ਦੀ ਛਾਂ
ਘਰੇ ਬੈਠੀ ਦਾਦੀ ਮਾਂ
ਉਹ ਹੈ ਸੋਹਣਾ ਜਿਹਾ ਗਰਾਂ
ਜ਼ਰਾ ਸੋਚ ਕੇ ਤਾਂ ਵੇਖੋ
ਕੀਹਨੂੰ ਭੁੱਲੀ ਉਹੋ ਥਾਂ...

ਪਿੰਡ ਨੂੰ ਭਾਵੇਂ ਟਾਂਗਾ ਵੀ ਨਹੀਂ ਜਾਂਦਾ ਸੀ, ਹੁਣ ਬੱਸ ਜਾਂ ਟੈਂਪੂ ਵੀ ਨਹੀਂ ਜਾਂਦੇ, ਸਕੂਲ ਵੀ ਨਹੀਂ ਸੀ, ਡਾਕਟਰ ਵੀ ਨਹੀਂ ਸਨ ਪਰ ਬੁੱਤ ਲੈ ਕੇ ਕਿਤੇ ਵੀ ਘੁੰਮੀ ਜਾਵੋ, ਕਲਬੂਤ ਪਿੰਡ ਦੀ ਖੜਕਾਲੀ ਵਿਚੋਂ, ਰੂਹ ਉਥੇ ਹੀ ਬੈਠੀ ਦੁਹਾਈਆਂ ਦੇ ਜਾਂਦੀ ਹੈ ਜਿਥੇ ਛੱਡ ਕੇ ਆਏ ਸੀ ਕਿ 'ਪਰਦੇਸ਼ੋਂ ਘਰ ਮੁੜ ਆ ਸੱਜਣਾਂ...।' ਭਾਵੇਂ ਆਪਣੇ ਪਿੰਡਾਂ 'ਚ ਰਾਜਨੀਤੀ ਇਸ ਹੱਦ ਤੱਕ ਪ੍ਰਵੇਸ਼ ਕਰ ਗਈ ਹੈ ਕਿ ਹੁਣ ਕੋਈ ਵੀ ਪੱਤੇ ਵਿਖਾ ਕੇ ਬਾਜ਼ੀ ਨਹੀਂ ਖੇਡ ਰਿਹਾ ਪਰ ਫਿਰ ਵੀ ਨਹੀਂ ਭੁੱਲਿਆ ਕਿ ਪਿੰਡ 'ਚ ਸਾਰੇ ਆਪਣੇ ਹੀ ਚਾਚੇ-ਤਾਏ ਜਾਂ ਦਾਦੇ-ਦਾਦੀਆਂ ਹੁੰਦੇ ਹਨ। ਭਾਵੇਂ ਦਾਤੀ ਤੇ ਹਥੌੜਾ ਘਰਾਂ 'ਚੋਂ ਨਿਕਲਿਆ ਨਹੀਂ, ਗੁਰਾਂ ਦਾ ਪੰਜਾ ਰਾਜਨੀਤੀ ਦਾ ਪਹਿਚਾਣ ਚਿੰਨ੍ਹ ਬਣ ਗਿਐ। ਜਿਸ ਹਾਥੀ ਨੂੰ ਵੇਖਣ ਲਈ ਬਚਪਨ ਕਿਲਕਾਰੀਆਂ ਮਾਰਦਾ ਹੁੰਦਾ ਸੀ, ਉਸ ਹਾਥੀ ਦੀ ਫੋਟੋ ਵਾਲੇ ਝੰਡੇ ਲੱਗ ਗਏ ਹਨ। ਰਾਮੂ ਬਾਣੀਏ ਦੀ ਠੋਲਾ ਮਾਰਨ ਵਾਲੀ ਤੱਕੜੀ ਹਕੂਮਤ ਕਰਨ ਦਾ ਨਿਸ਼ਾਨ ਸਾਹਿਬ ਬਣ ਗਈ ਹੈ। ਘਰ 'ਚ ਇਕ ਚੁੱਲ੍ਹੇ 'ਤੇ ਕੀਲੀਆਂ ਵਾਲੇ ਤੇ ਇਸ 'ਤੇ ਚਿੱਟੀਆਂ ਵਾਲੇ ਦਾਲ-ਫੁਲਕਾ ਲਾਹੁੰਦੇ ਨੇ ਪਰ ਫਿਰ ਵੀ ਅਸੀਂ ਆਖਦੇ ਹਾਂ ਮੇਰੇ ਪੰਜਾਬ 'ਚ ਪਿੰਡ ਹੀ ਉਹ ਥਾਂ ਹੈ ਜਿਥੇ ਰੱਬ ਪ੍ਰਾਹੁਣਾ ਬਣ ਕੇ ਆਇਆ ਹੀ ਰਹਿਣਾ ਹੈ। ਜਿਥੇ ਇਤਫਾਕ ਤੇ ਮੁਹੱਬਤ ਘਿਓ-ਖਿਚੜੀ ਹੋ ਕੇ ਕਿੱਕਲੀ ਪਾਉਂਦੀਆਂ ਹਨ। ਹਲ, ਪੰਜਾਲੀ, ਖੂਹ ਦੀਆਂ ਟਿੰਡਾਂ, ਬਲਦਾਂ ਦੀਆਂ ਟੱਲੀਆਂ, ਘੜੇ, ਖੂਹ, ਮਧਾਣੀਆਂ, ਚੌਕੇ-ਚੁੱਲ੍ਹੇ, ਚਿਮਟੇ, ਫੂਕਨੇ, ਪਰਾਤਾਂ, ਘੱਗਰੇ, ਫੁਲਕਾਰੀਆਂ, ਘੁੰਗਰੂਆਂ ਵਾਲੀਆਂ ਪੱਖੀਆਂ, ਸੱਥਾਂ, ਬਾਬੇ, ਬੋਹੜ, ਪਿੱਪਲ, ਤ੍ਰਿੰਞਣ ਨਾ ਵੀ ਪਿੰਡਾਂ 'ਚ ਹੋਣ, ਪਰ ਹਾਲੇ ਵੀ ਇਹ ਗੱਲ ਨਹੀਂ ਮੁੱਕੀ ਕਿ ਪਿੰਡ ਦੀਆਂ ਕੁੜੀਆਂ-ਚਿੜੀਆਂ ਸਭ ਦੀਆਂ ਧੀਆਂ-ਭੈਣਾਂ ਹੀ ਹੁੰਦੀਆਂ ਹਨ।

ਪਹਿਲਾਂ ਜਲੰਧਰ 'ਚ ਫਿਰ ਨਵਾਂਸ਼ਹਿਰ 'ਚ ਤੇ ਹੁਣ ਜ਼ਿਲ੍ਹਾ ਭਗਤ ਸਿੰਘ ਨਗਰ 'ਚ ਹੈ ਮੇਰਾ ਪਿੰਡ ਭੌਰਾ। ਇਸ ਪਿੰਡ ਦੀ ਵਿਥਿਆ ਤੇ ਵਿਆਖਿਆ ਦੇ ਵਿਸਥਾਰ ਵਿਚ ਕਦੇ ਫੇਰ ਜਾਵਾਂਗਾ ਇਥੇ ਹੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਸਾਧੂ ਸਿੰਘ ਭੌਰਾ ਦਾ ਜਨਮ ਹੋਇਆ, ਪਿੰਡ 'ਚ ਨਾ ਜੰਮ ਕੇ ਵੀ ਪਿੰਡ ਦੇ ਨਾਂ ਨਾਲ ਇੰਗਲੈਂਡ ਦੀ ਹਾਕੀ ਟੀਮ 'ਚ ਖੇਡਣ ਵਾਲਾ ਕੁਲਬੀਰ ਭੌਰਾ ਵੀ ਇਥੋਂ ਦਾ ਹੀ ਹੈ। ਸਿਆਸਤਦਾਨ ਦਿਲਬਾਗ ਸਿਘ ਵੀ, ਚੰਨੀ, ਪ੍ਰਕਾਸ਼ ਤੇ ਢਾਡੀ ਗਵਈਏ ਇਥੇ ਹੀ ਜੰਮੇ ਹਨ ਤੇ ਮੈਂ ਉਹ ਗੱਲ ਤਾਂ ਨਹੀਂ ਕਹਿੰਦਾ ਕਿ 'ਨੱਚਾਂ ਮੈਂ ਲੁਧਿਆਣੇ ਤੇ ਮੇਰੀ ਧਮਕ ਜਲੰਧਰ ਪੈਂਦੀ' ਪਰ ਏਨਾ ਜ਼ਰੂਰ ਕਹਾਂਗਾ ਕਿ ਬਾਤ ਭਾਵੇਂ ਕਿਤੇ ਵੀ ਸੁਣਾ ਰਿਹਾ ਹੋਵਾਂ, ਹੁੰਗਾਰਾ ਆਪਣੇ ਪਿੰਡੋਂ ਹੀ ਉਡੀਕਦਾ ਹਾਂ।

ਸਾਡੇ ਜ਼ਿਲ੍ਹੇ 'ਚ ਹੀ ਇਕ ਪਿੰਡ ਦਾ ਨਾਂ ਸੀ ਭਕੜੁੱਦੀ। ਨਾਂ ਲੈਣ ਲੱਗਿਆਂ, ਮੁੰਡੇ-ਕੁੜੀਆਂ ਦੇ ਵਿਆਹ ਵੇਲੇ ਰਿਸ਼ਤੇਦਾਰੀਆਂ ਕਾਇਮ ਕਰਦਿਆਂ ਕਈ ਵਾਰ ਕਸੂਤੇ ਜਿਹੇ ਨਾਂ ਤੋਂ ਅੱਖ ਸ਼ਰਮਾ ਜਾਂਦੀ ਸੀ। ਬੜਾ ਔਖਾ ਨਾਂ ਬਦਲਾਇਆ ਤੇ ਅੱਜ-ਕੱਲ੍ਹ ਇਹਨੂੰ ਅਮਰਗੜ੍ਹ ਕਹਿੰਦੇ ਹਨ। ਹੁਸ਼ਿਆਰਪੁਰ 'ਚ ਮਾਹਿਲਪੁਰ ਲਾਗੇ ਇਕ ਪਿੰਡ ਸੀ ਨੰਗਲ ਚੋਰਾਂ, ਤੇ ਪਿੰਡ ਵਾਲਿਆਂ ਨੇ ਵੀਹ ਸਾਲ ਰਾਸ਼ਟਰਪਤੀ ਤੱਕ ਮੁਕੱਦਮਾ ਲੜਕੇ ਇਸ ਪਿੰਡ ਦਾ ਨਾਂ ਬਦਲਾਇਆ। 'ਨੰਗਲ ਖਿਲਾੜੀਆਂ' ਜਿਵੇਂ ਬੰਦਾ ਬਾਪ ਦੇ ਨਾਂ ਦੀ ਲੱਜ ਪਾਲਦਾ ਹੈ, ਇਵੇਂ ਪਿੰਡ ਦੇ ਨਾਂ ਨੂੰ ਚੌਦਵੀਂ ਦੇ ਚੰਨ ਵਾਂਗ ਹਰ ਕੋਈ ਚਮਕਦਾ ਵੇਖਣਾ ਚਾਹੁੰਦਾ ਹੈ। ਇਹ ਗੱਲ ਪਿੰਡਾਂ ਦੀ ਸਾਂਝ ਦਾ ਹੀ ਸਲੋਕ ਹੈ ਕਿ ਹੁਣ ਭਾਵੇਂ ਜ਼ਮਾਨਾ ਬਦਲ ਗਿਆ ਹੈ ਪਰ ਹਾਲੇ ਵੀ ਪਿੰਡ ਦੀ ਧੀ ਭੈਣ ਉਧਲ ਜਾਵੇ, ਜਾਂ ਨਿਕਲ ਜਾਵੇ ਤਾਂ ਨਮੋਸ਼ੀ ਦੇ ਪ੍ਰਛਾਵੇਂ ਚੁੱਲ੍ਹਿਆਂ 'ਚ ਪਾਣੀ ਪਾਉਂਦੇ ਰਹਿੰਦੇ ਹਨ।

ਜਦੋਂ ਚੰਡੀਗੜ੍ਹ ਤੋਂ ਪੰਜਾਬੀ ਟ੍ਰਿਬਿਊਨ ਛਪਣਾ ਸ਼ੁਰੂ ਹੋਇਆ ਤਾਂ ਇਸ ਦਾ ਬਾਨੀ ਸੰਪਾਦਕ ਬਣਿਆ ਸ. ਬਰਜਿੰਦਰ ਸਿੰਘ ਹਮਦਰਦ ਜੋ ਅੱਜ-ਕੱਲ੍ਹ ਅਜੀਤ ਦੇ ਮਾਲਕ ਤੇ ਸੰਪਾਦਕ ਨੇ। ਇਹ ਅਖ਼ਬਾਰ ਪੇਂਡੂਆਂ ਲਈ ਪਹਿਲਾਂ-ਪਹਿਲ ਸਭ ਤੋਂ ਵੱਡੀ ਧੜਕਣ ਇਸ ਕਰਕੇ ਬਣਿਆ ਕਿ ਇਸ ਵਿਚ ਰੋਜ਼ਾਨਾ ਛਪਦੇ ਇਕ ਕਾਲਮ 'ਪਿੰਡਾਂ ਵਿਚੋਂ ਪਿੰਡ ਸੁਣੀਂਦਾ' ਨੇ ਬੜੀ ਪ੍ਰਸਿੱਧੀ ਖੱਟੀ। ਹੁਣ ਭਾਵੇਂ ਕਈ ਅਖ਼ਬਾਰਾਂ ਇਸ ਸਿਰਲੇਖ ਅਧੀਨ ਛਾਪਣ ਪਰ ਗੱਲ ਪੁਰਾਣੀ ਨਵੀਂ ਨਹੀਂ ਬਣਦੀ। ਪੰਜਾਬੀ ਪੱਤਰਕਾਰੀ ਦੇ ਖੇਤਰ ਵਿਚ ਵੀ ਇਹ ਪਹਿਲਾ ਮੌਕਾ ਸੀ ਜਦੋਂ ਕਿਸੇ ਅਖ਼ਬਾਰ ਨੇ ਲੇਖਕਾਂ/ਕਵੀਆਂ ਨੂੰ ਸੇਵਾ ਫਲ ਦੇਣ ਦਾ ਵੱਡਾ ਫੈਸਲਾ ਲਿਆ ਸੀ। ਉਨ੍ਹਾਂ ਦਿਨਾਂ 'ਚ ਹਰਭਜਨ ਹਲਵਾਰਵੀ ਪਿੰਡਾਂ ਬਾਰੇ ਛਪਣ ਵਾਲੇ ਸੰਪਾਦਕੀ ਪੰਨੇ ਨੂੰ ਵੇਖਦਾ ਸੀ। ਪੰਜਾਹ ਰੁਪਏ ਪ੍ਰਤੀ ਪਿੰਡ ਬਾਰੇ ਲਿਖਣ ਲਈ ਮਿਲਦੇ ਸਨ।

ਮੈਨੂੰ ਵੀ ਜ਼ਿੰਦਗੀ ਵਿਚ ਇਕ ਵਾਰ ਲਿਖਣ ਕਰਕੇ ਮੁਕੱਦਮੇ ਦਾ ਸਾਹਮਣਾ ਕਰਨਾ ਪਿਆ। ਗੱਲ 1976 ਦੀ ਹੈ ਜਦੋਂ ਮੈਂ ਹਾਲੇ ਨੌਵੀਂ ਜਮਾਤ ਵਿਚ ਮਾਹਿਲ ਗਹਿਲਾਂ ਦੇ ਸਰਕਾਰੀ ਸਕੂਲ 'ਚ ਪੜ੍ਹਦਾ ਸੀ। ਵਿਸ਼ਾ ਵੀ ਇਕ ਪਿੰਡ ਬਾਰੇ ਲਿਖਣ ਦਾ ਸੀ ਇਸੇ ਲਈ ਹੁਣ ਜਦੋਂ ਕੋਈ ਪਿੰਡ ਬਾਰੇ ਲਿਖਦਾ ਹੈ ਕਿ 'ਪਿੰਡਾਂ ਵਿਚੋਂ ਪਿੰਡ ਸੁਣੀਂਦਾ' ਤਾਂ ਮੈਂ ਨੱਕ ਵੱਟ ਲੈਂਦਾ ਹਾਂ ਕਿ 'ਅਖੇ ਪਿੰਡਾਂ ਵਿਚ ਪਿੰਡ ਸੁਣੀਂਦਾ...?'

ਹਾਲਾਂ ਕਿ ਮੈਂ ਉਪਰੋਕਤ ਸਿਰਲੇਖ ਅਧੀਨ ਤਾਂ ਨਹੀਂ ਲਿਖਿਆ ਤੇ ਨਾ ਹੀ ਮੈਨੂੰ 44 ਪੈਸੇ ਪ੍ਰਤੀ ਮਹੀਨਾ ਫੀਸ ਨਾਲ ਪੜ੍ਹਦੇ ਨੂੰ ਪੰਜਾਹਾਂ ਦਾ ਲਾਲਚ ਸੀ। ਗੀਤ ਤਾਂ ਹੈ ਕਿ:

ਦਿਲ ਦੀ ਕਿਤਾਬ ਉਤੇ ਲਿਖਿਆ ਗਿਆ
ਹਾਏ ਅੰਮੀਏ ਨੀ ਆਪੇ ਸੱਜਣਾਂ ਦਾ ਨਾਂ...
ਘੂਰਦੀ ਤੂੰ ਮੈਨੂੰ ਮੇਰੇ ਵੱਸ ਹੁੰਦਾ ਤਾਂ...
ਹਾਏ...

ਪਰ ਵਿਅੰਗਮਈ ਲਹਿਜ਼ੇ 'ਚ ਮੈਂ ਅਕਸਰ ਆਖਦਾ ਹਾਂ, 'ਐਵੇਂ ਹੀ ਨਿਆਣੇ ਹੁੰਦੇ ਲਿਖਿਆ ਗਿਆ, ਪਤਾ ਹੀ ਨਾ ਲੱਗਾ ਕਿ ਉਹ ਸ਼ਹਿਰ ਕਿ ਗਰਾਂ' ਉਸ ਉਮਰ ਦੀ ਗੱਲ ਹੈ ਕਿ ਜਦੋਂ ਅਧਿਆਪਕਾਂ ਦੇ ਡੰਡੇ ਤੋਂ ਡਰ ਲੱਗਦਾ ਹੁੰਦਾ ਹੈ, ਪਰ ਮੇਰੇ ਪਿੱਛੇ ਪੁਲਿਸ ਦਾ ਡੰਡਾ ਤੇ ਉਸ ਪਿੰਡ ਦੇ ਬਦਮਾਸ਼ਾਂ ਦੀਆਂ ਰਫਲਾਂ ਤਣ ਗਈਆਂ। ਬੜੀ ਦੇਰ ਬਾਅਦ ਪਤਾ ਲੱਗਾ ਕਿ ਹਰ ਪਿੰਡ ਦਾ ਇਤਿਹਾਸ ਤਹਿਸੀਲ ਦੇ ਮਾਲਖਾਨੇ 'ਚ ਹੁੰਦਾ ਹੈ। ਪਰ ਉਦੋਂ ਮੈਂ ਉਸ ਪਿੰਡ ਬਾਰੇ ਸੁਣ ਕੇ ਹੀ ਲਿਖ ਬੈਠਾ। ਭਾਵੇਂ ਕਿ ਗੱਲ ਸੱਚੀ ਵੀ ਸੀ।

ਹੁਸ਼ਿਆਰਪੁਰ ਜ਼ਿਲ੍ਹੇ ਦੇ ਇਕ ਪਿੰਡ ਬਾਰੇ ਲਿਖ ਕੇ ਮੈਂ ਇਕ ਅਖ਼ਬਾਰ ਨੂੰ ਭੇਜ ਦਿੱਤਾ ਤੇ ਉਹ ਤੀਜੇ ਚੌਥੇ ਦਿਨ ਛਪ ਵੀ ਗਿਆ। ਪਰ ਅਗਲੇ ਦਿਨ ਹਾਲਾਤ ਉਹ ਬਣੇ ਜਿਵੇਂ ਅਫਗਾਨਿਸਤਾਨ 'ਚ ਅਮਰੀਕਾ 'ਚ ਹੋਏ 9/11 ਤੋਂ ਬਾਅਦ ਬਣੇ ਸਨ। ਹੋਇਆ ਇਹ ਕਿ ਜਦੋਂ ਮੈਂ ਪਿੰਡ ਦੇ ਸਰਪੰਚ ਕੋਲ ਟੁੱਟੇ ਜਿਹੇ ਸਾਈਕਲ 'ਤੇ ਕਾਪੀ ਪੈਨ ਚੁੱਕ ਕੇ ਲਿਖਣ ਗਿਆ ਤੇ ਉਹਨੇ ਜੋ ਪਿੰਡ ਦਾ ਇਤਿਹਾਸ ਦੱਸਿਆ ਉਵੇਂ ਲਿਖ ਦਿੱਤਾ। ਉਵੇਂ ਹੀ ਉਹ ਛਪ ਵੀ ਗਿਆ। ਪਿੰਡ ਦਾ ਸਰਪੰਚ ਨਿਰੰਜਨ ਦਾਸ ਝਿਊਰ ਬਰਾਦਰੀ ਨਾਲ ਸੰਬੰਧਿਤ ਸੀ। ਉਸ ਨੇ ਦੱਸਿਆ ਕਿ ਇਸ ਪਿੰਡ ਦਾ ਨਾਂ ਇਉਂ ਪਿਆ ਹੈ ਕਿ:

40-50 ਪਿੰਡਾਂ ਦੀ ਰਿਆਸਤ ਦਾ ਮਾਲਕ ਇਕ ਮੁਸਲਮਾਨ ਰਾਜਪੂਤ ਸੀ। ਉਹ ਇਥੇ ਬੰਗਲੇ 'ਚ ਇਕੱਲਾ ਹੀ ਰਹਿੰਦਾ ਸੀ। ਉਹ ਮਰ ਗਿਆ ਤੇ ਉਸ ਦੀ ਪਤਨੀ ਨੇ ਮਹਿਲਾਂ 'ਚ ਰੋਟੀ ਟੁੱਕ ਦਾ ਕੰਮ ਕਰਨ ਵਾਲੇ ਰਸੋਈਏ ਨਾਲ ਚਾਦਰਦਾਰੀ ਕਰ ਲਈ ਤੇ ਇਹ ਦੋ-ਘਰਾਂ ਤੋਂ ਵੱਡਾ ਪਿੰਡ ਬਣ ਗਿਆ। ਮੋਹਨ ਦਾਸ ਕਰਮ ਚੰਦ ਗਾਂਧੀ ਵਾਂਗ ਉਸ ਔਰਤ ਦਾ ਨਾਂ ਪਹਿਲਾਂ ਰੱਖ ਕੇ ਪਿੱਛੇ ਉਸ ਰਸੋਈਏ ਦਾ ਨਾਂ, ਇਸ ਪਿੰਡ ਨੂੰ ਦੇ ਦਿੱਤਾ ਗਿਆ। ਇਸ ਤਰ੍ਹਾਂ ਉਸ ਰਿਆਸਤ ਦੇ ਮਾਲਕ ਦੀ ਪਤਨੀ ਨੇ ਅੱਗੋਂ ਸਾਰੀ ਔਲਾਦ ਨੂੰ ਪਿਤਾ ਦਾ ਨਾਂ ਉਸ ਰਸੋਈਏ ਵਜੋਂ ਦਿੱਤਾ। ਭਾਵੇਂ ਇਸ ਪਿੰਡ ਵਿਚ ਉਸ ਮੁਸਲਮਾਨ ਪਰਿਵਾਰ 'ਚੋਂ 5 ਕੁ ਘਰ ਹੀ ਬਚੇ ਪਰ ਹੈ ਬੜੇ ਅਮੀਰ ਤੇ ਕਹਿੰਦੇ ਕਹਾਉਂਦੇ। ਪਰ ਉਹ ਭੁੱਲ ਗਏ ਨੇ ਕਿ ਉਹ ਔਲਾਦ ਸਾਡੇ ਚੰਦਨ ਦਾਸ ਦੀ ਹੀ ਨੇ। ਕੁਨਬਾ ਉਨ੍ਹਾਂ ਦਾ ਬਹੁਤ ਵੱਡਾ ਸੀ ਪਰ ਵੰਡ ਤੋਂ ਪਿੱਛੋਂ ਇਨ੍ਹਾਂ 'ਚੋਂ ਬਹੁਤੇ ਇਸਲਾਮਾਬਾਦ ਚਲੇ ਗਏ।

ਅਖ਼ਬਾਰ ਵਿਚ ਛਪਣ ਦੀ ਦੇਰ ਸੀ ਕਿ ਇਹ ਖਬਰ ਜੰਗਲ ਦੀ ਅੱਗ ਵਾਂਗ ਗੁੱਸੇ ਦੀਆਂ ਉਚੀਆਂ ਲਾਟਾਂ ਵਿਚ ਬਦਲ ਗਈ। ਮੁਸਲਮਾਨ ਰਾਜਪੂਤ ਕਹਿਣ ਅਸੀਂ ਤਾਂ ਸਾਰੇ ਹਰਾਮ ਦੇ ਬਣ ਗਏ ਹਾਂ। ਸਾਨੂੰ ਇਕ ਝਿਊਰ ਦੀ ਔਲਾਦ ਬਣਾ ਦਿੱਤਾ ਗਿਆ ਹੈ ਤੇ ਮੈਨੂੰ ਤਾਂ ਪਤਾ ਹੀ ਉਦੋਂ ਲੱਗਾ ਜਦੋਂ 4 ਮੋਟਰ ਸਾਈਕਲਾਂ 'ਤੇ ਤਿੰਨ-ਤਿੰਨ ਜਣੇ ਮੇਰਾ ਨਾਂ ਤੇ ਘਰ ਲੱਭਦੇ ਆ ਟਪਕੇ। ਪਿੰਡ ਵਾਲੇ ਹੈਰਾਨ ਕਿ ਇਹ ਕਿਹੜਾ ਪਿੰਡ 'ਚ ਸਲਮਾਨ ਖੁਰਸ਼ੀਦੀ ਲੇਖਕ ਜੰਮ ਪਿਆ। ਖੈਰ, ਮੈਂ ਤਾਂ ਡਰ ਨਾਲ ਸੁੰਗੜ ਕੇ ਪਜਾਮੇ ਤੋਂ ਕਛਹਿਰਾ ਬਣ ਗਿਆ ਤੇ ਸਕੂਲ 'ਚੋਂ ਨੱਠ ਕੇ ਨਾਨਕੀਂ ਜਾ ਕੇ ਲੁਕ ਗਿਆ। ਚਲੋ ਪਿੰਡ ਦੇ ਸਿਆਣੇ ਮੋਹਤਬਰ ਬੰਦਿਆਂ ਨੇ ਵਿਚ ਪੈ ਕੇ ਉਨ੍ਹਾਂ ਨੂੰ ਸਮਝਾ ਬੁਝਾ ਦਿੱਤਾ। ਅੱਗ ਮੱਠੀ ਤਾਂ ਪੈ ਗਈ ਪਰ ਸੁਲਗਣੋਂ ਨਾ ਹਟੀ। ਮਹੀਨੇ ਕੁ ਪਿੱਛੋਂ ਜਦੋਂ ਘਰ ਮੁੜਿਆ ਤਾਂ ਪਤਾ ਲੱਗਾ ਕਿ ਅਖਬਾਰ, ਸੰਪਾਦਕ ਤੇ ਮੇਰੇ 'ਤੇ ਇੱਜ਼ਤ ਹੱਤਕ ਦਾ ਮੁਕੱਦਮਾ ਦਰਜ ਹੋ ਗਿਆ ਹੈ। ਦੁਖ ਦੀ ਗੱਲ ਇਹ ਸੀ ਕਿ ਅਖਬਾਰ ਵਾਲੇ ਵੀ ਦੁਖੀ ਸਨ ਕਿ ਇਕ 14 ਸਾਲਾਂ ਦਾ ਮੁੰਡਾ ਜਿਹਨੂੰ ਨਿਕਰ 'ਚ ਨਾਲਾ ਵੀ ਪਾਉਣਾ ਨਹੀਂ ਆਉਂਦਾ, ਕਿੱਡੀ ਮੁਸੀਬਤ ਬਣ ਗਿਆ। ਡਰਦਾ ਡਰਦਾ ਆਪਣੇ ਇਕ ਰਿਸ਼ਤੇਦਾਰ ਅਧਿਆਪਕ ਨੂੰ ਲੈ ਕੇ ਅਖਬਾਰ ਦੇ ਦਫਤਰ ਸੰਪਾਦਕ ਕੋਲ ਚਲਾ ਗਿਆ। ਤੇ ਸੰਪਾਦਕ ਨੇ ਜੋ ਮਸ਼ਵਰਾ ਦਿੱਤਾ ਉਹਨੇ ਥੋੜ੍ਹਾ ਕੰਬਦੇ ਦਿਲ 'ਤੇ ਥਿੜਕਦੀਆਂ ਲੱਤਾਂ ਨੂੰ ਸਹਾਰਾ ਦਿੱਤਾ। ਉਹਨੇ ਕਿਹਾ, ਤੂੰ ਹੁਣ ਸੰਮਨ ਨਾ ਲਵੀਂ, ਜਦੋਂ ਵਾਰੰਟ ਨਿਕਲਣ ਵਾਲੇ ਹੋਣਗੇ ਤਾਂ ਮੈਂ ਤੈਨੂੰ ਦੱਸ ਦਿਆਂਗਾ। ਮੈਨੂੰ ਲੱਗਦਾ ਸੀ ਕਿ ਨਾਬਾਲਗ ਹੋਣ ਕਰਕੇ ਮੇਰੇ 'ਤੇ ਕੁਝ ਰਹਿਮ ਕਰ ਦੇਣਗੇ। ਬੇਬੇ ਨੂੰ ਡਰ ਖਾਂਦਾ ਸੀ ਕਿ ਪੁੱਤ ਨੂੰ ਸਰੀਰਕ ਨੁਕਸਾਨ ਨਾ ਹੋਵੇ। ਪੜ੍ਹਨਾ ਪੜ੍ਹਾਉਣਾ ਛਿੱਕੇ ਟੰਗ ਹੋ ਗਿਆ ਸੀ, ਜਦੋਂ ਪਤਾ ਲੱਗਾ ਕਿ ਜਿਨ੍ਹਾਂ ਨੂੰ ਹਰਾਮ ਦੇ ਬਣਾ ਦਿੱਤਾ ਹੈ ਉਹ ਆਹੰਦੇ ਨੇ ਦਿੱਲੀ ਤੱਕ ਘੜੀਸਾਂਗੇ। ਸਾਡਾ ਪਿੰਡ 'ਚ ਨੱਕ ਵੱਢ ਹੋ ਗਿਆ। ਚਲੋ 6 ਮਹੀਨੇ ਲੰਘ ਗਏ, ਤਿੰਨ ਵਾਰ ਪਿਆਦਾ ਮੇਰੇ ਸੰਮਨ ਲੈ ਕੇ ਆਇਆ। ਨਾ ਸੰਮਨ ਮੈਂ ਲਏ ਸਨ ਨਾ ਅਖ਼ਬਾਰ ਨੇ ਤੇ ਨਾ ਸੰਪਾਦਕ ਨੇ। ਫਿਰ ਮੈਨੂੰ ਅਖ਼ਬਾਰ ਵਲੋਂ ਹੀ ਸੁਨੇਹਾ ਮਿਲਿਆ ਕਿ ਹੁਣ ਹਾਜ਼ਰ ਹੋ ਜਾ ਕਿਉਂਕਿ ਵਰੰਟ ਜਾਰੀ ਹੋਣ ਵਾਲੇ ਨੇ। ਤੇ ਇਕੋ ਗੱਲ ਆਖੀਂ ਕਿ ਨਾਂ ਮੇਰਾ ਇਹੋ ਹੀ ਹੈ ਜੋ ਅਖਬਾਰ ਵਿਚ ਛਪਿਆ। ਪਰ ਇਹ ਲੇਖ ਮੈਂ ਨਹੀਂ ਲਿਖਿਆ। ਮੈਨੂੰ ਨਹੀਂ ਪਤਾ, ਕਿਸੇ ਨੇ ਜ਼ਿੱਦ ਕੱਢਣ ਲਈ ਮੇਰੇ ਨਾਂ 'ਤੇ ਲਿਖ ਕੇ ਭੇਜ ਦਿੱਤਾ ਹੋਵੇ।

ਫਾਂਟਾਂ ਵਾਲੇ ਪਜਾਮੇ ਤੇ ਡੱਬੀਆਂ ਵਾਲੀ ਕਮੀਜ਼ ਨਾਲ ਲੋਹੜੀ ਵਾਲੇ ਦਿਨ ਜਦੋਂ ਮੇਰੇ ਸਾਥੀ ਲੋਹੜੀ ਮੰਗ ਰਹੇ ਸਨ ਤਾਂ ਤਾਲੂਏ ਨਾਲ ਲੱਗੀ ਜ਼ੁਬਾਨ ਨਾਲ ਮੈਂ ਜੱਜ ਨੂੰ ਉਹੀ ਬਿਆਨ ਦਿੱਤਾ ਕਿ ਮੈਂ ਇਹ ਨਹੀਂ ਲਿਖਿਆ। ਜਾਨ ਜਾਂਦੀ ਵੇਖ ਕੇ ਮੈਨੂੰ 'ਝੂਠ ਬੋਲਣਾ ਪਾਪ ਨਹੀਂ ਹੈ' ਹੀ ਲੱਗ ਰਿਹਾ ਸੀ। ਅਗਲੀ ਤਰੀਕ 'ਤੇ ਜੱਜ ਨੇ ਅਖ਼ਬਾਰ ਨੂੰ ਮੇਰੀ ਹੱਥਲਿਖਤ ਪੇਸ਼ ਕਰਨ ਦੀ ਹਦਾਇਤ ਜਾਰੀ ਕਰ ਦਿੱਤੀ। ਫਿਰ ਅਖ਼ਬਾਰ ਵਲੋਂ ਜਦੋਂ ਵਕੀਲ ਪੇਸ਼ ਹੋਇਆ ਤਾਂ ਮੈਨੂੰ ਲੱਗਾ ਕਿ ਮੇਰੇ ਕੰਬਦੇ ਪੈਰਾਂ 'ਚ ਘੁੰਗਰੂ ਬੰਨ੍ਹ ਦਿੱਤੇ ਗਏ ਹਨ ਤੇ ਨੱਚਣੇ ਨੂੰ ਕਰੇ ਮੇਰਾ ਜੀਅ, ਵਾਲੀ ਸਥਿਤੀ ਬਣ ਗਈ। ਵਕੀਲ ਨੇ ਜੁਆਬਨਾਮਾ ਦਾਖਲ ਕੀਤਾ ਕਿ ਕਾਨੂੰਨੀ ਤੌਰ 'ਤੇ ਇਕ ਅਖਬਾਰ ਨੇ ਛੇ ਮਹੀਨਿਆਂ ਤੱਕ ਹੀ ਲਿਖਤ ਸੰਭਾਲਣੀ ਹੁੰਦੀ ਹੈ ਤੇ ਹੁਣ ਤਾਂ ਇਸ ਲੇਖ ਛਪੇ ਨੂੰ ਨੌਂ ਮਹੀਨੇ ਹੋ ਗਏ ਹਨ, ਇਸ ਲਈ ਹੱਥਲਿਖਤ ਮੁਹੱਈਆ ਨਹੀਂ ਕਰਵਾਈ ਜਾ ਸਕਦੀ। ਇਹ ਤਾਂ ਮੈਨੂੰ ਨਹੀਂ ਪਤਾ ਸੀ ਕਿ ਜੱਜ ਨੂੰ ਮੇਰੇ ਨਾਬਾਲਗ ਹੋਣ 'ਤੇ ਤਰਸ ਆ ਗਿਆ ਜਾਂ ਵਕੀਲ ਦੀ ਦਲੀਲ 'ਚ ਦਮ ਸੀ ਕਿ ਕੇਸ ਖਾਰਜ ਹੋ ਗਿਆ। ਇਹ ਦਿਨ 31 ਮਾਰਚ ਦਾ ਸੀ। ਉਵੇਂ, ਜਿਵੇਂ ਕੋਈ ਜੇਲ੍ਹ 'ਚੋਂ ਛੁੱਟ ਕੇ ਲਾਵਾਂ ਲੈਣ ਲਈ ਸਿੱਧਾ ਘੋੜੀ 'ਤੇ ਜਾ ਚੜ੍ਹਿਆ ਹੋਵੇ। ਕਿਉਂਕਿ ਘਰੇ ਆਇਆ ਤਾਂ ਬੇਬੇ ਨੇ ਪਾਣੀ ਤਾਂ ਭਾਵੇਂ ਇਕ ਡੇਢ ਦਹਾਕੇ ਬਾਅਦ ਵਾਰਿਆ, ਪਰ ਬਰੂਹਾਂ 'ਚ ਤੇਲ ਜ਼ਰੂਰ ਚੋਇਆ। ਇਸ ਕਰਕੇ ਕਿ ਮੈਂ ਨੌਵੀਂ ਵਿਚੋਂ ਪਾਸ ਵੀ ਹੋ ਗਿਆ ਸੀ।

ਗਲਤੀਆਂ ਸਿਆਣੇ ਬੰਦਿਆਂ ਤੋਂ ਵੀ ਹੋ ਜਾਂਦੀਆਂ ਨੇ ਫਰਕ ਸਿਰਫ ਏਨਾ ਹੁੰਦਾ ਹੈ ਕਿ ਉਹ ਦੁਬਾਰਾ ਨਹੀਂ ਕਰਦੇ। ਮੈਂ ਸਿਆਣਾ ਹਾਂ ਕਿ ਨਹੀਂ ਇਸ ਬਾਰੇ ਤਾਂ ਨਹੀਂ ਕਹਿ ਸਕਦਾ ਪਰ ਇਹ ਜ਼ਰੂਰ ਹੈ ਕਿ ਮੁੜ ਕੇ ਕਦੇ 34 ਸਾਲਾਂ ਦੇ ਅਖ਼ਬਾਰੀ ਜੀਵਨ ਵਿਚ ਨੋਟਿਸ ਵੀ ਨਹੀਂ ਮਿਲਿਆ। ਹੈਰਾਨੀ ਵਾਲੀ ਗੱਲ ਇਹ ਹੈ ਕਿ ਮੁਕੱਦਮਾ ਲੜਨ ਵਾਲੀਆਂ ਅੱਗ ਦੀਆਂ ਨਾਲ੍ਹਾਂ ਹੁਣ ਮੇਰੀਆਂ ਮਿੱਤਰ ਹਨ ਤੇ ਉਹ ਹਾਰ ਕੇ ਵੀ ਦੁੱਖੀ ਇਸ ਕਰਕੇ ਨਹੀਂ ਕਿ ਭਾਵੇਂ ਮੈਂ ਜੱਜ ਮੂਹਰੇ ਝੂਠ ਬੋਲਿਆ ਸੀ ਪਰ ਮੇਰੀ ਲਿਖੀ ਗੱਲ ਝੂਠੀ ਨਹੀਂ ਸੀ। ਸੱਚ ਹੈ ਕਿ ਸੁੱਚੇ ਪਾਣੀ ਪ੍ਰਤੀ ਪਿਆਸ ਮੈਲੀ ਨਹੀਂ ਹੋਣੀ ਚਾਹੀਦੀ।

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਫਰਜੰਦ!

ਚੜ੍ਹੀ ਜਵਾਨੀ ਤੇ ਜੋਬਨ ਨੇ ਜ਼ੋਰ ਪਾਇਆ, ਲੱਭਣਾ ਮਾਂ ਨੂੰ ਇਹੋ ਜਿਹਾ ਚੰਦ ਕਿਥੇ?
ਨਸ਼ਿਆਂ ਵਿਚ ਗਲਤਾਨ ਤੇ ਹੋਇਆ ਬੌਰਾ, ਦੇਖਿਆ ਕਿਸੇ ਨੇ ਇਹੋ ਜਿਹਾ ਗੰਦ ਕਿਥੇ?
ਬੰਨ੍ਹੇ ਪੋਚਵੀਆਂ ਪੱਗਾਂ ਤੇ ਵਾਹੇ ਬੋਦੇ, ਚੇਤੇ ਰਹਿਣਗੇ ਜਿਉਣ ਦੇ ਛੰਦ ਕਿਥੇ?
ਬਿਨਾਂ ਜਾਗ ਨਹੀਂ ਜੰਮਦਾ ਦਹੀਂ ਤੱਕਿਆ, ਤੇ ਬਿਨਾਂ ਫੁੱਲ੍ਹਾਂ ਤੋਂ ਬਣੇ ਗੁਲਕੰਦ ਕਿਥੇ?
ਤੀਵੀਂਆਂ ਮਾਨੀਆਂ ਨੂੰ ਵੇਖ ਸ਼ੈਤਾਨ ਨਜ਼ਰਾਂ, ਦੱਸੋ ਕਾਬੂ 'ਚ ਰਹਿੰਦੀਆਂ ਬੰਦ ਕਿੱਥੇ?
ਕਾਮ, ਕ੍ਰੋਧ, ਬਦਫੈਲੀਆਂ ਤੇ ਲੱਕ ਬੱਧਾ, ਭਲਾ ਹੋਣਗੇ ਭੋਲੇ ਦੇ ਨੰਦ ਕਿੱਥੇ?
ਜਦੋਂ ਪਾਪ ਦੀ ਪੀਂਘ 'ਤੇ ਮਿਲਣ ਝੂਟੇ, ਮਿਲਦਾ ਹਰੀ ਨੂੰ ਫੇਰ ਮੁਕੰਦ ਕਿੱਥੇ?
ਜਦੋਂ ਬਾਪੂ ਦੇ ਸੁਪਨੇ ਵਿਰਾਨ ਹੋਵਣ, ਫਿਰ ਹੌਂਸਲੇ ਰਹਿਣ ਬੁਲੰਦ ਕਿਥੇ।
ਫਸਿਆ ਕੁਣਬੇ ਦੀਆਂ ਜੜ੍ਹਾਂ ਵਿਚ ਅੱਕ ਵੇਖੋ, ਫੱਕਾ ਛੱਡਣਗੇ ਫੇਰ ਫਰਜੰਦ ਕਿਥੇ?
ਤੇ ਮੂਰਖ ਛਾਵੇਂ ਨੂੰ ਖਿੱਚਦੇ ਖੂਹ ਤੱਕੇ, ਹੋਜੂ ਲਾਹੌਰ ਦੇ ਨੇੜ ਸਰਹੰਦ ਕਿਥੇ?

# ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ

ਸੁਰਜੀਤ ਸਿੰਘ ਪੰਛੀ ਬੇਕਰਜ਼ਫੀਲਡ*

ਗੁਰੂ ਅਰਜਨ ਦੇਵ ਜੀ ਦਾ ਜਨਮ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਬੀਬੀ ਭਾਨੀ ਜੀ ਦੀ ਕੁਖੋਂ 15 ਅਪ੍ਰੈਲ, 1563 ਈਸਵੀ ਨੂੰ ਗੋਇੰਦਵਾਲ ਵਿਖੇ ਹੋਇਆ। ਆਪ ਤਿੰਨ ਭਰਾਵਾਂ ਵਿਚੋਂ ਸਭ ਤੋਂ ਛੋਟੇ ਸਨ। ਆਪ ਦੇ ਵੱਡੇ ਭਰਾ ਬਾਬਾ ਪ੍ਰਿਥਾ ਮੱਲ ਤੇ ਬਾਬਾ ਮਹਾਂਦੇਵ ਸਨ। ਆਪ ਪਹਿਲੀ ਸਤੰਬਰ 1581 ਈ: ਨੂੰ 18 ਸਾਲ ਦੀ ਉਮਰ ਵਿਚ ਗੁਰਗੱਦੀ ਤੇ ਬੈਠੇ।

ਗੁਰੂ ਅਰਜਨ ਦੇਵ ਗੁਰਗੱਦੀ 'ਤੇ ਬੈਠਣ ਵਾਲੇ ਪੰਜਵੇਂ ਗੁਰੂ ਸਨ। ਆਪ ਮੁੱਢ ਤੋਂ ਹੀ ਵਿਚਾਰਵਾਨ, ਮਹਾਨ ਕਵੀ, ਵਾਸਤਵਿਕ ਫਿਲਾਸਫਰ, ਮਹਾਨ ਪ੍ਰਬੰਧਕ, ਚੋਟੀ ਦੇ ਨੇਤਾ, ਉਘੇ ਮਹਾਤਮਾ, ਸੰਤ ਅਤੇ ਅਵਤਾਰ, ਸੰਗੀਤ ਰਚੈਤਾ, ਤਲਾਵਾਂ ਤੇ ਕਸਬਿਆਂ ਦੇ ਉਸਰੱਈਏ, ਪਿਆਰ ਤੇ ਸੇਵਾ ਦੇ ਪੁੰਜ ਅਤੇ ਵਿਸ਼ਵਾਸ ਲਈ ਸ਼ਹੀਦੀ ਦੇਣ ਵਾਲੇ ਪਹਿਲੇ ਸ਼ਹੀਦ ਸਨ। ਆਪ ਆਗਿਆਕਾਰ ਪੁੱਤਰ, ਭਰਾਵਾਂ ਦੇ ਭਰਾ, ਪਤੀ-ਪਿਆਰ ਨਾਲ ਭਰਪੂਰ, ਪੁੱਤਰਾਂ ਨੂੰ ਉਤਸ਼ਾਹਤ ਕਰਨ ਵਾਲੇ ਪਿਤਾ, ਪਿਆਰੇ ਸਿਖਿਅਕ ਅਤੇ ਰੱਬ ਦੇ ਪਿਆਰੇ ਸਨ। ਆਪ ਨਰਮ ਦਿਲ ਪਰ ਦਲੇਰ, ਮਾਫੀ ਦੇਣ ਵਾਲੇ ਪਰ ਨਿੱਡਰ ਅਤੇ ਆਪਣੇ ਵਿਸ਼ਵਾਸ ਵਿਚ ਚੱਟਾਨ ਸਨ। ਆਪ ਸਿੱਖ ਧਰਮ ਦੀ ਦਿੱਖ ਨੂੰ ਮੋੜਾ ਦੇਣ ਵਾਲੇ ਅਤੇ ਅਧਿਆਤਮਕ ਰੂਪ ਨੂੰ ਮਜ਼ਬੂਤ ਕਰਨ ਵਾਲੇ ਸਨ।



ਗੁਰੂ ਅਰਜਨ ਦੇਵ ਅਤੇ ਉਨ੍ਹਾਂ ਦੇ ਉਤਰਾਧਿਕਾਰੀਆਂ ਦੇ ਸੁਧਾਰਾਂ ਨੇ ਰਾਜਸੀ ਉਨਤੀ ਦਾ ਰਾਹ ਤਿਆਰ ਕੀਤਾ। 1604 ਈ. ਤੱਕ ਸਿੱਖ ਇਕ ਸੰਗਠਤ ਸੰਪਰਦਾਇ ਵਿਚ ਬੱਝ ਚੁੱਕੇ ਸਨ ਜੋ ਪੰਜਾਬ ਦੀਆਂ ਹੱਦਾਂ ਤੋਂ ਵੀ ਪਾਰ ਫੈਲ ਰਿਹਾ ਸੀ। ਸੰਗਤ ਅਤੇ ਮਸੰਦਾਂ ਨੇ ਨਾ ਕੇਵਲ ਸਿੱਖਾਂ ਨੂੰ ਆਪਣੇ ਮੁਖੀ ਨਾਲ ਜੋੜੀ ਰੱਖਿਆ ਸਗੋਂ ਸਾਂਝੇ ਕਾਰਜਾਂ ਲਈ ਪੈਸੇ ਦਾ ਵੀ ਪ੍ਰਬੰਧ ਕੀਤਾ ਅਤੇ ਉਨ੍ਹਾਂ ਦੀ ਇਕ ਤਰ੍ਹਾਂ ਦੇ ਸਵੈ-ਸ਼ਾਸਨ ਨਾਲ ਜਾਣਕਾਰੀ ਕਰਵਾਈ, ਭਾਵੇਂ ਇਹ ਸ਼ਾਸ਼ਨ ਕਿੰਨਾ ਵੀ ਅਧੂਰਾ ਸੀ। ਉਦਾਸੀਆਂ ਅਤੇ ਸੰਨਿਆਸੀਆਂ ਨਾਲੋਂ ਤੋੜ-ਵਿਛੋੜਾ ਕਰਕੇ ਸਿੱਖ ਧਰਮ ਦੁਨੀਆਂਦਾਰਾਂ ਦਾ ਧਰਮ ਬਣ ਗਿਆ ਸੀ। ਇਸ ਸਮੇਂ ਇਕ ਧਾਰਮਿਕ ਆਗੂ ਦਾ ਹੋਣਾ ਜ਼ਰੂਰੀ ਸੀ ਜਿਸ ਦੇ ਸ਼ਰਧਾਲੂ ਆਪਣੇ ਆਗੂ ਲਈ ਆਪਣਾ ਸਭ ਕੁਝ ਨਿਛਾਵਰ ਕਰਨ ਦਾ ਗਿਆਨ ਰੱਖਦੇ ਹੋਣ। ਜਿਨ੍ਹਾਂ 'ਚ ਭਰਾਤਰੀ ਭਾਵ ਅਤੇ ਪਰਸਪਰ ਪਿਆਰ ਹੋਵੇ। ਇਹ ਇਕ ਸਰਬ-ਉਚ ਅਤੇ ਅਤਿਅੰਤ ਸ਼ਲਾਘਾਯੋਗ ਕੰਮ ਸੀ। ਇਹ ਸਥਾਪਤ ਰਾਜ ਦੇ ਟਿਕਾਉ ਨੂੰ ਹਿਲਾ ਸਕਦਾ ਸੀ। ਸਪੱਸ਼ਟ ਤੌਰ 'ਤੇ ਇਕ ਅਜਿਹਾ ਸਮਾਂ ਆ ਗਿਆ ਸੀ ਜਦੋਂ ਮੁਗਲਾਂ ਨਾਲ ਸਿਧੀ ਟੱਕਰ ਨੂੰ ਟਾਲਣਾ ਮੁਸ਼ਕਿਲ ਸੀ।

ਗੁਰੂ ਅਰਜਨ ਦੇਵ ਵਲੋਂ ਸ਼ਹਿਜ਼ਾਦਾ ਖੁਸਰੋ ਦੀ ਸਹਾਇਤਾ ਨਾਲ ਸੰਕਟ ਹੋਰ ਤੇਜ਼ ਹੋ ਗਿਆ। ਮੋਹਸਨ ਫਾਨੀ, ਗੁਰੂ ਜੀ ਦਾ ਸਮਕਾਲੀ 'ਦਬਿਸਤਾਨ-ਏ-ਮਜ਼ਹਬ' ਵਿਚ ਲਿਖਦਾ ਹੈ ਕਿ ਗੁਰੂ ਜੀ ਨੇ ਖੁਸਰੋ ਲਈ ਕੇਵਲ ਅਰਦਾਸ ਕੀਤੀ ਸੀ। ਪਰ ਮੈਕਾਲਫ ਅਨੁਸਾਰ, "ਦਇਆ ਵਜੋਂ ਗੁਰੂ ਜੀ ਨੇ ਸਹਿਜਾਦੇ ਨੂੰ ਕਾਬਲ ਵੱਲ ਜਾਣ ਲਈ ਖਰਚੇ ਵਜੋਂ ਪੰਜ ਹਜ਼ਾਰ ਰੁਪਏ ਦਿੱਤੇ ਸਨ। ਸਹਿਜ਼ਾਦੇ ਦੀ ਬਗਾਵਤ ਵਿਚ ਗੁਰੂ ਜੀ ਦਾ ਹਿੱਸਾ ਭਾਵੇਂ ਕਿੰਨਾ ਵੀ ਤੁੱਛ ਸੀ ਪਰ ਇਹ ਗੰਭੀਰ ਜੁਰਮ ਸਮਝਿਆ ਗਿਆ।"

ਸਿੱਖ ਇਤਿਹਾਸਕਾਰਾਂ ਅਨੁਸਾਰ ਗੁਰੂ ਜੀ ਦੀ ਸ਼ਹੀਦੀ ਦਾ ਕਾਰਨ ਚੰਦੂ ਦੀ ਬਦਲਾ-ਲਊ ਨੀਤੀ ਅਤੇ ਉਸ ਦੀਆਂ ਸਾਜ਼ਿਸ਼ਾਂ ਸਨ। ਚੰਦੂ ਦੀ ਦੁਸ਼ਮਣੀ ਦਾ ਕਾਰਨ ਗੁਰੂ ਜੀ ਦੁਆਰਾ ਉਸ ਦੀ ਪੁੱਤਰੀ ਦਾ ਰਿਸ਼ਤਾ ਆਪਣੇ ਪੁੱਤਰ ਹਰਿਗੋਬਿੰਦ ਜੀ ਲਈ ਨਾ ਲੈਣਾ ਸੀ। ਕਾਜੀਆਂ, ਬ੍ਰਾਹਮਣਾਂ ਤੇ ਚੰਦੂ ਵਰਗਿਆਂ ਨੇ 'ਸੱਚਾ ਪਾਤਸ਼ਾਹ' ਕਹਾਉਣ, ਗੁਰੂ ਗ੍ਰੰਥ ਸਾਹਿਬ ਰਚ ਲੈਣ ਅਤੇ ਇਸ ਵਿਚ ਹਜ਼ਰਤ ਮੁਹੰਮਦ ਸਾਹਿਬ ਦੇ ਵਿਰੁੱਧ ਲਿਖਣ ਦੇ ਦੋਸ਼ ਅਕਬਰ ਕੋਲ ਲਾਏ। ਅਕਬਰ ਨੇ ਜਾਂਚ ਲਿਆ ਕਿ ਇਹ ਸਭ ਝੂਠੇ ਹਨ।

ਜਦੋਂ ਅਕਬਰ 1605 ਈ. ਵਿਚ ਮਰ ਗਿਆ ਤਾਂ ਜਹਾਂਗੀਰ ਦੇ ਦਰਬਾਰ ਵਿਚ ਕੱਟੜ ਫਿਰਕਾਪ੍ਰਸਤ ਮੁਸਲਮਾਨਾਂ ਦਾ ਜ਼ੋਰ ਵਧ ਗਿਆ ਜਿਨ੍ਹਾਂ ਦੀ ਅਗਵਾਈ ਨਕਸ਼ਬੰਦੀ ਆਗੂ ਸ਼ੇਖ ਅਹਿਮਦ ਸਰਹਿੰਦੀ ਕਰਦਾ ਸੀ ਅਤੇ ਸ਼ੇਖ ਫਰੀਦ ਬੁਖਾਰੀ ਰਾਜ ਦਰਬਾਰ ਵਿਚ ਪ੍ਰਭਾਵਸ਼ਾਲੀ ਵਿਅਕਤੀ ਸੀ। ਨਕਸ਼ਬੰਦੀ ਵਾਲਿਆਂ ਨੇ ਜਹਾਂਗੀਰ ਤੋਂ ਪਹਿਲਾਂ ਹੀ ਵਚਨ ਲਿਆ ਹੋਇਆ ਸੀ ਕਿ ਉਸ ਦੇ ਰਾਜ ਵਿਚ ਗੈਰ-ਮੁਸਲਮਾਨਾਂ ਨੂੰ ਕੁਚਲ ਦਿੱਤਾ ਜਾਵੇਗਾ। ਇਨ੍ਹਾਂ ਦੀਆਂ ਸਲਾਹਾਂ ਨੇ ਜਹਾਂਗੀਰ ਦੇ ਮਨ ਵਿਚ ਸਿੱਖ ਗੁਰੂਆਂ ਤੇ ਸਿੱਖ ਧਰਮ ਪ੍ਰਤੀ ਘ੍ਰਿਣਾ ਤੇ ਸਾੜੇ ਦੀ ਅੱਗ ਭੜਕਾ ਦਿੱਤੀ। ਸੁਲਹੀ ਦੇ ਮਰ ਜਾਣ ਪਿੱਛੋਂ ਪ੍ਰਿਥੀਆ, ਚੰਦੂ ਅਤੇ ਬੀਰਬਲ ਮਿਲ ਕੇ ਗੁਰੂ ਜੀ ਵਿਰੁੱਧ ਸਾਜ਼ਿਸ਼ਾਂ ਕਰਦੇ ਰਹੇ। ਜਹਾਂਗੀਰ ਜਦੋਂ ਪੰਜਾਬ ਆਇਆ ਤਾਂ ਇਨ੍ਹਾਂ ਨੇ ਲੂਤੀਆਂ ਲਾ ਲਾ ਕੇ ਗੁਰੂ ਜੀ ਨੂੰ ਕੈਦ ਕਰਨ ਅਤੇ ਸਜ਼ਾ ਦੇਣ ਲਈ ਪ੍ਰੇਰਿਆ। ਸ਼ੇਖ ਅਹਿਮਦ ਸਰਹੰਦੀ ਅਤੇ ਸ਼ੇਖ ਬੁਖਾਰੀ ਵਰਗਿਆਂ ਨੇ ਗੁਰੂ ਜੀ ਵਿਰੁੱਧ ਜਹਾਂਗੀਰ ਨੂੰ ਚੁੱਕਣਾ ਦਿੱਤੀ ਕਿ ਗੁਰੂ ਖੁਸਰੋ ਨੂੰ ਫੜ ਕੇ ਤੁਹਾਡੇ ਹਵਾਲੇ ਕਰ ਸਕਦਾ ਸੀ ਪਰ ਉਸਨੇ ਅਜਿਹਾ ਨਹੀਂ ਕੀਤਾ। ਇਸ ਲਈ ਜਹਾਂਗੀਰ ਨੇ ਗੁਰੂ ਜੀ ਨੂੰ ਬਾਗੀ ਸਮਝ ਲਿਆ। ਜਹਾਂਗੀਰ 'ਤੁਜਕ-ਏ-ਜਹਾਂਗੀਰੀ' ਵਿਚ ਲਿਖਦਾ ਹੈ "ਇਕ ਅਰਜਨ ਨਾਂ ਦਾ ਹਿੰਦੂ ਦਰਿਆ ਬਿਆਸ ਦੇ ਕਿਨਾਰੇ ਗੋਇੰਦਵਾਲ ਵਿਚ ਇਕ ਪੀਰ ਅਤੇ ਸ਼ੇਖ ਦੇ ਭੇਸ ਵਿਚ ਰਹਿੰਦਾ ਹੈ, ਸਿੱਟੇ ਵਜੋਂ ਬਹੁਤ ਸਾਰੇ ਭੋਲੇ-ਭਾਲੇ ਹਿੰਦੂ ਅਤੇ ਬੇਸਮਝ ਤੇ ਮੂਰਖ ਮੁਸਲਮਾਨਾਂ ਨੂੰ ਆਪਣੀਆਂ ਰਹੁਰੀਤਾਂ ਦਾ ਅਨੁਆਈ ਬਣਾ ਕੇ ਵਰਗਲਾਇਆ ਜਾਂਦਾ ਹੈ। ਉਸ ਨੇ ਸੰਤਪੁਣੇ ਅਤੇ ਪੀਰੀ ਤੇ ਵਲੀਪੁਣੇ ਦਾ ਢੋਲ ਬਹੁਤ ਉਚਾ ਵਜਾਇਆ ਹੋਇਆ ਹੈ। ਉਸ ਨੂੰ ਗੁਰੂ ਕਿਹਾ ਜਾਂਦਾ ਹੈ। ਚਾਰੇ ਪਾਸਿਆਂ ਤੋਂ ਫਰੇਬੀ ਤੇ ਫਰੇਬ ਦੇ ਪੁਜਾਰੀ ਉਸ ਦੇ ਪੱਕੇ ਸ਼ਰਧਾਲੂ ਬਣ ਗਏ ਹਨ। ਇਹ ਵਪਾਰ ਤਿੰਨ ਜਾਂ ਚਾਰ ਪੀੜ੍ਹੀਆਂ ਤੋਂ ਵੱਧ ਫੁੱਲ ਰਿਹਾ ਸੀ। ਬਹੁਤ ਦੇਰ ਤੋਂ ਮੇਰੇ ਦਿਮਾਗ ਵਿਚ ਇਸ ਕੂੜ ਦੀ ਦੁਕਾਨ ਨੂੰ ਬੰਦ ਕਰਨ ਦਾ ਖਿਆਲ ਆਉਂਦਾ ਸੀ ਜਾਂ ਉਸ ਨੂੰ ਇਸਲਾਮ ਵਿਚ ਲਿਆਉਣ ਦਾ। ਇਨ੍ਹਾਂ ਦਿਨਾਂ ਵਿਚ ਜਦੋਂ ਖੁਸਰੋ ਇਸ ਰਾਹ ਤੋਂ ਲੰਘਿਆ ਤਾਂ ਇਸ ਮੂਰਖ ਨੇ ਤੁੱਛ ਜਿਹੇ ਬੰਦੇ ਨੂੰ ਉਸ ਨੂੰ ਉਡੀਕਣ ਦੀ ਸਲਾਹ ਦਿੱਤੀ। ਖੁਸਰੋ ਉਸ ਥਾਂ ਠਹਿਰਿਆ ਜਿੱਥੇ ਉਹ ਰਹਿੰਦਾ ਸੀ। ਇਹ ਆ ਕੇ ਉਸ ਨੂੰ ਮਿਲਿਆ। ਉਸ ਨੇ ਇਸ ਨਾਲ ਕਈ ਮਸਲਿਆਂ 'ਤੇ ਵਿਚਾਰ ਕੀਤੀ ਅਤੇ ਉਸ ਦੇ ਮੱਥੇ 'ਤੇ ਸੰਧੂਰ ਦਾ ਟਿੱਕਾ ਲਾਇਆ। ਹਿੰਦੂ ਰੀਤੀਆਂ ਵਿਚ ਇਸ ਨੂੰ ਕਾਸਕਾ ਕਿਹਾ ਜਾਂਦਾ ਹੈ ਅਤੇ ਇਸ ਨੂੰ ਸ਼ੁਭ ਸਮਝਿਆ ਜਾਂਦਾ ਹੈ। ਜਦ ਮੈਨੂੰ ਪਤਾ ਲੱਗਿਆ ਤਾਂ ਮੈਂ ਝਟ ਸਮਝ ਗਿਆ ਕਿ ਉਹ ਇਸ ਦੀ ਮੂਰਖਤਾ ਹੈ। ਮੈਂ ਹੁਕਮ ਦਿੱਤਾ ਕਿ ਇਸ ਨੂੰ ਪੇਸ਼ ਕੀਤਾ ਜਾਵੇ ਅਤੇ ਇਸ ਦਾ ਘਰ, ਰਿਹਾਇਸ਼ੀ ਥਾਵਾਂ ਅਤੇ ਬੱਚੇ ਮੁਰਤਜ਼ਾ ਖਾਂ ਦੇ ਹਵਾਲੇ ਕਰ ਦਿੱਤੇ ਜਾਣ। ਇਸ ਦੀ ਜਾਇਦਾਦ ਜ਼ਬਤ ਕਰਨ ਮਗਰੋਂ ਮੈਂ ਇਸ ਨੂੰ ਮੌਤ ਦੇ ਘਾਟ ਉਤਾਰ ਦੇਣ ਦਾ ਹੁਕਮ ਦਿੱਤਾ।"

ਖੁਸਰੋ 26 ਅਪ੍ਰੈਲ, 1606 ਈ. ਨੂੰ ਦਰਿਆ ਚਨਾਬ (ਝਨਾਂ) ਦੇ ਪੂਰਬੀ ਕਿਨਾਰੇ ਤੋਂ ਫੜਿਆ ਗਿਆ ਅਤੇ ਪਹਿਲੀ ਮਈ ਨੂੰ ਲਾਹੌਰ ਵਿਚ ਜਹਾਂਗੀਰ ਦੇ ਪੇਸ਼ ਕੀਤਾ ਗਿਆ। ਉਸ ਨੂੰ ਥੋੜ੍ਹਾ ਜਿਹਾ ਅੰਨ੍ਹਾ ਕਰ ਦਿੱਤਾ ਗਿਆ।

ਮੋਹਸਨ ਫਾਨੀ ਅਨੁਸਾਰ ਗੁਰੂ ਜੀ ਨੂੰ ਖੁਸਰੋ ਲਈ ਅਰਦਾਸ ਕਰਨ ਬਦਲੇ ਫੜਿਆ ਗਿਆ ਸੀ। ਜਹਾਂਗੀਰ ਨੇ ਗੁਰੂ ਜੀ ਨੂੰ ਇਸ ਲਈ ਕੈਦ ਕੀਤਾ ਕਿਉਂਕਿ ਉਹ ਉਸ ਤੋਂ ਬਹੁਤ ਸਾਰਾ ਧਨ ਵਸੂਲ ਕਰਨਾ ਚਾਹੁੰਦਾ ਸੀ। ਇਸ ਲਈ ਉਨ੍ਹਾਂ ਨੂੰ ਲਾਹੌਰ ਦੇ ਰੇਤਲੇ ਇਲਾਕੇ ਵਿਚ ਰੱਖਿਆ ਗਿਆ ਜਿਥੇ ਉਹ ਸੂਰਜ ਦੀ ਤਪਸ਼ ਅਤੇ ਭੈੜੇ ਸਲੂਕ ਕਾਰਨ ਮਰ ਗਏ।

ਸਿੱਖ ਰਵਾਇਤ ਅਨੁਸਾਰ ਗੁਰੂ ਜੀ ਨੂੰ ਬਾਦਸ਼ਾਹ ਦੇ ਪੇਸ਼ ਕੀਤਾ ਗਿਆ ਤਾਂ ਉਸ ਨੇ ਪੁੱਛਿਆ, "ਉਸ ਨੇ ਖੁਸਰੋ ਦੀ ਸਹਾਇਤਾ ਕਿਉਂ ਕੀਤੀ?" ਗੁਰੂ ਜੀ ਨੇ ਉਤਰ ਦਿੱਤਾ ਕਿ ਖੁਸਰੋ ਨੂੰ ਦਿੱਤੀ ਗਈ ਸਹਾਇਤਾ ਦਾ ਬਾਦਸ਼ਾਹ ਦੀ ਵਿਰੋਧਤਾ ਨਾਲ ਕੋਈ ਸੰਬੰਧ ਨਹੀਂ। ਖੁਸਰੋ ਨੂੰ ਲਾਚਾਰ ਦੇਖ ਕੇ ਉਸ ਨੂੰ ਆਪਣਾ ਸਫਰ ਜਾਰੀ ਰੱਖਣ ਲਈ ਕੁਝ ਰੁਪਏ ਦਿੱਤੇ ਸਨ ਕਿਉਂਕਿ ਉਹ (ਗੁਰੂ ਜੀ) ਜੇਕਰ ਆਪਣੇ ਪਹਿਲੇ ਪਰਉਪਕਾਰੀ ਬਾਦਸ਼ਾਹ ਅਕਬਰ ਦੇ ਪੋਤੇ ਲਈ ਕੁਝ ਦਯਾ ਨਾ ਦਿਖਾਉਂਦੇ ਤਾਂ ਇਹ ਮਨ ਦੀ ਕਠੋਰਤਾ ਅਤੇ ਅਕ੍ਰਿਤਘਣ ਹੋਣ ਦੇ ਬਰਾਬਰ ਸੀ। ਜਹਾਂਗੀਰ ਇਸ ਉਤਰ ਨਾਲ ਸੰਤੁਸ਼ਟ ਨਾ ਹੋਇਆ। ਉਸ ਨੇ ਇਕ ਲੱਖ ਰੁਪਏ ਦਾ ਭਾਰੀ ਜੁਰਮਾਨਾ ਅਦਾ ਕਰਨ ਅਤੇ ਗ੍ਰੰਥ ਸਾਹਿਬ ਵਿਚੋਂ ਹਿੰਦੂਆਂ ਅਤੇ ਮੁਸਲਮਾਨਾਂ ਦੇ ਧਰਮ ਵਿਰੋਧੀ ਸ਼ਬਦਾਂ ਨੂੰ ਕੱਢਣ ਦਾ ਹੁਕਮ ਦਿੱਤਾ। ਗੁਰੂ ਜੀ ਨੇ ਇਹ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿੱਤਾ।

ਮੈਕਾਲਫ ਅਨੁਸਾਰ ਉਨ੍ਹਾਂ ਨੇ ਕਿਹਾ, "ਉਹ ਫਕੀਰ ਹੈ ਅਤੇ ਜੋ ਕੁਝ ਉਸ ਕੋਲ ਹੈ, ਉਹ ਚੜ੍ਹਾਵਾ ਆਉਂਦਾ ਹੈ। ਇਹ ਲੋਕਾਂ ਦੀ ਜਾਇਦਾਦ ਹੈ, ਜਿਸ ਦੇ ਕੇਵਲ ਗਰੀਬ ਤੇ ਫਕੀਰ ਹੀ ਹੱਕਦਾਰ ਹਨ ਅਤੇ ਫਕੀਰ ਇਸ ਵਿਚੋਂ ਜੁਰਮਾਨਾ ਦੇਣਾ ਨਹੀਂ ਮੰਨਣਗੇ। ਜੇਕਰ ਬਾਦਸ਼ਾਹ ਨੂੰ ਆਰਥਕ ਸਹਾਇਤਾ ਦੀ ਲੋੜ ਹੈ ਤਾਂ ਮੈਂ ਸਹਿਜ਼ਾਦੇ ਦੀ ਤਰ੍ਹਾਂ ਸਹਾਇਤਾ ਕਰਨ ਲਈ ਬਿਲਕੁਲ ਤਿਆਰ ਹਾਂ ਪਰ ਜੁਰਮਾਨੇ ਦੇ ਤੌਰ 'ਤੇ ਇਕ ਕੌਡੀ ਦੇਣ ਲਈ ਤਿਆਰ ਨਹੀਂ, ਕਿਉਂਕਿ ਜੁਰਮਾਨਾ ਦੁਨਿਆਵੀ ਭੈੜੇ ਬੰਦਿਆਂ ਨੇ ਲਾਇਆ ਹੈ, ਪੁਜਾਰੀਆਂ ਜਾਂ ਸੰਤਾਂ ਨੇ ਨਹੀਂ। ਤੁਸੀਂ ਗ੍ਰੰਥ ਸਾਹਿਬ ਵਿਚੋਂ ਸ਼ਬਦਾਂ ਨੂੰ ਕੱਢਣ ਬਾਰੇ ਕਿਹਾ ਹੈ, ਮੈਂ ਰਤਾ ਭਰ ਵੀ ਕੱਢ ਜਾਂ ਬਦਲ ਨਹੀਂ ਸਕਦਾ।"

ਸਿੱਖ ਇਤਿਹਾਸਕਾਰ ਤੇ ਮੋਹਸਨ ਫਾਨੀ ਗੁਰੂ ਜੀ ਨੂੰ ਤਸੀਹੇ ਦੇਣ ਦਾ ਕਾਰਨ ਜੁਰਮਾਨੇ ਦੀ ਜ਼ਬਰਦਸਤੀ ਵਸੂਲੀ ਨੂੰ ਮੰਨਦੇ ਹਨ। ਫਕੀਰ ਮੀਆਂ ਮੀਰ ਨੇ ਗੁਰੂ ਜੀ ਵੱਲੋਂ ਵਿਚੋਲਗੀ ਕੀਤੀ। ਹੋ ਸਕਦਾ ਹੈ ਇਸੇ ਕਾਰਨ ਮੌਤ ਦੀ ਸਜ਼ਾ ਨੂੰ ਭਾਰੀ ਜੁਰਮਾਨੇ ਵਿਚ ਬਦਲ ਦਿੱਤਾ ਗਿਆ ਹੋਵੇ। ਗੁਰੂ ਜੀ ਨੇ ਜੁਰਮਾਨਾ ਦੇਣ ਤੋਂ ਇਨਕਾਰ ਕਰ ਦਿੱਤਾ। ਮੋਹਸਨ ਫਾਨੀ ਕਹਿੰਦਾ ਹੈ, "ਗੁਰੂ ਜੀ ਦੇ ਸ਼ਰਧਾਲੂਆਂ ਨੇ ਜਦ ਇਹ ਰਕਮ ਇਕੱਠੀ ਕਰਨ ਦਾ ਯਤਨ ਕੀਤਾ ਤਾਂ ਉਨ੍ਹਾਂ ਨੂੰ ਇਹ ਕਹਿ ਕੇ ਰੋਕ ਦਿੱਤਾ ਗਿਆ, ਸਾਡੇ ਕੋਲ ਜੋ ਮਾਇਆ ਹੈ ਇਹ ਗਰੀਬਾਂ ਲੋੜਵੰਦਾਂ, ਨਿਆਸਰਿਆਂ ਤੇ ਪਰਦੇਸੀਆਂ ਦੀ ਸਹਾਇਤਾ ਲਈ ਹੈ।"

ਤਰਲੋਚਨ ਸਿੰਘ ਅਤੇ ਖੁਸ਼ਵੰਤ ਸਿੰਘ ਅਨੁਸਾਰ ਗੁਰੂ ਜੀ ਦੇ ਪਰਿਵਾਰ ਨੂੰ ਗ੍ਰਿਫਤਾਰ ਕਰਨ, ਉਨ੍ਹਾਂ ਦੀ ਜਾਇਦਾਦ ਜ਼ਬਤ ਕਰਨ ਦੇ ਬਾਦਸ਼ਾਹ ਦੇ ਹੁਕਮ ਨੂੰ ਲਾਗੂ ਨਹੀਂ ਕੀਤਾ ਗਿਆ। ਪਰ ਹਰੀ ਰਾਮ ਗੁਪਤਾ ਲਿਖਦਾ ਹੈ, "ਇਹ ਸੱਚਾਈ ਵਾਲੀ ਧਾਰਨਾ ਨਹੀਂ ਹੈ। ਸਾਰੇ ਮੰਨਦੇ ਹਨ ਕਿ ਗੁਰੂ ਜੀ ਨੂੰ ਦੋ ਲੱਖ ਰੁਪਏ ਜੁਰਮਾਨਾ ਕੀਤਾ ਗਿਆ। ਗੁਰੂ ਜੀ ਦੀ ਜਾਇਦਾਦ ਜ਼ਬਤ ਕੀਤੀ ਗਈ ਪਰ ਉਨ੍ਹਾਂ ਦਿਨਾਂ ਵਿਚ ਕੀਮਤਾਂ ਘੱਟ ਹੋਣ ਕਰਕੇ ਦੋ ਲੱਖ ਇਕੱਠਾ ਨਹੀਂ ਹੋਇਆ। ਇਸ ਤੋਂ ਬਿਨਾਂ ਗੁਰੂ ਜੀ ਦੁਆਰਾ ਉਸਾਰੇ ਹਰਿਮੰਦਰ ਸਾਹਿਬ ਅਤੇ ਤਿੰਨ ਚਾਰ ਤਾਲਾਬਾਂ ਨੂੰ ਕੋਈ ਨਹੀਂ ਖਰੀਦ ਰਿਹਾ ਸੀ।" ਮੋਹਸਨ ਫਾਨੀ ਲਿਖਦਾ ਹੈ, "ਜਹਾਂਗੀਰ ਨੇ ਅਰਜਨ ਮੱਲ ਨੂੰ ਕੀਤੇ ਜੁਰਮਾਨੇ ਦਾ ਬਕਾਇਆ ਮੰਗਿਆ ਅਤੇ ਗੁਰੂ ਹਰਿਗੋਬਿੰਦ ਨੂੰ ਗਵਾਲੀਅਰ ਭੇਜ ਦਿੱਤਾ ਜਿੱਥੇ ਉਹ ਬਾਰਾਂ ਸਾਲ ਰਿਹਾ।" 'ਅਖਬਾਰ-ਏ-ਦਰਬਾਰ-ਏ-ਮੁਅੱਲ' ਅਨੁਸਾਰ 3 ਦਸੰਬਰ, 1711 ਈ. ਨੂੰ ਜਦੋਂ ਬਾਦਸ਼ਾਹ ਬਹਾਦਰ ਸ਼ਾਹ ਲਾਹੌਰ ਵਿਚੋਂ ਲੰਘਿਆ ਅਤੇ ਬੰਦਾ ਬਹਾਦਰ ਨੂੰ ਫੜਨ ਵਿਚ ਅਸਮਰਥ ਰਿਹਾ ਤਾਂ ਉਸ ਨੇ ਅੰਮ੍ਰਿਤਸਰ ਵਿਚੋਂ ਲੰਘਦਿਆਂ ਹੁਕਮ ਦਿੱਤਾ ਕਿ ਅਖਬਾਰਤਾ ਵਿਚ ਦੱਸੋ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਪੁਤਰ (ਮੁਤਬੰਨਾ) ਅਜੀਤ ਸਿੰਘ ਦੇ ਨਾਂ ਚੱਕ ਗੁਰੂ ਅੰਮ੍ਰਿਤਸਰ ਦੀ ਲੰਬੇ ਸਮੇਂ ਤੋਂ ਜ਼ਬਤ ਕੀਤੀ ਭੂਮੀ ਛੱਡ ਦਿੱਤੀ ਜਾਵੇ।"

ਪ੍ਰੋ. ਕਰਤਾਰ ਸਿੰਘ ਐਮ.ਏ. 'ਸਿੱਖ ਇਤਿਹਾਸ' ਭਾਗ ਪਹਿਲਾ (ਪ੍ਰਕਾਸ਼ਕ ਸ਼੍ਰੋ. ਗੁਰਦੁਆਰਾ ਪ੍ਰਬੰਧਕ ਕਮੇਟੀ) ਕਹਿੰਦੇ ਹਨ ਕਿ ਖੁਸਰੋ ਗੁਰੂ ਜੀ ਨੂੰ ਮਿਲਿਆ ਨਹੀਂ ਸੀ। ਜੇਕਰ ਮਿਲਿਆ ਹੁੰਦਾ ਤਾਂ ਉਨ੍ਹਾਂ ਦੇ ਦੋਖੀਆਂ ਨੇ ਜਹਾਂਗੀਰ ਨੂੰ ਓਦੋਂ ਹੀ ਦੱਸ ਦੇਣਾ ਸੀ ਜਦੋਂ ਜਹਾਂਗੀਰ ਤਰਨਤਾਰਨ ਵਿਚੋਂ ਦੀ ਲੰਘਿਆ। ਗੁਰੂ ਜੀ ਉਸ ਸਮੇਂ ਤਰਨਤਾਰਨ ਵਿਚ ਸਨ ਪਰ ਅਜਿਹਾ ਨਹੀਂ ਹੋਇਆ। ਜਦੋਂ ਖੁਸਰੋ ਨੂੰ ਫੜ ਕੇ ਲਾਹੌਰ ਲਿਆਂਦਾ ਗਿਆ ਤੇ ਉਸ ਨੂੰ ਸਜ਼ਾ ਦਿੱਤੀ ਗਈ ਤਾਂ ਉਸ ਪਿਛੋਂ ਇਕ ਮਹੀਨਾ ਬੀਤ ਜਾਣ 'ਤੇ ਵੀ ਗੁਰੂ ਜੀ ਵਿਰੁੱਧ ਕੋਈ ਰਿਪੋਰਟ ਨਾ ਦਿੱਤੀ। ਪਰ ਜਦੋਂ ਜਹਾਂਗੀਰ ਲਾਹੌਰ ਤੋਂ ਤੁਰਨ ਲਈ ਤਿਆਰ ਹੋਇਆ ਤਾਂ ਖੁਸਰੋ ਦੇ ਗੁਰੂ ਜੀ ਨੂੰ ਮਿਲਣ ਵਾਲੀ ਕਹਾਣੀ ਘੜੀ ਗਈ। 'ਤੁਜਕ-ਏ-ਜਹਾਂਗੀਰੀ ਵਿਚ ਜਹਾਂਗੀਰ ਲਿਖਦਾ ਹੈ, "ਜਦੋਂ ਇਹ ਗੱਲ ਮੇਰੇ ਕੰਨੀਂ ਪਈ ਤਾਂ ਮੈਂ ਤਾਂ ਅੱਗੇ ਹੀ ਉਸ ਦੇ ਝੂਠ ਤੇ ਕੁਫ਼ਰ ਨੂੰ ਚੰਗੀ ਤਰ੍ਹਾਂ ਜਾਣਦਾ ਸੀ।... ਉਸ ਦੀ ਜਾਇਦਾਦ ਜ਼ਬਤ ਕਰਕੇ ਹੁਕਮ ਦਿੱਤਾ ਕਿ ਉਸਨੂੰ ਤਸੀਹੇ ਦੇ ਕੇ ਜਾਨੋਂ ਮਾਰ ਦਿੱਤਾ ਜਾਵੇ।" ਹੁਕਮ ਤਾਂ ਦਿੱਤਾ ਕਿ ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਮੇਰੇ ਸਾਹਮਣੇ ਪੇਸ਼ ਕਰੋ ਪਰ ਆਪ ਗੁਰੂ ਜੀ ਦੀ ਗ੍ਰਿਫਤਾਰੀ ਤੇ ਪੇਸ਼ੀ ਤੋਂ ਪਹਿਲਾਂ ਹੀ ਉਨ੍ਹਾਂ ਦਾ ਮਾਮਲਾ ਆਪਣੇ ਅਹਿਲਕਾਰਾਂ ਦੇ ਹਵਾਲੇ ਕਰਕੇ ਉਹ ਦਿੱਲੀ ਨੂੰ ਤੁਰਦਾ ਬਣਿਆ।

ਇਹ ਵੀ ਕਿਹਾ ਜਾਂਦਾ ਹੈ ਕਿ ਚੰਦੂ ਨੇ ਆਪਣਾ ਅਸਰ ਰਸੂਖ ਵਰਤ ਕੇ ਅਤੇ ਇਕ ਲੱਖ ਰੁਪਿਆ ਦੇ ਕੇ ਗੁਰੂ ਜੀ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। 'ਪੰਥ ਪ੍ਰਕਾਸ਼' ਵਿਚ ਲਿਖਿਆ ਹੈ:

ਸਤਿਗੁਰ ਪੈਹਰੇ ਮੈਂ ਰਹੇ  
ਏਕ ਦਿਵਿਸ ਏਕ ਰਾਤ।  
ਫਿਰ ਚੰਦੂ ਘਰ ਲੈ ਗਇਓ  
ਜਾਮਨ ਹੋਇ ਬਖਯਾਤ'

ਸੀ ਐਚ ਪੈਨ ਨੇ Father Ferno Guerreiro ਪੁਸਤਕ Relations ਵਿਚ ਅਨੁਵਾਦ ਕੀਤਾ। ਮੁਰੇਰੋ ਨੇ ਆਪਣੀ ਲਿਖਤ ਦਾ ਆਧਾਰ ਉਸ ਪੱਤਰੀ ਨੂੰ ਬਣਾਇਆ ਜੋ Father Jersome Xavier ਨੇ ਗੋਆ ਦੇ ਪ੍ਰੋਵਿੰਸ਼ਲ ਨੂੰ 25 ਸਤੰਬਰ, 1606 ਈ. ਨੂੰ ਲਿਖਿਆ ਸੀ। ਗੁਰੇਰੋ ਅਨੁਸਾਰ ਗੁਰੂ ਅਰਜਨ ਸਾਹਿਬ ਨੂੰ ਇਕ ਲੱਖ ਕਰੂਸੇਡੋ (ਪੁਰਤਗਾਲੀ ਸਿੱਕਾ) ਦੇ ਬਦਲੇ ਰਿਹਾ ਕਰ ਦਿੱਤਾ ਸੀ। ਇਸ ਰਕਮ ਲਈ ਇਕ ਅਮੀਰ ਹਿੰਦੂ ਨੇ ਜਾਮਨੀ ਭਰੀ ਸੀ। ਇਸ ਆਦਮੀ ਨੇ ਜੁਰਮਾਨੇ ਦੀ ਰਕਮ ਵਸੂਲ ਕਰਨ ਲਈ ਗੁਰੂ ਜੀ ਨਾਲ ਹਰ ਪ੍ਰਕਾਰ ਦਾ ਬੁਰਾ ਵਰਤਾਉ ਕੀਤਾ ਜਿਸ ਨਾਲ ਉਨ੍ਹਾਂ ਦੀ ਮੌਤ ਹੋ ਗਈ।

ਪ੍ਰਿੰ. ਤੇਜਾ ਸਿੰਘ ਅਤੇ ਗੰਡਾ ਸਿੰਘ ਨੇ 'ਸਿੱਖ ਇਤਿਹਾਸ' ਵਿਚ ਲਿਖਿਆ ਹੈ, "ਸਿੱਖ ਧਰਮ ਦੇ ਪਿਛੋਕੜ ਦੇ ਸੰਦਰਭ ਨੂੰ ਮੁੱਖ ਰਖਦਿਆਂ ਇਹ ਨਹੀਂ ਮੰਨਿਆ ਜਾ ਸਕਦਾ ਕਿ ਉਨ੍ਹਾਂ ਦੀ ਸ਼ਹੀਦੀ ਦਾ ਕਾਰਨ ਚੰਦੂ ਸੀ। ਇਸ ਵਿਚ ਇਸਲਾਮੀ ਰਾਜ ਸ਼ਕਤੀ ਦਾ ਜਬਰ, ਜ਼ੁਲਮ, ਧੱਕੜ ਅਤੇ ਹੰਕਾਰੀ ਨੀਤੀ ਸੀ। ਚੰਦੂ ਨੇ ਬਲਦੀ ਤੇ ਤੇਲ ਪਾਇਆ ਸੀ।"

ਫਕੀਰ ਮੀਆਂ ਮੀਰ ਨੇ ਜਦੋਂ ਸੁਣਿਆ ਤਾਂ ਚੰਦੂ ਲਾਲ ਨੂੰ ਇਸ ਬਾਰੇ ਚਿਤਾਵਨੀ ਦਿੱਤੀ। ਇਸ ਸਮੇਂ ਉਸ ਨੇ ਗੁਰੂ ਜੀ ਨੂੰ ਕਿਹਾ ਕਿ ਉਹ ਬਾਦਸ਼ਾਹ ਕੋਲ ਦਿੱਤੇ ਜਾਣ ਵਾਲੇ ਤਸੀਹਿਆਂ ਬਾਰੇ ਸ਼ਿਕਾਇਤ ਕਰੇ। ਫਿਰ ਕੁਝ ਰੂਹਾਨੀ ਵਿਚਾਰ ਵਟਾਂਦਰੇ ਪਿੱਛੋਂ ਮੀਆਂ ਮੀਰ ਨੇ ਕਿਹਾ ਕਿ ਇਕ ਜ਼ਾਲਮ ਤੇ ਗੁਨਾਹਗਾਰ ਚੰਦੂ ਵਰਗੇ ਨੂੰ ਕਿਉਂ ਤਬਾਹ ਨਾ ਕੀਤਾ ਜਾਵੇ। ਗੁਰੂ ਜੀ ਨੇ ਕਿਹਾ, "ਸੰਤ ਦੇ ਨਾਤੇ ਸ਼ਹਿਨਸ਼ੀਲਤਾ ਉਸ ਦਾ ਧਰਮ ਹੈ। ਹਿੰਸਾ, ਜ਼ੁਲਮ ਅਤੇ ਬੇਇੱਜ਼ਤੀ ਸਤਿ ਦੀ ਪ੍ਰੀਖਿਆ ਹਨ। ਕੋਈ ਵੀ ਸਰਬਸ਼ਕਤੀਮਾਨ ਤੋਂ ਬਿਨਾਂ ਕੁਝ ਨਹੀਂ ਕਰ ਸਕਦਾ। ਜੋ ਕੁਝ ਵਾਪਰਦਾ ਹੈ ਉਸ ਦੇ ਹੁਕਮ ਅੰਦਰ ਹੀ ਹੁੰਦਾ ਹੈ ਅਤੇ ਦੂਜੇ ਸੰਤਾਂ ਦੀ ਤਰ੍ਹਾਂ ਉਹ ਮੈਨੂੰ ਪਰਖ ਰਿਹਾ ਹੈ। ਦੁੱਖ ਅਤੇ ਸੁੱਖ ਸਰੀਰ ਲਈ ਪਹਿਲਾਂ ਹੀ ਨਿਸ਼ਚਿਤ ਹਨ। ਆਤਮਾ ਇਸ ਤੋਂ ਵੱਖਰੀ ਹੈ, ਲੋਹਾ ਇਸ ਨੂੰ ਕੱਟ ਨਹੀਂ ਸਕਦਾ, ਅੱਗ ਸਾੜ ਨਹੀਂ ਸਕਦੀ। ਪਾਣੀ ਡੁਬੋ ਨਹੀਂ ਸਕਦਾ।"

ਜੇ ਸੁਖ ਦੇਹਿ ਤਾਂ ਤੁਝੈ ਅਰਾਧੀ ਦੁਖ ਭੀ ਤੁਝੈ ਧਿਆਈ।

ਇਹ ਸੁਣ ਕੇ ਮੀਆਂ ਮੀਰ ਹੈਰਾਨ ਹੋ ਗਿਆ। ਅੱਖਾਂ ਵਿਚ ਹੰਝੂ ਆ ਗਏ। ਗੁਰੂ ਜੀ ਨੇ ਆਉਣ ਲਈ ਉਸ ਦਾ ਸ਼ੁਕਰਾਨਾ ਕੀਤਾ ਅਤੇ ਦਿਲਾਸਾ ਦੇ ਕੇ ਵਿਦਾ ਕੀਤਾ। ਸਿੱਖ ਇਤਿਹਾਸਕਾਰਾਂ ਅਨੁਸਾਰ ਗੁਰੂ ਜੀ ਨੇ ਸਵੈ-ਇੱਛਾ ਨਾਲ ਰਾਵੀ ਵਿਚ ਡੁਬਕੀ ਲਾਈ ਪਰ 'ਪ੍ਰਾਚੀਨ ਪੰਥ ਪ੍ਰਕਾਸ਼' ਦਾ ਰਚੈਤਾ ਰਤਨ ਸਿਘ ਭੰਗੂ ਲਿਖਦਾ ਹੈ:

ਜੇ ਗੁਰੂ ਅਰਜਨ ਦਰਿਆਇ ਨ ਬੋੜਯੋ।

ਮੁਨਸ਼ੀ ਸੋਹਨ ਲਾਲ 'ਉਮਦਹਤੁਤ-ਤਵਾਰੀਖ' ਵਿਚ ਲਿਖਦੇ ਹਨ, "ਕੁਝ ਤਸੀਹੇ ਦੇਣ ਪਿੱਛੋਂ ਉਸ ਮਹਾਂਪੁਰਸ਼ ਨੂੰ ਉਨ੍ਹਾਂ ਨੇ ਦਰਿਆ ਰਾਵੀ ਵਿਚ ਸੁੱਟਿਆ।" ਕੇਸਰ ਸਿੰਘ ਛਿੱਬਰ ਇਸੇ ਦੀ ਗਵਾਹੀ ਦਿੰਦੇ ਲਿਖਦੇ ਹਨ, "ਸੋ ਬਧੇ ਹੋਈ ਹੀ ਦਿੱਤੇ ਨਦੀ ਰੁੜ੍ਹਾਏ। ਸੰਮਤ 1663 , ਜੇਠ ਮਹੀਨੇ, ਚੰਨੋ ਚਾਨਣੀ ਚਾਉਥ, ਜਲ ਵਹਾਇ ਲੀਨੇ।"

ਪ੍ਰਿਥੀ ਚੰਦ, ਬੀਰਬਲ, ਮਿਹਰਬਾਨ, ਸ਼ੇਖ ਅਹਿਮਦ ਫਾਰੂਕੀ ਸਰਹਿੰਦੀ ਤੇ ਚੰਦੂ ਵਰਗਿਆਂ ਨੇ ਜਹਾਂਗੀਰ ਨੂੰ ਪ੍ਰਭਾਵਤ ਕਰ ਲਿਆ ਅਤੇ ਉਸ ਨੇ ਗੁਰੂ ਜੀ ਨੂੰ ਸ਼ਹੀਦ ਕਰਨ ਦੇ ਹੁਕਮ ਦਿੱਤੇ। ਦੇਗ ਵਿਚ ਉਬਾਲਣ, ਤੱਤੀਆਂ ਤਵੀਆਂ ਤੇ ਬਿਠਾਉਣ, ਤੱਤੀ ਰੇਤ ਪਾਉਣ ਆਦਿ ਤਸੀਹੇ ਦੇਣ ਪਿੱਛੋਂ ਗੁਰੂ ਜੀ ਨੂੰ ਰਾਵੀ ਵਿਚ ਰੋੜ੍ਹ ਦਿੱਤਾ।

'ਉਮਦਹਤਤ-ਤਵਾਰੀਖ' ਦਾ ਲੇਖਕ ਮੁਨਸ਼ੀ ਸੋਹਨ ਲਾਲ ਗੁਰੂ ਜੀ ਦੇ ਤਸੀਹਿਆਂ ਤੇ ਦੁਖੀ ਹੋ ਕੇ ਲਿਖਦਾ ਹੈ, "ਕਲਮ ਲਹੂ ਦੇ ਹੰਝੂ ਕੇਰਦੀ ਹੈ, ਅੱਖਾਂ ਰੋਂਦੀਆਂ ਹਨ, ਦਿਲ ਫਟਦਾ ਹੈ ਅਤੇ ਜਾਨ ਹੈਰਾਨ ਹੁੰਦੀ ਹੈ।"

ਗੁਰੂ ਜੀ ਦੀ ਸ਼ਹੀਦੀ ਬਾਰੇ ਇਤਿਹਾਸਕਾਰਾਂ ਦੇ ਵਿਚਾਰ:

1. ਜਾਦੂ ਨਾਥ ਸਰਕਾਰ ਗੁਰੂ ਜੀ ਨੂੰ ਕੀਤੇ ਜੁਰਮਾਨੇ ਨੂੰ ਨਾ ਦੇਣ ਕਰਕੇ ਲਗਾਨ ਦਾ ਦੋਸ਼ੀ ਕਹਿੰਦਾ ਹੈ ਜੋ ਗ਼ਲਤ ਹੈ।



(ਬਾਕੀ ਸਫਾ 35 ਉਤੇ)

# ਵਿਛੜੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ

**ਸਫਰਨਾਮਾ**

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*


ਬਾਰਡਰ ਗੇਟ ਦੇ ਨੇੜੇ ਪਹੁੰਚ ਕੇ ਪਾਕਿਸਤਾਨ ਦਾ ਸਾਹਮਣੇ ਸਵਾਗਤੀ ਗੇਟ ਹੈ ਜਿਸ 'ਤੇ ਕਾਇਦੇ ਆਜ਼ਮ ਮੁਹੰਮਦ ਅਲੀ ਜਿੱਨਾਹ ਦੀ ਫੋਟੋ ਲੱਗੀ ਹੋਈ ਹੈ ਤੇ ਉਤੇ ਪਾਕਿਸਤਾਨੀ ਝੰਡਾ ਝੂਲਦਾ ਦਿਸਦਾ ਹੈ। ਕਾਲੀਆਂ ਸਲਵਾਰਾਂ ਤੇ ਕਮੀਜ਼ਾਂ ਪਹਿਨੀਂ ਸਿਰ 'ਤੇ ਤੁਰਲੇ ਵਾਲੀ ਕਾਲੀ ਪੱਗ ਵਾਲੇ ਸਾਢੇ ਛੇ-ਫੁੱਟ ਲੰਮੇ ਕੱਦ ਦੇ ਪਾਕਿਸਤਾਨੀ ਰੇਂਜਰ ਵੀ ਘੁੰਮਦੇ ਦਿੱਸਦੇ ਹਨ। ਗੇਟ 'ਤੇ ਹਿੰਦੋਸਤਾਨ ਵਾਲੇ ਪਾਸੇ ਬੀ.ਐਸ.ਐਫ. ਦਾ ਜੁਆਨ ਖੜ੍ਹਾ ਪਾਸਪੋਰਟ ਤੇ ਵੀਜ਼ੇ ਚੈਕ ਕਰਕੇ ਪਾਕਿਸਤਾਨ ਵਲ ਟੱਪਣ ਲਈ ਕਹਿ ਦਿੰਦਾ ਹੈ।

**ਮਝੈਲ ਸਿੰਘ ਸਰਾਂ**

ਅਸੀਂ ਵੀ ਇਹ ਕਾਰਵਾਈ ਪੂਰੀ ਕਰਵਾ ਕੇ ਜਦੋਂ ਉਧਰ ਨੂੰ ਪੈਰ ਪੁੱਟੇ ਤਾਂ ਦੋਹਾਂ ਮੁਲਕਾਂ ਦੇ ਗੇਟਾਂ ਵਿਚਕਾਰ ਇਕ ਫੁੱਟ ਕੁ ਚੌੜੀ ਚਿੱਟੇ ਰੰਗ ਦੀ ਪੱਟੀ ਨਜ਼ਰ ਆਈ ਜਿਸਨੂੰ ਸ਼ਾਇਦ ਨੋ-ਮੈਨ'ਜ਼ ਲੈਂਡ ਕਹਿੰਦੇ ਹਨ। ਹਿੰਦੋਸਤਾਨ ਵਲ ਦੇ ਕੁਲੀ ਜੋ ਸਾਮਾਨ ਚੁੱਕ ਕੇ ਲਿਆਉਂਦੇ ਹਨ, ਉਹ ਚਿੱਟੀ ਪੱਟੀ ਦੇ ਉਰੇ ਖੜ੍ਹੇ ਹੋ ਜਾਂਦੇ ਹਨ ਤੇ ਪਾਕਿਸਤਾਨ ਵਲ ਦੇ ਕੁਲੀ ਆਪਣੇ ਪਾਸੇ ਵਲ ਖੜ੍ਹੇ ਹੁੰਦੇ ਹਨ। ਉਥੋਂ ਹੀ ਸਾਮਾਨ ਇਕ ਦੂਜੇ ਨੂੰ ਫੜ੍ਹਾ ਦਿੰਦੇ ਹਨ। ਅਜੀਬ ਜਿਹਾ ਹੀ ਨਜ਼ਾਰਾ ਲੱਗਿਆ। ਉਨ੍ਹਾਂ ਲਈ ਚਿੱਟੀ ਪੱਟੀ ਦੇ ਅੱਗੇ ਪੈਰ ਦਾ ਅੰਗੂਠਾ ਲੰਘਾਉਣਾ ਵੀ ਸਖਤ ਮਨ੍ਹਾਂ ਹੈ ਜਦੋਂਕਿ ਸਾਮਾਨ ਫੜਾਉਂਦਿਆਂ ਇਕ ਦੂਜੇ ਦੇ ਹੱਥ ਤੇ ਸਿਰ ਵੀ ਕਈ ਵਾਰੀ ਜੁੜ ਜਾਂਦੇ ਹਨ। ਉਸ ਚਿੱਟੀ ਪੱਟੀ ਨੂੰ ਦੇਖ ਕੇ ਤੇ ਉਸ 'ਤੇ ਖੜ੍ਹ ਕੇ ਇਕ ਝਲਕਾਰੇ ਮਾਤਰ 1947 ਵੀ ਯਾਦ ਆਇਆ ਕਿ ਏਸ ਲਕੀਰ ਖਾਤਰ ਕੀ ਕੁਝ ਨਹੀਂ ਕਰਵਾ ਲਿਆ। ਉਸ ਲਕੀਰ ਨੂੰ ਟੱਪਣ ਨਾਲ ਹੀ ਅਸੀਂ ਪਾਕਿਸਤਾਨ ਵਿਚ ਸਾਂ ਤੇ ਉਥੇ ਵੀ ਗੇਟ ਤੇ ਪਾਕਿਸਤਾਨੀ ਰੇਂਜ਼ਰ ਖੜਾ ਸੀ ਜਿਸ ਨੇ ਸਾਨੂੰ ਸਤਿ ਸ੍ਰੀ ਅਕਾਲ ਬੁਲਾਈ ਤੇ ਪਾਸਪੋਰਟ ਦਿਖਾਉਣ ਲਈ ਕਿਹਾ। ਉਸਨੇ ਵੀ ਸਾਡੇ ਵੀਜ਼ੇ ਦੇਖੇ ਤੇ ਅੱਗੇ ਪਾਕਿਸਤਾਨ ਦੇ ਸਵਾਗਤੀ ਗੇਟ ਵਲ ਨੂੰ ਜਾਣ ਲਈ ਕਹਿ ਦਿੱਤਾ ਜਿਥੇ 3 ਸਟਾਰਾਂ ਵਾਲਾ ਇਕ ਅਫਸਰ ਤੇ 2 ਹੋਰ ਵੀ ਵਰਦੀ ਵਾਲੇ ਬੈਠੇ ਸਨ। ਸਾਡੇ ਕੋਲ ਜਾਣ 'ਤੇ 3 ਸਟਾਰਾਂ ਵਾਲਾ ਅਫਸਰ ਬੋਲਿਆ, "ਸਰਦਾਰ ਸਾਹਿਬ ਕਿੱਦਾਂ ਹਾਲ ਆ? ਪਾਕਿਸਾਤਨ ਵਿਚ ਤੁਹਾਡਾ ਸੁਆਗਤ ਹੈ ਤੇ ਤੁਸੀਂ ਕਿੰਨੇ ਕੁ ਦਿਨ ਰਹਿਣਾ ਤੇ ਕਿੱਥੇ ਕਿੱਥੇ ਜਾਣ ਦਾ ਪ੍ਰੋਗਰਾਮ ਹੈ?" ਨਾਲ ਦੀ ਨਾਲ ਪਾਸਪੋਰਟਾਂ ਤੋਂ ਨਾਂ ਅਤੇ ਸਾਥੋਂ ਪਤੇ ਪੁੱਛ ਕੇ ਰਜਿਸਟਰ 'ਤੇ ਲਿਖੀ ਜਾਂਦਾ ਸੀ। ਉਥੇ ਖੜੇ ਨੂੰ ਮੈਨੂੰ ਪਾਕਿਸਤਾਨ ਦੇ ਸਵਾਗਤੀ ਗੇਟ ਦੀ ਕੰਧ 'ਤੇ ਇਕ ਪੇਂਟਿੰਗ ਬਣਾਈ ਦਿਸੀ ਜੋ 1947 ਵਿਚ ਹਿੰਦੋਸਤਾਨ ਵਾਲੇ ਪਾਸਿਉਂ ਉਜੜ ਕੇ ਜਾਂਦੇ ਲੋਕਾਂ ਦੀ ਲੱਗੀ ਕਿਉਂਕਿ ਕੁਝ ਲੋਕ ਗੱਡਿਆਂ 'ਤੇ ਬੈਠੇ ਜਾ ਰਹੇ ਲੱਗੇ ਤੇ ਕਈਆਂ ਨੇ ਸਿਰਾਂ 'ਤੇ ਪੰਡਾਂ ਚੁੱਕੀਆਂ ਹੋਈਆਂ ਸਨ ਜੋ ਕਾਫਲੇ ਨਾਲ ਤੁਰੇ ਜਾਂਦੇ ਸਨ। ਕਿਸੇ ਨਾਲ ਡੰਗਰ-ਪਸ਼ੂ ਤੋਰਿਆ ਸੀ। ਉਥੇ ਇਹ ਪੇਂਟਿੰਗ ਬਣਾਉਣ ਦਾ ਮਕਸਦ ਵੀ ਸ਼ਾਇਦ ਇਹੋ ਹੋਊਗਾ ਕਿ ਇਨ੍ਹਾਂ ਰਾਹਾਂ ਥਾਣੀ ਹੀ ਪਾਕਿ ਧਰਤ 'ਤੇ ਪਹੁੰਚੇ।

ਪਾਸਪੋਰਟ ਲੈ ਕੇ ਅਸੀਂ ਅਗਾਂਹ ਨੂੰ ਅਜੇ ਤੁਰੇ ਹੀ ਸੀ ਕਿ ਇਕ ਕੁਲੀ ਕਹਿੰਦਾ ਕਿ ਸਰਦਾਰ ਸਾਹਿਬ ਆਹ ਜਿਹੜੇ ਰੇੜੂ ਤੁਹਾਡੇ ਅਟੈਚੀ ਨੂੰ ਲੱਗਿਓ ਆ ਇਨ੍ਹਾਂ ਦੀ ਥਾਂ ਮੈਨੂੰ ਲੱਗਣਾ ਪੈਣਾ। ਉਹ ਸਾਡੇ ਕੋਲੋਂ ਮੱਲੋ-ਮੱਲੀ ਅਟੈਚੀ ਫੜ੍ਹ ਕੇ ਸਿਰ 'ਤੇ ਚੁੱਕ ਕੇ ਤੁਰ ਪਿਆ ਨਾਲੇ ਕਹੀ ਜਾਵੇ ਮੇਰੇ 12 ਨਿਆਣੇ ਆ ਮੈਂ ਤੁਹਾਡੇ ਸਰਦਾਰਾਂ ਦੇ ਸਿਰੋਂ ਹੀ ਪਾਲਣੇ ਹਨ। ਉਹਦੇ 12 ਨਿਆਣੇ ਸੁਣ ਕੇ ਅਸੀਂ ਹੱਸ ਪਏ। ਉਹ ਸਾਨੂੰ ਮਾੜੀ ਜਿਹੀ ਫੂਕ ਵੀ ਛਕਾਈ ਜਾਵੇ। ਕਹਿੰਦਾ ਪਈ ਸਾਡੇ ਵਾਲਦਾਇਨ (ਬਜ਼ੁਰਗ) ਚੜ੍ਹਦੇ ਪੰਜਾਬ ਤੋਂ ਆਇਓ ਆ। ਉਹ ਕਹਿੰਦੇ ਹੁੰਦੇ ਸੀ, "ਯਾਰੀ ਜੱਟ ਸਰਦਾਰ ਦੀ ਲਕੜ ਤੂਤ ਦੀ ਕਦੇ ਧੋਖਾ ਨਹੀਂ ਦਿੰਦੀ।" ਬੱਸ ਇੰਨੀ ਕੁ ਹੀ ਸਾਡੇ ਲਈ ਬਥੇਰੀ ਸੀ ਉਹਨੂੰ ਅਸੀਂ ਸੌ ਦੀ ਥਾਂ ਦੋ ਸੌ ਦਿੱਤਾ ਕਿ ਜਿਨ੍ਹਾਂ ਬਾਰੇ ਅਸੀਂ ਦੁਸ਼ਮਣੀ ਪਾਲੀ ਬੈਠੇ ਹਾਂ ਉਹ ਵੀ ਸਾਨੂੰ ਕੁਝ ਸਮਝਦੇ ਆ। ਥੋੜ੍ਹੇ ਕਦਮ ਚੱਲ ਕੇ ਉਹ ਸੱਜੇ ਹੱਥ ਬਣੀ ਬਹੁਤ ਹੀ ਸੋਹਣੀ ਬਿਲਡਿੰਗ ਵਿਚ ਲੈ ਗਿਆ ਜਿਥੇ ਇਮੀਗ੍ਰੇਸ਼ਨ ਤੇ ਕਸਟਮ ਦੇ ਦੋਵੇਂ ਦਫਤਰ ਸਨ। ਉਹ ਸਾਨੂੰ ਸੋਫਿਆਂ 'ਤੇ ਬਿਠਾ ਕੇ ਇਮੀਗ੍ਰੇਸ਼ਨ ਦੇ ਫਾਰਮ ਦੇ ਗਿਆ ਕਿ ਭਰ ਲਓ। ਉਥੇ ਹੀ ਸਾਨੂੰ ਇਕ ਹੋਰ ਆਦਮੀ ਆ ਕੇ ਕਹਿਣ ਲੱਗਾ ਕਿ ਤੁਸੀਂ ਪਾਕਿਸਤਾਨੀ ਕਰੰਸੀ ਐਕਸਚੇਂਜ਼ ਕਰਵਾਉਣੀ ਹੈ ਤਾਂ ਇਥੋਂ ਹੀ ਕਰਵਾ ਲਓ। ਨਾਲੇ ਤੁਸੀਂ ਅੱਗੋਂ ਜਾਣਾ ਕਿਸ ਤਰ੍ਹਾਂ ਹੈ ਜੇ ਕੋਈ ਪ੍ਰਬੰਧ ਨਹੀਂ ਤਾਂ ਉਹ ਟੈਕਸੀ ਕਰਵਾ ਦਏਗਾ। ਅਸੀਂ ਜਾਣਾ ਤਾਂ ਟੈਕਸੀ ਵਿਚ ਹੀ ਸੀ ਪਰ ਸਾਡੇ ਜੀਜਾ ਜੀ ਜਿਹੜੇ ਦੋ ਕੁ ਸਾਲ ਪਹਿਲਾਂ ਪਾਕਿਸਤਾਨ ਘੁੰਮ ਗਏ ਸੀ, ਸਾਡੇ ਕੋਲ ਉਸ ਟੈਕਸੀ ਵਾਲੇ ਦਾ ਕਾਰਡ ਸੀ ਜਿਸ ਨੇ ਉਨ੍ਹਾਂ ਨੂੰ ਪਾਕਿਸਤਾਨ ਵਿਚ ਘੁੰਮਾਇਆ ਸੀ। ਕਾਰਡ ਦਿਖਾਇਆ ਤਾਂ ਕਹਿੰਦਾ ਕਿ ਇਹ ਕਾਦਿਰ ਭਾਈ ਦੇ ਬੰਦੇ ਹਨ। ਉਹਨੇ ਝੱਟ ਉਹਨੂੰ ਟੈਲੀਫੋਨ ਮਿਲਾ ਦਿੱਤਾ ਤੇ ਕਹਿੰਦਾ ਕਾਦਿਰ ਤੇਰੇ ਬੰਦੇ ਵਾਹਗਾ ਬਾਰਡਰ 'ਤੇ ਆਏ ਹੋਏ ਹਨ। ਉਹਨੇ ਸਾਡੇ ਨਾਲ ਵੀ ਗੱਲ ਕਰ ਲਈ ਤੇ ਕਹਿੰਦਾ ਕਿ ਮੈਂ ਲਾਹੌਰ ਤੋਂ ਬਾਹਰ ਹਾਂ ਤੁਸੀਂ ਵਾਹਗੇ ਤੋਂ ਟੈਕਸੀ ਲੈ ਕੇ ਲਾਹੌਰ ਗੁਰਦੁਆਰਾ ਡੇਹਰਾ ਸਾਹਿਬ ਪਹੁੰਚ ਜਾਓ ਉਥੇ ਹੀ ਉਹ ਸਾਨੂੰ ਮਿਲੇਗਾ। ਫਿਰ ਅਸੀਂ ਪੈਸੇ ਬਦਲਣ ਲਈ ਜਦੋਂ ਉਸੇ ਆਦਮੀ ਨੂੰ ਕਿਹਾ ਕਿ ਬੈਂਕ ਕਿੱਥੇ ਹੈ ਜਿੱਥੋਂ ਪੈਸੇ ਐਕਸਚੇਂਜ ਹੋਣੇ ਹਨ। ਉਹਨੇ ਆਪਣੇ ਲੱਕ ਨਾਲ ਇਕ ਵੱਡਾ ਸਾਰਾ ਬੋਝਾ ਜਿਹਾ ਬੰਨ੍ਹਿਆ ਹੋਇਆ ਦਿਖਾਇਆ ਅਤੇ ਕਹਿੰਦਾ ਕਰੰਸੀ ਮੇਰੇ ਕੋਲ ਹੀ ਹੈ ਕਿਤੇ ਨਹੀਂ ਜਾਣਾ। ਨਾਲੇ ਉਹਨੇ ਉਸੇ ਬੋਝੇ ਵਿਚੋਂ ਪੰਜ-ਪੰਜ ਹਜ਼ਾਰ ਦੇ, ਇਕ-ਇਕ ਹਜ਼ਾਰ ਦੇ, ਪੰਜ ਸੌ ਰੁਪਏ ਦੇ ਨੋਟ ਕੱਢ ਲਏ ਅਤੇ ਨਾਲ ਹੀ ਹਰੇਕ ਕਰੰਸੀ ਦਾ ਰੇਟ ਵੀ ਦੱਸ ਦਿੱਤਾ। ਪਾਕਿਸਤਾਨ ਦੀ ਕਰੰਸੀ ਕਾਫੀ ਥੱਲੇ ਹੈ ਇੰਡੀਅਨ 100 ਰੁਪਏ ਦੇ 170 ਪਾਕਿਸਤਾਨੀ ਰੁਪਏ ਸਨ। ਕਿਉਂਕਿ ਮੇਰਾ ਤਾਂ ਸਾਰਾ ਖਰਚਾ ਮੇਰਾ ਭਰਾ ਹੀ ਕਰਦਾ ਸੀ, ਇਸ ਕਰਕੇ ਮੈਂ ਤਾਂ ਹਰੇ ਨੋਟ ਦਾ ਭਾਅ ਪੁੱਛਿਆ ਹੀ ਨਹੀਂ। ਇੰਗਲੈਂਡ ਦੇ ਇਕ ਪੌਂਡ ਦੇ ਉਸਤੋਂ 125 ਰੁਪਏ ਦੇ ਹਿਸਾਬ ਨਾਲ ਮੇਰੇ ਭਰਾ ਨੇ ਜ਼ਰੂਰਤ ਮੁਤਾਬਿਕ ਪੈਸੇ ਲੈ ਲਏ। ਉਦਾਂ ਉਸ ਤੋਂ ਅਸੀਂ ਪੁੱਛੀਏ ਕਿ ਹੈ ਇਹ ਅਸਲੀ ਕਿਤੇ ਇਹ ਨਾ ਹੋਵੇ ਕਿ ਆਏ ਸੈਰਾਂ ਕਰਨ, ਉਹ ਵੀ ਬਿਗਾਨੇ ਮੁਲਕ ਵਿਚ ਤੇ ਫਸ ਜਾਈਏ ਨਕਲੀ ਕਰੰਸੀ ਰੱਖਣ ਦੇ ਦੋਸ਼ ਵਿਚ। ਪਿੱਛੇ ਕਿਸੇ ਨੂੰ ਪਤਾ ਵੀ ਨਹੀਂ ਲੱਗਣਾ। ਉਹਦੇ ਕੋਲ ਇਕ ਇਮੀਗ੍ਰੇਸ਼ਨ ਵਾਲਾ ਖੜ੍ਹਾ ਸੀ ਉਹ ਸਾਨੂੰ ਕਹਿੰਦਾ, ਬਿਨਾਂ ਕਿਸੇ ਸ਼ੱਕ ਦੇ ਲੈ ਲਓ ਅਸਲੀ ਕਰੰਸੀ ਹੈ। ਉਦਾਂ ਮਗਰੋਂ ਸਾਨੂੰ ਲਾਹੌਰ ਜਾ ਕੇ ਪਤਾ ਲੱਗਾ ਕਿ ਪੌਂਡ ਦਾ ਰੇਟ 136 ਰੁਪਏ ਹੈ ਪਰ ਸਾਨੂੰ ਇਹਦਾ ਬਹੁਤਾ ਹਿਰਖ ਜਿਹਾ ਵੀ ਨਹੀਂ ਲੱਗਾ ਕਿਉਂਕਿ ਸਾਨੂੰ ਤਾਂ 125 ਰੁਪਏ ਵੀ ਬਹੁਤ ਲੱਗੇ ਸੀ। ਨਾਲੇ ਅਸੀਂ ਤਾਂ ਖਰਚਣੇ ਸੀ ਜੇ ਥੋੜ੍ਹੇ ਵੱਧ ਮਿਲ ਜਾਂਦੇ ਉਹ ਵੀ ਉਧਰੇ ਨਿਬੇੜ ਕੇ ਆਉਣੇ ਸੀ।

ਇਮੀਗਰੇਸ਼ਨ, ਕਸਟਮ ਤੇ ਮਨੀ ਐਕਸਚੇਂਜ ਦਾ ਕੰਮ ਨਿਪਟਾ ਕੇ ਬਾਹਰ ਨਿਕਲ ਕੇ ਥੋੜ੍ਹਾ ਜਿਹਾ ਤੁਰੇ ਤਾਂ ਬਾਹਰ 5 ਕੁ ਟੈਕਸੀਆਂ ਖੜ੍ਹੀਆਂ ਸਨ ਤੇ ਛੋਟੀਆਂ-ਛੋਟੀਆਂ ਚਾਹ ਤੇ ਕੁਝ ਖਾਣ-ਪੀਣ ਦੀਆਂ ਦੁਕਾਨਾਂ ਸਨ। ਅਸਲ ਵਿਚ ਉਥੇ ਬਹੁਤ ਵੱਡਾ ਟਰੱਕ ਯਾਰਡ ਸੀ ਤੇ ਜਿਹੜੇ ਹਿੰਦੋਸਤਾਨ ਦੇ ਟਰੱਕ ਮਾਲ ਲੈ ਕੇ ਆਉਂਦੇ, ਉਥੇ ਖੜ੍ਹੇ ਕੀਤੇ ਜਾਂਦੇ ਸਨ ਤੇ ਉਥੋਂ ਪਾਕਿਸਤਾਨੀ ਟਰੱਕਾਂ ਵਿਚ ਮਾਲ ਪਲਟੀ ਕੀਤਾ ਜਾਂਦਾ ਸੀ। ਹਿੰਦੁਸਤਾਨੀ ਟਰੱਕ ਉਥੋਂ ਹੀ ਵਾਪਸ ਕਰ ਦਿੱਤੇ ਜਾਂਦੇ ਹਨ। ਸਾਨੂੰ ਤਿੰਨ ਸਿੱਖਾਂ ਨੂੰ ਦੇਖ ਕੇ 2 ਟੈਕਸੀਆਂ ਵਾਲੇ ਆ ਗਏ ਤੇ ਜਾਣ ਬਾਰੇ ਪੁੱਛਿਆ, ਸਾਡੇ ਗੁਰਦੁਆਰਾ ਡੇਹਰਾ ਸਾਹਿਬ ਦੱਸਣ 'ਤੇ ਇਕ ਕਹਿੰਦਾ ਹਜ਼ਾਰ ਰੁਪਿਆ ਕਿਰਾਇਆ ਦੇ ਦਿਓ ਲੈ ਜਾਨਾਂ, ਸਾਡੇ ਬੱਸ ਇੰਨਾ ਕਹਿਣ 'ਤੇ ਕਿ ਇਕ ਹਜ਼ਾਰ। ਦੂਜਾ ਟੈਕਸੀ ਵਾਲਾ ਕਹਿੰਦਾ ਮੈਨੂੰ 5 ਸੌ ਦੇ ਦਿਓ, ਮੇਰੇ ਨਾਲ ਚੱਲੋ। ਬਾਰਡਰ ਲੰਘਣ ਤੋਂ ਬਾਅਦ ਸਾਰੀਆਂ ਕਾਰਵਾਈਆਂ ਤਕਰੀਬਨ ਘੰਟੇ ਕੁ ਵਿਚ ਨਿਬੜ ਗਈਆਂ ਕਿਉਂਕਿ ਸਾਰਿਆਂ ਦਾ ਵਰਤਾਓ ਦੋਸਤਾਨਾ ਸੀ। ਜਿੱਦਾਂ ਸਾਡੇ ਮਨ ਵਿਚ ਇਕ ਤੌਖਲਾ ਸੀ ਕਿ ਖਬਰੇ ਉਧਰ ਦੇ ਲੋਕ ਕਿੱਦਾਂ ਦੇ ਹੋਣਗੇ, ਉਹ ਘੰਟਾ ਕੁ ਗੱਲਾਂ ਕਰਕੇ ਲੱਗਣ ਲੱਗ ਪਿਆ ਕਿ ਫਰਕ ਤਾਂ ਇਕ ਵਿਚਾਲੇ ਚਿੱਟੀ ਲੀਕ ਦਾ ਹੀ ਹੈ, ਬਾਕੀ ਤਾਂ ਚੜ੍ਹਦੇ ਪਾਸੇ ਵਾਂਗ ਹੀ ਲੱਗਾ।



*ਗੁਰਦੁਆਰਾ ਡੇਹਰਾ ਸਾਹਿਬ, ਪਾਕਿਸਤਾਨ*

ਕੋਈ 3 ਕੁ ਵਜੇ ਅਸੀਂ ਉਥੋਂ ਟੈਕਸੀ ਵਿਚ ਲਾਹੌਰ ਨੂੰ ਚੱਲ ਪਏ। ਵਾਹਗੇ ਤੋਂ ਲਾਹੌਰ 35 ਕਿਲੋਮੀਟਰ ਹੀ ਹੈ। ਮਤਲਬ ਕਿ ਅੰਮ੍ਰਿਤਸਰ ਤੋਂ ਲਾਹੌਰ ਸਿਰਫ 70 ਕਿਲੋਮੀਟਰ (45 ਕੁ ਮੀਲ) ਦੇ ਫਾਸਲੇ 'ਤੇ ਹੈ। ਮੈਂ ਟੈਕਸੀ ਵਿਚ ਡਰਾਈਵਰ ਨਾਲ ਦੀ ਸੀਟ 'ਤੇ ਮੂਹਰੇ ਬੈਠਾ ਸਾਂ ਤੇ ਬਿਨਾਂ ਅੱਖਾਂ ਝਮਕੇ ਆਲਾ-ਦੁਆਲਾ ਦੇਖਣਾ ਚਾਹੁੰਦਾ ਸਾਂ। ਕਦੇ ਖੱਬੇ ਪਾਸੇ ਤੇ ਕਦੇ ਸੱਜੇ ਪਾਸੇ ਵੱਲ ਨੂੰ ਐਦਾਂ ਜਿਵੇਂ ਕੋਈ ਨਵੀਂ ਤੇ ਵੱਖਰੀ ਹੀ ਦੁਨੀਆਂ ਦੇਖਣ ਤੁਰੇ ਹੋਈਏ। ਵਾਹਗੇ ਤੋਂ ਲਾਹੌਰ ਵਾਲੀ ਸੜਕ ਨਵੀਂ ਹੈ, ਲਾਹੌਰ ਤੱਕ ਦੋ ਕੁ ਕਸਬੇ ਜਿਹੇ ਆਏ, ਬੱਸ ਆਵਾਜਾਈ ਕੋਈ ਜ਼ਿਆਦਾ ਨਹੀਂ ਸੀ। ਸਿਰਫ ਦੋ ਕੁ ਬੱਸਾਂ ਹੀ ਇੰਨੇ ਸਫਰ 'ਚ ਮਿਲੀਆਂ, ਉਹ ਵੀ ਪ੍ਰਾਈਵੇਟ ਸਨ। ਉਦਾਂ ਬਾਅਦ 'ਚ ਵੀ ਜਿੰਨਾ ਅਸੀਂ ਘੁੰਮੇ, ਸਰਕਾਰੀ ਬੱਸਾਂ ਨਾਂਹ ਦੇ ਬਰਾਬਰ ਹੀ ਸਨ। ਟੈਂਪੂਆਂ ਵਿਚ ਵੀ ਲੋਕ ਸਫਰ ਕਰਦੇ ਸਨ। ਉਥੋਂ ਦੇ ਟੈਂਪੂ ਬੜੇ ਸ਼ਿੰਗਾਰ ਕੇ ਰੱਖੇ ਹੋਏ ਸਨ। ਆਲੇ-ਦੁਆਲੇ ਸਭ ਦੁਕਾਨਾਂ ਦੇ ਬੋਰਡ ਉਰਦੂ ਵਿਚ ਹੀ ਲਿਖੇ ਹੋਏ ਸਨ, ਇਸ ਕਰਕੇ ਸਾਨੂੰ ਤਾਂ ਪਤਾ ਨਹੀਂ ਲੱਗਾ ਕਿ ਕਿੱਦਾਂ ਦੇ ਨਾਂਵਾਂ ਵਾਲੇ ਬੋਰਡ ਸਨ। ਬੱਸ ਅੱਧੇ ਕੁ ਘੰਟੇ ਵਿਚ ਹੀ ਲਾਹੌਰ ਸ਼ਹਿਰ ਦੀ ਹੱਦ ਅੰਦਰ ਪਹੁੰਚ ਗਏ, ਜਿੱਦਾਂ-ਜਿੱਦਾਂ ਅੰਦਰ ਜਾ ਰਹੇ ਸਾਂ, ਆਵਾਜਾਈ ਵਧਦੀ ਜਾਂਦੀ ਸੀ। ਉਥੇ ਚੜ੍ਹਦੇ ਪੰਜਾਬ ਵਾਂਗ ਸਕੂਟਰ ਕੋਈ ਨਹੀਂ ਦੇਖਿਆ ਤੇ ਹਾਂਡਾ ਮੋਟਰਸਾਈਕਲ ਬਹੁਤ ਜ਼ਿਆਦਾ ਹੈ। ਪਹਿਲਾਂ-ਪਹਿਲ ਕਹਿੰਦੇ ਹਨ ਲਾਹੌਰ ਵਿਚ ਟਾਂਗੇ ਬਹੁਤ ਸਨ ਪਰ ਹੁਣ ਟਾਂਗੇ ਬਿਲਕੁਲ ਨਹੀਂ ਦਿਸੇ ਤੇ ਨਾ ਹੀ ਰਿਕਸ਼ਾ। ਉਸਦੀ ਜਗ੍ਹਾ ਦੋ ਸੀਟਾਂ ਵਾਲਾ ਮੋਟਰ ਰਿਕਸ਼ਾ ਹੀ ਦਿਸਿਆ ਜਿਹੜਾ ਹਾਂਡਾ ਮੋਟਰਸਾਈਕਲ ਨਾਲ ਚਲਾਇਆ ਜਾਂਦਾ। ਸੁਜ਼ੂਕੀ ਕਾਰਾਂ ਲਾਹੌਰ ਸ਼ਹਿਰ ਵਿਚ ਬਹੁਤ ਚਲਦੀਆਂ ਦਿਸੀਆਂ, ਇੱਧਰ ਦੀ ਮਾਰੂਤੀ 800 ਜਾਪਾਨ ਦੀ ਸੁਜ਼ੂਕੀ 800 ਦਾ ਹੀ ਨਾਂ ਹੈ।

ਲਾਹੌਰ 'ਚ ਫਿਰਦਿਆਂ ਇਉਂ ਹੀ ਲੱਗਦਾ ਸੀ ਜਿਵੇਂ ਜਲੰਧਰ ਹੀ ਤੁਰੇ ਫਿਰਦੇ ਹੋਈਏ। ਬਾਜ਼ਾਰ ਦੇ ਆਲੇ-ਦੁਆਲੇ ਢਾਬੇ ਸਨ, ਮਠਿਆਈ ਦੀਆਂ ਦੁਕਾਨਾਂ ਸਨ। ਫਲਾਂ ਦੀਆਂ ਰੇਹੜੀਆਂ ਵੀ ਲੱਗੀਆਂ ਹੋਈਆਂ ਸਨ। ਸਾਡੇ ਵਾਲੇ ਪਾਸੇ ਵਾਂਗ ਹੀ ਸੜਕਾਂ ਦੇ ਕੰਢੇ ਰੇਹੜੀ ਅਤੇ ਫੜ੍ਹੀ ਵਾਲਿਆਂ ਨੇ ਮੱਲੇ ਹੋਏ ਸਨ। ਸਬਜ਼ੀ ਦੀਆਂ ਦੁਕਾਨਾਂ ਤੇ ਰੇਹੜੀਆਂ ਵੀ ਸਨ, ਕੁਝ ਰੇਹੜੀਆਂ ਜਾਂ ਦੁਕਾਨਾਂ 'ਤੇ ਮੀਟ ਦੀਆਂ ਸੀਖਾਂ ਜਿਹੀਆਂ ਲੱਗੀਆਂ ਹੋਈਆਂ ਵੀ ਦਿਸੀਆਂ, ਸ਼ਾਇਦ ਕਬਾਬ ਦੀਆਂ। ਸਾਰੀਆਂ ਦੁਕਾਨਾਂ ਤੇ ਰੇਹੜੀਆਂ 'ਤੇ ਖਰੀਦੋ-ਫਰੋਖਤ ਵੀ ਹੁੰਦੀ ਸੀ ਕਿਉਂਕਿ ਇਹ ਲਾਹੌਰ ਦਾ ਬਾਹਰਵਾਰ ਦਾ ਪਾਸਾ ਸੀ। ਇਸ ਕਰਕੇ ਹਰੇਕ ਤਰ੍ਹਾਂ ਦੀਆਂ ਰਲੀਆਂ-ਮਿਲੀਆਂ ਦੁਕਾਨਾਂ ਸਨ।

ਮਰਦਾਂ ਦਾ ਪਹਿਰਾਵਾ ਕਮੀਜ਼ ਸਲਵਾਰ ਹੈ, ਮੁੰਡੇ-ਖੁੰਡੇ ਪੈਂਟਾਂ, ਕਮੀਜ਼ਾਂ ਪਾਈ ਫਿਰਦੇ ਸਨ। ਆਦਮੀਆਂ ਨਾਲੋਂ ਬੀਬੀਆਂ ਦੀ ਗਿਣਤੀ ਬਾਜ਼ਾਰ ਵਿਚ ਘੱਟ ਸੀ। ਕਿਸੇ ਕਿਸੇ ਨੇ ਹੀ ਬੁਰਕਾ ਪਾਇਆ ਸੀ, ਨਹੀਂ ਤਾਂ ਪੰਜਾਬੀ ਸਲਵਾਰ-ਕਮੀਜ਼ ਵਿਚ ਹੀ ਸਨ ਪਰ ਸਿਰ ਸਾਰੀਆਂ ਦੇ ਦੁਪੱਟੇ ਨਾਲ ਢੱਕੇ ਹੋਏ ਸਨ। ਲੋੜੀਂਦਾ ਸਾਮਾਨ ਖਰੀਦ ਕੇ ਲਿਫਾਫਿਆਂ ਜਾਂ ਝੋਲਿਆਂ ਵਿਚ ਪਾ ਕੇ ਤੁਰੇ ਹੋਏ ਸਨ। ਪਹਿਲੀ ਨਜ਼ਰੇ ਜੇ ਉਰਦੂ ਵਾਲੇ ਬੋਰਡ ਅਤੇ ਲੋਕਾਂ ਦਾ ਪਹਿਰਾਵਾ ਮਨਫੀ ਕਰਕੇ ਦੇਖੀਏ ਤਾਂ ਚੜ੍ਹਦੇ ਪੰਜਾਬ ਦੇ ਕਿਸੇ ਸ਼ਹਿਰ ਦਾ ਬਾਜ਼ਾਰ ਲੱਗਦਾ ਪਰ ਲਾਹੌਰ ਵਿਚ ਚੱਲਣ ਦਾ ਸਾਡੇ ਮਨ ਨੂੰ ਬੜਾ ਹੁਲਾਸ ਜਿਹਾ ਮਿਲ ਰਿਹਾ ਸੀ ਕਿਉਂਕਿ ਅੱਜ ਤੱਕ ਇਤਿਹਾਸ ਦੀਆਂ ਕਿਤਾਬਾਂ ਵਿਚ ਲਾਹੌਰ ਨੂੰ ਲਾਹੌਰ ਨਾਲ ਜੁੜੀਆਂ ਇਤਿਹਾਸਕ ਘਟਨਾਵਾਂ, ਖਾਸ ਕਰਕੇ ਸਿੱਖ ਕੌਮ ਨਾਲ ਸੰਬੰਧਤ, ਪੜ੍ਹੀਆਂ ਹੀ ਸਨ ਪਰ ਅੱਜ ਉਸੇ ਜਗ੍ਹਾ 'ਤੇ ਆ ਕੇ ਇਕ ਵੱਖਰੀ ਕਿਸਮ ਦਾ ਅਨੁਭਵ ਜਿਹਾ ਹੋ ਰਿਹਾ ਸੀ ਜਿਹੜਾ ਮੈਂ ਲਿਖਣ ਦੇ ਅਸਮਰੱਥ ਹਾਂ। ਕੁਝ ਗੱਲਾਂ ਮਹਿਸੂਸ ਹੀ ਕੀਤੀਆਂ ਜਾਂਦੀਆਂ ਹਨ ਅਤੇ ਲਫਜ਼ਾਂ ਦੀ ਪਕੜ ਤੋਂ ਬਾਹਰ ਹੁੰਦੀਆਂ ਹਨ। ਇਹੋ ਜਿਹੀ ਹੀ ਮੇਰੀ ਗੱਲ ਹੈ। ਅੱਗੇ ਅਸੀਂ ਗੁਰਦੁਆਰਾ ਡੇਹਰਾ ਸਾਹਿਬ ਪਹੁੰਚਣਾ ਸੀ ਤੇ ਹਿਰਦੇ ਵਿਚ ਗੁਰੂ ਅਰਜਨ ਦੇਵ ਜੀ ਦਾ ਤੱਤੀ ਤਵੀ ਵਾਲਾ ਦ੍ਰਿਸ਼ ਉਘੜਨਾ ਵੀ ਸ਼ੁਰੂ ਹੋ ਗਿਆ, ਸਿੰਘਾਂ ਦੇ ਸਿਰਾਂ ਦੇ ਮੁੱਲ ਵੀ ਇਸੇ ਸ਼ਹਿਰ ਵਿਚ ਪਏ ਸਨ, ਸ਼ਾਇਦ ਇੰਜ ਦੁਨੀਆਂ ਵਿਚ ਹੋਰ ਕਿਤੇ ਕਿਸੇ ਹਕੂਮਤ ਨੇ ਨਾ ਪਾਏ ਹੋਣ। ਇਹੋ ਹੀ ਲਾਹੌਰ ਸੀ ਜਿਥੇ ਮਾਸੂਮ ਨਿਆਣਿਆਂ ਨੂੰ ਮਾਂਵਾਂ ਤੋਂ ਖੋਹ ਕੇ ਉਨ੍ਹਾਂ ਦੇ ਸਾਹਮਣੇ ਚੀਰ ਦਿੱਤਾ ਗਿਆ ਹੋਵੇ, ਨੇਜਿਆਂ 'ਤੇ ਟੰਗੇ ਗਏ ਹੋਣ ਅਤੇ ਉਨ੍ਹਾਂ ਦੀਆਂ ਆਂਦਰਾਂ ਕੱਢ ਕੇ ਉਨ੍ਹਾਂ ਹੀ ਮਾਂਵਾਂ ਦੇ ਗਲਾਂ ਵਿਚ ਪਾ ਦਿੱਤੀਆਂ ਹੋਣ। ਇਸੇ ਲਾਹੌਰ ਵਿਚ ਭਾਈ ਤਾਰੂ ਦੀ ਖੋਪੜੀ ਲਾਹੀ ਗਈ ਸੀ। ਇਹੋ ਹੀ ਲਾਹੌਰ ਸ਼ਹਿਰ ਹੈ, ਜਿਥੋਂ ਖਾਲਸਾ ਰਾਜ ਮਜ਼ਬੂਤ ਹੋਇਆ, ਜਿਸਨੇ 50 ਸਾਲ ਤਕ ਉਸ ਵੇਲੇ ਦੀ ਦੁਨੀਆਂ ਦੀ ਸਭ ਤੋਂ ਵੱਡੀ ਬਾਦਸ਼ਾਹੀ ਨੂੰ ਸਤਲੁਜ ਪਾਰ ਨਾ ਕਰਨ ਦਿੱਤਾ, ਇਹੋ ਸ਼ਹਿਰ ਲਾਹੌਰ ਹੈ ਜਿਥੇ ਖਾਲਸਾ ਰਾਜ ਦੀਆਂ ਜੇਤੂ ਮੁਹਿੰਮਾਂ ਪਹਿਲੀ ਵਾਰੀ ਪੂਰਬ ਵਾਲੇ ਪਾਸੇ ਤੋਂ ਦਰ੍ਹਾ ਖੈਬਰ ਪਾਰ ਕਰਕੇ ਗਈਆਂ, ਫਿਰ ਇਸੇ ਹੀ ਲਾਹੌਰ ਸ਼ਹਿਰ ਵਿਚ ਸਾਜ਼ਿਸ਼ਾਂ ਦਾ ਦੌਰ ਚੱਲਿਆ ਤੇ ਸਿੱਖ ਰਾਜ ਸਦਾ ਲਈ ਖ਼ਤਮ ਹੋ ਗਿਆ। ਇਨ੍ਹਾਂ ਸੋਚਾਂ ਵਿਚ ਤੇ ਆਲਾ-ਦੁਆਲਾ ਦੇਖਦੇ ਟੈਕਸੀ ਗੁਰਦੁਆਰਾ ਡੇਹਰਾ ਸਾਹਿਬ ਪਹੁੰਚ ਗਈ ਅਤੇ ਗੁਰਦੁਆਰਾ ਸਾਹਿਬ ਦਾ ਗੁੰਬਦ ਤੇ ਨਿਸ਼ਾਨ ਸਾਹਿਬ ਦਿਸ ਪਏ। ਡਰਾਈਵਰ ਨੇ ਟੈਕਸੀ ਬਾਹਰ ਸੜਕ 'ਤੇ ਪਾਰਕ ਕਰ ਦਿੱਤੀ ਤੇ ਸਾਡੇ ਅਟੈਚੀ ਕੱਢਣ ਲੱਗ ਪਿਆ। ਅਸੀਂ ਉਤਰ ਕੇ ਆਲਾ ਦੁਆਲਾ ਦੇਖਿਆ। ਸੜਕ 'ਤੇ ਕਾਫੀ ਲੋਕੀਂ ਆ-ਜਾ ਰਹੇ ਸਨ, ਜੋ ਸਾਨੂੰ ਬੜੇ ਧਿਆਨ ਨਾਲ ਦੇਖ ਰਹੇ ਸਨ। ਅਸਲ ਵਿਚ ਉਹ ਸੜਕ ਉਪਰ ਨੂੰ ਸ਼ਾਹੀ ਕਿਲੇ ਵੱਲ ਜਾਂਦੀ ਹੈ ਤੇ ਕਿਲੇ ਦੇ ਸਾਹਮਣੇ ਬਾਦਸ਼ਾਹੀ ਮਸਜਿਦ ਹੈ, ਜਿਥੇ ਲੋਕ ਸ਼ਾਮ ਦੀ ਨਮਾਜ਼ ਲਈ ਜਾ ਰਹੇ ਸਨ। ਅਸੀਂ ਸਾਮਾਨ ਲੈ ਕੇ ਗੁਰਦੁਆਰੇ ਦੇ ਗੇਟ ਵੱਲ ਨੂੰ ਹੋਏ ਤਾਂ ਦੇਖਿਆ ਕਿ ਗੇਟ ਬੰਦ ਸੀ। ਸਾਨੂੰ 3 ਸਿੱਖਾਂ ਨੂੰ ਦੇਖ ਕੇ ਇਕ ਸਿਕਿਓਰਿਟੀ ਵਾਲਾ ਉਸੇ ਵੇਲੇ ਆ ਗਿਆ ਤੇ ਪੁੱਛਿਆ ਕਿ ਅੰਦਰ ਗੁਰਦੁਆਰਾ ਸਾਹਿਬ ਜਾਣਾ ਹੈ ਤਾਂ ਸਾਡੇ 'ਹਾਂ' ਕਹਿਣ 'ਤੇ ਉਸਨੇ ਗੇਟ ਖੋਲ੍ਹ ਦਿੱਤਾ। ਬਾਅਦ ਵਿਚ ਅਸੀਂ ਦੇਖਿਆ ਕਿ ਸਾਰੇ ਹੀ ਗੁਰਦੁਆਰਿਆਂ ਦੇ ਗੇਟ ਬੰਦ ਹੁੰਦੇ ਸਨ ਤੇ ਹਰੇਕ ਥਾਂ ਪੁਲਿਸ ਦੀ ਸਿਕਿਓਰਿਟੀ ਸੀ, ਕਿਸੇ ਅਣਜਾਣ ਨੂੰ ਅੰਦਰ ਨਹੀਂ ਸੀ ਜਾਣ ਦਿੰਦੇ।

ਗੁਰਦੁਆਰਾ ਡੇਹਰਾ ਸਾਹਿਬ ਦੇ ਅੰਦਰ ਸਾਨੂੰ ਸ. ਅਮਰ ਸਿੰਘ ਮਿਲੇ, ਜੋ ਲੰਗਰ ਦੀ ਸੇਵਾ ਕਰਦੇ ਹਨ। ਉਨ੍ਹਾਂ ਨੂੰ ਅਸੀਂ ਦੱਸਿਆ ਕਿ ਅਸੀਂ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਆਏ ਹਾਂ ਤੇ ਇਥੇ ਸਾਨੂੰ ਕਾਦਿਰ ਭਾਈ ਨਾਂ ਦੇ ਟੈਕਸੀ ਵਾਲੇ ਨੇ ਮਿਲਣਾ ਹੈ ਤਾਂ ਉਸਨੇ ਦੱਸਿਆ ਕਿ ਉਹਦਾ ਐਥੇ ਸਾਨੂੰ ਟੈਲੀਫੋਨ ਆ ਗਿਆ ਹੈ। ਤੁਹਡੇ ਰਹਿਣ ਲਈ ਇਕੋ-ਇਕ ਏ. ਸੀ. ਵਾਲਾ ਕਮਰਾ ਹੈ, ਉਹ ਸਾਫ ਹੈ, ਉਥੇ ਤੁਸੀਂ ਆਪਣਾ ਸਾਮਾਨ ਰੱਖ ਲਓ, ਨਾਲੇ ਉਹਨੇ ਸਾਡੇ ਲਈ ਕੁਰਸੀਆਂ ਬਾਹਰ ਕੱਢ ਕੇ ਰੱਖ ਦਿੱਤੀਆਂ ਤੇ ਸਾਡੇ ਲਈ ਲੰਗਰ ਵਿਚੋਂ ਚਾਹ ਦਾ ਜੱਗ ਬਣਾ ਲਿਆਇਆ ਤੇ ਨਾਲ ਖਾਣ ਲਈ ਵਧੀਆ ਰਸ ਵੀ ਦਿੱਤੇ, ਜਿਸ ਦੀ ਉਸ ਵੇਲੇ ਤੱਕ ਸਾਨੂੰ ਜ਼ਰੂਰਤ ਵੀ ਮਹਿਸੂਸ ਹੋਣ ਲੱਗ ਪਈ ਸੀ। ਇਨ੍ਹਾਂ ਰਿਹਾਇਸ਼ੀ ਕਮਰਿਆਂ ਵਿਚ ਹੀ ਸਰਕਾਰ ਵਲੋਂ ਖੋਲ੍ਹੀ ਗਈ ਡਿਸਪੈਂਸਰੀ ਵੀ ਸੀ।

ਚਾਹ ਪੀ ਕੇ ਅਸੀਂ ਕਾਦਿਰ ਭਾਈ ਦੀ ਉਡੀਕ ਕਰਨ ਲੱਗੇ, ਫਿਰ ਸੋਚਿਆ ਕਿ ਕਿਉਂ ਨਾ ਓਨੀ ਦੇਰ ਗੁਰਦੁਆਰਾ ਸਾਹਿਬ ਦੇ ਅੰਦਰ ਜਾ ਕੇ ਮੱਥਾ ਟੇਕੀਏ। ਗੁਰਦੁਆਰੇ ਦਾ ਦੀਵਾਨ ਹਾਲ ਬਹੁਤ ਵੱਡਾ ਨਹੀਂ। ਉਸ ਵੇਲੇ ਉਥੇ ਉਸਦੀ ਛੱਤ ਦੀ ਅੰਦਰੋਂ ਰਿਪੇਅਰ ਦਾ ਕੰਮ ਚੱਲ ਰਿਹਾ ਸੀ। ਕਾਰੀਗਰ ਸਾਰੇ ਮੁਸਲਮਾਨ ਹੀ ਸਨ ਪਰ ਸਾਰਿਆਂ ਨੇ ਸਿਰਾਂ 'ਤੇ ਜਾਂ ਤਾਂ ਟੋਪੀਆਂ ਪਾਈਆਂ ਹੋਈਆਂ ਸਨ ਜਾਂ ਪਟਕੇ ਬੰਨ੍ਹੇ ਹੋਏ ਸੀ। ਦੱਸਦੇ ਸਨ, ਜਦੋਂ ਕਦੀ ਦੀਵਾਨ ਲੱਗਦਾ ਉਦੋਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ। ਪ੍ਰਕਾਸ਼ ਵਾਲੀ ਥਾਂ ਵੀ ਉਚੀ ਬਣਾਈ ਹੋਈ ਹੈ, ਉਦਾਂ ਗੁਰਦੁਆਰਾ ਜਿਥੇ ਮਹਾਰਾਜ ਦਾ ਪ੍ਰਕਾਸ਼ ਹੁੰਦਾ ਹੈ, ਨਾਲ ਹੀ ਹੈ, ਉਸਦੇ ਦਰਵਾਜ਼ੇ ਪੁਰਾਣੇ ਸਟਾਈਲ ਦੇ ਲੱਕੜ ਦੇ ਹਨ। ਇਹ ਗੁਰਦੁਆਰਾ ਵੀ ਮਹਾਰਾਜਾ ਰਣਜੀਤ ਸਿੰਘ ਨੇ ਹੀ ਬਣਵਾਇਆ ਸੀ। ਗੁਰਦੁਆਰਾ ਬਿਲਕੁਲ ਸ਼ਾਹੀ ਕਿਲੇ ਦੇ ਨਾਲ ਹੈ। ਉਸ ਵੇਲੇ ਦਰਿਆ ਰਾਵੀ ਸ਼ਾਹੀ ਕਿਲੇ ਦੀ ਦੀਵਾਰ ਨਾਲ ਖਹਿ ਕੇ ਵਗਦਾ ਸੀ। ਗੁਰਦੁਆਰਾ ਡੇਹਰਾ ਸਾਹਿਬ ਉਸ ਥਾਂ 'ਤੇ ਬਣਿਆ ਹੋਇਆ ਹੈ ਜਿਥੇ ਗੁਰੂ ਸਾਹਿਬ ਨੂੰ ਤੱਤੀਆਂ ਤਵੀਆਂ 'ਤੇ ਬੈਠਾ ਕੇ ਤੱਤੀ ਰੇਤਾ ਉਪਰ ਪਾਉਣ ਤੋਂ ਬਾਅਦ ਸਾਰਾ ਸਰੀਰ ਬੁਰੀ ਤਰ੍ਹਾਂ ਨਾਲ ਸਾੜਿਆ ਹੋਣ ਤੋਂ ਬਾਅਦ ਦਰਿਆ ਰਾਵੀ 'ਤੇ ਲਿਆਂਦਾ ਤਾਂ ਕਿ ਠੰਡੇ ਪਾਣੀ ਵਿਚ ਨਹਾਉਣ ਨਾਲ ਸਰੀਰ 'ਤੇ ਪਏ ਹੋਏ ਛਾਲੇ ਹੋਰ ਤੜਫਾਉਣ। ਹਕੂਮਤ ਦਾ ਮਕਸਦ ਵੱਧ ਤੋਂ ਵੱਧ ਸਰੀਰਕ ਕਸ਼ਟ ਦੇਣਾ ਸੀ, ਸ਼ਾਇਦ ਇਹ ਚਾਲ ਚੰਦੂ ਦੀ ਹੀ ਹੋਵੇ ਕਿਉਂਕਿ ਉਸਨੂੰ ਪਤਾ ਹੋਣਾ ਜਿਸ ਜਗ੍ਹਾ 'ਤੇ ਗੁਰੂ ਜੀ ਦਾ ਸਸਕਾਰ ਹੋਣਾ ਸਿੱਖ ਤਾਂ ਉਸ ਥਾਂ 'ਤੇ ਯਾਦਗਾਰ ਬਣਾ ਕੇ ਅੱਗੋਂ ਪਤਾ ਨਹੀਂ ਕਿਹੜਾ ਪੈਂਤੜਾ ਅਪਨਾ ਲੈਣ ਤੇ ਉਹ ਵਗਦੇ ਦਰਿਆ ਵਿਚ ਕਿੱਦਾਂ ਗੁਰਦੁਆਰਾ ਬਣਾਉਣਗੇ ਪਰ ਉਹ ਕੀ ਜਾਣਦਾ ਸੀ ਕਿ ਸ਼ਹਾਦਤਾਂ ਤਾਂ ਦਰਿਆਵਾਂ ਦਾ ਰੁਖ ਬਦਲਣ ਦੇ ਸਮਰੱਥ ਹੁੰਦੀਆਂ, ਉਥੇ ਬਹਿ ਕੇ ਇਹ ਸੱਚ ਹੀ ਦਿਸਿਆ।

ਇਸ ਜਗ੍ਹਾ 'ਤੇ ਗੁਰੂ ਜੀ ਰਾਵੀ ਦੇ ਪਾਣੀ ਵਿਚ ਉਤਰੇ ਤੇ ਸਦਾ ਲਈ ਇਸ ਦੁਨੀਆਂ ਤੋਂ ਅਲੋਪ ਹੋ ਗਏ। ਗੁਰਦੁਆਰਾ ਡੇਹਰਾ ਸਾਹਿਬ ਵਾਲੀ ਥਾਂ 'ਤੇ ਗੁਰੂ ਜੀ ਨੂੰ ਤੱਤੀ ਤਵੀ 'ਤੇ ਨਹੀਂ ਸੀ ਬਿਠਾਇਆ, ਜਿਵੇਂ ਕਿ ਮੈਂ ਪਹਿਲਾਂ ਸਮਝਦਾ ਸਾਂ, ਉਹ ਜਗ੍ਹਾ ਹੋਰ ਥਾਂ 'ਤੇ ਹੈ। ਇਸ ਦਾ ਜ਼ਿਕਰ ਬਾਅਦ ਵਿਚ ਕਰਾਂਗਾ।

ਕਈ ਗੱਲਾਂ ਬਾਰੇ ਜਿੱਦਾਂ ਪਹਿਲਾਂ ਪੜ੍ਹਿਆ ਹੋਇਆ ਹੈ, ਜਿੱਦਾਂ ਉਥੋਂ ਦੇ ਲੋਕਾਂ ਨੇ ਦੱਸਿਆ ਕਿ ਉਹ ਕੁਝ ਵੱਖਰਾ ਹੈ, ਉਹੀ ਮੈਂ ਲਿਖ ਰਿਹਾਂ।

*(ਬਾਕੀ ਅਗਲੇ ਅੰਕ 'ਚ)*

## ਕਹਾਣੀ

# ਖਾਰਾ ਬੱਦਲ

–ਦਲਵੀਰ ਚੇਤਨ



ਖੁਸ਼ਖਬਰੀ ਸੁਣਦਿਆਂ ਹੀ ਡਾਕਟਰ ਦੀਪਾ ਨੇ ਸੋਚਿਆ ਕਿ ਡਾਕਟਰ ਸਵਰਾਜ ਨੂੰ ਫੋਨ ਕੀਤਾ ਜਾਵੇ, ''ਹਸਪਤਾਲ ਛੇਤੀ ਪਹੁੰਚ ਤੇਰੇ ਨਾਲ ਇਕ ਬਹੁਤ ਵੱਡੀ ਖੁਸ਼ੀ ਸਾਂਝੀ ਕਰਨੀ ਹੈ।''

ਉਸਨੂੰ ਪਤਾ ਸੀ ਉਹ ਅਗੋਂ ਕਹੇਗਾ, ''ਖੁਸ਼ੀਆਂ ਤਾਂ ਹੁੰਦੀਆਂ ਹੀ ਸਾਂਝੀਆਂ ਕਰਨ ਲਈ ਨੇ ਪਰ ਥੋੜ੍ਹਾ ਜਿਹਾ ਪਤਾ ਤਾਂ ਲੱਗੇ?''

''...ਬਸ ਤੂੰ ਛੇਤੀ ਆ ਜਾ, ਇਹ ਖੁਸ਼ੀ ਮਿਲ ਕੇ ਹੀ ਦੱਸੀ ਜਾ ਸਕਦੀ ਹੈ।'' ਦੀਪਾ ਨੇ ਰਸੀਵਰ ਵੀ ਚੁੱਕਿਆ, ਨੰਬਰ ਵੀ ਡਾਇਲ ਕੀਤਾ ਪਰ ਫੇਰ ਕਈ ਕੁਝ ਸੋਚਦਿਆਂ, ਆਪੇ ਹੀ ਫੋਨ ਕੱਟ ਦਿੱਤਾ।

ਡਾਕਟਰ ਦੀਪਾ ਨੇ ਆਪਣੇ ਕਈ ਜਾਣੂਆਂ ਪਛਾਣੂਆਂ ਨੂੰ ਇਹ ਖੁਸ਼ਖਬਰੀ ਦੱਸਣ ਲਈ ਫੋਨ ਖੜਕਾਏ ਤੇ 'ਦੀਪਾ ਮੈਟਰਨਟੀ ਹੋਮ' ਦੇ ਸਾਰੇ ਮਰੀਜ਼ਾਂ ਤੇ ਕਰਮਚਾਰੀਆਂ 'ਚ ਲੱਡੂ ਵੰਡੇ।

ਡਾਕਟਰੀ ਪੇਸ਼ੇ 'ਚ ਆਉਣ ਤੋਂ ਬਾਅਦ ਜਨਮ-ਮੌਤ ਦੀ ਖੁਸ਼ੀ-ਗਮੀ, ਉਹਦੇ ਲਈ ਆਮ ਤੇ ਸਾਧਾਰਨ ਜਿਹੀ ਗੱਲ ਬਣ ਗਈ ਸੀ ਪਰ ਅੱਜ ਉਹਨੂੰ ਮਹਿਸਾਸ ਹੋਇਆ ਕਿ ''ਆਪਣਿਆਂ'' ਦੀ ਖੁਸ਼ੀ-ਗਮੀ ''ਦੂਸਰਿਆਂ'' ਦੀ ਖੁਸ਼ੀ-ਗਮੀ ਨਾਲੋਂ ਵੱਖਰੀ ਹੀ ਤਰ੍ਹਾਂ ਦੀ ਹੁੰਦੀ ਹੈ।

ਖੁਸ਼ੀ ਨਾਲ ਚਾਮ੍ਹਲੀ ਉਹ ਕਦੇ ਤਨਵੀਰ ਨੂੰ ਚੁੰਮ ਲੈਂਦੀ ਤੇ ਕਦੇ ਤਨਵੀਰ ਦੀ ਬੇਟੀ ਨੂੰ।

ਅੱਜ ਉਹਦੀ ਬਚਪਨ ਦੀ ਸਹੇਲੀ ਤਨਵੀਰ ਦੇ ਘਰ, ਵਿਆਹ ਤੋਂ ਕਈ ਸਾਲਾਂ ਬਾਅਦ ਬੇਟੀ ਨੇ ਜਨਮ ਲਿਆ ਸੀ। ਉਹ ਇਸ ਖੁਸ਼ੀ 'ਚ ਬੌਅਰੀ ਹੋਈ, ਉਸ ਬਚਪਨ ਵਲ ਪਰਤ ਗਈ ਜਿੱਥੇ ਉਨ੍ਹਾਂ ਇਕੱਠਿਆਂ ਹੀ ਗੁੱਡੀਆਂ ਪਟੋਲੇ ਤੇ ਗੀਟੇ ਵੀ ਖੇਡੇ ਸਨ।

ਅੱਜ ਉਹਨੂੰ ਰਹਿ ਰਹਿ ਕੇ ਯਾਦ ਆ ਰਿਹਾ ਸੀ ਪੇਂਡੂ ਬਚਪਨ ਦਾ ਉਹ ਅੱਥਰਾਪਣ, ਜਿਥੇ ਖੇਡਦਿਆਂ, ਖਿਡਾਉਂਦਿਆਂ ਕਈ ਵਾਰ ਲੜਾਈ-ਝੜਾਈ ਵੀ ਹੋ ਜਾਂਦੀ ਸੀ ਤੇ ਲੜਦਿਆਂ ਭਿੜਦਿਆਂ ਬਚਪਨ ਦਾ ਇਹ ਭੋਲਾਪਣ, ਫੇਰ ਇਕ ਦੂਸਰੇ ਨੂੰ ਗਲਵੱਕੜੀ ਵਿਚ ਲੈ ਕੇ ਘੁੱਟ ਲੈਂਦਾ ਸੀ।

ਹੌਲੀ ਹੌਲੀ ਬਚਪਨ ਦਾ ਇਹ ਮੋਹ ਮਿਲਾਪ, ਸਹੇਲਪੁਣੇ 'ਚ ਬਦਲ ਗਿਆ ਤੇ ਇਹ ਸਹੇਲਪੁਣਾ ਜਿਵੇਂ ਉਮਰ ਭਰ ਦੀ ਦੋਸਤੀ ਦੀ ਮੋਹਰ ਹੀ ਬਣ ਗਿਆ।

ਹਰਦੀਪ ਢਿੱਲੋਂ ਪਰਿਵਾਰ 'ਚ ਵਿਆਹੀ ਗਈ ਤਾਂ ਘਰ ਵਾਲੇ ਦੀ ਇੱਛਾ ਅਨੁਸਾਰ 'ਦੀਪ ਢਿੱਲੋਂ' ਬਣ ਗਈ। ਜਦੋਂ ਉਹਦੇ ਡਾਕਟਰੀ ਸਹੁਰਾ ਪਰਿਵਾਰ ਨੇ ਆਪਣੀ ਚਰੋਕਣੀ ਖਾਹਿਸ਼ ਨੂੰ ਪੂਰਾ ਕਰਨ ਲਈ 'ਮੈਟਰਨਿਟੀ ਹੋਮ' ਖੋਲ੍ਹਣਾ ਚਾਹਿਆ ਤਾਂ ਉਹਦਾ ਨਾਂ 'ਦੀਪ ਮੈਟਰਨਿਟੀ ਹੋਮ' ਰੱਖ ਲਿਆ ਤਾਂ ਹੌਲੀ ਹੌਲੀ ਉਹਨੂੰ ਸਾਰੇ ਡਾਕਟਰ ਦੀਪਾ ਹੀ ਕਹਿਣ ਲੱਗ ਪਏ।

ਹਰਦੀਪ ਨੂੰ ਯਾਦ ਸੀ ਕਿ ਤਨਵੀਰ ਨੂੰ ਘਰ ਵਾਲੇ ਤੇ ਬਹੁਤ ਲੋਕ ਛੋਟੇ ਨਾਂ ਦੇ ਤੌਰ 'ਤੇ 'ਤਨੂੰ' ਕਹਿੰਦੇ ਹੁੰਦੇ ਸਨ। ਪਰ ਤਨਵੀਰ ਨੂੰ ਆਪਣਾ ਇਹ ਨਾਂ ਕਦੇ ਵੀ ਪਸੰਦ ਨਾ ਆਇਆ।

ਹਰਦੀਪ ਉਹਨੂੰ ਪੂਰੀ ਤਰ੍ਹਾਂ ਸਮਝਦੀ ਤੇ ਜਾਣਦੀ ਸੀ, ਸ਼ਾਇਦ ਇਸੇ ਲਈ ਉਹ ਉਹਨੂੰ ਹਮੇਸ਼ਾ ਤਨਵੀਰ ਹੀ ਕਹਿੰਦੀ ਸੀ। ਜਦੋਂ ਪੜ੍ਹ ਲਿਖ ਕੇ ਉਹ ਸਰਕਾਰੀ ਕਾਲਜ 'ਚ ਪੜ੍ਹਾਉਣ ਲੱਗ ਪਈ ਤਾਂ ਸਾਰੇ 'ਤਨੂੰ' ਨੂੰ ਤਨਵੀਰ ਹੀ ਕਹਿਣ ਲੱਗ ਪਏ।

ਵਿਆਹ ਦੇ ਛੇ ਸੱਤ ਸਾਲ ਬਾਅਦ ਵੀ ਜਦੋਂ ਤਨਵੀਰ ਦੇ ਘਰ ਕੋਈ ਬੱਚਾ ਨਾ ਹੋਇਆ ਤਾਂ ਤਨਵੀਰ ਤਾਂ ਸੋਚੀਂ ਪਈ ਹੀ ਪਈ ਸੀ, ਦੀਪਾ ਦੀ ਸੋਚ ਵੀ ਗੰਭੀਰਤਾ ਦੀ ਹੱਦ ਤਕ ਚਲੀ ਗਈ। ਸੋਚ ਵਿਚਾਰ ਤੋਂ ਬਾਅਦ ਉਹਨੇ ਮੀਆਂ ਬੀਵੀ ਨੂੰ ਲੈਬਾਰਟਰੀ ਦੇ ਟੈਸਟਾਂ ਵਿਚੋਂ ਲੰਘਾਉਣਾ ਜ਼ਰੂਰੀ ਸਮਝਿਆ ਸੀ।

ਲੈਬਾਰਟਰੀ ਦੇ ਟੈਸਟਾਂ ਵਿਚ ਤਨਵੀਰ ਤਾਂ ਬਿਲਕੁਲ ਠੀਕ ਠਾਕ ਤੇ ਮਾਂ ਬਣਨ ਦੇ ਕਾਬਲ ਸੀ ਪਰ ਉਹਦਾ ਪਤੀ, ਡਾਕਟਰੀ ਰਿਪੋਰਟ ਵਿਚ ਪਿਓ ਬਣਨ ਦੇ ਯੋਗ ਨਹੀਂ ਸੀ ਪਾਇਆ ਗਿਆ।

ਪਰ ਦੀਪਾ ਨੇ ਦੋਹਾਂ ਨੂੰ ਸੱਦ ਕੇ ਕਹਿ ਦਿੱਤਾ ਸੀ ਕਿ ਰਿਪੋਟਰ ਵਿਚ ਸਭ ਠੀਕ ਠਾਕ ਹੈ। ਫੇਰ ਉਹਨੇ ਇਸ ਭੇਦ ਨੂੰ ਡਾਕਟਰੀ ਹਾਸੇ 'ਚ ਲੁਕਾਉਂਦਿਆਂ ਕਿਹਾ ਸੀ, ''ਜਾਉ ਤੇ ਸਾਲ ਦੇ ਵਿਚ ਵਿਚ ਲੱਡੂ ਖਵਾਉਣ ਦਾ ਪ੍ਰਬੰਧ ਕਰੋ!''

ਪਰ ਤਨਵੀਰ ਨੂੰ ਉਹਨੇ ਵੱਖਰੇ ਤੌਰ 'ਤੇ ਸਭ ਕੁਝ ਵੇਰਵੇ ਨਾਲ ਸਮਝਾਉਂਦਿਆਂ ਕਿਹਾ ਸੀ, ''ਚਿੰਤਾ ਕਰਨ ਦੀ ਕੋਈ ਲੋੜ ਨਹੀਂ-ਤੂੰ ਜ਼ਰੂਰ ਮਾਂ ਬਣੇਂਗੀ-ਇਹ ਜ਼ਿੰਮੇਵਾਰੀ ਮੇਰੀ ਰਹੀ।''

ਇਕ ਦਿਨ, ਉਹ ਬੜੀ ਗੰਭੀਰਤਾ ਨਾਲ ਇਸ ਬਾਰੇ ਵਿਚਾਰ ਕਰਦੀਆਂ ਰਹੀਆਂ। ਆਮ ਔਰਤਾਂ ਵਾਂਗ ਤਨਵੀਰ ਦੀ ਵੀ ਇੱਛਾ ਸੀ ਕਿ ਉਹ ਵੀ ਮਾਂ ਬਣੇ ਤੇ ਨਵੇਂ ਸਿਰਿਓਂ ਆਪਣੇ ਆਪ ਨੂੰ, ਆਪਣੇ ਬੱਚੇ 'ਚ ਜਿਊਂਦਾ ਵੇਖ ਸਕੇ।

ਦੀਪਾ ਨੂੰ ਉਹਦੇ ਲੂੰ ਲੂੰ ਦਾ ਪਤਾ ਸੀ, ਇਸ ਲਈ ਉਹਨੇ ਤਨਵੀਰ ਨੂੰ ਕਿਹਾ, ''ਮੈਨੂੰ ਪਤਾ, ਕਿਸੇ ਦਾ ਬੱਚਾ ਗੋਦ ਲੈਣ ਨਾਲੋਂ ਤੂੰ ਮਨਸੂਈ ਬੱਚਾ ਧਾਰਨ ਕਰ ਲੈ!''

ਤਨਵੀਰ ਨੇ ਇਸ ਬਾਰੇ ਸ਼ਾਇਦ ਕਦੇ ਸੋਚਿਆ ਹੀ ਨਹੀਂ ਸੀ। ਇਸ ਲਈ ਉਹ ਡੂੰਘੀ ਸੋਚੀਂ ਪੈ ਗਈ, ''ਪਰ ਕਿਹੜੇ ਮਰਦ ਦਾ? ਉਹਦਾ ਅੱਗਾ ਪਿੱਛਾ, ਸ਼ਕਲ ਸੂਰਤ, ਰੰਗ ਢੰਗ, ਕੁਝ ਪਤਾ ਤਾਂ ਹੋਵੇ?'' ਉਹ ਗੰਭੀਰਤਾ ਜਿਹੀ ਨਾਲ, ਇਕੋ ਸਾਹੇ ਕਈ ਕੁਝ ਪੁੱਛ ਗਈ।

''ਲਾਗੇ ਬੰਨਿਓਂ, ਰਿਸ਼ਤੇਦਾਰੀ, ਸ਼ਰੀਕੇ, ਭਾਈਚਾਰੇ 'ਚੋਂ ਲੱਭ ਲਾ ਨਾ, ਕੋਈ ਚੰਗਾ ਲੱਗਦਾ।'' ਦੀਪਾ ਨੇ ਸਲਾਹ ਦਿੱਤੀ।

ਤਨਵੀਰ ਨੇ ਗੰਭੀਰ ਜਿਹੀ ਹੁੰਦਿਆਂ ਕਿਹਾ, ''ਜੇ ਕੋਈ ਅਜਿਹਾ ਲੱਭ ਵੀ ਪਿਆ ਤਾਂ ਕੀ ਉਹ ਖਲੋ ਜਾਏਗਾ ਇਥੋਂ ਤੱਕ ਦਾ ਪੈਂਡਾ ਤੈਅ ਕਰਕੇ? ਕੀ ਉਹ ਮੇਰੇ ਉਤੇ ਕਿਸੇ ਤਰ੍ਹਾਂ ਦਾ ਹੱਕ ਨਹੀਂ ਜਤਲਾਏਗਾ? ਕੀ ਉਹ ਨਕਲੀ ਤੋਂ ਫੇਰ ਅਸਲੀ ਬਣਨ ਦੀ ਇੱਛਾ ਨਹੀਂ ਰੱਖੇਗਾ। ਇਹ ਸਭ ਕੁਝ ਸੋਚ ਕੇ ਮੈਨੂੰ ਨੇੜਲੇ ਲੋਕਾਂ ਤੋਂ ਬਹੁਤ ਡਰ ਲੱਗਦਾ ਏ।'' ਫੇਰ ਉਹਨੇ ਨਾਂਹ ਵਿਚ ਸਿਰ ਮਾਰਦੀ ਨੇ ਕਿਹਾ ਸੀ, ''ਮੈਂ ਕਿਸੇ ਵੀ ਜਾਣੂ-ਪਛਾਣੂ ਰਾਹੀਂ ਇੰਜ ਨਹੀਂ ਕਰਵਾ ਸਕਦੀ!''

''ਮੈਂ ਸਮਝਦੀ ਆਂ, ਪਰ ਜਿਹੜਾ ਬੰਦਾ ਤੈਨੂੰ ਚੰਗਾ ਲਗਦਾ ਤੇ ਮੇਰੀ ਗੱਲ ਮੰਨ ਕੇ ਸਾਡੀ ਮਦਦ ਵੀ ਕਰ ਸਕਦਾ, ਜੇ ਉਨ੍ਹੇ ਵੀ ਕਦੇ ਇੰਜ ਦੀ ਇੱਛਾ ਜ਼ਾਹਰ ਕੀਤੀ ਤਾਂ...?'' ਦੀਪਾ ਵੀ ਜਿਵੇਂ ਨਵਾਂ ਰਾਹ ਤਲਾਸ਼ਦੀ ਗੰਭੀਰ ਤੇ ਸ਼ੰਕਾ ਗ੍ਰਸਤ ਜਿਹੀ ਹੋ ਗਈ ਸੀ।

''ਪਰ ਉਹਦੇ 'ਚ ਤੇ ਮੇਰੇ ਨੇੜਲਿਆਂ 'ਚ ਫਰਕ ਵੀ ਤਾਂ ਹੋਊਗਾ। ਨੇੜਲਾ ਤਾਂ ਕਿਸੇ ਖੁਸ਼ੀ-ਗ਼ਮੀ ਦੇ ਜੁੜੇ ਇਕੱਠ 'ਤੇ ਕਿਸੇ ਨੂੰ ਇਹ ਵੀ ਕਹਿ ਸਕਦਾ, ''ਵੇਖ ਨਿਆਣਾ ਮੇਰਾ ਚੁੱਕੀ ਫਿਰਦੀ ਊ-ਉਂਜ ਅੱਖ ਵੀ ਨਈਂ ਮਿਲਾਉਂਦੀ।''

ਦੀਪਾ ਸੁਣ ਕੇ ਜ਼ੋਰ ਦੀ ਹੱਸੀ, ''ਮੁੰਡਾ ਤੇਰਾ ਤੇ ਮੁਹਾਂਦਰਾ ਮੇਰਾ...।

''ਹਾਂ, ਬਿਲਕੁਲ ਇਸੇ ਹੀ ਤਰ੍ਹਾਂ।'' ਤਨਵੀਰ ਦੀਪਾ ਤੋਂ ਵੀ ਜ਼ੋਰ ਦੀ ਹੱਸੀ।

ਦੋਵੇਂ ਹੱਸੀਆਂ ਤੇ ਫੇਰ ਹੱਸਦੀਆਂ ਹੀ ਰਹੀਆਂ। ਹਾਸੇ ਦੀ ਧੁੱਪ ਵਿਚ ਗੰਭੀਰਤਾ ਦੀ ਧੁੰਦ ਕੁਝ ਚੁੱਕੀ ਜਿਹੀ ਗਈ।

ਦੀਪਾ ਨੇ ਕਿਹਾ, ''ਮੇਰੀ ਪਸੰਦ ਵਾਲਾ ਬੰਦਾ ਤੇ ਹੈ ਵਧੀਆ ਪਰ ਜੇ ਤੇਰੇ ਹੁਸਨ 'ਤੇ ਬੇਈਮਾਨ ਹੋ ਕੇ ਉਹਨੇ ਵੀ ਕਦੇ ਇਹੋ ਜਿਹੀ ਇੱਛਾ ਹੀ ਜ਼ਾਰ ਕੀਤੀ ਤਾਂ ਫੇਰ...?''

''ਚਲ ਫੇਰ ਨਾਲ ਤਾਂ ਫੇਰ ਵੇਖਾਂਗੇ ਪਰ ਜਿਹੜਾ ਮਰਦ ਤੂੰ ਚੁਣੇਗੀ, ਮੇਰਾ ਨਹੀਂ ਖ਼ਿਆਲ ਕਿ ਉਹ ਏਨਾ ਗਿਆ ਗੁਜ਼ਰਿਆ ਹੋਵੇ?''

''ਤੂੰ ਕਿਉਂ ਭੁੱਲ ਗਈ ਏਂ ਕਿ ਔਰਤ ਦੇ ਸਬੰਧ ਵਿਚ ਪਾ ਲਾ ਕੇ ਸਾਰੇ ਮਰਦ ਇਕੋ ਜਿਹੇ ਹੀ ਹੁੰਦੇ ਨੇ।''

''ਨਹੀਂ ਦੀਪਾ, ਬੰਦੇ ਬੰਦੇ 'ਚ ਥੋੜ੍ਹਾ ਬਹੁਤ ਫ਼ਰਕ ਵੀ ਤਾਂ ਹੁੰਦਾ ਈ ਏ।''

''ਜੇ ਤੈਨੂੰ ਫ਼ਰਕ ਲੱਗਣ ਲੱਗ ਪਿਆ ਤਾਂ ਨਵੇਂ ਸਿਰੇ ਤੋਂ ਪਰਖ ਕੇ ਵੇਖ ਲੈਂਦੇ ਆਂ-ਉਂਜ ਮੈਂ ਉਸ ਮਰਦ ਨੂੰ ਮਰਦ ਹੀ ਨਾ ਸਮਝੂੰ ਜਿਹੜਾ ਤੇਰੇ ਵਰਗੀ ਖ਼ੂਬਸੂਰਤ ਔਰਤ ਨੂੰ ਵੇਖ ਕੇ ਬੇਈਮਾਨ ਨਾ ਹੋ ਜਾਵੇ।''

ਤਨਵੀਰ ਨੇ ਸ਼ੋਖ ਜਿਹਾ ਮੁਸਕਰਾ ਕੇ ਦੀਪਾ ਦੀ ਖੱਬੀ ਗੱਲ੍ਹ ਉਤੇ ਸੱਜੇ ਹੱਥ ਦੀ ਹਲਕੀ ਜਿਹੀ ਥਾਪ ਦੇ ਦਿੱਤੀ।

''ਦੀਪਾ ਇਕ ਗੱਲ ਬੜੀ ਜ਼ਰੂਰੀ ਹੈ ਕਿ ਉਹਦਾ ਰੰਗ ਰੂਪ, ਡੀਲ ਡੌਲ ਮੇਰੇ ਨਾਲ ਮੇਲ ਖਾਂਦੀ ਹੋਵੇ। ਜੇ ਸੱਚੀਂ-ਮੁੱਚੀਂ ਗੱਲ ਸਿਰੇ ਚੜ੍ਹ ਜਾਏ ਤਾਂ, ਬੱਚਾ ਵੇਖ ਕੇ ਕੋਈ ਇਹ ਵੀ ਨਾ ਆਖੇ ਕਿ ਲਾਵਾਂ ਈ ਲਾਇਆ ਲੱਗਦਾ।''

ਦੋਵੇਂ ਜਣੀਆਂ ਫੇਰ ਉਚੀ ਉਚੀ ਹੱਸੀਆਂ।

''ਮੇਰਾ ਇਹ ਵੀ ਦਿਲ ਕਰਦਾ ਕਿ ਉਹ ਸੋਹਣਾ ਸਨੁੱਖਾ ਤਾਂ ਹੋਵੇ ਈ...ਸਿਆਣਾ ਵੀ ਜ਼ਰੂਰ ਹੋਵੇ।''

''ਮਰ ਜਾਏਂ, ਉਹ ਮੇਰੇ ਹੀ ਹੋਮ ਦਾ ਚਾਈਲਡ ਸਪੈਸ਼ਲਿਸਟ ਦੇ ਤੌਰ ਉਤੇ 'ਵਿਜ਼ਟਿੰਗ ਡਾਕਟਰ' ਏ ਤੇ ਸੋਹਣਾ ਏਨਾ ਕਿ ਕਦੇ ਕਦਾਈਂ ਮੇਰਾ ਵੀ ਉਹਦੇ ਨਾਲ ਮਾੜਾ ਮੋਟਾ ਰੋਮਾਂਸ ਕਰਨ ਨੂੰ ਜੀਅ ਕਰ ਆਉਂਦਾ।'' ਹਾਸਾ ਫੇਰ ਉਚਾ ਹੋਇਆ।

''ਦੀਪਾ, ਇਸ ਸਭ ਕਾਸੇ ਤੋਂ ਪਹਿਲਾਂ, ਮੇਰਾ ਉਹਨੂੰ ਵੇਖਣ ਨੂੰ ਜੀਅ ਕਰਦਾ ਹੈ।''

''ਠੀਕ ਏ, ਮੈਂ ਤੈਨੂੰ ਵਿਖਾ ਦੇਵਾਂਗੀ ਪਰ ਜੇ ਉਨ੍ਹੇ ਵੀ ਤੈਨੂੰ ਵੇਖਣਾ ਚਾਹਿਆ?''

''ਨਹੀਂ, ਸ਼ਾਇਦ ਉਹ ਇੰਜ ਨਾ ਹੀ ਚਾਹੇ'', ਫੇਰ ਕੁਝ ਚਿਰ ਸੋਚ ਕੇ ਕਹਿਣ ਲੱਗੀ, ''ਮੈਨੂੰ ਲੱਗਦਾ, ਜਿਵੇਂ ਇਸ ਸਿਲਸਿਲੇ 'ਚ ਮਰਦ ਦਾ ਕਰਮ ਕੁਝ ਇੰਜ ਦਾ ਹੈ ਜਿਵੇਂ ਕਿਸੇ ਨੂੰ ਕੋਈ ਫਾਲਤੂ ਚੀਜ਼ ਦੇ ਕੇ ਭੁੱਲ ਜਾਈਦਾ ਹੈ-ਪਰ ਔਰਤ ਨੇ ਤਾਂ ਸਭ ਕਾਸੇ ਨੂੰ ਧਾਰਨ ਕਰਕੇ, ਆਪਣੇ ਪੂਰੇ ਜਿਸਮ 'ਚ ਰਚਾ ਕੇ, ਨਵੇਂ ਸਿਰਿਉਂ ਫੇਰ ਉਸਨੂੰ ਜਨਮ ਦੇਣਾ ਹੁੰਦਾ ਹੈ।''

''ਗੱਲ ਤਾਂ ਤੇਰੀ ਠੀਕ ਏ ਪਰ ਫਿਰ ਵੀ ਜੇ ਉਹਨੇ ਵੀ ਸੋਚ ਲਿਆ ਕਿ ਕੋਈ ਫਾਲਤੂ ਚੀਜ਼ ਨਹੀਂ, ਜ਼ਿੰਦਗੀ ਦਾ ਹੁਸੀਨ ਤੋਹਫਾ ਕਿਸੇ ਨੂੰ ਦੇ ਰਿਹਾ ਹਾਂ ਤਾਂ ਫੇਰ?'' ਦੀਪਾ ਨੇ ਪੁੱਛਿਆ।

ਦੀਪਾ ਦੀ ਗੱਲ ਸੁਣ ਕੇ ਤਨਵੀਰ ਚੁੱਪ ਜਿਹੀ ਹੋ ਗਈ। ਕਿੰਨਾ ਚਿਰ ਸੋਚਦੀ ਰਹੀ ਤੇ ਫੇਰ ਹੌਲੀ ਜਿਹੀ ਬੋਲੀ, ''ਜੇ ਉਹਨੇ ਜ਼ਿੱਦ ਕੀਤੀ ਤਾਂ ਥੋੜ੍ਹੇ ਮਰੀਜ਼ ਆਉਂਦੇ ਨੇ ਤੇਰੇ ਕੋਲ। ਕਿਸੇ, ਮੇਰੇ ਨਾਲ ਰਲਦੀ ਮਿਲਦੀ ਨੂੰ ਵਿਖਾ ਛੱਡੀਂ। ਕਿਸੇ ਦੇ ਭਲੇ ਲਈ ਡਾਕਟਰਾਂ ਨੂੰ ਏਨਾ ਕੁ ਝੂਠ ਤਾਂ ਜਾਇਜ਼ ਹੈ।''

'ਗੋ 'ਅਹੈਡ'।'' ਦੋਵੇਂ ਫੇਰ ਮੁਸਕਰਾਈਆਂ। ਦੀਪਾ ਨੇ ਕਿਹਾ, ''ਇਹ ਨਿੱਕੇ ਨਿੱਕੇ ਝੂਠਾਂ ਨੂੰ ਅਸੀਂ ਡਾਕਟਰ ਲੋਕ, ਜ਼ਿੰਦਗੀ ਦਾ ਸੱਚ ਕਹਿੰਦੇ ਹੁੰਦੇ ਆਂ-ਉਂਜ ਜੇ ਵੇਖਿਆ ਜਾਵੇ ਤਾਂ ਉਹ ਝੂਠ ਸੱਚ ਤੋਂ ਵੀ ਕਿਤੇ ਵੱਡੇ ਹੁੰਦੇ ਨੇ।''

ਲਗਾਤਾਰ ਤਿੰਨ ਮਹੀਨੇ, ਪੂਰੇ ਜਰਖੇਜ਼ ਦਿਨਾਂ 'ਚ ਸਕੈਨਿੰਗ ਕਰਨ ਤੋਂ ਬਾਅਦ ਮਸਨੂਈ ਕਰਮ ਨੂੰ ਦੁਹਰਾਇਆ ਜਾਂਦਾ ਰਿਹਾ।

ਚੌਥੇ ਮਹੀਨੇ ਦੀਆਂ ਅਲਾਮਤਾਂ ਨਾਲ ਇਕ ਆਸ ਜਿਹੀ ਬੱਝੀ ਤੇ ਟੈਸਟ ਕਰਨ ਤੋਂ ਇਹ ਆਸ ਯਕੀਨ ਵਿਚ ਬਦਲ ਗਈ।

ਦੀਪਾ ਕੋਲੋਂ ਟੈਸਟ ਦੀ ਰਿਪੋਰਟ ਸੁਣ ਕੇ ਤਨਵੀਰ ਨੂੰ ਖੁਸ਼ੀ ਹੋਈ ਪਰ ਜਦ ਦੀਪਾ ਨੇ ਸੰਭਾਵੀ ਖਤਰਿਆਂ ਨੂੰ ਵੇਖਦਿਆਂ ਸਾਰਾ ਸਮਾਂ ਮੁਕੰਮਲ 'ਬੈਡ ਰੈਸਟ' ਦਾ ਹੁਕਮ ਵੀ ਦਾਗ ਦਿੱਤਾ ਤਾਂ ਤਨਵੀਰ ਨੂੰ ਇਹ ਬੜਾ ਹੀ ਔਖਾ ਜਿਹਾ ਲੱਗਾ।

ਲਗਾਤਾਰ ਮੰਜੇ 'ਤੇ ਬੈਠੀ ਰਹਿਣ ਜਾਂ ਲੰਮੇ ਪੈਣ ਦੇ ਵਿਹਲੇਪਣ ਨੇ ਉਹਨੂੰ ਅੰਤਰਮੁਖੀ ਜਿਹੀ ਬਣਾ ਦਿੱਤਾ। ਉਹਦੇ ਕੋਲ ਕੁਝ ਕੁ ਹੀ ਕੰਮ ਰਹਿ ਗਏ ਸਨ-ਪੜ੍ਹਨਾ, ਸੋਚਣਾ ਜਾਂ ਸੰਗੀਤ ਸੁਣਨਾ।

ਜਦੋਂ ਉਹ ਕੁਝ ਪੜ੍ਹਦੀ ਤਾਂ ਨਾਵਲ ਕਹਾਣੀਆਂ ਦਾ ਨਾਇਕ ਉਹਨੂੰ ਸਵਰਾਜ ਵਰਗਾ ਲੱਗਦਾ। ਜਦੋਂ ਉਹ ਕੁਝ ਸੋਚਦੀ ਤਾਂ ਡਾਕਟਰ ਸਵਰਾਜ ਦੇ ਨੈਣ ਨਕਸ਼ ਆਪਣੇ ਸਾਰੇ ਸਰੀਰ ਵਿਚ ਰਚ ਗਏ ਮਹਿਸੂਸ ਕਰਦੀ। ਸੰਗੀਤ ਸੁਣਦਿਆਂ ਵੀ ਉਹਨੂੰ ਇੰਜ ਲੱਗਦਾ ਜਿਵੇਂ ਉਹਦਿਆਂ ਕੰਨਾਂ 'ਚ ਉਸ ਦਿਨ ਵਾਲਾ ਗੀਤ ਗੂੰਜ ਰਿਹਾ ਹੋਵੇ ਤੇ ਉਹ ਮੰਤਰ-ਮੁਗਧ ਜਿਹੀ ਹੋਈ ਚੁਟਕੀਆਂ ਨਾਲ ਗੀਤ ਨੂੰ ਤਾਲ ਦੇ ਰਹੀ ਹੋਵੇ।

ਇਹ ਗੀਤ ਸਵਰਾਜ ਨੇ, ਦੀਪਾ ਦੇ ਬੱਚੇ ਦੀ ਜਨਮ ਪਾਰਟੀ ਵਿਚ ਗਾਇਆ ਸੀ, ਤਨਵੀਰ ਸ਼ਾਇਦ ਉਹ ਦਿਨ ਇਸੇ ਲਈ ਬੜਾ ਯਾਦ ਆਉਂਦਾ ਸੀ ਕਿ ਉਹਨੇ ਸਵਰਾਜ ਨਾਲ ਪਹਿਲੀ ਵਾਰ ਏਨੀ ਨੇੜਤਾ ਮਹਿਸੂਸ ਕੀਤੀ ਸੀ।

ਬਹੁਤ ਸਾਰੇ ਲੋਕ ਦੀਪਾ ਨੇ ਕਦੇ ਵੀ ਨਹੀਂ ਸਨ ਸੱਦੇ ਪਰ ਇਸ ਵਾਰ ਤਨਵੀਰ ਦੇ ਕਹਿਣ ਉਤੇ ਉਹਨੇ ਸਵਰਾਜ ਨੂੰ ਵੀ ਸੱਦ ਲਿਆ ਸੀ। ਸਵਰਾਜ ਨਾਲ ਮਿਲਾਉਂਦਿਆਂ ਦੀਪਾ ਨੇ ਕਿਹਾ ਸੀ, ''ਮੇਰੀ ਬਚਪਨ ਦੀ ਸਭ ਤੋਂ ਪਿਆਰੀ ਸਹੇਲੀ ਤਨਵੀਰ-ਤੇ ਤਨਵੀਰ ਇਹ ਡਾਕਟਰ ਸਵਰਾਜ।''

ਏਨੀ ਕੁ ਜਾਣਕਾਰੀ ਤੋਂ ਬਾਅਦ ਉਹ ਆਪ ਤਾਂ ਏਧਰ ਉਧਰ ਹੀ ਹੋਈ ਰਹੀ ਸੀ ਤੇ ਉਹ ਦੋਵੇਂ ਬੜੀ ਹੀ ਸ਼ਿੱਦਤ ਨਾਲ ਇਕ ਦੂਸਰੇ ਨਾਲ ਗੱਲਾਂ ਕਰਦੇ ਰਹੇ ਸਨ। ਇਹ ਨੇੜਤਾ ਆਮ ਲੋਕਾਂ ਨਾਲੋਂ ਕਿਤੇ ਵਧੇਰੇ ਸੀ। ਸਵਰਾਜ ਦੇ ਰੋਮਾਂਚਿਕ ਸੁਭਾ ਬਾਰੇ ਉਹਨੂੰ ਦੀਪਾ ਰਾਹੀਂ ਏਨਾ ਕੁ ਪਤਾ ਲੱਗ ਚੁੱਕਾ ਸੀ ਕਿ ਉਹ ਖੂਬਸੂਰਤ ਔਰਤਾਂ ਨਾਲ ਦਿਲਚਸਪੀ ਰੱਖਦਾ ਹੈ। ਉਨ੍ਹਾਂ 'ਚ ਘੁਲ ਮਿਲ ਜਾਣ ਦਾ ਤੇ ਢੁੱਕਵੇਂ ਹਾਸੇ ਮਜ਼ਾਕ ਨਾਲ ਆਪਣੇ ਪ੍ਰਤੀ ਖਿੱਚ ਪੈਦਾ ਕਰਨ ਦਾ ਉਹ ਕਾਫੀ ਮਾਹਰ ਹੈ।

ਪਰ ਤਨਵੀਰ ਨੂੰ ਹੈਰਾਨੀ ਇਹ ਹੋ ਰਹੀ ਸੀ ਕਿ ਸਵਰਾਜ ਦੀ ਕਿਸੇ ਖਾਸ ਕੋਸ਼ਿਸ਼ ਤੋਂ ਬਗੈਰ ਹੀ ਉਹ ਆਪ ਹੀ ਉਹਦੇ ਵੱਲ ਖਿੱਚੀ ਜਿਹੀ ਜਾ ਰਹੀ ਸੀ ਤੇ ਲੋੜੋਂ ਵੱਧ ਨੇੜਤਾ ਪੈਦਾ ਕਰ ਰਹੀ ਸੀ। ਉਹ ਮਹਿਸੂਸ ਕਰ ਰਹੀ ਸੀ ਕਿ ਉਹਦੀ ਵੇਖਣੀ, ਚਾਖਣੀ, ਗੁਫ਼ਤਗੂ ਤੇ ਸਾਰੇ ਅੰਦਾਜ਼ ਕਿਸੇ ਤਰ੍ਹਾਂ ਵੀ ਸਾਧਾਰਨ ਨਹੀਂ ਸਨ। ਉਹ ਆਪ ਵੀ ਸਿਰ ਤੋਂ ਪੈਰਾਂ ਤੱਕ ਹਿੱਲ ਗਈ ਸੀ ਤੇ ਇਹੋ ਹਾਲ ਉਹਨੂੰ ਸਵਰਾਜ ਦਾ ਲੱਗ ਰਿਹਾ ਸੀ।

ਸਵਰਾਜ ਆਪਣੀਆਂ ਨੀਲੀਆਂ ਅੱਖਾਂ ਨੂੰ ਅੱਧਮੀਟੀਆਂ ਜਿਹੀਆਂ ਕਰਦਾ ਕਹਿ ਰਿਹਾ ਸੀ, ''ਤਨਵੀਰ, ਮੈਂ ਵਿਆਹਿਆ ਵਰ੍ਹਿਆਂ ਵੀ ਹਾਂ। ਮੇਰੀ ਬੀਵੀ ਖ਼ੂਬਸੂਰਤ ਵੀ ਹੈ, ਪਰ ਫੇਰ ਵੀ ਕੋਈ ਹੋਰ ਖ਼ੂਬਸੂਰਤ ਚਿਹਰਾ ਵੇਖ ਕੇ ਜੀ ਕਰਦਾ ਹੈ ਕਿ ਮੇਰੀ ਉਹਦੇ ਨਾਲ ਕੋਈ ਸਾਂਝ ਹੋਵੇ। ਭਾਵੇਂ ਕਿਸੇ ਦੀ ਤਰ੍ਹਾਂ ਜਾਂ ਕਿਸੇ ਵੀ ਰਿਸ਼ਤਿਓਂ, ਮੈਂ ਉਹਦੇ ਨਾਲ ਨੇੜਤਾ ਬਣਾ ਲਵਾਂ ਤੇ ਦਿਲ ਦੀ ਹਰ ਗੱਲ ਸਾਂਝੀ ਕਰ ਸਕਾਂ।'' ਸੁਣ ਕੇ ਤਨਵੀਰ ਦਾ ਦਿਲ ਕੀਤਾ ਸੀ ਕਿ ਉਹ ਸਵਰਾਜ ਦੇ ਮੋਢੇ ਉਤੇ ਆਪਣਾ ਸਿਰ ਰੱਖ ਦੇਵੇ।

ਉਸ ਦਿਨ ਪਾਰਟੀ 'ਚ ਜਦ ਉਹਨੇ ਗੀਤ ਗਾਇਆ ਸੀ ਤਾਂ ਉਹ ਤਰਲ ਜਿਹੀ ਬਣੀ, ਗੀਤ ਨੂੰ ਸੁਣਦੀ, ਆਪਣੇ ਸੱਜੇ ਹੱਥ ਨਾਲ ਪੱਟ ਉਤੇ ਤਾਲ ਦਿੰਦੀ ਰਹੀ ਸੀ ਤੇ ਗੀਤ ਦੇ ਅੰਤ ਉਤੇ ਜਦੋਂ ਸਾਰੇ ਲੋਕ ਤਾੜੀਆਂ ਮਾਰਨੋਂ ਹਟ ਗਏ ਸਨ ਤਾਂ ਉਹਦੀ ਥਾਪ ਉਦੋਂ ਵੀ ਜਾਰੀ ਸੀ।

ਤਨਵੀਰ ਦਾ ਘਰ ਵਾਲਾ ਐਸ.ਡੀ.ਓ. ਸੀ ਤੇ ਕਿਸੇ ਦੂਰ ਜ਼ਿਲ੍ਹੇ ਵਿਚ ਤਬਦੀਲ ਸੀ। ਉਹ ਹਫਤੇ ਦੇ ਅਖੀਰ ਵਿਚ ਆਉਂਦਾ। ਬਾਕੀ ਦੇ ਸਾਰੇ ਦਿਨ ਤਨਵੀਰ ਨੂੰ ਇਕੱਲਿਆਂ ਹੀ ਕੱਟਣੇ ਪੈਂਦੇ।

ਇਸ ਸਾਰੇ ਸਮੇਂ 'ਚ ਉਹ ਪਹਿਲਾਂ ਬਹੁਤਾ ਸਮਾਂ ਆਪਣੇ ਘਰ ਵਾਲੇ ਬਾਰੇ ਸੋਚਦੀ ਰਹਿੰਦੀ ਤੇ ਇਹ ਉਹਨੂੰ ਚੰਗਾ ਵੀ ਲੱਗਦਾ। ਪਰ ਪਿਛਲੇ ਕੁਝ ਸਮੇਂ ਤੋਂ ਉਹ ਘਰ ਵਾਲੇ ਨਾਲੋਂ ਜ਼ਿਆਦਾ ਸਵਰਾਜ ਬਾਰੇ ਸੋਚਣ ਲੱਗ ਪਈ ਸੀ। ਇੰਜ ਕਰਦਿਆਂ ਉਹ ਕਈ ਵਾਰ ਆਪਣੇ ਆਪ ਨੂੰ ਬੜੀ ਹੀ ਗਲਤ ਮਾਨਸਿਕਤਾ ਦਾ ਸ਼ਿਕਾਰ ਹੋਈ ਸਮਝਦੀ ਤੇ ਕਦੀ-ਕਦਾਈਂ ਆਪੇ ਹੀ ਆਪਣੇ ਆਪ ਨੂੰ ਸਹੀ ਮਿੱਥ ਲੈਂਦੀ। ਬੜੀ ਹੀ ਅਜੀਬ ਜਿਹੀ ਕਸ਼ਮਕਸ਼ ਵਿਚੋਂ ਉਹ ਲੰਘ ਰਹੀ ਸੀ। ਸਵਰਾਜ ਬਾਰੇ ਸੋਚਦਿਆਂ ਉਹਨੂੰ ਚੰਗਾ ਵੀ ਲੱਗਦਾ ਤੇ ਕਦੇ-ਕਦਾਈਂ ਇੰਜ ਸੋਚਦਿਆਂ ਉਹ ਪ੍ਰੇਸ਼ਾਨ ਜਿਹੀ ਹੋ ਕੇ ਆਪਣੇ ਆਪ ਨੂੰ ਗੁਨਾਹਗਾਰ ਜਿਹੀ ਸਮਝਣ ਲੱਗ ਪੈਂਦੀ।

ਉਹ ਹਰ ਪੰਦਰੀਂ ਦਿਨੀਂ ਚੈਕਅੱਪ ਲਈ ਜਾਣ ਲੱਗਿਆਂ ਸੋਚਦੀ ਕਿ ਸ਼ਾਇਦ ਦੀਪਾ, ਸਵਰਾਜ ਦੀ ਕੋਈ ਗੱਲ ਕਰੇ। ਉਹ ਕਈ ਵਾਰ ਆਪ ਵੀ ਅਜਿਹਾ ਮਾਹੌਲ ਸਿਰਜ ਦੇਂਦੀ ਜਿਥੇ ਸਵਰਾਜ ਦੀ ਗੱਲ ਕਰਨੀ ਜ਼ਰੂਰੀ ਹੋ ਜਾਏ ਪਰ ਇੰਜ ਦਾ ਕਦੇ ਵੀ ਕੁਝ ਨਾ ਵਾਪਰਿਆ।

ਉਹਨੂੰ ਕਈ ਵਾਰ ਖਿੱਝ ਜਿਹੀ ਵੀ ਆਉਂਦੀ ਕਿ ਦੀਪਾ, ਸਵਰਾਜ ਦੀ ਕੋਈ ਗੱਲ ਕਰਨ ਤੋਂ ਗੁਰੇਜ਼ ਕਿਉਂ ਕਰਦੀ ਹੈ?

ਚੈਕਅੱਪ ਤੋਂ ਵਿਹਲਿਆਂ ਹੋ ਕੇ ਤਨਵੀਰ ਖਾਹਮਖਾਹ ਹੀ ਹਸਪਤਾਲ ਦੇ ਚੱਕਰ ਜਿਹੇ ਕੱਢਦੀ ਰਹਿੰਦੀ। ਬਸ ਐਵੇਂ ਹੀ ਬੂਹੇ ਬਾਰੀਆਂ ਕੋਲ ਢੋਅ ਲਾ ਕੇ ਉਹ ਸੋਚਾਂ ਵਿਚ ਭਟਕਦੀ ਫਿਰਦੀ। ਉਹਦੀਆਂ ਉਡਵੀਆਂ ਨਜ਼ਰਾਂ, ਏਧਰ-ਉਧਰ ਸਵਰਾਜ ਨੂੰ ਲੱਭਦੀਆਂ ਰਹਿੰਦੀਆਂ ਤੇ ਅੰਤ ਹਾਰ ਹੰਭ ਜਿਹੀਆਂ ਜਾਂਦੀਆਂ ਪਰ ਸਵਰਾਜ ਕਦੇ ਵੀ ਨਾ ਮਿਲਿਆ।

ਇਕ ਦਿਨ ਉਹਨੇ ਬੜੇ ਧਿਆਨ ਨਾਲ ਹਸਪਤਾਲ ਦੇ ਕਾਰਡ ਤੋਂ ਉਹਦੇ 'ਵਿਜ਼ਟਿੰਗ ਡੇਅਜ਼ ਅਤੇ ਸਮਾਂ ਪੜ੍ਹਿਆ ਤੇ ਮਨ ਹੀ ਮਨ ਪੱਕੇ ਤੌਰ ਉਤੇ, ਉਸੇ ਦਿਨ ਤੇ ਉਸੇ ਸਮੇਂ ਹਸਪਤਾਲ ਜਾਣ ਬਾਰੇ ਸੋਚ ਲਿਆ।

ਉਹ ਆਮ ਦੀ ਤਰ੍ਹਾਂ ਉਸ ਦਿਨ ਸਿੱਧਾ ਦੀਪਾ ਕੋਲ ਨਹੀਂ ਗਈ-ਬਸ ਇਕ ਨੁੱਕਰੇ ਖਲੌਤੀ ਉਹ ਸਵਰਾਜ ਨੂੰ ਉਡੀਕਦੀ ਰਹੀ। ਤੇ ਜਦੋਂ ਸਵਰਾਜ ਬੱਚਿਆਂ ਨੂੰ ਵਿੰਹਦਾ ਵਿੰਹਦਾ ਇਕ ਕਮਰੇ ਤੋਂ ਦੂਸਰੇ ਕਮਰੇ ਤੱਕ ਤੁਰਦਾ ਗਿਆ ਤੇ ਉਹ ਇਕ ਨੁੱਕੇ ਲੱਗੀ ਕਈ ਕੁਝ ਸੋਚਦੀ ਰਹੀ ਤੇ ਉਹਦਾ ਹੱਥ ਆਪਣੇ ਆਪ ਜਿਵੇਂ ਆਪਣੇ ਹੀ ਢਿੱਡ ਨੂੰ ਟੋਹਣ ਲੱਗ ਪਿਆ।

ਜਦੋਂ ਸਵਰਾਜ ਕਿਸੇ ਨਵੇਂ ਜੰਮੇ ਬੱਚੇ ਨੂੰ ਚੈਕ ਕਰਨ ਲਈ ਉਹਦੇ ਕਮਰੇ 'ਚ ਗਿਆ ਤਨਵੀਰ ਅੰਦਾਜ਼ਾ ਜਿਹਾ ਲੈ ਕੇ ਕਮਰੇ ਦੇ ਰਾਹ ਵਿਚ ਇੰਜ ਖਲੋ ਗਈ ਜਿਵੇਂ ਮਿਲਣ ਉਤੇ ਸਭ ਕੁਝ ਸੁਭਾਵਕ ਤੇ ਅਚਨਚੇਤ ਜਿਹਾ ਲੱਗੇ।

ਤੇ ਇੰਜ ਹੀ ਹੋਇਆ। ਸਵਰਾਜ ਸਾਹਮਣੇ ਆਇਆ। ਉਹਨੂੰ ਵੇਖਕੇ ਉਹ ਮੁਸਕਾਈ ਤਾਂ ਆਪਣੇ ਵਲੋਂ ਦਬਵਾਂ ਜਿਹਾ ਹੀ ਪਰ ਉਹਨੂੰ ਪਤਾ ਸੀ ਕਿ ਇਹ ਖੁੱਲ੍ਹ ਕੇ ਮੁਸਕਾਉਣ ਨਾਲੋਂ ਕਿਤੇ ਵਧ ਸੀ।

ਸਵਰਾਜ ਦੇ ਚਲਦੇ ਕਾਹਲੇ ਕਦਮ ਵੀ ਇਕਦਮ ਰੁਕ ਗਏ। ਉਹ ਵੀ ਮੁਸਕਰਾਇਆ। ਤਨਵੀਰ ਨੂੰ ਉਹਦੀ ਮੁਸਕਰਾਹਟ ਲੋਅ ਵਾਂਗ ਚਮਕੀਲੀ ਜਿਹੀ ਲੱਗੀ।

ਸਵਰਾਜ ਨੇ ਕਿਹਾ, ''ਕਿਥੇ ਅਲੋਪ ਹੋ ਗਏ ਸੀ ਤੁਸੀਂ, ਫੇਰ ਮੇਲ ਹੀ ਨਹੀਂ ਹੋਇਆ?''

''ਤੈਨੂੰ ਕੀ ਦੱਸਾਂ ਕਿ ਮੈਂ ਤੈਨੂੰ ਕਿੰਨਾ ਉਡੀਕਿਆ। ਪਲ ਤਾਂ ਬਹੁਤ ਵੱਡਾ ਹੁੰਦਾ ਹੈ, ਮੈਂ ਤੈਨੂੰ ਇਕ ਪਲ 'ਚ ਕਈ ਵਾਰ ਯਾਦ ਕੀਤਾ।''

ਅੱਖਾਂ ਮੁੰਦੀ ਉਹਨੇ ਇੰਜ ਦਾ ਹੀ ਸੋਚਿਆ। ਅੱਖਾਂ ਉਘੇੜ ਕੇ ਉਹ ਸਵਰਾਜ ਵੱਲ ਵੇਖ ਕੇ ਮੁਸਕਾਈ ਤੇ ਐਵੇਂ ਝੂਠ ਦਾ ਆਸਰਾ ਜਿਹਾ ਲੈਂਦੀ ਬੋਲੀ, ''ਸਾਡੇ ਵਿਆਹ ਦੀ ਦੂਸਰੀ ਸਾਲਗਿਰ੍ਹਾ ਸੀ, ਕੁਝ ਦਿਨਾਂ ਲਈ ਮੈਂ ਆਪਣੇ ਹਸਬੈਂਡ ਨਾਲ ਬਾਹਰ ਚਲੀ ਗਈ ਸਾਂ। ਉਹ ਪਹਾੜਾਂ 'ਤੇ ਘੁੰਮਣ ਫਿਰਨ ਦੇ ਬਹੁਤ ਸ਼ੌਕੀਨ ਨੇ।'' ਦੀਪ ਦੀਆਂ ਹਦਾਇਤਾਂ ਅਨੁਸਾਰ ਦੂਸਰੀ ਸਾਲਗਿਰ੍ਹਾ ਦਾ ਝੂਠ ਬੋਲ ਕੇ, ਉਹਨੇ ਆਪਣੀ ਸ਼ਨਾਖਤ ਨੂੰ ਹੋਰ ਵੀ ਬੇ-ਪਛਾਣ ਜਿਹਾ ਬਣਾ ਲਿਆ।

''ਅੱਜ ਕਿਵੇਂ ਆਉਣਾ ਹੋਇਆ?'' ਸਵਰਾਜ ਨੇ ਦੁਨਿਆਵੀ ਜਿਹੇ ਸ਼ਬਦਾਂ ਵਿਚ ਜਿਵੇਂ ਗੱਲ ਹੀ ਅਗਾਂਹ ਤੋਰੀ ਸੀ।

ਤਨਵੀਰ ਨੇ ਸਵਰਾਜ ਦੀਆਂ ਅੱਖਾਂ ਵਿਚ ਡੂੰਘਾ ਝਾਕਿਆ, ''ਮੈਂ ਮਾਂ ਬਣਨ ਵਾਲੀ ਆਂ ਤੇਰੇ ਬੱਚੇ ਦੀ, ਤੇ ਬੱਸ ਤੈਨੂੰ ਮਿਲਣ ਆਈ ਆਂ ਤੇ ਤੂੰ ਪੁੱਛ ਰਿਹਾਂ ਕਿਵੇਂ ਆਉਣਾ ਹੋਇਆ?'' ਉਹਦੀਆਂ ਅੱਖਾਂ ਨੇ ਆਖਿਆ ਪਰ ਆਪ ਉਹ ਸਿਰਫ ਏਨਾ ਹੀ ਕਹਿ ਸਕੀ, ''ਬਸ ਦੀਪਾ ਨੂੰ ਮਿਲਣ ਆਈ ਸਾਂ ਤੇ ਅਚਾਨਕ ਤੁਹਾਡੇ ਨਾਲ ਮੁਲਾਕਾਤ ਹੋ ਗਈ।''

''ਹੋਰ ਕੋਈ ਸੇਵਾ ਮੇਰੇ ਲੈਕ?'' ਰੋਜ਼-ਮੱਰ੍ਹਾ ਜ਼ਿੰਦਗੀ 'ਚ ਇਹੋ ਜਿਹੇ ਸ਼ਬਦ ਆਮ ਹੀ ਬੋਲੇ ਜਾਂਦੇ ਹਨ। ਸਵਰਾਜ ਨੇ ਵੀ ਬੋਲ ਦਿੱਤੇ।

''ਬਸ ਸ਼ੁਕਰੀਆਂ, ਡਾਕਟਰ!'' ਜਵਾਬ ਵੀ ਰੋਜ਼ਾਨਾ ਦੁਨਿਆਵੀ ਜ਼ਿੰਦਗੀ ਵਰਗਾ ਹੀ ਸੀ।

''ਮੈਂ ਰਾਊਂਡ ਲਾ ਆਵਾਂ ਫੇਰ ਮਿਲਦੇ ਆਂ।'' ਸਵਰਾਜ ਨੇ ਕਿਹਾ ਤੇ ਫੇਰ ਕਾਹਲੀ ਨਾਲ ਅਗਾਂਹ ਤੁਰਦਾ ਬਣਿਆ ਤੇ ਤਨਵੀਰ ਉਥੇ ਹੀ ਖਲੋਤੀ ਸੋਚਦੀ ਰਹੀ, ''ਹੋਰ ਕੋਈ ਸੇਵਾ ਮੇਰੇ ਲੈਕ'' ਦਾ ਅਰਥ ਕੀ ਹੋ ਸਕਦੈ, ''ਕੀ ਉਹਨੂੰ ਆਪਣੀ ਪਹਿਲੀ ਕੀਤੀ ਸੇਵਾ ਦਾ ਪਤਾ ਹੈ? ਜੇ ਪਤਾ ਹੈ ਤਾਂ ਇਸਤੋਂ ਇਲਾਵਾ ਹੋਰ ਕਿਹੜੀ ਸੇਵਾ ਹੋ ਸਕਦੀ ਹੈ?''

ਫੇਰ ਉਹ ਆਪਣੇ ਆਪ ਨੂੰ ਸੰਬੋਧਨ ਹੋਈ, ''ਤੂੰ ਉਹਦੀ ਛੱਡ ਤੇ ਆਪਣੀ ਹੀ ਦੱਸ ਕਿ 'ਬਸ ਸ਼ੁਕਰੀਆ, ਡਾਕਟਰ' ਕਹਿਣ ਦੀ ਕੀ ਲੋੜ ਪੈ ਗਈ ਸੀ। ਇਹਦਾ ਅਰਥ ਵੀ ਤਾਂ ਇਹ ਹੋ ਸਕਦਾ ਹੈ ਕਿ ਤੂੰ ਉਹਦੀ ਉਸੇ ਮਿਹਰਬਾਨੀ ਨਾਲ ਹੀ ਸੰਤੁਸ਼ਟ ਏਂ ਤੇ ਤੈਨੂੰ ਉਹਦੇ ਵਲੋਂ ਹੋਰ ਕੁਝ ਨਹੀਂ ਚਾਹੀਦਾ।''

ਸਵਰਾਜ ਜਾ ਚੁੱਕਾ ਸੀ। ਬਸ ਉਹ ਉਥੇ

ਖਲੋਤੀ ਸ਼ਬਦਾਂ ਨੂੰ ਆਪਣੇ ਹੀ ਬਦਲਵੇਂ ਅਰਥ ਦਿੰਦੀ ਵੱਖਰੇ-ਵੱਖਰੇ ਜ਼ਾਵੀਏ ਤੋਂ ਕਈ ਕੋਣਾਂ ਤਿਕੋਣਾਂ ਜਿਹੀਆਂ ਬਣਾਉਂਦੀ ਰਹੀ।

ਕਈ ਵਾਰ ਉਸ ਸੋਚਦੀ ਕਿ ਇਹ ਕੀ ਹੁੰਦਾ ਜਾ ਰਿਹਾ ਸੀ ਉਸਨੂੰ? ਏਨਾ ਚੰਗਾ ਉਹਦਾ ਘਰ ਵਾਲਾ। ਹਰ ਤਰ੍ਹਾਂ ਦਾ ਸੁਖ ਆਰਾਮ ਉਹਦੇ ਘਰ ਵਿਚ। ਹਰ ਪੱਖੋਂ ਹੀ ਤਾਂ ਉਹ ਸੰਤੁਸ਼ਟ ਸੀ। ਜੇ ਕਦੇ ਰੜਕਦੀ ਸੀ ਤਾਂ ਬੱਸ ਬੱਚੇ ਦੀ ਘਾਟ ਹੀ ਰੜਕਦੀ ਸੀ ਪਰ ਹੁਣ ਉਹ, ਉਸ ਦੀ ਪੂਰਤੀ ਵਲ ਵਧਦੀ ਵੀ ਆਪਣੇ ਆਪ ਨੂੰ ਸੰਤੁਸ਼ਟ ਮਹਿਸੂਸ ਕਿਉਂ ਨਹੀਂ ਸੀ ਕਰ ਰਹੀ?

ਹਰ ਤਰ੍ਹਾਂ ਦੀ ਬਹੁਲਤਾ ਉਹਦੇ ਕੋਲ ਸੀ ਪਰ ਫੇਰ ਵੀ ਉਹਨੂੰ ਕੁਝ ਸੱਖਣੇਪਣ ਵਰਗਾ ਹਮੇਸ਼ਾ ਹੀ ਕਿਉਂ ਰੜਕਦਾ ਰਹਿੰਦਾ ਸੀ?

ਉਦੋਂ ਉਹਨੂੰ ਕਈ ਵਾਰ ਗੁਨਾਹ ਵਰਗਾ ਅਹਿਸਾਸ ਵੀ ਹੁੰਦਾ, ਜਦੋਂ ਪਤੀ ਨਾਲ ਸੁੱਤੀ ਉਹ ਸਵਰਾਜ ਬਾਰੇ ਸੋਚਣ ਲੱਗ ਪੈਂਦੀ, ਪਤੀ ਨਾਲ ਗੱਲਾਂ ਕਰਦਿਆਂ ਉਹ ਸਵਰਾਜ ਦੀਆਂ ਸੋਚਾਂ ਵਿਚ ਕਿਸੇ ਹੋਰ ਹੀ ਪਾਸੇ ਉਲਝ ਜਾਂਦੀ। ਉਹਨੂੰ ਮਹਿਸੂਸ ਹੋਣ ਲੱਗ ਪਿਆ ਸੀ ਕਿ ਉਹ ਆਪਣੇ ਪਤੀ ਨਾਲ ਪਹਿਲਾਂ ਵਾਂਗ ਜੁੜੀ ਨਹੀਂ ਸੀ ਰਹਿ ਸਕੀ ਤੇ ਉਹਦਾ ਬਹੁਤ ਕੁਝ ਉਥੋਂ ਟੁੱਟ ਕੇ ਜਿਵੇਂ ਸਵਰਾਜ ਨਾਲ ਜੁੜ ਗਿਆ ਸੀ ਤੇ ਦਿਨ-ਬ-ਦਿਨ ਜੁੜਦਾ ਜਾ ਰਿਹਾ ਸੀ।

ਇਹ ਮਹਿਸੂਸ ਕਰਕੇ ਉਹ ਘਬਰਾ ਜਾਂਦੀ। ਕਈ ਵਾਰ ਉਹ ਸੋਚਦੀ ਕਿ ਉਹਦੇ ਘਰ ਵਾਲਾ ਖੁਸ਼ ਸੀ ਕਿ ਏਨੇ ਸਾਲਾਂ ਬਾਅਦ ਉਹ ਪਿਓ ਬਣਨ ਵਾਲਾ ਹੈ। ਉਹ ਆਪ ਵੀ ਖੁਸ਼ ਸੀ ਕਿ ਉਹ ਮਾਂ ਬਣਨ ਜਾ ਰਹੀ ਹੈ ਪਰ ਜੀਹਦੇ ਨਾਲ ਉਹ ਖੁਸ਼ੀ ਸਾਂਝੀ ਕਰਨੀ ਚਾਹੁੰਦੀ ਸੀ ਉਹਨੂੰ ਇਸ ਬਾਰੇ ਕੁਝ ਵੀ ਪਤਾ ਨਹੀਂ ਸੀ। ਇਹ ਸੋਚ ਕੇ ਉਹ ਹੋਰ ਵੀ ਦੁਖੀ ਤੇ ਉਦਾਸ ਜਿਹੀ ਹੋ ਜਾਂਦੀ।

ਰਿਸ਼ਤਿਆਂ ਦੀਆਂ ਬਰੀਕ ਤੰਦਾਂ, ਉਹਨੂੰ ਗਲ 'ਚ ਪਾਈ ਗਾਨੀ ਵਾਂਗ ਚੁਭਣ ਲੱਗ ਪੈਂਦੀਆਂ। ਆਪਣਾ ਹੀ ਸਿਰੜ, ਮੋਢਿਆਂ ਉਤੇ ਚੁੱਕਿਆ, ਵਾਧੂ ਭਾਰ ਜਿਹਾ ਲੱਗਦਾ ਤੇ ਉਹਦਾ ਜੀਅ ਕਰਦਾ ਕਿ ਉਹ ਉਹਲੇ ਦੇ ਇਸ ਚਬੂਤਰੇ ਨੂੰ ਆਪਣੇ ਹੀ ਹੱਥੀਂ ਢਾਹ ਢੇਰੀ ਕਰੇ।

ਪਹਿਲਾਂ, ਜਿਹੜੀ ਗੱਲ ਕਰਕੇ ਉਹ ਦੀਪਾ ਨੂੰ ਸਿਆਣੀ ਸਮਝਦੀ ਸੀ ਹੁਣ ਉਸੇ ਹੀ ਕਾਰਨ, ਉਹਨੂੰ ਕਈ ਵਾਰ ਉਹਦੇ ਉਤੇ ਗੁੱਸਾ ਆ ਜਾਂਦਾ। ਇਹ ਤਾਂ ਠੀਕ ਹੈ ਕਿ ਦੀਪਾ ਨੂੰ ਉਹਨੇ ਹੀ ਪਛਾਣ ਨਾ ਦੱਸਣ ਬਾਰੇ ਕਿਹਾ ਸੀ ਪਰ ਜੇ ਉਹ ਇੰਜ ਕਰ ਵੀ ਦਿੰਦੀ ਤਾਂ ਕਿਹੜਾ ਸੱਤਵਾਂ ਅਸਮਾਨ ਢਹਿ ਪੈਣਾ ਸੀ? ਘੱਟੋ ਘੱਟ ਇਸ ਪਛਾਣ ਦਾ ਕੋਈ ਆਧਾਰ ਤਾਂ ਹੁੰਦਾ। ਉਸ ਆਧਾਰ ਦੇ ਆਸਰੇ ਉਹਦੇ ਨਾਲ ਗੱਲ ਤਾਂ ਕੀਤੀ ਜਾ ਸਕਦੀ ਸੀ। ਸ਼ਾਇਦ ਮੈਂ ਇਕੱਲੀ ਹੀ ਉਹਦੇ ਬਾਰੇ ਨਾ ਸੋਚਦੀ। ਕਦੇ ਕਦਾਈਂ ਥੋੜ੍ਹਾ ਬਹੁਤ ਉਹ ਵੀ ਮੇਰੇ ਬਾਰੇ ਸੋਚਦਾ ਤੇ ਸ਼ਾਇਦ ਗੱਲ ਥੋੜ੍ਹੀ ਬਹੁਤ ਅੱਗੇ ਤੁਰਦੀ।

ਉਸ ਦਿਨ ਦੀਪਾ ਦੇ ਬੱਚੇ ਦੀ ਪਾਰਟੀ ਵਿਚ ਉਨ੍ਹਾਂ ਕਿੰਨੀਆਂ ਗੱਲਾਂ ਕੀਤੀਆਂ ਸਨ ਪਰ ਉਹ ਤਾਂ ਸਭ ਹਵਾਈ ਜਿਹੀਆਂ ਹੀ ਸਨ-ਬਸ ਇਧਰ ਉਧਰ ਦੀਆਂ। ਉਨ੍ਹਾਂ 'ਚ ਸਾਂਝੀ ਧਰਤੀ ਤਾਂ ਕੋਈ ਵੀ ਨਹੀਂ ਸੀ। ਇੰਜ ਸੋਚਦਿਆਂ ਉਹਨੂੰ ਕਿਸੇ ਸਾਂਝੀ ਧਰਾਤਲ ਦੀ ਲੋੜ ਮਹਿਸੂਸ ਹੁੰਦੀ।

ਇਕ ਦਿਨ ਪਤਾ ਨਹੀਂ ਕਿਹੋ ਜਿਹੀ ਪੌਣ ਦਾ ਪਹਿਰਾ ਸੀ ਉਹਦੇ ਸਿਰ ਉਤੇ ਕਿ ਉਹਨੇ ਦੀਪਾ ਨੂੰ ਮੂੰਹ ਜ਼ੋਰ ਹੋ ਕੇ ਕਹਿ ਦਿੱਤਾ ਸੀ, ‘‘ਮੇਰਾ ਬੜਾ ਜੀਅ ਕਰਦਾ ਹੈ ਸਵਰਾਜ ਨੂੰ ਮਿਲਣ ਲਈ। ਮੇਰਾ ਦਿਲ ਕਰਦਾ ਹੈ, ਉਹਦੇ ਨਾਲ ਰੱਜ ਕੇ ਗੱਲਾਂ ਕਰਾਂ। ਉਹਦਾ ਧੰਨਵਾਦ ਕਰਾਂ ਕਿ ਉਹਦੇ ਯਤਨਾਂ ਨੇ ਮੈਨੂੰ ਦੁਨੀਆਂ 'ਚ ਖਲੋਣ ਜੋਗੀ ਬਣਾ ਦਿੱਤਾ ਹੈ। ਮੈਂ ਤਰਸ ਜਿਹੀ ਗਈ ਹਾਂ ਕਿ ਉਹਦੇ ਹੱਥਾਂ ਨੂੰ ਹੀ ਮਾੜਾ ਜਿਹਾ ਛੂਹ ਲਵਾਂ ਜਿਸਦੀ ਹੋਂਦ ਮੈਂ ਆਪਣੇ ਸਾਰੇ ਜਿਸਮ 'ਚ ਰਚਾਈ ਫਿਰਦੀ ਆਂ।’’

ਦੀਪਾ ਸਾਰਾ ਕੁਝ ਸੁਣਦੀ ਰਹੀ ਤੇ ਫੇਰ ਬੜੇ ਹੀ ਸਖਤ ਵਤੀਰੇ ਨਾਲ ਘੁਰਕੀ ਜਿਹੀ ਲੈਂਦਿਆਂ ਉਹਨੂੰ ਸਭ ਕਾਸੇ ਤੋਂ ਵਰਜ ਦਿੱਤਾ। ਉਹਦੇ ਮੱਥੇ 'ਤੇ ਤਿਊੜੀਆਂ ਭਰਦਿਆਂ ਕਿਹਾ ਸੀ, ‘‘ਤੂੰ ਠੀਕ ਤਾਂ ਏ? ਆਪਣਾ ਹਰ ਪੈਰ ਸੋਚ ਸਮਝ ਕੇ, ਬੋਚ ਕੇ ਰੱਖਣ ਵਾਲੀ ਤੇ ਮੇਰੇ ਸਮੇਤ ਕਈਆਂ ਨੂੰ ਨਸੀਹਤਾਂ ਦੇਣ ਵਾਲੀ ਅੱਜ ਡਾਵਾਂਡੋਲ ਜਿਹੀ ਕਿਵੇਂ ਹੋ ਗਈ?’’

‘‘ਤੂੰ ਕਿਉਂ ਨਹੀਂ ਸਮਝਦੀ ਦੀਪਾ ਕਿ ਸਵਰਾਜ ਦੀ ਮਿਹਰਬਾਨੀ ਅੱਗੇ ਜਦੋਂ ਮੇਰਾ ਮਨ ਪੂਰੀ ਤਰ੍ਹਾਂ ਸਮਰਪਿਤ ਹੋ ਜਾਂਦਾ ਹੈ ਤਾਂ ਮੈਥੋਂ ਆਪਣੇ ਆਪ ਸੰਭਾਲਿਆ ਨਹੀਂ ਜਾਂਦਾ।’’

‘‘ਮਰਦ ਵੀ ਕਿਸੇ ਕੀਤੀ ਮਿਹਰਬਾਨੀ ਨੂੰ ਕਿਹੜਾ ਭੁੱਲਦੇ ਨੇ। ਉਹ ਵੀ ਝੱਟ ਕੈਸ਼ ਕਰਵਾਉਣ ਲਈ ਤਿਆਰ ਹੋ ਜਾਂਦੇ ਨੇ।’’ ਦੀਪਾ ਨੇ ਵੀ ਬੜੇ ਵਿਅੰਗ ਜਿਹੇ ਨਾਲ ਕਿਹਾ।

‘‘ਸੱਚੀ ਮੁੱਚੀ, ਮੇਰਾ ਵੀ ਜੀ ਕਰਦਾ ਹੈ ਕਿ ਸਵਰਾਜ ਮੈਨੂੰ ਪੂਰੀ ਦੀ ਪੂਰੀ ਕੈਸ਼ ਕਰਵਾ ਲਵੇ।’’

‘‘ਮੈਨੂੰ ਸਮਝ ਨਹੀਂ ਲੱਗਦੀ ਕਿ ਜੇ ਤੇਰਾ ਹਾਲ ਇਹੀ ਰਿਹਾ ਤਾਂ ਵਸੇਬਾ ਕਿਵੇਂ ਹੋਊ?’’ ਦੀਪਾ ਨੇ ਤਨਵੀਰ ਦਾ ਕੰਨ ਫੜ ਕੇ ਖਿੱਚਦਿਆਂ ਕਿਹਾ, ‘‘ਉਂਜ ਕਈ ਵਾਰ ਮੇਰਾ ਵਾਹ, ਤੇਰੇ ਤੋਂ ਵੀ ਅਲੋਕਾਰ ਤੇ ਵੱਖਰੀ ਕਿਸਮ ਦੀਆਂ ਔਰਤਾਂ ਨਾਲ ਪੈ ਜਾਂਦਾ ਹੈ।’’

‘‘ਮਸਲਨ?’’ ਤਨਵੀਰ ਨੇ ਬੜੀ ਹੀ ਔਖੀ ਤਰ੍ਹਾਂ ਦੀ ਹੈਰਾਨੀ ਜਿਹੀ ਨਾਲ ਪੁੱਛਿਆ।

‘‘ਮਸਲਨ, ਕਿਸੇ ਦਾ ਪਤੀ ਸੋਹਣਾ ਨਹੀਂ ਪਰ ਉਹ ‘ਆਰਟੀਫੀਸ਼ਲ ਇਨਸਾਈਮੇਸ਼ਨ’ ਰਾਹੀਂ ਖੂਬਸੂਰਤ ਬੱਚਾ ਪੈਦਾ ਕਰਨਾ ਚਾਹੁੰਦੀ ਹੈ।’’

‘‘ਮਸਲਨ, ਕੋਈ ਔਰਤ ਵਿਆਹ ਦੇ ਕੁਝ ਦਿਨਾਂ ਬਾਅਦ ਹੀ ਆਪਣੇ ਮਰਦ ਰਾਹੀਂ ਕਨਸੀਵ ਹੋ ਜਾਂਦੀ ਹੈ। ਪਰ ਉਹ ਸਭ ਕਾਸੇ ਨੂੰ ਖ਼ਤਮ ਕਰਕੇ, ਪਹਿਲਾ ਬੱਚਾ ਆਪਣੇ ਪ੍ਰੇਮੀ ਦਾ ਪੈਦਾ ਕਰਨਾ ਚਾਹੁੰਦੀ ਹੈ।’’

ਮਸਲਨ-ਔਰਤ ਬੱਚਾ ਹੀ ਨਹੀਂ ਪੈਦਾ ਕਰਨਾ ਚਾਹੁੰਦੀ।

ਤਨਵੀਰ ਇਕਦਮ ਤ੍ਰਬਕੀ- ‘‘ਸੱਚ ਇੰਜ ਵੀ?’’

ਦੀਪਾ ਨੇ ਮੁਸਕਰਾ ਕੇ ਕਿਹਾ, ‘‘ਸਿਰਫ ਇੰਜ ਹੀ ਨਹੀਂ, ਅਜੇ ਤਾਂ ਹੋਰ ਵੀ ਬੜੇ ਮਸਲਨ ਹਨ ਜੇ ਤੂੰ ਸੁਣਨਾ ਚਾਹੇਂ ਤਾਂ...?’’

‘‘ਬਹੁਤ ਨੇ ਡਾਕਟਰ ਦੀਪਾ, ਏਨੇ ਹੀ ਬਹੁਤ ਨੇ। ਫੇਰ ਤੂੰ ਕੀ ਕਹਿੰਦੀ ਹੁੰਦੀ ਏਂ?’’ ਉਹਨੇ ਹੈਰਾਨੀ ਨਾਲ ਪੁੱਛਿਆ।

‘‘ਕਹਿਣਾ ਕੀ ਹੈ, ਮੈਨੂੰ ਇਹੋ ਜਿਹੀਆਂ ਔਰਤਾਂ ਨਾਲ ਕਦੇ ਕੋਈ ਹਮਦਰਦੀ ਨਹੀਂ ਹੋਈ।’’

‘‘ਕਮਾਲ ਆ ਬਈ-ਔਰਤਾਂ ਵੀ ਇਥੋਂ ਤੱਕ ਪਹੁੰਚ ਚੁੱਕੀਆਂ ਨੇ?’’ ਤਨਵੀਰ ਨੇ ਹੈਰਾਨੀ ਜਿਹੀ ਜ਼ਾਹਰ ਕੀਤੀ।

‘‘ਹਾਂ, ਮੈਂ ਇਕ ਅੱਧੀ ਅਜਿਹੀ ਔਰਤ ਨੂੰ ਵੀ ਜਾਣਦੀ ਹਾਂ ਜਿਹੜੀ ਕਿਸੇ ਪਰਾਏ ਮਰਦ ਰਾਹੀਂ, ਮਸਨੂਈ ਤਰੀਕੇ ਨਾਲ ਖੂਬਸੂਰਤ ਬੱਚਾ ਪੈਦਾ ਕਰਨ ਦੀ ਲਾਲਸਾ ਨਾਲ, ਇੰਜ ਥਿੜਕੀ ਕਿ ਉਹ ਮਰਦ ਉਸਨੂੰ ਹੁਣ ਤੱਕ ‘ਬਲੈਕ ਮੇਲ’ ਕਰਕੇ ਚੂੰਡ ਰਿਹਾ ਹੈ।’’ ਦੀਪਾ ਦੀ ਗੱਲ ਸੁਣ ਕੇ ਤਨਵੀਰ ਸਿਰ ਤੋਂ ਪੈਰਾਂ ਤੱਕ ਝੰਜੋੜੀ ਜਿਹੀ ਗਈ।

ਦੀਪਾ ਕਹਿ ਰਹੀ ਸੀ, ‘‘ਮੈਨੂੰ ਇਹ ਵੀ ਪਤਾ ਸੀ ਕਿ ਤੇਰੇ ਵਰਗੀਆਂ ਭਾਵੁਕ ਕਿਸਮ ਦੀਆਂ ਔਰਤਾਂ, ਇਹੋ ਜਿਹੇ ਮਰਦ ਨਾਲ ਵੀ ਮਾਨਸਿਕ ਤੌਰ ਉਤੇ ਜੁੜ ਜਾਂਦੀਆਂ ਨੇ ਇਸੇ ਲਈ ਮੈਂ ਤੇਰੀ ਪਛਾਣ ਤੱਕ ਵੀ ਸਵਰਾਜ ਨੂੰ ਨਹੀਂ ਦੱਸੀ ਤੇ ਤੈਨੂੰ ਮਿਲਣ ਤੋਂ ਵੀ ਵਰਜਦੀ ਰਹੀ।’’ ਤਜਰਬੇ 'ਚੋਂ ਕਮਾਇਆ ਦੀਪਾ ਦਾ ਸੱਚ ਤਨਵੀਰ ਨੂੰ ਬੁਰਾ ਨਾ ਲੱਗਾ।

ਦੀਪਾ ਨੇ ਗੱਲ ਜਾਰੀ ਰੱਖੀ, ‘‘ਉਂਜ ਸਵਰਾਜ ਨੇ ਵੀ ਮੇਰੇ ਕੋਲ ਤੈਨੂੰ ਮਿਲਣ ਦੀ ਇੱਛਾ ਕਈ ਵਾਰ ਜ਼ਾਹਰ ਕੀਤੀ ਸੀ। ਆਨੇ-ਬਹਾਨੇ ਤੇਰੇ ਬਾਰੇ ਪੁੱਛਦਾ ਵੀ ਰਹਿੰਦਾ ਸੀ।

‘ਕਿੱਦਾਂ ਦੀ ਹੈ, ਕੀ ਕਰਦੀ ਹੈ? ਮੇਰੇ ਬਾਰੇ ਕੀ ਮਹਿਸੂਸ ਕਰੇਗੀ? ਕੀ ਉਹ ਬੱਚੇ ਦਾ ਅਸਲੀ ਬਾਪ ਮੈਨੂੰ ਮਿੱਥ ਸਕੇਗੀ? ਕੀ ਉਹਦਾ ਮੇਰੇ ਪ੍ਰਤੀ ਲਗਾਅ ਸੁਭਾਵਿਕ ਨਹੀਂ ਹੋਵੇਗਾ? ਉਸ ਬੱਚੇ ਦੇ ਦੁਖ ਸੁਖ ਨੂੰ ਮੈਂ ਕਿਵੇਂ ਮਹਿਸੂਸ ਕਰਿਆ ਕਰਾਂਗਾ! ਕੀ ਇਹ ਮਸਨੂਈ ਰਿਸ਼ਤਾ ਸੱਚ ਵੀ ਬਣ ਸਕੇਗਾ?

‘‘ਬਸ ਤੇਰੇ ਵਾਂਗ ਹੀ ਉਹ ਇਕ ਨਹੀਂ ਅਨੇਕਾਂ ਸਵਾਲ ਅਕਸਰ ਪੁੱਛਦਾ ਰਹਿੰਦਾ ਸੀ। ਮੈਂ ਹੀ ਟਾਲ-ਮਟੋਲ ਕਰਦੀ ਰਹੀ। ਆਖਰ ਮੈਂ ਵੀ ਉਹਦੀ ਜ਼ਿੱਦ ਅੱਗੇ ਹਾਰਦਿਆਂ ਕਹਿ ਦਿੱਤਾ ਕਿ ਬੱਚੇ ਦੇ ਜਨਮ ਤੋਂ ਬਾਅਦ ਉਹਨੂੰ ਤੇਰੇ ਨਾਲ ਜ਼ਰੂਰ ਮਿਲਾ ਦਿੱਤਾ ਜਾਵੇਗਾ।’’

ਸੁਣਦਿਆਂ ਸੁਣਦਿਆਂ ਤਨਵੀਰ ਦਾ ਕੱਚਾ ਸਰੀਰ ਕੰਬਣੀ ਖਾ ਗਿਆ ਤੇ ਉਹ ਉਦਾਸ ਜਿਹੀ ਹੋ ਗਈ।

‘‘ਦੀਪਾ, ਜੇ ਸਵਰਾਜ ਨੇ ਵੀ ਨਕਲੀ ਤੋਂ ਅਸਲੀ ਬਣਨ ਦੀ ਕੋਸ਼ਿਸ਼ ਕੀਤੀ ਤਾਂ...?’’

‘‘ਤੂੰ ਵੀ ਤਾਂ ਇਹੋ ਚਾਹੁੰਦੀ ਏਂ?’’

ਦੀਪਾ ਦੀ ਖਰੀ ਗੱਲ ਸੁਣ ਕੇ, ਤਨਵੀਰ ਕੋਲੋਂ ਕੁਝ ਵੀ ਨਾ ਬੋਲਿਆ ਗਿਆ ਤੇ ਉਹ ਹੈਰਾਨ ਹੋਈ ਦੀਪਾ ਦੇ ਚਿਹਰੇ ਵੱਲ ਲਗਾਤਾਰ ਵਿੰਹਦੀ ਰਹੀ ਪਰ ਦੀਪਾ ਲਗਾਤਾਰ ਬੱਚੀ ਨੂੰ ਵੇਖ ਰਹੀ ਸੀ। ਬੇਟੀ ਉਸਨੂੰ ਬੜੀ ਪਿਆਰੀ ਲੱਗ ਰਹੀ ਸੀ। ਉਹਨੇ ਬੱਚੀ ਨੂੰ ਤਨਵੀਰ ਨਾਲੋਂ ਚੁੱਕਿਆ ਤੇ ਆਪਣੀਆਂ ਬਾਹਾਂ 'ਚ ਲੈ ਕੇ ਉਹਦੇ ਨਕਸ਼ ਹੋਰ ਵੀ ਨੇੜਿਉਂ ਨਿਹਾਰਨ ਲੱਗ ਪਈ। ਬੱਚੀ ਨੇ ਅੱਖਾਂ ਉਘੇੜੀਆਂ ਤਾਂ ਉਹ ਵੇਖਕੇ ਹੋਰ ਵੀ ਹੈਰਾਨ ਹੋਈ ਕਿ ਬੱਚੀ ਦੀਆਂ ਅੱਖਾਂ ਇੰਨ ਬਿੰਨ ਸਵਰਾਜ ਵਰਗੀਆਂ ਗੂੜ੍ਹੀਆਂ ਨੀਲੀਆਂ ਸਨ।

ਉਹਨੇ ਇਹ ਗੱਲ ਬੜੇ ਚਾਅ ਨਾਲ ਤਨਵੀਰ ਨੂੰ ਦੱਸੀ। ਤਨਵੀਰ ‘ਹਾਂ’ ਵਿਚ ਸਿਰ ਹਿਲਾਉਂਦਿਆਂ ਇੰਜ ਮੁਸਕਰਾਈ ਜਿਵੇਂ ਉਸਨੂੰ ਸਭ ਕਾਸੇ ਦਾ ਪਹਿਲਾਂ ਹੀ ਪਤਾ ਸੀ ਤੇ ਕਹਿਣ ਲੱਗੀ, ‘‘ਉਸ ਦਿਨ ਤੇਰੇ ਬੇਟੇ ਦੇ ਜਨਮ ਦਿਨ ਵਾਲੀ ਪਾਰਟੀ ਵਿਚ ਮੈਂ ਜਦੋਂ ਉਹਦੀਆਂ ਅੱਖਾਂ ਨੂੰ ਬੜੀ ਗਹੁ ਨਾਲ ਵੇਖਿਆ ਤਾਂ ਮੈਨੂੰ ਪਤਾ ਨਹੀਂ ਕੀ ਹੋ ਗਿਆ। ਮੇਰਾ ਜੀ ਕਰੇ ਕਿ ਮੈਂ ਇਨ੍ਹਾਂ ਨੂੰ ਵੇਖਦੀ ਵੇਖਦੀ ਇਨ੍ਹਾਂ ਦੀਆਂ ਡੂੰਘਾਈਆਂ 'ਚ ਹੀ ਡੁੱਬ ਜਾਵਾਂ। ਸੱਚਮੁੱਚ ਉਹਦੀਆਂ ਅੱਖਾਂ ਦੀ ਨੀਲੱਤਣ ਵਿੰਹਦੀ ਵਿੰਹਦੀ ਮੈਂ ਆਵੇਸ਼ ਜਿਹੀ ਅਵੱਸਥਾ ਵਿਚ ਪਹੁੰਚ ਗਈ ਸਾਂ।

ਸੁਤੇ ਸਿੱਧ ਹੀ ਮੈਥੋਂ ਕਹਿ ਹੋ ਗਿਆ, ‘‘ਤੁਹਾਡੀਆਂ ਅੱਖਾਂ ਬਹੁਤ ਪਿਆਰੀਆਂ ਨੇ-ਜੀ ਕਰਦਾ ਇਨ੍ਹਾਂ ਦੀ ਫੋਟੋ ਲੁਹਾ ਕੇ ਜੇਬ ਵਿਚ ਪਾ ਛੱਡੀਏ ਤੇ ਜਦੋਂ ਜੀ ਕਰੇ ਕੱਢ ਕੇ ਵੇਖ ਲਈਏ।’’ ਤੇ ਪਤਾ ਈ ਉਹ ਅੱਗੋਂ ਹੱਸ ਕੇ ਕੀ ਕਹਿਣ ਲੱਗਾ? ਕਹਿੰਦਾ, ਫੋਟੋ ਦੀ ਕੀ ਲੋੜ ਆ, ਤੁਸੀਂ ਹੁਕਮ ਤਾਂ ਕਰ ਕੇ ਵੇਖੋ, ਅਸੀਂ ਅੱਖਾਂ ਹੀ ਤੁਹਾਡੇ ਨਾਂ ਲੁਆ ਦਿੰਦੇ ਆਂ।’’

‘‘ਮੈਂ ਹੈਰਾਨ ਹਾਂ ਦੀਪਾ! ਉਹਨੂੰ ਤਾਂ ਕੁਝ ਨਹੀਂ ਸੀ ਨਾ ਪਤਾ, ਜਦਕਿ ਮੈਨੂੰ ਸਭ ਕਾਸੇ ਦਾ ਪਤਾ ਸੀ-ਬਸ ਐਵੇਂ ਹੀ ਮੈਂ ਉਹਦੇ ਉਤੇ ਜਿਵੇਂ ਆਪਣਾ ਹੱਕ ਸਮਝਣ ਲੱਗ ਪਈ ਸਾਂ। ਮੇਰੇ ਝੱਲਪੁਣੇ ਦਾ ਸਿਖਰ ਸੀ ਕਿ ਉਸ ਦਿਨ ਸਵਰਾਜ ਹੱਥੋਂ ਰੁਮਾਲ ਫੜ ਕੇ ਮੈਂ ਆਪਣੇ ਹੱਥ ਪੂੰਝੇ ਤੇ ਫੇਰ ਰੁਮਾਲ ਉਹਨੂੰ ਵਾਪਸ ਕਰਨ ਦੀ ਬਜਾਏ, ਆਪਣੇ ਪਰਸ ਵਿਚ ਪਾ ਲਿਆ।’’ ਹੁਣ ਵੀ ਤਨਵੀਰ ਨੇ ਉਸੇ ਰੁਮਾਲ ਨਾਲ ਆਪਣੇ ਮੱਥੇ ਨੂੰ ਪੂੰਝਿਆ, ਤੇ ਰੁਮਾਲ ਸਿਰਹਾਣੇ ਥੱਲੇ ਰੱਖ ਲਿਆ।

‘‘ਜੇ ਤੂੰ ਚਾਹੇਂ ਤਾਂ ਅੱਜ ਉਹਨੂੰ ਮਿਲ ਸਕਦੀ ਏਂ, ਮੇਰਾ ਵੀ ਵਾਅਦਾ ਪੂਰਾ ਹੋ ਜਾਊ।’’ ਦੀਪਾ ਨੇ ਬੜਾ ਹੀ ਸਹਿ ਸੁਭਾਵਕ ਪੁੱਛਿਆ।

ਜਵਾਬ ਦੇਣ ਦੀ ਥਾਂ ਤਨਵੀਰ ਵੀ ਜਿਵੇਂ ਸਵਾਲ ਬਣ ਗਈ, ‘‘ਦੀਪਾ, ਉਸ ਮਰਦ ਵਾਂਗ ਕੀ ਸਵਰਾਜ ਵੀ ਮੈਨੂੰ ਬਲੈਕ ਮੇਲ ਕਰ ਸਕਦਾ?’’ ਉਹਨੇ ਬੜੀ ਔਖ ਜਿਹੀ ਨਾਲ ਪੁੱਛਿਆ।

ਦੀਪਾ ਨੇ ਹੱਸ ਕੇ ਕਿਹਾ, ‘‘ਤੁਸੀਂ ਦੋਵੇਂ ਜਜ਼ਬਾਤੀ ਤੌਰ ਉਤੇ ‘ਮੇਲ’ ਕਰਨ ਲਈ ਤਿਆਰ ਬੈਠੇ ਜੋ, ਫੇਰ ‘ਬਲੈਕ ਮੇਲ’ ਦੀ ਕੀ ਲੋੜ?’’ ਤਨਵੀਰ ਵੀ ਹੱਸੀ।

‘‘ਦੱਸ ਨਾ ਫੇਰ, ਕਰਾ ਸਵਰਾਜ ਨੂੰ ਫੋਨ?’’ ਦੀਪਾ ਨੇ ਤਨਵੀਰ ਨੂੰ ਝੰਜੋੜ ਕੇ ਪੁੱਛਿਆ।

ਤਨਵੀਰ ਨੇ ਇਕ ਲੰਮਾ ਜਿਹਾ ਹਉਕਾ ਲੈਂਦਿਆਂ ਕਿਹਾ, ‘‘ਸੱਚ ਜਾਣੀ ਦੀਪਾ, ਉਹਨੂੰ ਮਿਲਣ ਲਈ ਬੜਾ ਦਿਲ ਕਰਦਾ ਪਰ ਮੈਨੂੰ ਇਹ ਵੀ ਪਤਾ ਕਿ ਉਹਨੂੰ ਵੇਖ ਕੇ ਮੈਂ ਸਾਵੀਂ ਨਹੀਂ ਰਹਿ ਸਕਣਾ। ਉਹਦੀਆਂ ਸਮੁੰਦਰ ਵਰਗੀਆਂ ਡੂੰਘੀਆਂ ਨੀਲੀਆਂ ਅੱਖਾਂ 'ਚ ਮੈਂ ਡੱਕੇ ਡੋਲੇ ਖਾਣ ਲੱਗ ਪੈਂਦੀ ਆਂ।’’

ਦੀਪਾ ਨੇ ਮੋਬਾਈਲ ਫੋਨ ਉਤੇ ਸਵਰਾਜ ਨੂੰ ਨੰਬਰ ਮਿਲਾਉਂਦਿਆਂ ਤਨਵੀਰ ਨੂੰ ਕਿਹਾ, ‘‘ਉਹਨੂੰ ਸੱਦ ਲੈਂਦੀ ਆਂ ਪਰ ਦੱਸਾਂਗੀ ਕੁਝ ਨਹੀਂ।’’

ਤਨਵੀਰ ਦੇ ਬੁੱਲ੍ਹਾਂ 'ਤੇ ਪੇਤਲੀ ਜਿਹੀ ਮੁਸਕਰਾਹਟ ਫੈਲ ਗਈ। ਇਹ ਮੁਸਕਰਾਹਟ ਸਵਰਾਜ ਦੀ ਆਮਦ ਨੂੰ ਕਿਆਸਦੀ ਆਪ ਮੁਹਾਰੀ ਮੁਸਕਰਾਹਟ ਸੀ। ਫੇਰ ਇਹ ਮੁਸਕਰਾਹਟ ਹੌਲੀ ਹੌਲੀ ਅਲੋਪ ਹੁੰਦੀ ਗਈ ਤੇ ਉਹਦੇ ਮੱਥੇ 'ਤੇ ਪਸੀਨਾ ਚਮਕ ਆਇਆ। ਉਹਨੇ ਦੀਪਾ ਦਾ ਹੱਥ ਫੜ ਕੇ ਵਾਸਤਾ ਜਿਹਾ ਪਾਇਆ, ‘‘ਪਲੀਜ਼ ਦੀਪਾ, ਸਵਰਾਜ ਨੂੰ ਫੋਨ ਨਾ ਕਰੀਂ।’’ ਏਨੇ ਕੁ ਬੋਲ ਬੋਲਦਿਆਂ ਹੀ ਉਹਦਾ ਗੱਚ ਭਰ ਆਇਆ।

ਉਹਨੇ ਆਪਣੀ ਧੀ ਨੂੰ ਕਲਾਵੇ 'ਚ ਲੈ ਕੇ ਘੁੱਟਿਆ, ਚੁੰਮਿਆ ਤੇ ਫੇਰ ਉਹਦੀਆਂ ਨੀਲੀਆਂ ਅੱਖਾਂ ਨੂੰ ਵੇਖਣ ਲੱਗ ਪਈ। ਵੇਖਦਿਆਂ ਵੇਖਦਿਆਂ ਉਹਨੂੰ ਲੱਗਾ ਜਿਵੇਂ ਉਹ ਬੇਟੀ ਦੀਆਂ ਨਹੀਂ ਸਵਰਾਜ ਦੀਆਂ ਅੱਖਾਂ 'ਚ ਡੂੰਘਾ ਵੇਖ ਰਹੀ ਹੋਵੇ। ਇੰਜ ਕਰਦਿਆਂ, ਉਹ ਨਵੇਂ ਸਿਰਿਉਂ ਫੇਰ ਸਵਰਾਜ ਦੀਆਂ ਨੀਲੀਆਂ ਅੱਖਾਂ ਵਿਚ ਡੱਕੋ ਡੋਲੇ ਖਾਣ ਲੱਗ ਪਈ। ਉਹਨੇ ਉਦਾਸ ਜਿਹੀ ਹੋ ਕੇ ਇਕ ਲੰਮਾ ਸਾਹ ਲਿਆ।

ਉਹਨੇ ਬੇਟੀ ਨੂੰ ਦੋਹਾਂ ਹੱਥਾਂ 'ਚ ਲੈ ਕੇ ਇਕ ਵਿੱਥ ਤੋਂ ਦੇਖਣ ਦੀ ਕੋਸ਼ਿਸ਼ ਕੀਤੀ ਤੇ ਲਗਾਤਾਰ ਵਿੰਹਦੀ ਰਹੀ। ਵਿੱਥ ਤੋਂ ਇਹ ਅੱਖਾਂ ਉਹਨੂੰ ਹੋਰ ਵੀ ਖੂਬਸੂਰਤ ਲੱਗੀਆਂ। ਉਹਦੇ ਵਲ ਲਗਾਤਾਰ ਵਿੰਹਿਦਿਆਂ ਉਹਦੀਆਂ ਆਪਣੀਆਂ ਅੱਖਾਂ ਭਰ ਆਈਆਂ ਤੇ ਇਹ ਭਰੀਆਂ ਅੱਖਾਂ ਬੂੰਦ ਬੂੰਦ ਬਣ ਕੇ ਵਰ੍ਹਨ ਲੱਗ ਪਈਆਂ। ਉਹਦੀਆਂ ਅੱਖਾਂ ਦਾ ਖਾਰਾ ਬੱਦਲ ਜਦੋਂ ਪੂਰੀ ਤਰ੍ਹਾਂ ਸਾਫ ਹੋ ਗਿਆ ਤਾਂ ਉਹਨੂੰ ਲੱਗਾ ਜਿਵੇਂ ਉਹਨੇ ਸਵਰਾਜ ਦੇ ਸਾਰੇ ਅਹਿਸਾਨਾਂ ਦਾ ਕਰਜ਼ ਉਤਾਰ ਦਿੱਤਾ ਹੋਵੇ।

ਉਹਨੇ ਸਿਰਹਾਣੇ ਥੱਲਿਉਂ ਰੁਮਾਲ ਕੱਢ ਕੇ ਆਪਣੀਆਂ ਅੱਖਾਂ ਪੂੰਝੀਆਂ ਤੇ ਰੁਮਾਲ ਕੂੜੇ ਕਰਕਟ ਵਾਲੀ ਟੋਕਰੀ 'ਚ ਸੁੱਟ ਦੇਣਾ ਚਾਹਿਆ ਪਰ ਉਹ ਇੰਜ ਕਰ ਨਾ ਸਕੀ ਤੇ ਪਤਾ ਨਹੀਂ ਕੀ ਸੋਚ ਕੇ ਉਹਨੇ ਰੁਮਾਲ ਫੇਰ ਸਿਰਹਾਣੇ ਥੱਲੇ ਰੱਖਦਿਆਂ ਆਪਣੀ ਬੇਟੀ ਦੀਆਂ ਅੱਖਾਂ ਨੂੰ ਚੁੰਮ ਲਿਆ। ਉਹਨੂੰ ਜਾਪਿਆ ਜਿਵੇਂ ਸਵਰਾਜ ਨੇ ਸੱਚਮੁੱਚ ਹੀ ਉਮਰ ਭਰ ਲਈ ਆਪਣੀਆਂ ਅੱਖਾਂ ਉਹਦੇ ਨਾਂ ਲਵਾ ਦਿੱਤੀਆਂ ਹੋਣ।

ਉਦਾਸ ਖੜ੍ਹੀ ਦੀਪਾ ਸਭ ਕੁਝ ਵੇਖ ਕੇ ਹੋਰ ਵੀ ਉਦਾਸ ਹੋ ਰਹੀ ਸੀ।

## ਸਿਆਣਿਆਂ ਦਾ ਕਿਹਾ

(1) ਆਪਣੇ ਉੱਪਰ ਕੀਤੇ ਗਏ ਵਿਸ਼ਵਾਸ ਨੂੰ ਹੇਰਾ ਫੇਰੀ ਦੀ ਆਰੀ ਨਾਲ ਨਾ ਵੱਢੋ।

(2) ਗਰੀਬ ਦੀ ਭੁੱਖ ਅਤੇ ਅਮੀਰ ਦੀ ਤਿਜੌਰੀ ਕਿਸਮਤ ਵਾਲੇ ਦੀ ਹੀ ਭਰਦੀ ਹੈ।

(3) ਵਿਸ਼ਵਾਸ ਦੇ ਸੱਚੇ ਸ਼ੀਸ਼ੇ ਨੂੰ ਕਦੇ ਵੀ ਸ਼ੱਕ ਦੇ ਪੱਥਰ ਨਾਲ ਨਾ ਤੋੜੋ।

(4) ਪੰਜਾਬ ਵਿਚ ਉੱਤਨੇ ਪਿੰਡ ਨਹੀਂ ਜਿਤਨੇ ਹਿਸਿਆਂ ਵਿਚ ਸਿੱਖ ਵੰਡੇ ਪਏ ਹਨ।

(5) ਜਿਊਂਦੀਆਂ ਕੌਮਾਂ ਦੀ ਨਿਸ਼ਾਨੀ ਹੈ ਸਦਾ ਸੰਘਰਸ਼ਸ਼ੀਲ ਰਹਿਣਾ।

(6) ਖਾਲਿਸਤਾਨ ਦੀ ਪ੍ਰਾਪਤੀ ਲਈ ਜੋਸ਼ ਨਾਲ ਹੋਸ਼ ਦੀ ਵੀ ਸਖਤ ਜਰੂਰਤ ਹੈ।

(7) ਅੱਜ ਗੁਰੂ ਘਰਾਂ 'ਚ ਸੇਵਾਦਾਰਾਂ ਨੂੰ ਨਹੀਂ ਸਗੋਂ ਧੜੱਲੇਦਾਰਾਂ ਨੂੰ ਪ੍ਰਧਾਨਗੀ ਮਿਲਦੀ ਹੈ।

(8) ਸਿਆਸਤ ਕਹਿੰਦੀ ਹੈ ਕਿ ਆਪਣੇ ਜਮਾਤੀ ਵਿਰੋਧੀਆਂ ਨਾਲ ਮਿਲ ਕੇ ਸਾਂਝੇ ਦੁਸ਼ਮਣ ਨੂੰ ਹਰਾਇਆ ਜਾਵੇ।

(9) ਕਿਸੇ ਵੀ ਖੱਦਰਪੋਸ਼ ਦਾ ਖੱਦਰ ਚੁੱਕ ਕੇ ਦੇਖੋਗੇ ਤਾਂ ਤੁਹਾਨੂੰ ਇਕ ਫਿਰਕਾਪ੍ਰਸਤ ਨਜ਼ਰ ਆਵੇਗਾ।

(10) ਦਿੱਲੀ ਤਖਤ ਹਮੇਸ਼ਾ ਅਕਾਲ ਤਖਤ ਨੂੰ ਹਰਾਉਣ ਦੀ ਕੋਸ਼ਿਸ਼ ਕਰਦਾ ਰਿਹਾ ਹੈ ਪਰ ਜਿੱਤ ਹਮੇਸ਼ਾ ਅਕਾਲ ਤਖਤ ਦੀ ਹੋਈ ਹੈ।

(11) ਪੜ੍ਹਨ ਵਾਲੇ ਕੁਝ ਕਰਨ ਤੋਂ ਪਹਿਲਾਂ ਸੋਚਦੇ ਜਰੂਰ ਹਨ ਕਿ ਇਸ ਦਾ ਨਤੀਜਾ ਕੀ ਹੋਊ ਪਰ ਅਨਪੜ੍ਹ ਗੁਰੂ ਦੀ ਓਟ ਲੈ ਕੇ ਆਰ ਜਾਂ ਪਾਰ, ਵਿਚ-ਵਿਚਾਲੇ ਨਹੀਂ ਗੱਲ ਨੂੰ ਛੱਡਦੇ।

(12) ਤਣਾਅ ਵਿਚ ਆਏ ਹਾਲਾਤ ਤੋਂ ਚੰਗੇ ਸਿੱਟਿਆਂ ਦੀ ਆਸ ਨਹੀਂ ਕੀਤੀ ਜਾ ਸਕਦੀ।

(13) ਭਾਰਤੀ ਅਤਿਵਾਦੀਆਂ ਦਾ ਦਰਬਾਰ ਸਾਹਿਬ ਉੱਪਰ ਹਮਲਾ ਉਨ੍ਹਾਂ ਦੀ ਜ਼ਿੰਦਗੀ ਦੀ ਸਭ ਤੋਂ ਵੱਡੀ ਗਲਤੀ ਸੀ।

(14) ਇਹ ਸੰਭਵ ਹੀ ਨਹੀਂ ਕਿ ਹਿੰਦੂ ਅਤਿਵਾਦੀ ਤਾਕਤ ਪੰਜਾਬ ਨੂੰ ਗੁਲਾਮ ਬਣਾ ਕੇ ਬੋਲਣ ਜੋਗਾ ਨਹੀਂ ਛਡੇਗੀ ਜਾਂ ਗੁਰੂ ਨਾਨਕ ਸਾਹਿਬ ਦੀ ਸਿੱਖੀ ਨੂੰ ਹੀ ਖਤਮ ਕਰ ਦੇਵੇਗੀ।

(15) ਆਜ਼ਾਦੀ ਪ੍ਰਾਪਤ ਕਰਨ ਲਈ ਹਮੇਸ਼ਾ ਉਪਰਾਲੇ, ਸੰਘਰਸ਼ ਕਰਨੇ ਪੈਂਦੇ ਹਨ।

(16) ਨੇਕੀ, ਦੋਸਤ ਅਤੇ ਬਦੀ ਦੁਸ਼ਮਣ ਬਣ ਕੇ ਪੰਜਾਬ ਖਾਲਿਸਤਾਨ ਨੂੰ ਚੰਬੜੀਆਂ ਹੋਈਆਂ ਹਨ।

(17) ਖਾਲਿਸਤਾਨ ਦੀ ਆਜ਼ਾਦੀ ਦੀ ਅੱਗ ਕੱਲ ਵੀ ਬਲ ਬਲ ਉੱਠਦੀ ਸੀ ਅਤੇ ਅੱਜ ਵੀ।

(18) ਗੁਰੂ ਜੀ ਦੇ ਸੱਚੇ ਖਾਲਸੇ ਨੂੰ ਹਾਰ ਨਹੀਂ ਬਲਕਿ ਜਿੱਤ ਲਈ ਬਰਕਤਾਂ ਪ੍ਰਾਪਤ ਹਨ।

(19) 1947 ਵਿਚ ਭਾਰਤ ਦੇਸ਼ ਅਜ਼ਾਦ ਹੋ ਗਿਆ, ਖ਼ਾਲਸਾ ਪੰਥ ਪਿੰਜਰੇ ਦਾ ਸ਼ੇਰ ਬਣ ਗਿਆ, ਜੋ ਅੱਜ ਤੱਕ ਪੋਲੀਟੀਕਲ ਸਰਕਸ ਵਿਚ ਕਲਾਬਾਜ਼ੀਆਂ ਖਾ ਰਿਹਾ ਹੈ।

(20) ਜਿਹੜੀ ਪਾਰਟੀ ਬੁੱਕਲ ਦੇ ਸੱਪਾਂ ਨੂੰ ਪਛਾਣਦੀ ਹੋਈ ਅੱਖਾਂ ਮੀਟ ਕੇ ਗਲ ਲਾ ਲੈਂਦੀ ਹੈ ਉਹਦੀ ਜ਼ਿੰਦਗੀ ਕਿਵੇਂ ਪ੍ਰਵਾਨ ਚੜੇਗੀ।

(21) ‘ਸਿੰਗ ਨਾਲ ਦੋਸਤੀ ਪੂਛ ਨਾਲ ਵੈਰ’ ਵਾਲੀ ਪਾਲਿਸੀ ਕਦੇ ਕਾਮਯਾਬ ਨਹੀਂ ਹੋਈ।

***ਪੇਸ਼ਕਾਰ-ਪਰਮਜੀਤ ਸਿੰਘ ਦਾਖਾ***

# ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ

***(ਸਫਾ 32 ਦੀ ਬਾਕੀ)***

2. ਸ਼ੇਖ ਅਹਿਮਦ ਫਾਰੂਕੀ ਸਰਹੰਦੀ ਆਪਣੇ ਪੱਤਰ ਵਿਚ ਗੋਇੰਦਵਾਲ ਦੇ ਕਾਫ਼ਰ ਦੇ ਕਤਲ ਨੂੰ ਇਸਲਾਮ ਦੇ ਸ਼ਰਧਾਲੂਆਂ ਲਈ ਬਹੁਤ ਸ਼ਾਨ ਵਾਲੀ ਗੱਲ ਕੀਂਹਦਾ ਹੋਇਆ ਖੁਸ਼ ਹੁੰਦਾ ਹੈ, ‘‘ਹਿੰਦੂਆਂ ਨਾਲ ਕੁੱਤਿਆਂ ਵਰਗਾ ਵਿਵਹਾਰ ਕਰਨਾ ਚਾਹੀਦਾ ਹੈ। ਉਨ੍ਹਾਂ 'ਤੇ ਜਜ਼ੀਆ ਲਾਇਆ ਜਾਵੇ। ਖੁੱਲ੍ਹੇ ਥਾਂ 'ਤੇ ਗਊ ਕਤਲ ਕੀਤੀ ਜਾਵੇ।’’

3. ਮੁਹੰਮਦ ਲਤੀਫ: ‘‘ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਿੱਖ ਕੌਮ ਦੇ ਇਤਿਹਾਸ ਵਿਚ ਇਕ ਵੱਡਾ ਮੋੜ ਹੈ ਕਿਉਂਕਿ ਇਸ ਨੇ ਸਿੱਖਾਂ ਦੇ ਧਾਰਮਕ ਜਜ਼ਬਾਤ ਨੂੰ ਭੜਕਾਇਆ। ਇਹ ਸਮਾਂ ਸੀ ਜਦੋਂ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਵਾਨ ਅਨੁਯਾਈਆਂ ਦੇ ਮਨਾਂ ਵਿਚ ਮੁਸਲਮਾਨ ਹਕੂਮਤ ਲਈ ਨਫਰਤ ਦੇ ਬੀਜ ਬੀਜੇ ਗਏ।’’

4. ਗਾਰਡਨ: ‘‘ਇਸ ਸ਼ਹਾਦਤ ਨੂੰ ਧਰਮ ਵਾਸਤੇ ਹੋਈ ਸ਼ਹਾਦਤ ਸਮਝਿਆ ਗਿਆ। ਇਸ ਸ਼ਹਾਦਤ ਨੇ ਧਾਰਮਿਕ ਜਜ਼ਬਿਆਂ ਨੂੰ ਝੰਜੋੜਿਆ ਅਤੇ ਚੁੱਪ ਬੈਠੀ ਕੌਮ ਨੂੰ ਜੰਗਜੂ ਬਣਾ ਦਿੱਤਾ। ਇਸ ਸ਼ਹਾਦਤ ਨੂੰ ਇਕ ਮੋੜ ਨਾਲ ਤੁਲਨਾ ਦਿੱਤੀ ਜਾ ਸਕਦੀ ਹੈ।’’

5. ਟਰੰਪ: ‘‘ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਿੱਖ ਭਾਈਚਾਰੇ ਦੇ ਵਿਕਾਸ ਵਿਚ ਇਕ ਵੱਡਾ ਮੋੜ ਹੈ ਕਿਉਂਕਿ ਇਸ ਸਮੇਂ ਉਹ ਸੰਘਰਸ਼ ਅਰੰਭ ਹੋ ਗਿਆ ਜਿਸ ਨੇ ਧਾਰਮਿਕ ਸੁਧਾਰਵਾਦੀ ਲਹਿਰ ਦਾ ਸੁਭਾ ਬਦਲ ਦਿੱਤਾ।’’

6. ਸਕਾਟ: ‘‘ਸੋ ਇਕ ਵਾਹਿਗੁਰੂ ਦੇ ਪੁਜਾਰੀਆਂ ਨੂੰ ਧਾਰਮਿਕ ਗ੍ਰੰਥ, ਕੇਂਦਰੀ ਧਾਰਮਿਕ ਅਸਥਾਨ, ਇਕ ਧਾਰਮਿਕ ਮਰਿਯਾਦਾ ਦਿੱਤੀ ਗਈ ਸੀ ਤੇ ਹੁਣ ਸ਼ਹੀਦ ਹੋਣ ਅਤੇ ਦੁਸ਼ਮਣ ਦਾ ਟਾਕਰਾ ਕਰਨ ਦਾ ਜਜ਼ਬਾ ਵੀ ਮਿਲਿਆ।’’

7. ਮੋਹਸਨ ਫਾਨੀ: ‘‘ਸੱਚ ਲਈ ਤਾਕਤ ਜਥੇਬੰਦ ਹੋਣੀ ਸ਼ੁਰੂ ਹੋ ਗਈ ਤੇ ਉਸ ਤਾਕਤ ਨੇ ਬੁਰਾਈਆਂ ਦਾ ਟਾਕਰਾ ਕੀਤਾ। ਕਮਜ਼ੋਰ ਲਿਤਾੜਿਆ ਜਾਂਦਾ ਦੇਖ ਕੇ ਸਿੱਖਾਂ ਦੇ ਜਜ਼ਬੇ ਜਾਗ ਪੈਂਦੇ ਸਨ ਤੇ ਸਿੱਖ ਨਿਆਸਰਿਆਂ ਨੂੰ ਆਸਰਾ ਦੇਣ ਲਈ ਬਲਦੀ ਅੱਗ ਵਿਚ ਛਾਲ ਮਾਰ ਦਿੰਦੇ ਸਨ।’’

8. ਡਾ. ਫੌਜਾ ਸਿੰਘ: ‘‘ਅਕਬਰ ਦੇ ਗੁਰੂ ਸਾਹਿਬ ਨਾਲ ਮਿੱਤਰਤਾ ਪੂਰਨ ਵਤੀਰੇ ਨੇ ਸਿੱਖ ਧਰਮ ਨੂੰ ਮੁਸਲਿਮ ਕੱਟੜਪੰਥੀਆਂ ਦੀ ਕਰੋਪੀ ਤੋਂ ਉਸ ਸਮੇਂ ਬਚਾ ਲਿਆ ਜਦੋਂ ਇਸ ਛੋਟੀ ਜਿਹੀ ਸੰਪਰਦਾ ਦੀ ਰੱਖਿਆ ਦੀ ਬਹੁਤ ਜ਼ਿਆਦਾ ਲੋੜ ਸੀ। ਕੇਵਲ ਇਹ ਹੀ ਨਹੀਂ, ਇਸ ਨੇ ਸਿੱਖ ਮੱਤ ਦੀ ਤਿੱਖੀ ਪ੍ਰਗਤੀ ਲਈ ਅਵੱਸ਼ਕ ਵਾਤਾਵਰਨ ਵੀ ਪ੍ਰਦਾਨ ਕੀਤਾ।’’

9. ਡਾ. ਇੰਦੂਭੂਸ਼ਨ ਬੈਨਰਜੀ: ‘‘ਨਿੱਜੀ ਕੱਟੜਤਾ ਦੇ ਕਾਰਨ ਨਹੀਂ ਸਗੋਂ ਰਾਜਨੀਤਕ ਲੋੜ ਦੇ ਕਾਰਨ ਜਹਾਂਗੀਰ ਨੇ ਗੈਰ ਮੁਸਲਮਾਨਾਂ ਉਤੇ ਅਤਿਆਚਾਰ ਕੀਤੇ।’’

10. ਡਾ. ਗੋਕਲ ਚੰਦ ਨਾਰੰਗ: ‘‘ਗੁਰੂ ਅਰਜਨ ਦੇਵ ਨਾ ਕੇਵਲ ਸਿੱਖ ਰਾਸ਼ਟਰ ਦੇ ਪਹਿਲੇ ਮਹਾਨ ਸੰਗਠਨ ਕਰਤਾ ਸਨ, ਸਗੋਂ ਉਹ ਸਿੱਖਾਂ ਵਿਚ ਪ੍ਰਥਮ ਵਿਅਕਤੀ ਵੀ ਸਨ ਜਿਨ੍ਹਾਂ ਨੂੰ ਸ਼ਹੀਦੀ ਦਾ ਜਾਮ ਪ੍ਰਾਪਤ ਹੋਇਆ।

11. ਮੈਕਾਲਫ: ‘‘ਗੁਰੂ ਅਰਜਨ ਦੇਵ ਦੀ ਸ਼ਹੀਦੀ ਤੋਂ ਥੋੜ੍ਹਾ ਚਿਰ ਪਿੱਛੋਂ ਹੀ ਸਿੱਖ ਗੁਰੂ ਧਾਰਮਕ ਨੇਤਾ ਦੀ ਥਾਂ ਧਾਰਮਕ ਅਤੇ ਸੈਨਿਕ ਨੇਤਾ ਬਣ ਗਏ।’’

12. ਪ੍ਰਿੰ. ਤੇਜਾ ਸਿੰਘ: ‘‘ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸਿੱਖਾਂ ਨੂੰ ਇਹ ਵਿਸ਼ਵਾਸ ਦਿਵਾਇਆ ਕਿ ਜੇ ਉਹ ਜਿਊਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਹਥਿਆਰ ਧਾਰਨ ਕਰਨੇ ਹੀ ਪੈਣਗੇ।’’

ਆਮ ਕਿਹਾ ਜਾਂਦਾ ਹੈ ਕਿ ਗੁਰੂ ਜੀ ਦੀ ਸ਼ਹੀਦੀ ਨਾਲ ਸਿੱਖ ਲਹਿਰ ਵਿਚ ਮੋੜ ਆ ਗਿਆ। ਅਜਿਹਾ ਕੋਈ ਮੋੜ ਨਹੀਂ ਆਇਆ ਜਿਸ ਨਾਲ ਸਿੱਖ ਲਹਿਰ ਨੇ ਪੁਰਾਣੇ ਰਾਹ ਨੂੰ ਬਦਲ ਲਿਆ ਹੋਵੇ। ਗੁਰੂ ਨਾਨਕ ਤੋਂ ਲੈ ਕੇ ਬਾਕੀ ਸਾਰੇ ਗੁਰੂ ਸਾਹਿਬਾਨ ਵੀ ਲੋਕਾਂ ਨੂੰ ਧਾਰਮਿਕ, ਸਮਾਜਕ, ਆਰਥਕ ਅਤੇ ਰਾਜਨੀਤਕ ਸਿੱਖਿਆ ਦਿੰਦੇ ਰਹੇ ਹਨ। ਮਜ਼ਬੂਤ ਸਿੱਖ ਸੰਗਠਨ ਗੁਰੂ ਅਰਜਨ ਦੇਵ ਦੇ ਸਮੇਂ ਤੱਕ ਮੁਸਲਮਾਨ ਸਰਕਾਰ ਲਈ ਚਿੰਤਾ ਦਾ ਕਾਰਨ ਬਣ ਗਿਆ ਸੀ। ਸਿੱਖ ਸ਼ਕਤੀ ਦੇ ਵਾਧੇ ਨੂੰ ਰੋਕਣ ਲਈ ਗੁਰੂ ਜੀ ਨੂੰ ਸ਼ਹੀਦ ਕੀਤਾ ਗਿਆ। ਗੁਰੂ ਨਾਨਕ ਦੇਵ ਦੀ ਚਲਾਈ ਕ੍ਰਾਂਤੀਕਾਰੀ ਲਹਿਰ ਨੂੰ ਕੁਚਲੇ ਜਾਣ ਤੋਂ ਬਚਾਉਣ ਲਈ ਗੁਰੂ ਹਰਿਗੋਬਿੰਦ ਨੂੰ ਤਲਵਾਰ ਚੁੱਕਣੀ ਪਈ।

ਗੁਰੂ ਜੀ ਦੀ ਸ਼ਹੀਦੀ 22 ਜੇਠ, 1663 ਬਿ. (30 ਮਈ, 1606 ਈ.) ਨੂੰ ਹੋਈ। ਗੁਰੂ ਜੀ ਦੀ ਸ਼ਹੀਦੀ ਹੀ ਸੀ ਜਿਸ ਨੇ ਸਿੱਖਾਂ ਦੀ ਅਣਖ ਨੂੰ ਟੁੰਬਿਆ ਅਤੇ ਨੇਕੀ ਦੀ ਖਾਤਰ ਅਤੇ ਬਦੀ ਦੇ ਵਿਰੁੱਧ ਜੂਝਣ, ਸ਼ਹੀਦੀਆਂ ਦੇਣ ਅਤੇ ਅਣਖ ਨਾਲ ਜੀਵਨ ਜਿਉਣ ਦੇ ਮਾਰਗ 'ਤੇ ਤੋਰ ਦਿੱਤਾ।

***ਫੋਨ:661-827-8256

# ਮੁੰਗੂ ਕਾਮਰੇਡ:ਲੋਕਾਂ ਦੇ ਫ਼ਿਕਰਾਂ ਲਈ ਜੂਝਣ ਵਾਲੇ ਬੰਦੇ ਦੀ ਕਥਾ

**ਜਸਵੀਰ ਸਮਰ***

ਕੀਨੀਆ ਵਿਚ ਪ੍ਰਚਲਿਤ ਸਵਾਹਿਲੀ ਭਾਸ਼ਾ ਵਿਚ ਮੁੰਗੂ ਦਾ ਮਤਲਬ ਰੱਬ ਹੈ। ਆਤਮਜੀਤ ਦੇ ਹੁਣੇ ਹੁਣੇ ਛਪੇ ਇਸ ਨਾਟਕ ਦਾ ਮੁੱਖ ਪਾਤਰ




ਮੱਖਣ ਸਿੰਘ ਜਿਸ ਲਿਹਾਜ਼ ਅਤੇ ਅੰਦਾਜ਼ ਵਿਚ ਪੇਸ਼ ਹੋਇਆ ਹੈ, ਉਸ ਤੋਂ ਰੱਤੀ ਭਰ ਵੀ ਭੁਲੇਖਾ ਨਹੀਂ ਰਹਿੰਦਾ ਕਿ ਮੱਖਣ ਸਿੰਘ ਲਈ ਵਰਤੇ ਇਸ ਵਿਸ਼ੇਸ਼ਣ ਦੇ ਅਰਥ ਕਿੰਨੇ ਸਾਰਥਕ ਅਤੇ ਡੂੰਘੇ ਹਨ। ਇਹ ਨਾਟਕ ਉਸ ਪਰਵਾਸੀ ਪੰਜਾਬੀ ਬਾਬਤ ਹੈ ਜਿਸ ਨੇ ਕੀਨੀਆ ਦੀ ਟਰੇਡ ਯੂਨੀਅਨ ਅਤੇ ਆਜ਼ਾਦੀ ਦੀ ਲਹਿਰ ਵਿਚ ਮਿਸਾਲੀ ਹੰਭਲਾ ਮਾਰਿਆ। ਮੱਖਣ ਸਿੰਘ ਦੀ ਸ਼ਖ਼ਸੀਅਤ ਨੂੰ ਨਾਟਕ ਵਿਚ ਤਬਦੀਲ ਕਰਦਿਆਂ ਲੇਖਕ ਆਤਮਜੀਤ ਦਾ ਇਹ ਤੌਖ਼ਲਾ ਬਹੁਤ ਪਿਛਾਂਹ ਰਹਿ ਜਾਂਦਾ ਹੈ ਕਿ ਇਸ ਨਾਟਕ ਦਾ ਪੰਜਾਬੀਆਂ ਲਈ ਕੋਈ ਮਤਲਬ ਵੀ ਬਣੇਗਾ ਜਾਂ ਨਹੀਂ! ਇਹ ਤੌਖ਼ਲਾ ਕਾਫ਼ੂਰ ਹੋਣ ਦਾ ਇਕ ਕਾਰਨ ਇਹ ਵੀ ਹੋਵੇਗਾ ਕਿ ਆਤਮਜੀਤ ਚਾਹੇ ਜਿਨ੍ਹਾਂ ਸਮਿਆਂ ਦੀ ਮਰਜ਼ੀ ਗੱਲ ਕਰ ਰਿਹਾ ਹੋਵੇ, ਉਹਦੇ ਜ਼ਿਹਨ ਵਿਚ ਇਹ ਖ਼ੌਰੂ ਉਠਦਾ ਰਹਿੰਦਾ ਹੈ ਕਿ ਇਸ ਨੂੰ ਵਰਤਮਾਨ ਸਮੇਂ ਨਾਲ ਕਿਵੇਂ ਜੋੜਿਆ ਜਾਵੇ। ਨਾਟਕ ਦਾ 14ਵਾਂ ਦ੍ਰਿਸ਼ ਪੜ੍ਹਦਿਆਂ ਖਾਲਿਸਤਾਨੀ ਲਹਿਰ ਦੌਰਾਨ ਪੱਛਿਆ ਵਕਤ ਪਿਛੋਕੜ ਵਿਚੋਂ ਹੁੰਗਰੇ ਮਾਰਦਾ ਸੁਣਾਈ ਦੇਣ ਲੱਗਦਾ ਹੈ। ਇਸ ਦੇ ਨਾਲ ਹੀ ਲੇਖਕ ਹਕੂਮਤ ਖ਼ਿਲਾਫ਼ ਚਲਦੀ ਜਾਂ ਚੱਲੀ ਲੜਾਈ ਨੂੰ ਬਹੁਤ ਵਿਰਾਟ ਪੱਧਰ ਉਤੇ ਵਿਚਾਰਨ ਤੱਕ ਲੈ ਜਾਂਦਾ ਹੈ। ਨਿੱਕੇ ਨਿੱਕੇ ਬਿਰਤਾਂਤ ਇਸ ਵੱਡੀ ਲੜਾਈ ਦਾ ਲਾਜ਼ਮੀ ਹਿੱਸਾ ਜਾਪਦੇ ਹਨ। ਸਿੱਖੀ ਵਿਚ ਕਿਰਤ ਅਤੇ ਕਿਰਤੀ ਦੀ ਸਾਂਝ ਨੂੰ ਜਿਸ ਢੰਗ ਨਾਲ ਸ਼ਬਦੀ ਜਾਮਾ ਪੁਆਇਆ ਗਿਆ ਹੈ, ਉਸ ਤੋਂ ਪੰਜਾਬ ਵਿਚ ਚੱਲਣ ਵਾਲੀ ਹਰ ਲਹਿਰ ਬਾਰੇ ਬਣਨ ਵਾਲੇ ਆਧਾਰ-ਬੁਨਿਆਦ ਦੀ ਪੈੜਚਾਲ ਸਾਫ਼ ਸੁਣਦੀ ਹੈ। ਚੱਲ ਰਹੀ ਲੜਾਈ ਵਿਚ ਸਿੱਖੀ ਬਾਬਤ ਇਸ ਬਹਿਸ ਦੀ ਸਾਰਥਕਤਾ ਭਗਤ ਸਿੰਘ ਤੇ ਮਹਾਤਮਾ ਗਾਂਧੀ ਦੇ ਹਵਾਲਿਆਂ ਨਾਲ ਸੰਪੂਰਨ ਹੁੰਦੀ ਹੈ। ਵਡੇਰੀ ਲੜਾਈ ਵਿਚ ਮਜ਼ਹਬ ਦੇ ਰੋਲ ਨੂੰ ਕਾਮਰੇਡ ਮੱਖਣ ਸਿੰਘ ਘਟਾ ਕੇ ਨਹੀਂ ਦੇਖਦਾ ਸਗੋਂ ਲੜਾਈ ਦੀ ਧਾਰ ਤਿੱਖੀ ਕਰਨ ਲਈ ਉਹ ਇਨ੍ਹਾਂ ਨਿੱਕੀਆਂ ਨਿੱਕੀਆਂ ਲੜਾਈਆਂ ਨੂੰ ਵੱਡੀ ਲੜਾਈ ਵਿਚ ਤਬਦੀਲ ਕਰਨ ਅਤੇ ਸੇਧ ਵਿਚ ਬੰਨ੍ਹਣ ਦਾ ਯਤਨ ਕਰਦਾ ਹੈ। ਇਸ ਵੱਡੀ ਲੜਾਈ ਵਿਚ ਹਰ ਸ਼ਖ਼ਸ ਉਸਦਾ ਬੇਲੀ ਹੈ ਪਰ ਉਹ ਕਿਸੇ ਦਾ ਬੇਲਦਾਰ ਨਹੀਂ। ਇਸ ਬੇਲਦਾਰੀ ਤੋਂ ਬਚਣ ਲਈ ਉਹ ਬਹੁਤ ਸੁਚੇਤ ਹੈ ਅਤੇ ਥਾਂ ਸਿਰ ਸੱਟ ਮਾਰਨ ਲਈ ਹਰ ਕੁਰਬਾਨੀ ਲਈ ਤਿਆਰ ਹੈ। ਇਸੇ ਕਰਕੇ ਸਾਰੇ ਕਿਰਤੀਆਂ ਲਈ ਇਕੋ ਉਜਰਤ ਲਈ ਲੜਦਿਆਂ ਜਦੋਂ ਵੱਧ ਉਜਰਤਾਂ ਲੈ ਰਹੇ ਏਸ਼ਿਆਈ-ਭਾਰਤੀ ਉਸ ਤੋਂ ਪਾਸਾ ਵੱਟਣ ਲਗਦੇ ਹਨ, ਉਹ ਤਾਂ ਵੀ ਆਪਣੀ ਧੁਨ ਵਿਚ ਆਪਣੇ ਰਾਹ ਤੁਰਿਆ ਰਹਿੰਦਾ ਹੈ, ਕੋਈ ਸਮਝੌਤਾ ਕਰਨ ਲਈ ਨਹੀਂ ਅਹੁਲਦਾ। ਉਸ ਦੀ ਇਹ ਈਮਾਨਦਾਰੀ ਅਤੇ ਸਾਫ਼ਗੋਈ ਹੀ ਉਸ ਦੀ ਅਸਲ ਪੂੰਜੀ ਬਣਦੀ ਹੈ। ਦਰਅਸਲ ਮੱਖਣ ਸਿੰਘ ਦੀ ਇਹੀ ਉਹ ਕਮਾਈ ਹੈ ਜਿਸ ਤੋਂ ਅੰਗਰੇਜ਼ ਹਾਕਮਾਂ ਨੇ ਤਾਂ ਭੈਅ ਖਾਣਾ ਹੀ ਸੀ, ਬਾਅਦ ਵਿਚ ਆਪਣੇ ਹਾਕਮ ਉਸ ਤੋਂ ਭੈਅ ਖਾਂਦੇ ਹਨ। ਨਾਟਕਕਾਰ ਮੱਖਣ ਸਿੰਘ ਦੀ ਇਸ ਕਮਾਈ ਨੂੰ ਮਾਂਜ-ਤਰਾਸ਼ ਕੇ, ਧਾਰਦਾਰ ਬਣਾ ਕੇ ਪੇਸ਼ ਕਰਦਾ ਹੈ।

ਮੱਖਣ ਸਿੰਘ ਦੀ ਇਹ ਸਾਫ਼ਗੋਈ ਅਸਲ ਵਿਚ ਬੰਦਿਆਂ ਬਾਰੇ ਉਸ ਦੇ ਫ਼ਿਕਰਾਂ ਵਿਚੋਂ ਆਈ ਹੈ ਅਤੇ ਨਾਟਕਕਾਰ ਨੇ ਇਸ ਨੂੰ ਜ਼ੋਰਦਾਰ ਢੰਗ ਨਾਲ ਉਭਾਰਿਆ ਹੈ। ਉਹ ਆਪਣੇ ਬਾਪ ਦੀ ਫੈਕਟਰੀ ਵਿਚ ਵੀ ਤਨਖਾਹਦਾਰ ਕਾਮਾ ਬਣਦਾ ਹੈ ਅਤੇ ਜਦੋਂ ਹੜਤਾਲਾਂ ਹੁੰਦੀਆਂ ਹਨ ਤਾਂ ਉਹ ਕਾਮਿਆਂ ਨਾਲ ਮੋਢੇ ਨਾਲ ਮੋਢਾ ਡਾਹ ਕੇ ਖੜ੍ਹਦਾ ਹੈ। ਮੱਖਣ ਸਿੰਘ ਵਰਗੀ ਸ਼ਖ਼ਸੀਅਤ ਜਿਸਦੇ ਜੀਵਨ ਵਿਚ ਤਣਾਅ ਜਾਂ ਟੱਕਰ ਘੱਟ ਹੀ ਉਭਰਦੀ ਹੈ, ਨੂੰ ਜਿਸ ਰੰਗ ਵਿਚ ਰੰਗਿਆ ਗਿਆ ਹੈ ਅਤੇ ਉਸ ਦੀ ਪਾਤਰ ਉਸਾਰੀ ਲਈ ਜਿਸ ਤਰ੍ਹਾਂ ਨਾਟਕੀ ਜੁਗਤਾਂ ਵਰਤੀਆਂ ਹਨ, ਉਹ ਬੇਮਿਸਾਲ ਹਨ। ਮੱਖਣ ਸਿੰਘ ਨੂੰ ਜੇਲ੍ਹ ਵਿਚ ਰਹਿਣਾ ਮਨਜ਼ੂਰ ਹੈ ਪਰ ਉਹ ਹਾਕਮਾਂ ਦੇ ਕਹਿਣ 'ਤੇ ਕੀਨੀਆ ਛੱਡਣ ਲਈ ਤਿਆਰ ਨਹੀਂ, ਉਦੋਂ ਵੀ ਨਹੀਂ ਜਦੋਂ ਉਸ ਦੀ ਪਿਆਰੀ ਮਾਂ ਇਸ ਦੁਨੀਆਂ ਤੋਂ ਕੂਚ ਕਰ ਜਾਂਦੀ ਹੈ। ਉਸ ਨੂੰ ਪਤਾ ਹੈ ਕਿ ਉਸ ਦਿਨ ਤੋਂ ਬਾਅਦ ਉਸ ਨੇ ਕਦੀ ਮਾਂ ਨੂੰ ਦੇਖ ਨਹੀਂ ਸਕਣਾ ਪਰ ਉਹ ਕੀਨੀਆ ਛੱਡਣ ਦੀ ਲਾਈ ਸ਼ਰਤ ਦੇ ਤੂੰਬੇ ਉਡਾ ਕੇ ਮਾਂ ਦਾ ਸੋਗ ਜੇਲ੍ਹ ਵਿਚ ਹੀ ਮਨਾਉਂਦਾ ਹੈ। ਸਾਰੀ ਉਮਰ ਪਤਨੀ ਤੋਂ ਦੂਰ ਰਹਿੰਦਾ ਹੈ ਪਰ ਇਖ਼ਲਾਕ ਨੂੰ ਪਹਾੜ ਤੋਂ ਵੀ ਉਚਾ ਰੱਖ ਕੇ ਦਿਖਾ ਦਿੰਦਾ ਹੈ।

ਇਸ ਤਰ੍ਹਾਂ ਦੀਆਂ ਗੱਲਾਂ ਸਿਰਫ਼ ਇਕ ਹੀ ਸੂਰਤ ਵਿਚ ਸੰਭਵ ਹਨ ਜਦੋਂ ਕਿਸੇ ਬੰਦੇ ਦੇ ਜ਼ਿਹਨ ਵਿਚ ਬੰਦਿਆਂ ਬਾਰੇ ਕੋਈ ਫ਼ਿਕਰ ਹੁੰਦਾ ਹੈ। ਮੱਖਣ ਇਨ੍ਹਾਂ ਫ਼ਿਕਰਾਂ ਦੀ ਬਾਂਹ ਫੜ ਕੇ ਰੱਖਦਾ ਹੈ। ਉਹ ਕਮਿਊਨਿਸਟ ਦਾ ਰੁਤਬਾ ਰੱਬ ਜਿੱਡਾ ਬਣਾ ਦਿੰਦਾ ਹੈ। ਉਸ ਨੂੰ ਪਿਆਰ ਕਰਨ ਵਾਲੀ ਅਟੀਨੋ ਜਦੋਂ ਉਸ ਨੂੰ ਪਿਆਰ ਦੀ ਪੇਸ਼ਕਸ਼ ਕਰਦੀ ਹੈ ਤਾਂ ਉਸ ਦਾ ਸਹਿਜ ਤੇ ਸੂਹਜ ਦੇਖਣ ਹੀ ਵਾਲਾ ਹੈ। ਪਿਆਰ ਦੀ ਤਿਲਕਣ ਘਾਟੀ ਅਤੇ ਜਬਰ ਵਿਚ ਵੀ ਉਸ ਦਾ ਸਬਰ ਸਿਫ਼ਰ ਨਹੀਂ ਹੁੰਦਾ।

ਇਹ ਨਾਟਕ ਪਾਠਕ ਨੂੰ ਵੀ ਉਸੇ ਸਹਿਜ ਨਾਲ ਦੱਸ ਰਿਹਾ ਹੈ ਕਿ ਮੱਖਣ ਸਿੰਘ ਕਿਸ ਤਰ੍ਹਾਂ ਇਕ ਇਕ ਦਿਨ ਸਬਰ ਦਾ ਇਮਤਿਹਾਨ ਦਿੰਦਾ ਹੋਵੇਗਾ ਅਤੇ ਹਰ ਦਿਨ ਇਸ ਇਮਤਿਹਾਨ ਵਿਚੋਂ ਪਾਸ ਹੁੰਦਾ ਹੋਵੇਗਾ। ਇਕ ਦਿਨ, ਇਕ ਪਲ ਵੀ ਫ਼ੇਲ੍ਹ ਹੋਣ ਦਾ ਮਤਲਬ ਸਦਾ ਸਦਾ ਲਈ ਬਦਨਾਮੀ ਦੀਆਂ ਡੂੰਘੀਆਂ ਖਤਾਨਾਂ ਵਿਚ ਡਿੱਗਣ ਦੇ ਤੁੱਲ ਹੁੰਦਾ ਹੈ ਪਰ ਮੱਖਣ ਸਿੰਘ ਅਡੋਲ ਤੁਰਦਾ ਹੈ। ਇਸੇ ਕਰਕੇ ਨਾਟਕਕਾਰ ਅਟੀਨੋ ਦੇ ਮੂੰਹੋਂ ਇਹ




ਮੱਖਣ ਸਿੰਘ ਦੀਆਂ ਦੋ ਪ੍ਰਕਾਸ਼ਿਤ ਪੁਸਤਕਾਂ ਦੇ ਸਰਵਰਕ

ਕਹਾ ਕੇ ਮੱਖਣ ਸਿੰਘ ਦੇ ਇਸ ਸਬਰ ਅਤੇ ਹਠ ਨੂੰ ਸਲਾਮੀ ਦੇਂਦਾ ਹੈ: 'ਤੂੰ ਜਬਰ ਦੇ ਮਾਹੌਲ ਵਿਚ ਸਬਰ ਦਾ ਪਾਠ ਕਿੱਥੋਂ ਪੜ੍ਹਿਐ?' ਇਸੇ ਕਰਕੇ ਉਹ ਮੱਖਣ ਸਿੰਘ ਨੂੰ ਕਾਮਰੇਡ ਨਹੀਂ ਕਹਿੰਦੀ, ਮੁੰਗੂ ਕਾਮਰੇਡ ਆਖਦੀ ਹੈ। ਰੱਬ ਵਰਗਾ ਕਾਮਰੇਡ। ਲੋਕਾਂ ਦੇ ਫ਼ਿਕਰਾਂ ਦੀ ਬਾਂਹ ਫੜਨ ਵਾਲਾ ਕਾਮਰੇਡ!!

ਹਿੰਸਾ ਬਾਰੇ ਵੀ ਮੱਖਣ ਸਿੰਘ ਇੰਨਾ ਹੀ ਸਪਸ਼ਟ ਹੈ। ਹਿੰਸਾ ਵਿਚ ਉਸ ਦਾ ਯਕੀਨ ਨਹੀਂ ਪਰ ਜਦੋਂ ਕੀਨੀਆ ਵਿਚ ਚੱਲੀ ਹਿੰਸਕ ਲਹਿਰ 'ਮਾਉ ਮਾਉ' ਬਾਰੇ ਗੱਲ ਤੁਰਦੀ ਹੈ ਤਾਂ ਉਹ ਹਕੂਮਤੀ ਹਿੰਸਾ ਦੀ ਚਰਚਾ ਸਭ ਤੋਂ ਪਹਿਲਾਂ ਕਰਦਾ ਹੈ। ਨਾਟਕਕਾਰ ਨਾਟਕ ਨੂੰ ਗਤੀ ਦੇਣ ਲਈ ਹਿੰਸਾ ਅਤੇ ਅਹਿੰਸਾ ਦੀ ਚਰਚਾ ਮੋਕਲੇ ਰੂਪ ਛੇੜਦਾ ਹੈ। ਉਂਜ ਵੀ ਅਫ਼ਰੀਕਾ ਅਤੇ ਗਾਂਧੀ ਦੀ ਗੱਲ ਹਿੰਸਾ-ਅਹਿੰਸਾ ਦੀ ਚਰਚਾ ਤੋਂ ਬਿਨਾਂ ਅਧੂਰੀ ਹੀ ਰਹਿੰਦੀ ਹੈ। ਨਾਟਕਕਾਰ ਮੁੱਖ ਪਾਤਰ ਮੱਖਣ ਸਿੰਘ ਰਾਹੀਂ ਗਾਂਧੀ ਅਤੇ ਇਨਕਲਾਬੀਆਂ ਬਾਰੇ ਚਰਚਾ ਨੂੰ ਇਹ ਕਹਾ ਕੇ ਜ਼ਰਬ ਦਿੰਦਾ ਹੈ: 'ਗਾਂਧੀ ਤੇ ਸਾਡੇ ਵਿਚ ਇਹੋ ਫ਼ਰਕ ਏ। ਉਹ ਲੋਕ ਤਿਆਰ ਕਰਦੈ, ਅਸੀਂ ਲੀਡਰ ਤਿਆਰ ਕਰਦੇ ਆਂ।'

ਮੱਖਣ ਸਿੰਘ ਦੀ ਸਰਗਰਮੀ ਉਦੋਂ ਦੀ ਹੈ ਜਦੋਂ ਭਗਤ ਸਿੰਘ ਦੀ ਸ਼ਹਾਦਤ ਹੋ ਚੁੱਕੀ ਸੀ। ਹੁਣ ਇਹ ਮੰਨਿਆ ਨਹੀਂ ਜਾ ਸਕਦਾ ਕਿ ਭਾਰਤ ਵਿਚ ਚੱਲ ਰਹੇ ਆਜ਼ਾਦੀ ਦੇ ਸੰਘਰਸ਼ ਦੀ ਉਸ ਨੂੰ ਖ਼ਬਰ ਨਹੀਂ ਹੋਵੇਗੀ। ਉਹਦੇ ਜ਼ਿਹਨ ਵਿਚ ਭਗਤ ਸਿੰਘ ਤੇ ਗਾਂਧੀ ਇਕੱਠੇ ਖ਼ੌਰੂ ਪਾਉਂਦੇ ਹੋਣਗੇ। ਇਸ ਖ਼ੌਰੂ ਦੀ ਰਿੜਕਣ ਵਿਚੋਂ ਹੀ ਅਹਿੰਸਾਵਾਦੀ ਕਮਿਊਨਿਸਟ ਮੱਖਣ ਸਿੰਘ ਨਿਕਲਿਆ ਹੋਵੇਗਾ। ਨਾਲੇ ਉਹ ਗਾਂਧੀ ਨੂੰ ਉਸ ਤਰ੍ਹਾਂ ਨਹੀਂ ਦੇਖ ਰਿਹਾ ਹੋਵੇਗਾ ਜਿਸ ਤਰ੍ਹਾਂ ਭਾਰਤ ਵਸਦੇ ਪੰਜਾਬੀ ਦੇਖ

*(ਬਾਕੀ ਅਗਲੇ ਸਫ਼ੇ 'ਤੇ)*

---

**ਨਾਟਕ:** ਮੁੰਗੂ ਕਾਮਰੇਡ
**ਲੇਖਕ:** ਆਤਮਜੀਤ
**ਸਫ਼ੇ:** 108, **ਮੁੱਲ:** 100 ਰੁਪਏ
**ਅਡੀਸ਼ਨ:** 2010
**ਪ੍ਰਕਾਸ਼ਕ:** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ

## ਆਤਮਜੀਤ ਦੇ ਨਾਟਕ 'ਮੁੰਗੂ ਕਾਮਰੇਡ' ਦਾ ਇਕ ਦ੍ਰਿਸ਼

**(ਦ੍ਰਿਸ਼ 14, ਸੰਨ 1947-48)**

**ਗਹੀਰ:** ਸਰਕਾਰ ਨੇ ਠੀਕ ਫ਼ੈਸਲਾ ਕੀਤਾ। ਪੰਜ ਸੀਟਾਂ ਰਿਲੀਜੀਅਸ ਮਾਈਨਾਰਟੀਜ਼ ਵਾਸਤੇ ਰਾਖਵੀਆਂ ਜ਼ਰੂਰੀ ਨੇ।

**ਬਿਅੰਤ ਸਿੰਘ:** ਪਰ ਸਿੱਖਾਂ ਨੂੰ ਕੋਈ ਸੀਟ ਨਹੀਂ ਦਿੱਤੀ; ਹਿੰਦੂਆਂ ਨਾਲ ਟੁੰਗ ਦਿੱਤੈ।

**ਗਹੀਰ:** ਜੇ ਐਸ ਵੇਲੇ ਆਪਾਂ ਕੋਈ ਹੀਲਾ ਕਰੀਏ ਤਾਂ ਆਪਣਾ ਦਾਅ ਵੀ ਲੱਗ ਸਕਦੈ।

**ਬਿਅੰਤ ਸਿੰਘ:** ਮੱਖਣ ਸਿੰਘ ਨੇ ਸੱਤ ਦਿਨ ਦੀ ਭੁੱਖ ਹੜਤਾਲ ਰੱਖੀ ਧਾਰਮਿਕ ਸੀਟਾਂ ਖ਼ਿਲਾਫ਼। ਪਾਗਲ ਕਹਿੰਦੈ ਧਰਮ ਦੇ ਆਧਾਰ ਤੇ ਸੀਟਾਂ ਨਹੀਂ ਚਾਹੀਦੀਆਂ। ਚੰਗੀ ਸਰਕਾਰ ਨਹੀਂ ਮੰਨੀ।

**ਗਹੀਰ:** ਉਹਦੀ ਕਿਸੇ ਵੀ ਨਹੀਂ ਮੰਨਣੀ। ਗੋਰਿਆਂ ਅੰਤ ਉਹਨੂੰ ਕੀਨੀਆ 'ਚੋਂ ਬਾਹਰ ਧੱਕ ਦੇਣਾ ਏ।

**ਬਿਅੰਤ ਸਿੰਘ:** ਪਰ ਮੱਖਣ ਸਿੰਘ ਨੂੰ ਸਿੱਖਾਂ ਦਾ ਫ਼ਿਕਰ ਕਿਉਂ ਨਹੀਂ?

**ਗਹੀਰ:** ਐਲਡੋਰੇਟ ਦੀ ਸੰਗਤ ਨੇ ਐਵੇਂ ਤਾਂ ਨਹੀਂ ਤਾਰ ਖੜਕਾ ਕੇ ਸੁਨੇਹਾ ਭੇਜਿਆ: "ਮੱਖਣ ਸਿੰਹਾਂ! ਤੇਰੀ ਮੌਤ ਦੀ ਉਡੀਕ ਕਰ ਰਹੇ ਹਾਂ"।

(ਮੱਖਣ ਸਿੰਘ ਤੇ ਗੋਪਾਲ ਸਿੰਘ ਆਉਂਦੇ ਹਨ।)

**ਮੱਖਣ ਸਿੰਘ:** ਮੈਂ ਖੱਫ਼ਣ ਲਈ ਸਦਾ ਤਿਆਰ ਹਾਂ ਪਰ ਲੋਕਾਂ ਨੂੰ ਜੀਣ ਦੇਈਏ। ਜੇ ਅਸੀਂ ਪੰਜਾਬੀ-ਗੁਜਰਾਤੀ, ਸਿੱਖ-ਹਿੰਦੂ, ਜੱਟ-ਤਰਖਾਣ, ਦੁਆਬੀਏ-ਅੰਬਰਸਰੀਏ ਦੀਆਂ ਵੰਡਾਂ ਵਿਚ ਪੈ ਗਏ ਤਾਂ ਬਹੁਤ ਕਮਜ਼ੋਰ ਹੋ ਜਾਵਾਂਗੇ।

**ਬਿਅੰਤ ਸਿੰਘ:** ਅਗਲਿਆਂ ਤਾਂ ਸਿੱਖਾਂ ਨੂੰ ਖੂੰਜੇ ਲਾ ਦਿੱਤੈ, ਤੂੰ ਕਿਰਤ ਤੇ ਕਿਰਤੀ ਦਾ ਰੌਲਾ ਪਾਈ ਜਾਹ!

**ਮੱਖਣ ਸਿੰਘ:** ਕੀ ਸਿੱਖੀ, ਕਿਰਤ ਤੇ ਕਿਰਤੀ ਤੋਂ ਵੱਖ ਏ?

**ਗਹੀਰ:** ਤੂੰ ਸਾਨੂੰ ਇਹ ਵਿਸ਼ਵਾਸ ਦਿਵਾ ਸਕਦੈਂ ਕਿ ਇਕ ਸਿੱਖ ਮੈਂਬਰ ਲੈਜਿਸਲੇਟਿਵ ਕੌਂਸਲ ਵਿਚ ਚੁਣਿਆ ਜਾਵੇਗਾ?

**ਗੋਪਾਲ ਸਿੰਘ:** ਗਹੀਰ ਜੀ, ਮੱਖਣ ਸਿੰਘ ਨੇ ਭੁੱਖ ਹੜਤਾਲ ਤੋਂ ਪਹਿਲਾਂ ਐਲਾਨ ਕੀਤਾ ਸੀ ਕਿ ਉਹ ਚੋਣਾਂ ਨਹੀਂ ਲੜੇਗਾ।

**ਬਿਅੰਤ ਸਿੰਘ:** ਇਹਦਾ ਕੀ ਮਤਲਬ?

**ਗੋਪਾਲ ਸਿੰਘ:** ਮਤਲਬ ਸਿੱਧਾ; ਮੱਖਣ ਸਿੰਘ ਬਿਲਕੁਲ ਨਿਰਸੁਆਰਥ ਹੋ ਕੇ ਸੋਚ ਰਿਹੈ। ਸਾਨੂੰ ਧਰਮ ਦੀ ਬਜਾਏ ਭਾਰਤੀਆਂ ਵਾਸਤੇ ਸੀਟਾਂ ਮੰਗਣੀਆਂ ਚਾਹੀਦੀਆਂ ਨੇ ਤਾਂ ਜੁ ਸਾਡੀ ਲੈਗਕੋ ਵਿਚ ਸਾਂਝ ਹੋਵੇ।

**ਗਹੀਰ:** ਮਜ਼੍ਹਬ ਨਾਲੋਂ ਯੂਨੀਅਨ ਕਿਵੇਂ ਵੱਡੀ ਹੋ ਸਕਦੀ ਏ?

**ਮੱਖਣ ਸਿੰਘ:** ਮਨ ਵਾਸਤੇ ਮਜ਼੍ਹਬ, ਤੇ ਤਨ ਵਾਸਤੇ ਤਨਜ਼ੀਮ ਹਮੇਸ਼ਾ ਵੱਡੀ ਰਹੇਗੀ।

**ਗਹੀਰ:** ਜੇ ਕੱਲ੍ਹ ਨੂੰ ਹਿੰਦੁਸਤਾਨ ਤੇ ਪਾਕਿਸਤਾਨ ਦੇ ਆਧਾਰ 'ਤੇ ਸੀਟਾਂ ਦੀ ਮੰਗ ਉਠੀ ਤਾਂ ਕੀ ਕਰੋਗੇ?

**ਮੱਖਣ ਸਿੰਘ:** ਵਿਰੋਧ ਕਰਾਂਗੇ।

**ਗਹੀਰ:** ਸਾਡੇ ਲਈ ਅਸਲ ਸਵਾਲ ਕਮਿਊਨਿਸਟਾਂ ਦਾ ਏ। ਭਾਰਤੀ ਕਮਿਊਨਿਸਟਾਂ ਨੇ ਦੂਜੀ ਵਰਲਡ ਵਾਰ ਵਿਚ ਅੰਗਰੇਜ਼ਾਂ ਦਾ ਸਾਥ ਦੇ ਕੇ ਇੰਡੀਆ ਦੇ ਲੋਕਾਂ ਨੂੰ ਧੋਖਾ ਦਿੱਤੈ। ਪਹਿਲਾਂ ਤੁਹਾਡੀ 'ਈਸਟ ਅਫ਼ਰੀਕਾ ਇੰਡੀਅਨ ਨੈਸ਼ਨਲ ਕਾਂਗਰਸ' ਸਾਨੂੰ ਇਹ ਦੱਸੇ ਕਿ ਉਹਦਾ ਕਮਿਊਨਿਸਟਾਂ ਬਾਰੇ ਕੀ ਰਵੱਈਆ ਏ।

**ਮੱਖਣ ਸਿੰਘ:** ਮੈਨੂੰ ਪਤੈ ਇਹ ਸਵਾਲ ਤੁਸੀਂ ਮੈਨੂੰ ਕਰ ਰਹੇ ਹੋ। ਮੈਂ ਭਾਰਤੀ ਕਮਿਊਨਿਸਟ ਪਾਰਟੀ ਦਾ ਮੈਂਬਰ ਜ਼ਰੂਰ ਆਂ, ਮਾਤਹਿਤ ਨਹੀਂ; ਕਿਉਂਕਿ ਮੈਂ ਕੀਨੀਅਨ ਹਾਂ। ਮੇਰੇ ਫ਼ੈਸਲੇ ਆਪਣੇ ਨੇ। ਸਾਡੀ ਅਫ਼ਰੀਕਨਾਂ ਦੀ ਵੱਖਰੀ ਹੋਣੀ ਏ। ਅਸੀਂ ਦੁਨੀਆਂ ਦੀਆਂ ਖੱਬੇਪੱਖੀ ਜਮਾਤਾਂ ਦੇ ਬੇਲੀ ਹਾਂ, ਬੇਲਦਾਰ ਨਹੀਂ।

**ਬਿਅੰਤ ਸਿੰਘ:** ਇਹ ਸਿਰਫ਼ ਕਹਿਣ ਦੀਆਂ ਗੱਲਾਂ ਨੇ।

**ਮੱਖਣ ਸਿੰਘ:** ਅਸੀਂ ਕਰਕੇ ਦਿਖਾਇਆ ਏ।

**ਗੋਪਾਲ ਸਿੰਘ:** ਏਸੇ ਕਰਕੇ ਮੱਖਣ ਸਿੰਘ ਨੇ ਕਦੇ ਬਾਹਰੀ ਮੁਲਕ ਦੀ ਤਨਜ਼ੀਮ ਨੂੰ ਯੂਨੀਅਨ ਫੰਡ ਵਾਸਤੇ ਅਪੀਲ ਨਹੀਂ ਕੀਤੀ, ਨਾ ਕੋਈ ਪੈਸਾ ਲਿਆ।

**ਗਹੀਰ:** ਪਰ ਮੈਨੂੰ ਦੱਸੋ, ਕੀ ਮੱਖਣ ਸਿੰਘ ਨੇ ਜੰਗ ਵਿਚ ਅੰਗਰੇਜ਼ਾਂ ਦਾ ਵਿਰੋਧ ਕਰਨ ਲਈ ਕਦੇ ਕੋਈ ਬਿਆਨ ਦਿੱਤੈ?

**ਗੋਪਾਲ ਸਿੰਘ:** ਮੱਖਣ ਸਿੰਘ ਨੇ ਅੱਜ ਤਾਈਂ ਅੰਗਰੇਜ਼ਾਂ ਦਾ ਸਾਥ ਦੇਣ ਲਈ ਵੀ ਕੋਈ ਬਿਆਨ ਨਹੀਂ ਦਿੱਤਾ।

(ਕੋਰਸ ਗਉਂਦਾ ਹੈ...)

ਤਿੰਨ ਸਾਲ ਦਾ ਚੱਕਰ ਚੱਲਿਆ,
ਛਾਣ ਮਾਰੀ ਹਰ ਕੋਰਟ ਕਚਹਿਰੀ।
ਹਰ ਹੀਲੇ ਹੈ ਮੁਲਕ 'ਚੋਂ ਕੱਢਣਾ,
ਗੋਰੇ ਬਣ ਗਏ ਐਸੇ ਵੈਰੀ।
ਦੁਸ਼ਮਣ ਨੰਬਰ ਇਕ ਦੀ ਉਸ ਤੇ,
ਪ੍ਰਸ਼ਾਸਨ ਨੇ ਮੋਹਰ ਲਗਾਈ।
ਚਾਰ ਅਕਤੂਬਰ ਅਠਤਾਲੀ ਵਿਚ,
ਗੋਰੇ ਨੇ ਮੁੜ ਪੰਗਾ ਪਾਇਆ।
ਡੀਪੋਰਟ ਕਰਨ ਦਾ ਉਸਨੂੰ,
ਮੁੜ ਕੇ ਸ਼ਾਹੀ ਹੁਕਮ ਸੁਣਾਇਆ।
ਅਗਲੇ ਹੀ ਦਿਨ ਸੀਖਾਂ ਪਿੱਛੇ,
ਮੱਖਣ ਸਿੰਘ ਨੂੰ ਜਾ ਬੈਠਾਇਆ।
ਗੋਪਾਲ ਸਿੰਘ ਨੇ ਹਿੰਮਤ ਕੀਤੀ,
ਚਾਨਣ ਸਿੰਘ ਨੇ ਜ਼ੋਰ ਲਗਾਇਆ।
ਸਾਬਤ ਹੋਇਆ ਵਿਚ ਕੀਨੀਆਂ,
ਮੱਖਣ ਸਿੰਘ ਨਹੀਂ ਕੋਈ ਪਰਾਇਆ।
ਦੋ ਹਫ਼ਤੇ ਦੇ ਅੰਦਰ ਹੀਰੋ,
ਮੁੜ ਮੈਦਾਨ ਵਿਚ ਵਾਪਸ ਆਇਆ।
ਗੰਦੀ ਨੀਤੀ ਸਾਮਰਾਜ ਦੀ,
ਸ਼ਰ੍ਹੇਆਮ ਸੀ ਪਿੱਠ ਲਵਾਈ।
ਜਾਨ ਹੂਲ ਕੇ ਜਦੋਂ ਹਿੰਦੀਆਂ,
ਛੇ ਸੌ ਮੀਲ ਸੀ ਰੇਲ ਵਿਛਾਈ।
ਸ਼ੇਰਾਂ ਦੀ ਸ਼ੇਰਾਂ ਸੰਗ ਹੋਈ,
ਅਫ਼ਰੀਕੀ ਜੰਗਲਾਂ ਵਿਚ ਲੜਾਈ।

(ਇਕ ਦਰਸ਼ਕ ਮੰਚ 'ਤੇ ਆ ਜਾਂਦਾ ਹੈ।)

**ਦਰਸ਼ਕ:** ਤੁਸੀਂ ਇਕ ਗੱਲ ਛੱਡ ਗਏ ਹੋ।

**ਕੋਰਸ:** ਹੁਣ ਤੁਸੀਂ ਪਲੀਜ਼ ਬੈਠੋ। ਬਰਾਏ ਮਿਹਰਬਾਨੀ ਡਿਸਟਰਬ ਨਾ ਕਰੋ, ਸਾਨੂੰ ਨਾਟਕ ਪੂਰਾ ਕਰਨ ਦਿਉ।

**ਦਰਸ਼ਕ:** ਮੇਰਾ ਮਕਸਦ ਡਿਸਟਰਬ ਕਰਨਾ ਨਹੀਂ। ਮੈਂ ਸਿਰਫ਼ ਇਹ ਦੱਸਣ ਆਇਆਂ ਕਿ ਮੱਖਣ ਸਿੰਘ ਨੇ ਏਸੇ ਸਮੇਂ ਦੌਰਾਨ ਸਰਕਾਰ ਤੋਂ ਪਰਮਾਨੈਂਟ ਰੈਜ਼ੀਡੈਂਸੀ ਦਾ ਸਰਟੀਫ਼ਿਕੇਟ ਮੰਗਿਆ ਸੀ ਪਰ ਉਸ ਨੂੰ ਦਿੱਤਾ ਨਹੀਂ ਗਿਆ। ਓਧਰ ਈਸਟ ਅਫ਼ਰੀਕਾ ਨੈਸ਼ਨਲ ਕਾਂਗਰਸ ਵੀ ਉਸ ਤੋਂ ਕੰਨੀ ਕਤਰਾਉਣ ਲੱਗ ਪਈ ਕਿਉਂਕਿ ਮੱਖਣ ਸਿੰਘ ਅਫ਼ਰੀਕਾ ਵਿਚ ਗ਼ੈਰ-ਯੂਰਪੀਨ ਸ਼ਕਤੀਆਂ ਦਾ ਫ਼ਰੰਟ ਬਣਾਉਣਾ ਚਾਹੁੰਦਾ ਸੀ। ਏਸੇ ਲਈ ਮੱਖਣ ਸਿੰਘ ਅਫ਼ਰੀਕਨਾਂ ਵਿਚ ਜ਼ਿਆਦਾ ਹਰਮਨ ਪਿਆਰਾ ਹੋ ਰਿਹਾ ਸੀ।

(ਕੋਰਸ ਗਾਉਂਦਾ ਹੈ)


ਫ਼ਰੈਡ ਕੁਬਈ ਤੇ ਮੱਖਣ ਸਿੰਘ ਨੇ,
ਫਿਰ ਨਵੀਂ ਤਨਜ਼ੀਮ ਬਣਾਈ।
ਖ਼ੁਫ਼ੀਆ ਤੰਤਰ ਸੀ ਬੁਖਲਾਇਆ,
ਡਾਢੀ ਹਾਲ ਪਾਹਰਿਆ ਪਾਈ।
ਮੱਖਣ ਸਿੰਘ ਨੇ ਤੇਈ ਅਪਰੈਲ,
ਪੰਜਾਹ ਨੂੰ ਐਸੀ ਲਹਿਰ ਚਲਾਈ।
ਮੁਲਕ ਭਰ ਦੇ ਵਿਚ ਸੀ ਜਿਸ ਨੇ,
ਨਵੀਂ ਆਸ ਤੇ ਚਮਕ ਦਿਖਾਈ।
ਵੀਹ ਹਜ਼ਾਰ ਲੋਕਾਂ ਦੀ ਨਫ਼ਰੀ,
ਉਦੋਂ ਇਕੱਠੀ ਹੋ ਕੇ ਆਈ।
'ਹੁਣੇ ਸਵਰਾਜ' ਦੀ ਪਹਿਲੀ ਵਾਰੀ,
ਮੱਖਣ ਸਿੰਘ ਨੇ 'ਵਾਜ ਉਠਾਈ।
ਚਾਰੇ ਪਾਸੇ ਫ਼ੇਰ ਮਚੀ ਸੀ,
'ਉਹੁਰੂ ਸਾਸਾ'
(ਹੁਣੇ ਸਵਰਾਜ) ਦੀ ਦੁਹਾਈ।

ਸ਼ਾਤਰ ਸ਼ਾਸਕ ਲੱਭ ਰਿਹਾ ਸੀ,
ਏਹੋ ਜਿਹਾ ਕੋਈ ਬਹਾਨਾ ਕਾਈ।
ਨਾ ਮੁਕੱਦਮਾ ਤੇ ਨਾ ਦਲੀਲਾਂ,
ਨਾ ਕੀਤੀ ਕੋਈ ਸੁਣਵਾਈ।
ਪੰਦਰਾਂ ਮਈ ਪੰਜਾਹ ਦੀ ਮਾੜੀ,
ਜਦ ਮਨਹੂਸ ਸੁਬਾਹ ਸੀ ਆਈ।
ਮੱਖਣ ਸਿੰਘ ਦੇ ਸੰਗ ਕੁਬਈ ਨੂੰ,
ਪੁਲਸ ਫ਼ਰੰਗੀ ਫੜ ਲੈ ਆਈ।

ਜਾਨ ਹੂਲ ਕੇ ਜਦੋਂ ਹਿੰਦੀਆਂ,
ਛੇ ਸੌ ਮੀਲ ਸੀ ਰੇਲ ਵਿਛਾਈ।
ਸ਼ੇਰਾਂ ਦੀ ਸ਼ੇਰਾਂ ਸੰਗ ਹੋਈ,
ਅਫ਼ਰੀਕੀ ਜੰਗਲਾਂ ਵਿਚ ਲੜਾਈ।

*(ਪਰਦਾ)*

ਰਹੇ ਸਨ। ਭਾਰਤੀ ਪੰਜਾਬੀਆਂ ਦਾ ਗਾਂਧੀ ਨਾਲ ਰਿਸ਼ਤਾ ਉਕਾ ਹੀ ਹੋਰ ਹੈ। ਗਾਂਧੀ ਦੀ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਬਾਰੇ ਪਹੁੰਚ ਕਾਰਨ ਪੰਜਾਬੀ ਸ਼ਾਇਦ ਗਾਂਧੀ ਨੂੰ ਕਦੀ ਵੀ ਮੁਆਫ਼ ਨਾ ਕਰ ਸਕਣ। ਇਸ ਪ੍ਰਸੰਗ ਵਿਚ ਮੱਖਣ ਸਿੰਘ, ਗਾਂਧੀ ਤੋਂ ਬਹੁਤ ਅੱਗੇ ਲੰਘ ਜਾਂਦਾ ਹੈ। ਉਹ ਜਦੋਂ ਹਿੰਸਾ ਦੀ ਗੱਲ ਤੋਰਦਾ ਹੈ



*ਮੱਖਣ ਸਿੰਘ ਦੀ ਇਕੋ ਇਕ ਪਿਆਰ ਕਵਿਤਾ-ਪਤਨੀ ਸਤਵੰਤ ਕੌਰ ਦੇ ਨਾਂ*

ਤਾਂ ਸਭ ਤੋਂ ਪਹਿਲਾਂ ਸਰਕਾਰੀ-ਹਕੂਮਤੀ ਹਿੰਸਾ ਦੀ ਗੱਲ ਤੋਰਦਾ ਹੈ। ਗਾਂਧੀ ਨੂੰ ਸਿਰਫ਼ ਇਨਕਲਾਬੀਆਂ ਦੀ ਹਿੰਸਾ ਹੀ ਦਿਸਦੀ ਸੀ।

ਇਸ ਪ੍ਰਸੰਗ ਵਿਚ ਦੇਖੀਏ ਤਾਂ ਨਾਟਕਕਾਰ ਨੇ ਹਿੰਸਾ ਬਾਬਤ ਇਸ ਬਹਿਸ ਨੂੰ ਨਵੇਂ ਪਾਸਾਰ ਦਿੱਤੇ ਹਨ। ਇਹ ਪਾਸਾਰ, ਘੋਲ਼ਾਂ ਵਿਚ ਜੁਟੇ ਬੰਦਿਆਂ ਲਈ ਅਣਦੇਖੀਆਂ ਮੰਜ਼ਿਲਾਂ ਵੱਲ ਨਵੇਂ ਰਾਹ ਖੋਲ੍ਹਣ ਦਾ ਤੱਤ ਰੱਖਦੇ ਹਨ। ਮਸਲਾ ਹਿੰਸਾ ਜਾਂ ਅਹਿੰਸਾ ਵਿਚੋਂ ਕਿਸੇ ਇਕ ਦੇ ਠੀਕ ਜਾਂ ਗ਼ਲਤ ਹੋਣ ਦਾ ਨਹੀਂ, ਮਸਲਾ ਇਹ ਹੈ ਕਿ ਦਰਪੇਸ਼ ਮਾਹੌਲ ਨੂੰ ਸਮਝ-ਹੰਘਾਲ਼ ਕੇ ਕਿਸ ਨੇ, ਕਿੰਨੀ ਖ਼ੂਬੀ ਨਾਲ, ਕਿਹੜਾ ਹਥਿਆਰ ਇਸਤੇਮਾਲ ਕੀਤਾ। ਭਗਤ ਸਿੰਘ ਦੀ ਮਿਸਾਲ ਇਸ ਪ੍ਰਸੰਗ ਵਿਚ ਬੇਮਿਸਾਲ ਹੈ। ਮੋਟੇ ਰੂਪ ਵਿਚ ਉਸ ਦੀ ਚਰਚਾ ਹਥਿਆਰਬੰਦ ਸੰਗਰਾਮੀਏ, ਕੌਮੀ ਨਾਇਕ ਅਤੇ ਚਿੰਤਕ ਵਜੋਂ ਹੁੰਦੀ ਹੈ। ਦੇਖਣ ਅਤੇ ਸਮਝਣ ਵਾਲੀ ਗੱਲ ਇਹ ਹੈ ਕਿ ਭਗਤ ਸਿੰਘ ਵੱਖ ਵੱਖ ਸਮਿਆਂ ਦੌਰਾਨ ਵੱਖਰੇ ਵੱਖਰੇ ਰੂਪ ਵਿਚ ਅਤੇ ਵੱਖਰੀ ਵੱਖਰੀ ਸਮਝ ਨਾਲ ਸਾਡੇ ਸਾਹਮਣੇ ਆਉਂਦਾ ਹੈ ਪਰ ਇਹ ਤਿੰਨੇ ਰੂਪ ਆਪਸ ਵਿਚ ਕਿਤੇ ਖਹਿੰਦੇ ਨਹੀਂ, ਇਨ੍ਹਾਂ ਦਾ ਆਪਸ ਵਿਚ ਕੋਈ ਤਕਰਾਰ ਨਹੀਂ ਦਿਸਦਾ, ਨਾ ਉਹ ਆਪ ਇਕ ਜਾਂ ਦੂਜੇ ਰੂਪ ਨੂੰ ਰੱਦ ਕਰਦਾ ਹੈ ਬਲਕਿ ਸਾਰੇ ਰੂਪ ਇਕ ਦੂਜੇ ਦੇ ਪੂਰਕ ਹਨ। ਇਨ੍ਹਾਂ ਦੇ ਸੁਮੇਲ ਤੋਂ ਭਗਤ ਸਿੰਘ ਦਾ ਜਿਹੜਾ ਅਕਸ ਉਭਰਦਾ ਹੈ, ਉਸ ਨੂੰ ਸਮਝਣ ਲਈ ਸਮੁੱਚਤਾ ਵਿਚ ਗੱਲ ਕਰਨੀ ਦਰਕਾਰ ਹੈ।

ਦਰਅਸਲ ਇਹ ਸਾਰੇ ਰੂਪ ਭਗਤ ਸਿੰਘ ਦੇ ਭੱਥੇ ਵਿਚ ਪਏ ਉਹ ਤੀਰ ਹਨ ਜਿਨ੍ਹਾਂ ਨੂੰ ਉਹ ਵੱਖ ਵੱਖ ਮੌਕਿਆਂ 'ਤੇ ਆਪਣੀ ਸਹੂਲਤ ਅਤੇ ਪਹੁੰਚ ਮੁਤਾਬਕ ਵਰਤਦਾ ਹੈ। ਹਿੰਸਾ ਦੀ ਚਰਚਾ ਦੌਰਾਨ ਭਾਰੂ ਧਿਰ ਵੱਲੋਂ ਕੀਤੀ ਜਾ ਰਹੀ ਹਿੰਸਾ ਨੂੰ ਉਭਾਰਨ ਕਾਰਨ ਮੱਖਣ ਸਿੰਘ ਗਾਂਧੀਵਾਦ ਦੀ ਅਜਿਹੀ ਪਰਿਭਾਸ਼ਾ ਵੱਲ ਇਸ਼ਾਰੇ ਕਰ ਰਿਹਾ ਹੈ ਜਿਸ ਦੀ ਚਰਚਾ ਅੱਜ ਤੱਕ ਕਿਸੇ ਨਹੀਂ ਕੀਤੀ ਕਿਉਂਕਿ ਗਾਂਧੀਵਾਦੀ, ਭਗਤ ਸਿੰਘ ਨੂੰ ਸਿਰਫ਼ ਇਸੇ ਇਕ ਨੁਕਤੇ ਕਾਰਨ ਰੱਦ ਕਰਦੇ ਰਹੇ ਹਨ। ਨਾਟਕਕਾਰ ਨੇ ਹਿੰਸਾ ਅਤੇ ਅਹਿੰਸਾ ਦੇ ਇਸ ਸਵਾਲ ਨੂੰ ਹਿੰਸਾ-ਅਹਿੰਸਾ ਤੋਂ ਪਾਰ ਲਿਜਾ ਕੇ ਗੱਲ ਅਗਾਂਹ ਤੋਰਨ ਦਾ ਰਾਹ ਖੋਲ੍ਹਿਆ ਹੈ।

ਨਾਟਕ ਪੜ੍ਹਦਿਆਂ ਆਤਮਜੀਤ ਦਾ ਉਹ ਤੌਖ਼ਲਾ ਸਿਰ ਚੁੱਕਦਾ ਜਾਪਦਾ ਹੈ ਕਿ ਮੱਖਣ ਸਿੰਘ ਦੇ ਜੀਵਨ ਵਿਚ ਵੱਡੀ ਟੱਕਰ ਜਾਂ ਤਣਾਅ ਦੀ ਅਣਹੋਂਦ ਕਾਰਨ ਨਾਟਕ ਦੀ ਟੈਕਸਟ ਜ਼ੋਰਦਾਰ ਨਹੀਂ ਬਣਨੀ ਪਰ ਨਾਟਕ ਪੜ੍ਹਨ ਵਾਲੀ ਨਹੀਂ ਦੇਖਣ ਵਾਲੀ ਚੀਜ਼ ਹੈ ਅਤੇ ਆਤਮਜੀਤ ਇਕੱਲਾ ਨਾਟਕਕਾਰ ਨਹੀਂ, ਨਿਰਦੇਸ਼ਕ ਵੀ ਹੈ। ਜਿੰਨੀਆਂ ਨਾਟਕੀ ਜੁਗਤਾਂ ਉਸ ਨੇ ਆਪਣੇ ਨਾਟਕਾਂ ਵਿਚ ਸਫ਼ਲਤਾਪੂਰਵਕ ਵਰਤੀਆਂ ਹਨ, ਸ਼ਾਇਦ ਹੀ ਕਿਸੇ ਨੇ ਵਰਤੀਆਂ ਹੋਣ। ਨਾਟਕ ਦੇ ਇਕੱਲੇ ਇਕੱਲੇ ਪੱਖ- ਸੰਗੀਤ, ਸਟੇਜ, ਰੌਸ਼ਨੀ, ਲਿਬਾਸ, ਨੂੰ ਉਹ ਨਾਟਕ ਦੇ ਥੀਮ ਨੂੰ ਜ਼ਰਬ ਦੇਣ ਲਈ ਵਰਤਦਾ ਹੈ। ਖੁਸ਼ਕੀ ਦੇ ਚੁਟਕਲਿਆਂ ਰਾਹੀਂ ਉਹ ਵਕਤ 'ਤੇ ਵਿਅੰਗ ਕੱਸਦਾ ਹੈ। ਕਾਬੀਨੀ ਦੀ ਲੋਕ ਕਹਾਣੀ ਲੋਕਾਂ ਨੂੰ ਕਾਲੀਆਂ ਤਾਕਤਾਂ ਤੋਂ ਸੋਘੇ ਕਰਨ ਲਈ ਹੈ। ਉਂਜ, ਇਸ ਇਤਿਹਾਸਕ ਨਾਟਕ ਵਿਚ ਲਿਖਾਰੀ ਨੇ ਵਿਚਾਰਧਾਰਕ ਘੋਲ਼ਾਂ ਨੂੰ ਕੇਂਦਰ ਵਿਚ ਰੱਖਿਆ ਹੈ ਅਤੇ ਇਸ ਵਿਚੋਂ ਜਿਹੜਾ ਸ਼ਖ਼ਸ, ਮਾਹੌਲ ਅਤੇ ਕਾਰਜ ਉਭਰਦਾ ਹੈ, ਉਹ ਇਸ ਨਾਟਕ ਦਾ ਹਾਸਲ ਹੈ। ਆਪਣੇ ਪਹਿਲੇ ਇਤਿਹਾਸਕ ਨਾਟਕਾਂ 'ਪੂਰਨ', 'ਤੱਤੀ ਤਵੀ ਦਾ ਸੱਚ', 'ਗ਼ਦਰ ਐਕਸਪ੍ਰੈਸ' ਆਦਿ ਵਾਂਗ ਉਹ ਇਸ ਨਾਟਕ ਵਿਚ ਵੀ ਕਥਾ ਅਤੇ ਨਾਟਕੀ ਜੁਗਤਾਂ ਨੂੰ ਇਕ ਲੜੀ ਵਿਚ ਪਰੋ ਕੇ ਅੱਜ ਦੇ ਪ੍ਰਸੰਗ ਤੇ ਹਾਲਾਤ ਨਾਲ ਜੋੜ ਕੇ ਪੇਸ਼ ਕਰਦਾ ਹੈ। ਉਸ ਦਾ ਮੰਨਣਾ ਹੈ ਕਿ ਜੇ ਕੋਈ ਲਿਖਤ ਵਰਤਮਾਨ ਨਾਲ ਸੰਵਾਦ ਨਹੀਂ ਰਚਾਉਂਦੀ ਜਾਂ ਵਰਤਮਾਨ ਬਾਰੇ ਜ਼ਿਹਨ ਵਿਚ ਸਵਾਲ ਪੈਦਾ ਨਹੀਂ ਕਰਦੀ ਤਾਂ ਸਾਹਿਤ ਦਾ ਮਨੋਰਥ ਹੀ ਖ਼ਤਮ ਹੋ ਜਾਂਦਾ ਹੈ। ਇਸ ਲਿਹਾਜ਼ ਨਾਲ ਆਤਮਜੀਤ ਦੇ ਨਾਟਕ ਮਿੱਟੀ ਫ਼ਰੋਲਣ ਦੀ ਜੂਨੇ ਪਏ ਹੋਏ ਹਨ।

ਇਸ ਕਿਤਾਬ ਵਿਚ ਲਿਖਾਰੀ ਨੇ ਨਾਟਕ ਤੋਂ ਪਹਿਲਾਂ ਦੋ ਲੇਖਾਂ- 'ਇਸ ਨਾਟਕ ਦੇ ਆਰ ਪਾਰ' ਅਤੇ 'ਮੱਖਣ ਸਿੰਘ: ਸੰਖੇਪ ਜੀਵਨ', ਵਿਚ ਮੱਖਣ ਸਿੰਘ ਦੇ ਜੀਵਨ ਅਤੇ ਨਾਟਕ ਬਾਰੇ ਜਾਣਕਾਰੀ ਭਰਪੂਰ ਗੱਲਾਂ ਕੀਤੀਆਂ ਹਨ। ਕਿਤਾਬ ਵਿਚ ਤੀਜਾ ਲੇਖ ਭਾਰਤੀ ਸਾਹਿਤ ਅਕਾਦਮੀ ਦੇ ਮੀਤ ਪ੍ਰਧਾਨ ਸੁਤਿੰਦਰ ਸਿੰਘ ਨੂਰ ਦਾ ਵੀ ਹੈ। ਇਸ ਵਿਚ ਦੁਹਰਾਅ ਤੋਂ ਵੱਧ ਕੁਝ ਵੀ ਨਹੀਂ। ਨੂਰ ਦੀ ਸੂਈ ਹੁਣ ਸ਼ਾਇਦ ਇਕੋ ਥਾਂ ਟਿਕੀ ਹੋਈ ਹੈ। ਉਸ ਦੀ ਵਿਆਖਿਆ ਨਾਟਕ ਦੀ ਸੰਘਣੀ-ਭਰਪੂਰ ਬੁਣਤ ਦੇ ਮੁਕਾਬਲੇ ਬਹੁਤ ਪੇਤਲੀ ਹੈ। ਅਸਲ ਵਿਚ ਇਸ ਨਾਟਕ ਦਾ ਤੇਜ ਤੇ ਤਾਪ ਦੇਖਣ-ਘੋਖਣ ਲਈ ਤੁਹਾਨੂੰ ਮੁੰਗੂ ਦੀਆਂ ਤਹਿਆਂ ਫ਼ਰੋਲਣੀਆਂ ਪੈਂਦੀਆਂ ਹਨ। ਇਹ ਜ਼ਿੰਦਗੀ ਨੂੰ ਜੀਣ ਜੋਗੀ ਬਣਾਉਣ ਵਿਚ ਜੁਟੇ ਕਿਰਤੀਆਂ ਅਤੇ ਜੁਝਾਰੂਆਂ ਦੀ ਕਥਾ ਹੈ। ਕੀਨੀਆ ਦੀ ਆਜ਼ਾਦੀ ਤੋਂ ਬਾਅਦ ਭਾਵੇਂ ਮੱਖਣ ਸਿੰਘ ਦੀ ਕੋਈ ਪੁੱਛ-ਪ੍ਰਤੀਤ ਨਾ ਹੋਈ ਪਰ ਉਸ ਨੇ ਕਿਸੇ ਨੂੰ ਉਲਾਂਭਾ ਦੇਣ ਦੀ ਥਾਂ ਇਸ ਸਮੇਂ ਦੌਰਾਨ ਵੀ ਟਰੇਡ ਯੂਨੀਅਨ ਦੇ ਇਤਿਹਾਸ ਬਾਰੇ ਦੋ ਕਿਤਾਬਾਂ ਲਿਖ ਦਿੱਤੀਆਂ। ਮੱਖਣ ਸਿੰਘ ਦੀ ਮੌਤ 1973 ਵਿਚ ਗੁੰਮਨਾਮੀ ਜਿਹੀ ਵਿਚ ਹੋ ਗਈ ਸੀ ਪਰ ਆਤਮਜੀਤ ਨੇ ਉਸ ਦੀ ਇਹ ਕਥਾ ਸੁਣਾ-ਲਿਖ ਕੇ ਉਸ ਨੂੰ ਸਾਡੇ ਸਾਰਿਆਂ ਲਈ ਜ਼ਿੰਦਾ ਕਰ ਦਿੱਤਾ ਹੈ। ਇਸ ਲਈ ਇਹ ਮਹਿਜ਼ ਨਾਟਕ ਨਹੀਂ, ਜ਼ਿੰਦਗੀ ਦੇ ਮਹਾ ਨਾਟਕ ਦੀ ਕੋਈ ਕੜੀ ਹੈ ਜਿਸ ਦਾ ਨਾਤੂਆ ਕਿਰਤੀਆਂ-ਜੁਝਾਰੂਆਂ ਨਾਲ ਜੁੜਿਆ ਹੋਇਆ ਹੈ।

*ਫੋਨ: 91-98156-22928

## ਮੱਖਣ ਸਿੰਘ ਦਾ ਜੀਵਨ ਵੇਰਵਾ

- 27 ਦਸੰਬਰ 1913 ਨੂੰ ਪਿੰਡ ਘਰਜੱਖ ਜ਼ਿਲ੍ਹਾ ਗੁਜਰਾਂਵਾਲਾ ਵਿਖੇ ਸੁੱਧ ਸਿੰਘ ਤੇ ਈਸ਼ਰ ਕੌਰ ਦੇ ਘਰ ਜਨਮ।
- 1927 ਵਿਚ ਕੀਨੀਆ ਦੀ ਰਾਜਧਾਨੀ ਨੈਰੋਬੀ ਪੁੱਜਾ।
- 1930 ਵਿਚ ਜਮਹੂਰੀ ਹਾਈ ਸਕੂਲ ਵਿਚੋਂ ਲੰਡਨ ਦੀ ਮੈਟ੍ਰਿਕ ਦਾ ਇਮਤਿਹਾਨ ਪਾਸ
- 1931 ਵਿਚ ਉਚੇਰੀ ਪੜ੍ਹਾਈ ਲਈ ਲੰਡਨ ਜਾਣਾ ਚਾਹੁੰਦਾ ਸੀ ਪਰ ਪਿਤਾ ਵਲੋਂ ਮਨ੍ਹਾਂ ਕਰਨ 'ਤੇ ਪੜ੍ਹਾਈ ਵਿਚੇ ਛੱਡ ਕੇ ਆਪਣੇ ਪਿਤਾ ਸੁੱਧ ਸਿੰਘ ਦੀ 'ਖ਼ਾਲਸਾ ਪ੍ਰੈੱਸ' ਵਿਚ ਤਨਖਾਹਦਾਰ ਕਾਮਾ ਬਣਿਆ। ਕਾਮਿਆਂ ਵਲੋਂ ਛਾਪਾਖਾਨਾ ਮਾਲਕਾਂ ਖ਼ਿਲਾਫ਼ ਕੀਤੀ ਹੜਤਾਲ ਵਿਚ ਹਿੱਸਾ ਲਿਆ। ਅਗਲੇ ਸੱਤ ਸਾਲ ਟਰੇਡ ਯੂਨੀਅਨ ਲਹਿਰ ਵਿਚ ਗਹਿ-ਗੱਚ ਸਰਗਰਮੀ।
- 1935 ਵਿਚ ਇੰਡੀਅਨ ਲੇਬਰ ਟਰੇਡ ਯੂਨੀਅਨ ਦਾ ਸਕੱਤਰ ਬਣਿਆ।
- 1936 ਵਿਚ ਸਰਗਰਮੀਆਂ ਦਾ ਸਿਖ਼ਰ।
- 1937 ਵਿਚ ਇੰਡੀਅਨ ਲੇਬਰ ਟਰੇਡ ਯੂਨੀਅਨ ਦਾ ਨਾਂ ਲੇਬਰ ਟਰੇਡ ਯੂਨੀਅਨ ਆਫ਼ ਕੀਨੀਆ ਰੱਖਿਆ। ਪਿਛੋਂ ਇਸ ਦਾ ਨਾਂ ਲੇਬਰ ਟਰੇਡ ਯੂਨੀਅਨ ਆਫ਼ ਈਸਟ ਅਫ਼ਰੀਕਾ ਰੱਖ ਦਿੱਤਾ। ਇਸ ਦੇ ਨਾਲ ਹੀ ਸਿਆਸਤ ਵਿਚ ਰੁਚੀ ਵਧਾਈ। ਅਖ਼ਬਾਰਾਂ ਵਿਚ ਲੇਖ ਲਿਖਣੇ ਸ਼ੁਰੂ।
- 1939 ਵਿਚ ਅਫ਼ਰੀਕੀਆਂ ਦੀ ਮੁੱਖ ਯੂਨੀਅਨ ਨਾਲ ਸਾਂਝ ਵਧਾਈ।
- 1940 ਵਿਚ ਭਾਰਤ ਫੇਰੀ। ਮੁਸਲਮਾਨ ਦਾ ਰੂਪ ਧਾਰਿਆ। ਰੂਪੋਸ਼ ਕਮਿਉਨਿਸਟਾਂ ਨਾਲ ਰਾਬਤਾ ਕਾਇਮ। ਅਹਿਮਦਾਬਾਦ ਦੀਆਂ ਕੱਪੜਾ ਮਿੱਲਾਂ ਵਿਚ ਕੰਮ। ਪਹਿਲੀ ਮਈ ਨੂੰ ਤੀਹ ਹਜ਼ਾਰ ਮਜ਼ਦੂਰਾਂ ਅੱਗੇ ਭਾਸ਼ਣ।
- ਅੱਠ ਮਈ 1940 ਨੂੰ ਗ੍ਰਿਫ਼ਤਾਰ। ਦੋ ਸਾਲਾਂ ਬਾਅਦ ਪਿੰਡ ਘਰਜੱਖ ਰਹਿਣ ਦਾ ਹੁਕਮ।
- 1943 ਵਿਚ ਲਾਹੌਰ ਪੁੱਜੇ। ਪੰਜਾਬ ਸਟੂਡੈਂਟਸ ਫ਼ੈਡਰੇਸ਼ਨ ਦਾ ਸੰਵਿਧਾਨ ਤਿਆਰ। ਕਿਸਾਨ ਸਭਾਵਾਂ ਨੂੰ ਵੀ ਸਰਗਰਮ ਕੀਤਾ।
- 1947 ਤੱਕ ਅਰਜਨ ਸਿੰਘ ਗੜਗੱਜ ਤੇ ਜਗਜੀਤ ਸਿੰਘ ਆਨੰਦ ਨਾਲ ਰਲ਼ ਕੇ 'ਜੰਗ-ਇ-ਆਜ਼ਾਦੀ' ਦਾ ਸੰਪਾਦਨ। 15 ਅਗਸਤ ਤੋਂ ਕੁਝ ਦਿਨ ਪਹਿਲਾਂ ਕੀਨੀਆ ਜਾਣ ਲਈ ਜਹਾਜ਼ ਵਿਚ ਸਵਾਰ।
- 27 ਅਗਸਤ 1947 ਕੀਨੀਆ ਪੁੱਜਾ। ਅੰਗਰੇਜ਼ ਹਕੂਮਤ ਵੱਲੋਂ ਦਾਖ਼ਲਾ ਗ਼ੈਰ-ਕਾਨੂੰਨੀ ਕਰਾਰ। ਤੀਹ ਦਿਨਾਂ ਵਿਚ ਦੇਸ਼ ਛੱਡਣ ਦਾ ਹੁਕਮ।
- 23 ਅਪਰੈਲ 1950 ਨੂੰ ਅੰਗਰੇਜ਼ ਰਾਜ ਦੇ ਖ਼ਾਤਮੇ ਦੀ ਮੰਗ ਕਰਨ ਵਾਲਾ ਪਹਿਲਾ ਕੀਨੀਆਈ ਲੀਡਰ, ਗ੍ਰਿਫ਼ਤਾਰ।
- 1961 ਵਿਚ ਕੀਨੀਆ ਦੀ ਆਜ਼ਾਦੀ ਦੇ ਐਲਾਨ ਤੋਂ ਬਾਅਦ ਰਿਹਾਈ। ਆਜ਼ਾਦ ਸਰਕਾਰ ਨੇ ਉਹਦੀ ਸਾਫ਼ਗੋਈ ਕਰਕੇ ਬਹੁਤਾ ਗੌਲਿਆ ਨਹੀਂ।
- 1973 ਵਿਚ ਦੇਹਾਂਤ।


# ਬਹੁਤ ਸਾਰੇ ਕੰਮ ਪੰਜਾਬੀ ਰੀਸੋ ਰੀਸ ਕਰਦੇ

ਸੁਰਿੰਦਰ ਅਤੈ ਸਿੰਘ

ਚੋਖੇ ਪੈਸੇ ਖਰਚ ਕੇ ਘੋਗਿਆਂ-ਸਿੱਪੀਆਂ ਦੀਆਂ ਲੜੀਆਂ ਖ਼ਰੀਦੀਆਂ ਸਨ, ਪਰਦਿਆਂ ਦੇ ਆਸੇ ਪਾਸੇ ਲਟਕਾਉਣ ਲਈ। ਖਰੀਦਣ ਲਈ ਵੀ ਉਚੇਚੇ ਯਤਨ ਕਰਨੇ ਪਏ। ਲੜੀਆਂ ਦੁਕਾਨਾਂ 'ਚ ਤਾਂ ਵਿਕਦੀਆਂ ਨਹੀਂ ਸਨ ਇਹੋ ਜਿਹੀਆਂ ਚੀਜ਼ਾਂ ਵੇਚਣ ਵਾਲੇ ਆਮ ਤੌਰ 'ਤੇ ਗਲੀਆਂ ਮੁਹੱਲਿਆਂ 'ਚ ਫੇਰਾ ਮਾਰਦੇ ਨੇ। ਚੀਜ਼ ਦਾ ਮੁੱਲ ਉਹ ਚਾਰ ਪੰਜ ਗੁਣਾ ਵਧ ਦੱਸਦੇ ਨੇ। ਲੋਕੀਂ ਭਾਅ ਕਰ ਕੇ ਤੇ ਸੌ ਰੁਪਏ ਵਾਲੀ ਸ਼ੈਅ ਤੀਹਾਂ 'ਚ ਖਰੀਦ ਲੈਂਦੇ ਨੇ। ਮੈਨੂੰ ਇਹ ਕਲਾ ਨਹੀਂ ਆਉਂਦੀ। ਇਸ ਕਰਕੇ ਦੋ ਗੁਆਂਢਣਾਂ ਦੀ ਮਦਦ ਲਈ। ਮਹਿਮਾਨ ਆਉਂਦੇ, ਕੋਈ ਤਾਰੀਫ ਕਰਦਾ, ਮਨ ਖੁਸ਼ ਹੋ ਜਾਂਦਾ। ਬੱਚੇ ਉਨ੍ਹਾਂ ਲੜੀਆਂ ਨੂੰ ਹੱਥ ਲਾ-ਲਾ ਕੇ ਖੁਸ਼ ਹੁੰਦੇ। ਫਿਰ ਕਿਸੇ ਆਖਿਆ ਕਿ ਇਹ ਤਾਂ ਘਰ 'ਚ ਰੱਖਣੀਆਂ ਨਹੀਂ ਚਾਹੀਦੀਆਂ, ਅਸ਼ੁੱਭ ਹੁੰਦੀਆਂ ਨੇ। ਕੂੜੇ 'ਤੇ ਸੁੱਟਣ ਨੂੰ ਜੀਅ ਨਾ ਕਰੇ। ਕਿਸੇ ਭੈਣ-ਭਰਾ ਦੇ ਘਰ ਵੀ ਨਾ ਭੇਜਾਂ ਕਿ ਜੇ ਮੇਰੇ ਲਈ ਅਸ਼ੁੱਭ ਨੇ ਤਾਂ ਕਿਸੇ ਹੋਰ ਦੇ ਘਰ ਇਹ ਕੀ ਭਲਾ ਗੁਜ਼ਾਰਨਗੀਆਂ? ਸੋ ਲੱਗੀਆਂ ਰਹਿਣ ਦਿੱਤੀਆਂ। ਫਿਰ ਇਕ ਬੈਂਕ ਅਧਿਕਾਰੀ ਸਹੇਲੀ ਆਈ ਤੇ ਆਉਂਦਿਆਂ ਹੀ ਕਹਿੰਦੀ, ''ਭੈਣ ਜੀ, ਆਹ ਪਲਾਸਟਕ ਦੇ ਫੁੱਲ ਨਹੀਂ ਰੱਖੀਦੇ ਘਰਾਂ ਵਿਚ, ਚੰਗੇ ਨਹੀਂ ਜੇ ਹੁੰਦੇ, ਸੁੱਟੋ ਪਰਾਂ ਇਨ੍ਹਾਂ ਨੂੰ।''

ਮੈਨੂੰ ਕਿੰਨਾ ਕੁਝ ਹੋਰ ਯਾਦ ਆਉਣ ਲੱਗ ਪਿਆ। ਮੈਨੂੰ ਫੁੱਲ-ਬੂਟੇ ਲਾਉਣ ਦਾ ਸ਼ੌਕ ਹੈ। ਜਿਉਂ ਹੀ ਮੈਂ ਸ਼ਹਿਰ ਪੜ੍ਹਨ ਜਾਣਾ ਸ਼ੁਰੂ ਕੀਤਾ, ਮੈਂ ਫੁੱਲ-ਬੂਟੇ ਲਾਉਣੇ ਸ਼ੁਰੂ ਕਰ ਲਏ। ਮੈਨੂੰ ਕੈਕਟਸ ਬੜੇ ਪਿਆਰੇ ਲੱਗਦੇ, ਨਾ ਇਹ ਕਿਸੇ ਰੁੱਤ ਦੀ, ਨਾ ਮੌਸਮ ਦੀ ਪਰਵਾਹ ਕਰਦੇ। ਜਦੋਂ ਮਰਜ਼ੀ ਟਾਹਣੀ ਕੱਟੋ, ਲਾਉ ਤੇ ਬੂਟਾ ਤਿਆਰ। ਕਿਸੇ-ਕਿਸੇ ਪੌਦੇ ਨੂੰ ਫੁੱਲ ਵੀ ਲੱਗਦੇ। ਸਮੇਂ ਦੇ ਨਾਲ ਬੂਟਿਆਂ ਦੀਆਂ ਕਿਸਮਾਂ ਵੀ ਵਧਦੀਆਂ ਗਈਆਂ। ਘਰ ਵਿਚ ਦੁੱਖਾਂ-ਸੁੱਖਾਂ ਦੇ ਵੇਲੇ ਆਉਣੇ ਹੀ ਸਨ। ਜਿਹੜਾ ਆਵੇ, ਆਖੇ, ''ਆਹ ਕੀ ਤੁਸੀਂ ਘਰ ਵਿਚ ਕੰਡੇ ਬੀਜੇ ਨੇ? ਸੁੱਖੀਂ-ਸਾਂਦੀ ਤੁਸੀਂ ਕੋਈ ਫਲ ਵਾਲਾ ਬੂਟਾ ਲਾਵੋ। ਕੋਈ ਫੁੱਲ ਲਾਵੋ। ਵਿਹੜੇ ਨੂੰ, ਘਰ, ਰੰਗ-ਭਾਗ ਲੱਗਣ।'' ਮੇਰੀ ਮਾਂ ਨੇ ਮੇਰੇ ਕਈ-ਕਈ ਵਰ੍ਹਿਆਂ ਦੇ ਵਧੇ ਫਲੇ ਬੂਟੇ ਪੁੱਟ-ਪੁੱਟ ਕੇ ਬਾਹਰ ਸੁਟਵਾ ਦਿੱਤੇ। ਆਸੇ-ਪਾਸੇ ਘਰਾਂ ਵਾਲਿਆਂ 'ਚੋਂ ਕਈਆਂ ਨੇ ਚੁਕਾ-ਚੁਕਾ ਕੇ ਆਪਣੇ ਘਰੀਂ ਜਾ ਲਾਏ। ਕੁਝ ਰੁਲ ਗਏ। ਮੇਰੀ ਮਾਂ ਤੇ ਵਿਚਾਰੀ ਅਨਪੜ੍ਹ ਔਰਤ ਹੈ। ਇਨ੍ਹਾਂ ਪੜ੍ਹੀਆਂ-ਲਿਖੀਆਂ ਨੂੰ ਕੀ ਹੋ ਗਿਆ।

ਘਰ ਵਿਚ ਕੋਈ ਵੀ ਫੋਟੋ ਧਾਰਮਿਕ ਹੈ ਨਹੀਂ ਸੀ। ਮੇਰੀ ਮਾਂ ਆਪ ਗੁਰੂ ਗੋਬਿੰਦ ਸਿੰਘ ਦੀ ਤਸਵੀਰ ਲਿਆ ਕੇ ਮੇਰੇ ਘਰ ਲਾ ਗਈ। ਫੋਟੋ ਜਿਸ ਦੀਵਾਰ 'ਤੇ ਲਗਾਈ, ਉਥੇ ਪਿਛਲੇ ਪਾਸੇ ਸਟੋਰ ਸੀ ਤੇ ਨਾਲ ਹੀ ਬਾਥਰੂਮ। ਮੇਰੀ ਸਹੇਲੀ ਆਈ 'ਤੇ ਕਹਿੰਦੀ, ''ਹਾਏ ਹਾਏ, ਬਾਬਾ ਜੀ ਦੀ ਫੋਟੋ ਬਾਥਰੂਮ ਦੀ ਦੀਵਾਰ 'ਤੇ ਲਾਈ ਜੇ। ਨਾ ਭੈਣ ਜੀ ਨਾ ਇਹ ਬੜੀ ਅਵੱਗਿਆ ਜੇ।'' ਉਹਦਾ ਮਾਣ ਰੱਖਿਆ। ਫੋਟੋ ਲਾਹ ਕੇ ਬੈਡਰੂਮ ਦੀ ਦੂਸਰੀ ਦੀਵਾਰ 'ਤੇ ਲਾ ਦਿੱਤੀ, ਪਰ ਉਹਨੂੰ ਤਾਂ ਨਹੀਂ ਮੈਨੂੰ ਪਤਾ ਹੈ ਕਿ



ਇਸ ਦੀਵਾਰ ਦੇ ਪਿੱਛੇ ਗੁਆਂਢੀਆਂ ਦਾ ਬਾਥਰੂਮ ਹੈ।

ਪੰਜਾਹ-ਸੱਠ ਰੁਪਈਏ ਲਾ ਕੇ ਰੰਗ-ਬਿਰੰਗੀ ਦੁਪਹਿਰ-ਖਿੜੀ ਲੁਆਈ। ਬੜੀ ਫੱਬੀ। ਮੌਸਮ ਲੰਘ ਗਿਆ ਤਾਂ ਮੈਂ ਪੁੱਟ ਸੁੱਟੀ। ਗੁਆਂਢਣ ਧੁੱਪੇ ਖੜੀ ਵੇਖ ਰਹੀ ਸੀ। ਕਹਿੰਦੀ, ''ਮੁੜ ਕੇ ਨਾ ਲਾਇਉ, ਨਹਿਸ਼ ਜਿਹੀ। ਮੈਂ ਤਾਂ ਕਦੋਂ ਦੀ ਸੋਚਦੀ ਸਾਂ ਆਖਾਂ, ਦੀਦੀ ਇਹ ਕਿਉਂ ਲੁਆਈ ਜੇ, ਚੰਗਾ ਹੋਇਆ, ਤੁਸਾਂ ਪੁੱਟ ਦਿੱਤੀ।'' ਮੈਂ ਕਿਹਾ, ''ਚੰਗੀ ਕਿਉਂ ਨਹੀਂ ਹੁੰਦੀ?'' ਆਂਹਦੀ, ''ਟੱਬਰ ਖਿੰਡ ਜਾਂਦਾ।'' ਮੈਂ ਹੱਸ ਪਈ, ''ਇਹ ਵਹਿਮ ਤੇਰਾ ਜ਼ਰੂਰ ਸੱਚਾ ਜਾਪਦਾ, ਪਰ ਤੁਸੀਂ ਸਾਡੇ ਚੰਗੇ ਗੁਆਂਢੀ ਜੇ, ਉਦੋਂ ਦੱਸਿਆ, ਜਦੋਂ ਪਰਿਵਾਰ ਸੱਚਮੁੱਚ ਖਿੰਡ ਗਿਆ।''

ਬਹੁਤ ਸਮਾਂ ਪਹਿਲਾਂ ਸਾਡੇ ਪਿੰਡ ਕਿਸੇ ਦੇ ਘਰ ਅਨਾਰ ਦਾ ਬੂਟਾ ਉਨ੍ਹਾਂ ਦੇ ਰਿਸ਼ਤੇਦਾਰ ਨੇ ਘਰ ਵੜਦਿਆਂ ਸਾਰ ਹੀ ਕਹੀ ਨਾਲ ਪੁੱਟ ਕੇ ਵਗਾਹ ਮਾਰਿਆ ਸੀ। ਗੁਆਂਢਣ ਉਚੀ-ਉਚੀ ਰੋ ਪਈ ਸੀ ਕਿ ਮੈਂ ਤਾਂ ਮਰ ਕੇ ਪਾਲਿਆ ਸੀ, ਫਲ 'ਤੇ ਆਇਆ ਸੀ ਹੁਣ ਤਾਂ ਬੂਟਾ, ਪਰ ਉਹ ਰਿਸ਼ਤੇਦਾਰ ਆਪਣੀ ਗੱਲ 'ਤੇ ਅੜਿਆ ਰਿਹਾ। ਇਕ ਹੋਰ ਪਰਿਵਾਰ ਨੇ ਵਿਹੜੇ 'ਚ ਗੂੜ੍ਹੀ ਛਾਂ ਕਰਨ ਵਾਲੀ ਧਰੇਕ ਇਸ ਕਰ ਕੇ ਕਟਵਾ ਦਿੱਤੀ ਸੀ ਕਿ ਘਰ ਵਿਚ ਕੁੜੀਆਂ ਦੀ ਧਾੜ ਜੰਮ ਪਈ ਸੀ। ਕੋਈ ਨਰ ਬੂਟਾ ਲਾਉਣਾ ਪੈਣਾ ਸੀ, ਤਾਂ ਕਿ ਪੁੱਤ ਦੀ ਜੜ੍ਹ-ਮੁਨਿਆਦ ਲੱਗੇ।

ਤੇਤੀ ਕਰੋੜ ਦੇਵਤਿਆਂ ਦਾ ਦੇਸ਼, ਜਿਹਦੇ ਵਿਚ ਹੋਰ ਬਹੁਤ ਸਾਰੇ ਪੀਰ-ਫਕੀਰ, ਸ਼ਹੀਦ, ਆਪਣੇ ਜਠੇਰੇ, ਵਡੇਰੇ ਤੇ ਹੋਰ ਕਈ ਮਾਤਾਵਾਂ ਆਦਿ ਪੂਜੀਆਂ ਜਾਂਦੀਆਂ ਹਨ, ਅਜੇ ਵੀ ਸਾਡੇ ਲਈ ਇਹ ਗਿਣਤੀ ਕਾਫੀ ਨਹੀਂ। ਹੁਣ ਚੀਨ ਅਤੇ ਜਾਪਾਨ ਦੀਆਂ ਕੁਝ ਪੱਧਤੀਆਂ ਦਾ ਓਟ ਆਸਰਾ ਲੈਣਾ ਪੈ ਰਿਹਾ ਹੈ। ਅਖ਼ਬਾਰਾਂ ਭਰੀਆਂ ਹੁੰਦੀਆਂ ਨੇ, ਤਸਵੀਰਾਂ ਦੇ ਨਾਲ ਵਿਆਖਿਆ ਤੇ ਨਾਲ ਹੀ ਢੰਗ-ਤਰੀਕੇ ਦੱਸੇ ਹੁੰਦੇ ਹਨ ਕਿ ਕਿਹੜੀ ਸ਼ੈਅ ਕਿੱਥੇ ਰੱਖਣੀ ਹੈ। ਉਹਦਾ ਮੂੰਹ ਕਿੱਧਰ ਕਰਨਾ ਹੈ। ਕਿਸੇ ਘਰ 'ਚ ਘੰਟੀਆਂ ਲਟਕਦੀਆਂ, ਕਿਤੇ ਡੱਡੂ ਦੇ ਮੂੰਹ 'ਚ ਸਿੱਕਾ ਹੈ। ਕਿਧਰੇ ਗਣੇਸ਼ ਜੀ ਦਾ ਮੂੰਹ ਚੜ੍ਹਦੇ ਵਲ ਹੈ। ਕਿਤੇ ਲਾਫਿੰਗ ਬੁੱਧਾ ਹੈ। ਰਿੱਧੀਆਂ-ਸਿੱਧੀਆਂ ਤੇ ਸੁੱਖ-ਸਹੂਲਤਾਂ ਲਈ ਇਹ ਸਾਰੇ ਵਸੀਲੇ ਨੇ। ਟੈਲੀਵਿਜ਼ਨ 'ਤੇ ਅਨੇਕਾਂ ਚੈਨਲ ਜੋਤਿਸ਼ ਦਾ ਪ੍ਰਚਾਰ ਕਰੀ ਜਾਂਦੇ ਨੇ। ਅਖਬਾਰਾਂ 'ਚ ਇਸ਼ਤਿਹਾਰ ਨੇ ਕਿ ਵਾਸਤੂ-ਸ਼ਾਸਤਰ ਨਾਲ ਘਰਾਂ 'ਚੋਂ ਕਲੇਸ਼ ਦੂਰ ਕਰੋ। ਧਨ-ਦੌਲਤ ਦੀ ਪ੍ਰਾਪਤੀ ਤੇ ਵਧੇਰੇ ਊਰਜਾ ਲੈਣ ਲਈ ਉਪਾਅ ਕਰੋ। ਜੇ ਵਾਸਤੂ-ਸ਼ਾਸਤਰ ਵਿਚਾਰੀਏ ਤਾਂ ਸਾਰਾ ਸ਼ਹਿਰ ਢਾਹ ਦੇਣ ਨੂੰ ਜੀਅ ਕਰਦਾ। ਘੱਟੋ ਘੱਟ ਬੰਦਾ ਆਪਣਾ ਘਰ ਤਾਂ ਢਾਹੁਣ-ਉਸਾਰਨ ਬਾਰੇ ਸੋਚਣ ਹੀ ਲੱਗ ਜਾਂਦਾ ਹੈ।

ਘਰਾਂ ਵਿਚੋਂ ਕੂੜਾ ਚੁੱਕਣ ਵਾਲੇ ਮੁੰਡੇ, ਕੰਮ ਵਾਲੀਆਂ ਮਾਈਆਂ, ਰਿਕਸ਼ਾ ਚਾਲਕ ਜਾਂ ਕੋਈ ਮਜ਼ਦੂਰ ਹੋਵੇ, ਉਨ੍ਹਾਂ 'ਚੋਂ ਬਹੁਤਿਆਂ ਨੇ ਗਲਾਂ 'ਚ ਜਾਂ ਬਾਹਾਂ ਨਾਲ ਤਵੀਤ ਬੱਧੇ ਹੁੰਦੇ ਹਨ। ਅਮੀਰਾਂ, ਵੱਡੀਆਂ ਗੱਡੀਆਂ ਜਾਇਦਾਦਾਂ ਦਿਆਂ ਮਾਲਕਾਂ ਦੇ ਇਲਾਜ ਤੇ ਉਪਾਅ ਵੀ ਮਹਿੰਗੇ। ਉਹ ਕਈ ਤਰ੍ਹਾਂ ਦੇ ਸਟੋਨ ਪਹਿਨੀ ਫਿਰਦੇ ਨੇ। ਉਨ੍ਹਾਂ ਦੇ ਜੋਤਸ਼ੀ ਵੱਡੀਆਂ ਫੀਸਾਂ ਲੈਂਦੇ ਨੇ। ਅੱਧਾ ਚੰਡੀਗੜ੍ਹ ਤਾਂ ਘੱਗਰ ਦਰਿਆ 'ਚ ਨਿੱਕ-ਸੁੱਕ ਪਰਵਾਹੁਣ ਜਾਂਦਾ। ਉਨ੍ਹਾਂ 'ਚ ਸਿੱਖ ਸਰਦਾਰ, ਪੜ੍ਹੇ-ਲਿਖੇ ਜੋੜੇ, ਗਰੀਬ-ਗੁਰਬਾ, ਜੁਆਨ ਲੜਕੇ-ਲੜਕੀਆਂ ਤੇ ਪਰਵਾਸੀ ਮਜ਼ਦੂਰ ਸਾਰੇ ਹੀ ਸ਼ਾਮਿਲ ਹੁੰਦੇ ਨੇ।

ਲੋਕਾਂ ਕੋਲ ਸਭ ਤੋਂ ਵੱਡੀ ਦਾਤ ਔਲਾਦ ਹੈ, ਰਿਜਕ ਹੈ, ਪੈਸਾ ਹੈ, ਨੌਕਰੀ, ਕਾਰੋਬਾਰ, ਕੋਠੀਆਂ, ਬੈਂਕ-ਖਾਤੇ, ਲਾਕਰ, ਹੀਰੇ-ਮੋਤੀ ਤੇ ਸਭ ਤੋਂ ਵਧ ਕੇ ਵਿਦਿਆ ਵੀ ਹੈ, ਪਰ ਸਬਰ-ਸੰਤੋਖ ਨਹੀਂ ਹੈ। ਮਨ 'ਚ ਟਿਕਾਉ ਨਹੀਂ ਹੈ। ਲੋੜਾਂ ਤਾਂ ਪੂਰੀਆਂ ਬਹੁਤਿਆਂ ਦੀਆਂ ਹੋ ਰਹੀਆਂ ਨੇ, ਪਰ ਖਾਹਿਸ਼ਾਂ ਵਧਦੀਆਂ ਜਾਂਦੀਆਂ ਹਨ। ਖਾਹਿਸ਼ਾਂ ਦਾ ਅੰਤ ਕੋਈ ਨਹੀਂ। ਕੋਲ ਪੈਸਾ ਹੈ ਪਰ ਉਹ ਹਿੰਮਤ ਵਧਾਉਂਦਾ ਹੈ। ਪੈਸਾ ਪੈਸੇ ਨੂੰ ਖਿੱਚਦਾ ਹੈ। ਜਿਹੜਾ ਵਿਅਕਤੀ ਪਿੰਡ 'ਚ ਹੈ, ਉਹ ਸ਼ਹਿਰ ਵੱਸਣਾ ਲੋਚਦਾ ਹੈ। ਜਿਹੜਾ ਸ਼ਹਿਰ 'ਚ ਹੈ, ਉਹ ਚੰਡੀਗੜ੍ਹ 'ਤੇ ਅੱਖ ਰੱਖ ਲੈਂਦਾ ਹੈ। ਜਿਹੜਾ ਚੰਡੀਗੜ੍ਹ ਆ ਗਿਆ ਸੀ, ਉਹ ਅਮਰੀਕਾ, ਕੈਨੇਡਾ ਦਾ ਮਨ ਬਣਾ ਲੈਂਦਾ ਹੈ।

ਆਸਟ੍ਰੇਲੀਆ ਤੇ ਨਿਊਜ਼ੀਲੈਂਡ ਅੱਜ ਕੱਲ੍ਹ ਅਸਾਂ ਅੰਬਰਸਰ ਜਿੰਨੀ ਵਿੱਥ 'ਤੇ ਲੈ ਆਂਦੇ ਨੇ। ਹੁਣ ਤਾਂ ਬਸ ਇੱਕੋ ਤਾਂਘ ਹੈ ਕਿ ਚੰਦਰਮਾ ਖੁੱਲ੍ਹ ਜਾਵੇ, ਵੀਜ਼ੇ ਲੱਗਣੇ ਸ਼ੁਰੂ ਹੋ ਜਾਣ, ਫਿਰ ਅਸੀਂ ਕੜੇ-ਕੈਨੇਡਾ ਕੀ ਕਰਨੇ ਨੇ। ਮਹਾਰਾਜ ਸੁੱਖ ਰੱਖੇ, ਸਭ ਤੋਂ ਛੋਟੇ ਪੋਤੇ ਨੂੰ ਉਥੇ ਈ ਲਾਅ ਕਰਵਾਂਗੇ।

ਬਹੁਤ ਸਾਰੇ ਕੰਮ ਅਸੀਂ ਇਕ ਦੂਸਰੇ ਦੀ ਰੀਸੋ-ਰੀਸੀ ਹੀ ਕਰੀ ਜਾਂਦੇ ਹਾਂ। ਮੁੰਡਿਆਂ ਨੂੰ ਬਾਹਰ ਭੇਜਣਾ, ਧੀਆਂ ਦੇ ਰਿਸ਼ਤੇ ਬਾਹਰਲੇ ਦੇਸ਼ਾਂ 'ਚ ਕਰਨੇ, ਬਹੁ-ਮੰਜ਼ਲੀਆਂ ਕੋਠੀਆਂ, ਕਾਰਾਂ ਦੇ ਮਾਡਲ, ਬੱਚਿਆਂ ਦੇ ਸਕੂਲਾਂ ਦੀ ਚੋਣ ਅਤੇ ਹੋਰ ਕਈ ਫੈਸ਼ਨ-ਪ੍ਰਸਤੀਆਂ ਅਸੀਂ ਇਕ ਦੂਸਰੇ ਦੀ ਵੇਖਾ-ਵੇਖੀ ਕਰੀ ਜਾਂਦੇ ਹਾਂ। ਯਕੀਨ ਜਾਣਿਉਂ, ਵਹਿਮ-ਭਰਮ ਕਰਨ ਵਾਲੇ ਸਾਰੇ ਲੋੜਵੰਦ ਤੇ ਦੁਖਿਆਰ ਨਹੀਂ ਜੇ ਹੁੰਦੇ। ਉਹ ਸਿਰਫ ਰੀਸੋ-ਰੀਸੀ ਹੀ ਵਗਦੇ ਪਾਣੀ ਵਿਚ ਨਾਰੀਅਲ ਜਲ ਪ੍ਰਵਾਹ ਕਰਨ ਆਏ ਹੁੰਦੇ ਨੇ। ਇਕ ਗੁਆਂਢਣ ਜੇ ਗਊ ਨੂੰ ਪੇੜਾ ਦੇਂਦੀ ਹੈ ਜਾਂ ਸ਼ਨੀ ਗ੍ਰਹਿ ਵਾਲੇ ਨੂੰ ਤੇਲ ਪਾ ਦੇਂਦੀ ਹੈ ਤਾਂ ਤਿੰਨ ਹੋਰ ਵੀ ਅਗਲੀ ਵਾਰੀ ਇਸ ਕੜੀ ਦਾ ਹਿੱਸਾ ਬਣ ਜਾਂਦੀਆਂ ਹਨ। ਗੁਰਦੁਆਰਿਆਂ 'ਚ ਝਾੜੂ ਤੇ ਲੂਣ ਚੜ੍ਹਦੇ ਵੇਖੇ ਸਨ। ਲੰਗਰ ਲਈ ਮਾਂਹ ਤੇ ਛੋਲਿਆਂ ਦੀ ਦਾਲ ਵੀ, ਪਰ ਹੁਣ ਲੋਕ ਟਮਾਟਰ ਤੇ ਮੂਲੀਆਂ ਵੀ ਚੜ੍ਹਾਉਂਦੇ ਨੇ। ਪਿੰਡਾਂ ਵਿਚ ਆਪਣੀ ਫਸਲ 'ਚ ਆਪਣੀ ਖੇਤੀ ਕਰਦਿਆਂ ਹਰ ਸ਼ੈਅ ਪਹਿਲਾਂ ਧਰਮ ਅਸਥਾਨ 'ਤੇ ਚੜ੍ਹਾਉਣ ਦੀ ਮਰਿਆਦਾ ਪ੍ਰਚੱਲਤ ਹੈ, ਪਰ ਸ਼ਹਿਰੀਏ ਵਿਚਾਰੇ ਤਾਂ ਪੰਡਤਾਂ ਦੇ ਕਹਿਣ 'ਤੇ ਬਾਜ਼ਾਰੋਂ ਮੁੱਲ ਖਰੀਦ ਕੇ ਗੁਰਦੁਆਰੇ-ਮੰਦਰਾਂ 'ਚ ਇਹੋ ਜਿਹੀਆਂ ਚੀਜ਼ਾਂ ਚੜ੍ਹਾਉਂਦੇ ਨੇ। ਘਰਾਂ 'ਚ ਤਾਂ ਪੂਤਨਾ (ਪੁਦੀਨਾ) ਬੀਜਣ ਜੋਗੀ ਵੀ ਥਾਂ ਨਹੀਂ ਹੁੰਦੀ ਕਈ ਵਾਰੀ।

# ਪੰਜਾਬ ਦੇ ਲੋਕ ਸਾਜ਼ਾਂ ਦੀ ਅਸਲੋਂ ਨਿਆਰੀ ਵੰਨ-ਸਵੰਨਤਾ

ਸਭਿਆਚਾਰ

ਨਿਰਮਲ ਨਿੰਮਾ ਲੰਗਾਹ

ਆਦਿ ਕਾਲ ਤੋਂ ਹੀ ਸੰਗੀਤ ਅਤੇ ਗੀਤ ਦਾ ਰੂਹ ਆਤਮਾ ਵਰਗਾ ਰਿਸ਼ਤਾ ਰਿਹਾ ਹੈ। ਸਾਜ਼ ਦਾ ਜਨਮ ਲੋਕ ਗੀਤਾਂ ਜਿੰਨਾ ਹੀ ਪੁਰਾਤਨ ਹੈ। ਭਾਵੇਂ ਲੋਕ ਗੀਤ ਹੋਵੇ ਜਾਂ ਲੋਕ ਨਾਚ, ਸਾਜ਼ਾਂ ਦੀ ਬਹੁਤ ਲੋੜ ਹੁੰਦੀ ਹੈ। ਬਗੈਰ ਸਾਜ਼ ਦੇ ਕੋਈ ਪਿੱਠ ਗੀਤ, ਪਿਆਰੀ ਕਵਿਤਾ ਪ੍ਰਾਣੋਂ ਖਾਲੀ ਬੁੱਤ ਵਰਗੀ ਹੁੰਦੀ ਹੈ। ਸਾਜ਼ ਦੀ ਸੁਰ, ਲੈਅ, ਭਾਲ ਮਨੁੱਖੀ ਮਨ ਨੂੰ ਝੂਮਣ ਲਾ ਦਿੰਦੇ ਹਨ। ਖੁਸ਼ੀ ਤੇ ਖੇੜਾ ਪ੍ਰਦਾਨ ਕਰਦੇ ਹਨ। ਸੰਗੀਤ ਦੇ ਪੈਦਾ ਹੋਣ ਸਬੰਧੀ ਵਿਭਿੰਨ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਤੇ ਧਾਰਨਾਵਾਂ ਹਨ। ਸਾਜ਼ਾਂ ਦਾ ਜ਼ਿਕਰ ਵੈਦਿਕ ਕਾਲ ਵਿਚ ਵੀ ਮਿਲਦਾ ਹੈ। ਜਿਵੇਂ ਢੋਲ, ਨਗਾਰਾ, ਬੰਸਰੀ, ਮਿਰਦੰਗ, ਛਿਮਛਿਮ ਆਦਿ ਦੇ ਨਾਂ ਮਿਲਦੇ ਹਨ। ਇਸੇ ਤਰ੍ਹਾਂ ਰਾਮਾਇਣ ਤੇ ਮਹਾਂਭਾਰਤ ਕਾਲ ਵਿਚ ਵੀ ਸਾਜ਼ਾਂ ਦਾ ਵਰਨਣ ਮਿਲਦਾ ਹੈ।

ਸੰਗੀਤ ਮਨੁੱਖ ਦੀ ਰੂਹ ਦੀ ਖੁਰਾਕ ਹੈ, ਜ਼ਿੰਦ ਜਾਨ ਹੈ। ਸਾਹ ਪ੍ਰਾਣ ਹੈ। ਸਾਰੰਗ ਦੇਵ ਦੇ ਲਿਖੇ ਗ੍ਰੰਥ 'ਸੰਗੀਤ ਰਤਨਾਕਰ' ਦੇ ਆਧਾਰ 'ਤੇ ਭਾਰਤੀ ਸਾਜ਼ਾਂ ਦੀ ਵੰਡ ਚਾਰ ਖੰਡਾਂ ਵਿਚ ਕੀਤੀ ਗਈ ਹੈ। ਇਹ ਹਨ- ਸੁਸ਼ਿਰ ਸਾਜ਼, ਘਣ ਸਾਜ਼ ਅਤੇ ਤੱਤ ਸਾਜ਼। ਪੰਜਾਬ ਦੇ ਲੋਕ ਸਾਜ਼ਾਂ ਬਾਰੇ ਉਨ੍ਹਾਂ ਦੀਆਂ ਵੰਡਾਂ ਤੇ ਕਿਸਮਾਂ ਬਾਰੇ ਇਥੇ ਵਿਸਥਾਰ ਨਾਲ ਲਿਖਣਾ ਅਸੰਭਵ ਹੈ। ਇਨ੍ਹਾਂ ਵਿਚੋਂ ਕਈ ਪਿਆਰੇ ਤੇ ਮਿੱਠੇ ਸਾਜ਼ ਸਮੇਂ ਦੀ ਬਲੀ ਚੜ੍ਹ ਚੁੱਕੇ ਹਨ, ਕਈ ਚੜ੍ਹ ਰਹੇ ਹਨ। ਜਿਵੇਂ ਜਿਵੇਂ ਮਨੁੱਖ ਨੇ ਵਿਕਾਸ ਕੀਤਾ, ਉਸ ਨੇ ਸਾਜ਼ਾਂ ਨੂੰ ਵੀ ਵਿਕਸਤ ਰੂਪ 'ਚ ਢਾਲਿਆ। ਨਤੀਜੇ ਵਜੋਂ ਅੱਜ ਦਾ ਯੁੱਗ 'ਸਾਜ਼ਾਂ ਦਾ ਯੁੱਗ' ਬਣ ਗਿਆ ਹੈ।



ਪੰਜਾਬ ਦੇ ਲੋਕ ਸਾਜ਼ਾਂ ਦੀ ਵੰਡ ਵਿਚ ਪਹਿਲੀ ਕਿਸਮ ਚਮੜੇ ਨਾਲ ਮੜ੍ਹੇ ਹੋਏ ਸਾਜ਼ਾਂ ਦੀ ਹੈ।

**ਢੋਲ:** ਇਹ ਪੰਜਾਬ ਦਾ ਪ੍ਰਮੁੱਖ ਲੋਕ ਸਾਜ਼ ਹੈ। ਇਸ ਦਾ ਛੋਟਾ ਰੂਪ ਢੋਲਕੀ ਹੈ। ਭੰਗੜੇ ਅਤੇ ਗਿੱਧੇ ਵਰਗੇ ਲੋਕ ਨਾਚਾਂ ਦੀ ਢੋਲ ਬਿਨਾਂ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਹ ਸਾਜ਼ ਵੀਰ ਰਸ ਅਤੇ ਤਾਲ ਪ੍ਰਧਾਨ ਹੈ। ਲੱਕੜੀ ਨੂੰ ਖੋਖਲਾ ਕਰਕੇ ਦੁਵੱਲੇ ਬੱਕਰੇ ਦੀ ਖੱਲ ਦੇ ਪੂੜ ਮੜ੍ਹੇ ਜਾਂਦੇ ਹਨ। ਇਹ ਬਾਂਸ ਅਤੇ ਲੱਕੜੀ ਦੀਆਂ ਛੜੀਆਂ ਨਾਲ ਵਜਾਇਆ ਜਾਂਦਾ ਹੈ, ਗਲ ਵਿਚ ਪਾ ਕੇ।

**ਢੋਲਕੀ:** ਪੰਜਾਬ ਦੇ ਲੋਕ ਗੀਤਾਂ ਵਿਚ ਢੋਲਕੀ ਦਾ ਮਹੱਤਵਪੂਰਨ ਸਥਾਨ ਹੈ। ਇਹ ਤੀਆਂ, ਗਿੱਧਾ, ਵਿਆਹ, ਮੰਦਰ, ਗੁਰਦੁਆਰੇ ਆਦਿ ਸਭ ਥਾਵਾਂ 'ਤੇ ਵਜਾਈ ਜਾਂਦੀ ਹੈ। ਇਸ ਦੀ ਬਣਤਰ ਵੀ ਢੋਲ ਵਰਗੀ ਹੁੰਦੀ ਹੈ ਪਰ ਅਕਾਰ ਛੋਟਾ। ਔਰਤਾਂ ਵਿਚ ਬੜਾ ਮਕਬੂਲ ਸਾਜ਼ ਹੈ।

**ਢੱਡ:** ਲੋਕ ਗੀਤਾਂ ਵਿਚ ਜੋ ਸਥਾਨ ਸਾਰੰਗੀ ਦਾ ਹੈ ਉਹ ਹੀ ਢੱਡ ਦਾ ਹੈ। ਇਹ ਡੌਰੂ, ਡਮਰੂ ਆਦਿ ਸਾਜ਼ਾਂ ਦੀ ਜਾਤੀ ਵਿਚੋਂ ਹੈ। ਪੰਜਾਬ ਵਿਚ ਢਾਡੀ ਜਥੇ ਆਮ ਮਿਲਦੇ ਹਨ ਜੋ ਢੱਡ-ਸਾਰੰਗੀ ਨਾਲ ਵਾਰਾਂ ਆਦਿ ਗਾਉਂਦੇ ਹਨ। ਇਸ ਨੂੰ ਸੱਜੇ ਹੱਥ ਦੀਆਂ ਉਂਗਲਾਂ ਨਾਲ ਵਜਾਉਣ 'ਤੇ ਇਕ ਖਾਸ ਆਵਾਜ਼ ਪੈਦਾ ਹੁੰਦੀ ਹੈ ਜਿਸ ਨੂੰ 'ਗਮਕ' ਆਖਦੇ ਹਨ।

**ਨਗਾਰਾ:** ਇਹ ਅਤਿ ਪ੍ਰਾਚੀਨ ਸਾਜ਼ ਹੈ। ਨਗਾਰੇ 'ਤੇ ਚੋਟ ਦਾ ਮਤਲਬ ਲੜਾਈ ਸ਼ੁਰੂ ਹੋਣਾ ਮੰਨਿਆ ਜਾਂਦਾ ਸੀ। ਸਿੱਖ ਰਾਜ ਸਮੇਂ ਨਗਾਰੇ ਨੂੰ ਦਿੱਤੀ ਜਾਣ ਵਾਲੀ ਅਹਿਮੀਅਤ ਹੁਣ ਨਹੀਂ ਰਹੀ। ਇਹ ਖਤਮ ਹੋ ਰਿਹਾ ਸਾਜ਼ ਹੈ। ਇਸ 'ਤੇ ਦਾਦਰਾ ਤੇ ਕਹਿਰਵਾ ਰਾਗ ਅਸਾਨੀ ਨਾਲ ਵਜਾਏ ਜਾ ਸਕਦੇ ਹਨ। ਇਹ ਲੋਹੇ ਜਾਂ ਕਿਸੇ ਹੋਰ ਧਾਤ ਦਾ ਬਣਿਆ ਹੁੰਦਾ ਹੈ। ਇਸ 'ਤੇ ਮੱਝ ਦੀ ਖੱਲ ਮੜ੍ਹੀ ਜਾਂਦੀ ਹੈ।

**ਖੰਜਰੀ:** ਇਸ ਦਾ ਪ੍ਰਯੋਗ ਲੋਕ ਨਾਚਾਂ ਅਤੇ ਲੋਕ ਗੀਤਾਂ ਵਿਚ ਕੀਤਾ ਜਾਂਦਾ ਹੈ। ਇਸ ਨੂੰ ਖੱਬੇ ਹੱਥ ਨਾਲ ਫੜ ਕੇ ਸੱਜੇ ਨਾਲ ਵਜਾਇਆ ਜਾਂਦਾ ਹੈ। ਇਹ ਗੋਲ ਆਕਾਰ ਵਿਚ ਲੱਕੜ ਜਾਂ ਪਿੱਤਲ ਦੀ ਬਣੀ ਹੁੰਦੀ ਹੈ। ਇਸ ਦੇ ਘੇਰੇ ਉੱਤੇ ਚਮੜੇ ਦੀ ਪਤਲੀ ਖੱਲ ਮੜ੍ਹੀ ਹੁੰਦੀ ਹੈ। ਇਸ ਦੇ ਘੇਰੇ ਨੂੰ ਤਿੰਨ ਜਾਂ ਚਾਰ ਥਾਂ ਤੋਂ ਕੱਟ ਕੇ ਨਿੱਕੇ ਗੋਲ ਛੈਣੇ ਲਗਾਏ ਜਾਂਦੇ ਹਨ। ਇਹ ਖੰਜਰੀ 'ਤੇ ਹੱਥ ਦੀ ਥਾਪ ਪੈਣ ਨਾਲ ਆਪਸ ਵਿਚ ਟਕਰਾ ਕੇ ਬੜੀ ਮਿੱਠੀ ਲੈਅ ਪੈਦਾ ਕਰਦੇ ਹਨ।

ਲੋਕ ਸਾਜ਼ਾਂ ਦੀ ਦੂਸਰੀ ਕਿਸਮ ਸੁਸ਼ਿਰ ਸਾਜ਼ਾਂ ਦੀ ਹੈ। ਮੰਨਿਆ ਜਾਂਦਾ ਹੈ ਕਿ ਜਦੋਂ ਆਦਿ ਮਨੁੱਖ ਨੇ ਜੰਗਲ ਵਿਚੋਂ ਗੁਜ਼ਰਦੀ ਹਵਾ ਦੀ ਸਾਂ ਸਾਂ ਨੂੰ ਸੁਣਿਆ ਹੋਵੇਗਾ ਉਸ ਨੂੰ ਅੰਦਾਜ਼ਾ ਹੋਇਆ ਕਿ ਬਾਂਸ ਵਿਚੋਂ ਹਵਾ ਦੇ ਪ੍ਰਵੇਸ਼ ਨਾਲ ਬੜੀ ਮਿੱਠੀ ਧੁੰਨ ਪੈਦਾ ਹੁੰਦੀ ਹੈ। ਇਸ ਵਰਗ ਦੇ ਪ੍ਰਾਚੀਨ ਸਾਜ਼ ਮੁਰਲੀ, ਬੰਸਰੀ ਤੇ ਬੇਣੂ ਹਨ। ਭਗਵਾਨ ਕ੍ਰਿਸ਼ਨ ਨੂੰ ਅਸੀਂ ਸੁਸ਼ਿਰ ਸਾਜ਼ ਦਾ ਪ੍ਰਮੁੱਖ ਵਾਦਕ ਮੰਨ ਸਕਦੇ ਹਾਂ। ਆਧੁਨਿਕ ਯੁੱਗ ਵਿਚ ਸੁਸ਼ਿਰ ਸਾਜ਼ ਦੇ ਕਈ ਪ੍ਰਚਲਤ ਤੇ ਵਿਕਸਤ ਰੂਪ ਵਿਚ ਇਨ੍ਹਾਂ ਵਿਚੋਂ ਬੀਨ, ਸ਼ਹਿਨਾਈ, ਨਗੋਜੇ, ਅਲਗੋਜ਼ੇ, ਬੰਸਰੀ, ਹਾਰਮੋਨੀਅਮ, ਸੰਖ ਆਦਿ ਹਨ।

**ਨਗੋਜੇ:** ਲੋਕ ਗੀਤਾਂ ਵਿਚ ਨਗੋਜਿਆਂ ਦਾ ਅਹਿਮ ਸਥਾਨ ਹੈ। ਪਸ਼ੂ ਚਰਾਉਣ ਵਾਲੇ ਵਾਗੀਆਂ, ਪਾਲੀਆਂ ਦਾ ਇਹ ਅਤਿ ਪਿਆਰ ਸਾਜ਼ ਹੈ। ਇਹ ਖੋਖਲੇ ਬਾਂਸ ਦੀਆਂ ਦੋ ਬੰਸਰੀਆਂ ਹੀ ਹੁੰਦੀਆਂ ਹਨ। ਇਨ੍ਹਾਂ ਨੂੰ ਇਕੱਠਾ ਵਜਾਇਆ ਜਾਂਦਾ ਹੈ। ਇਨ੍ਹਾਂ ਵਿਚ ਚਾਰ ਤੋਂ ਛੇ ਤੱਕ ਛੇਕ ਹੁੰਦੇ ਹਨ। ਇਹ ਦੋਵੇਂ ਹੱਥਾਂ ਨਾਲ ਮੂੰਹ ਵਿਚ ਪਾ ਕੇ ਵਜਾਇਆ ਜਾਂਦਾ ਹੈ। ਹਰੇਕ ਬੰਸਰੀ ਉੱਤੇ ਤਿੰਨ ਤਿੰਨ ਉਂਗਲਾਂ ਰੱਖੀਆਂ ਜਾਂਦੀਆਂ ਹਨ। ਇਸ ਦਾ ਸੁਰ ਕਾਫੀ ਉੱਚਾ ਹੁੰਦਾ ਹੈ।

ਪੰਜਾਬ ਦੇ ਹੋਰ ਲੋਕ ਸਾਜ਼ਾਂ ਨਾਲ ਨਗੋਜਿਆਂ ਨੂੰ ਲੋਕ ਬੋਲੀਆਂ, ਗੀਤਾਂ, ਗਿੱਧੇ ਅਤੇ ਭੰਗੜੇ ਵਿਚ ਵਜਾਉਂਦੇ ਹਨ।

ਤੀਸਰੀ ਕਿਸਮ ਵਿਚ ਤੱਤ ਸਾਜ਼ ਆਉਂਦੇ ਹਨ। ਇਸ ਦਾ ਜਨਮ ਧਨੁਸ਼ ਤੋਂ ਮੰਨਿਆ ਜਾਂਦਾ ਹੈ। ਜਦੋਂ ਕਿਤੇ ਮਨੁੱਖ ਨੇ ਤੀਰ ਚਲਾਇਆ ਹੋਵੇਗਾ ਪਿੱਛੋਂ ਤਾਰ ਦੀ ਛਣਨ ਦੀ ਧੁਨੀ ਸੁਣੀ ਹੋਵੇਗੀ ਜਿਸ ਕਾਰਨ ਉਹ ਤੱਤ ਸਾਜ਼ਾਂ ਦੀ ਖੋਜ ਕਰਨ ਲੱਗਾ ਹੋਵੇਗਾ। ਇਸ ਵਰਗ ਵਿਚ ਪਿੱਤਲ, ਲੋਹੇ, ਤਾਂਬੇ ਆਦਿ ਦੀਆਂ ਤਾਰਾਂ ਵਾਲੇ ਸਾਜ਼ ਆਉਂਦੇ ਹਨ। ਮੱਧਕਾਲ ਵਿਚ ਇਕ ਤਾਰੇ ਦਾ ਖਾਸ ਜ਼ਿਕਰ ਮਿਲਦਾ ਹੈ। ਮੀਰਾ ਬਾਈ ਅਤੇ ਚੇਤਨ ਪ੍ਰਭੂ ਦੇ ਹੱਥ ਵਿਚ ਅਸੀਂ ਇਕ ਤਾਰਾ ਫੜਿਆ ਵੇਖਦੇ ਹਾਂ। ਇਸੇ ਸਮੇਂ ਸਿਤਾਰ ਦਾ ਰੂਪ ਬਣਿਆ। ਅੱਗੋਂ ਇਸ ਵਿਚੋਂ ਰਬਾਬ, ਗਿਟਾਰ, ਸਾਰੰਗੀ, ਵਾਇਲਿਨ ਦਿਲਰੁਬਾ ਆਦਿ ਰੂਪ ਵਿਕਸਤ ਹੋਏ।

**ਇਕ ਤਾਰਾ (ਤੂੰਬੀ):** ਇਹ ਅਤਿ ਪ੍ਰਾਚੀਨ ਸਾਜ਼ ਹੈ। ਪੁਰਾਤਨ ਸਮੇਂ ਤੋਂ ਸਾਧੂ ਸੰਤਾਂ ਦਾ ਸਾਜ਼ ਰਿਹਾ ਹੈ। ਸ਼ਾਸਤਰੀ ਗਾਇਨ ਲਈ, ਇਸ ਦੀਆਂ ਤਾਰਾਂ ਨੂੰ ਵਧਾ ਕੇ ਤਾਨਪੁਰੇ ਦੀ ਸ਼ਕਲ ਦਿੱਤੀ ਗਈ ਹੈ। ਆਕਾਰ ਨੂੰ ਛੋਟਾ ਕਰਕੇ ਤੂੰਬੀ ਬਣਾ ਦਿੱਤੀ ਗਈ ਹੈ। ਪੰਜਾਬ ਵਿਚ ਤੂੰਬੀ ਬਹੁਤ ਹਰਮਨਪਿਆਰੀ ਹੈ। ਇਹ ਭੰਗੜਾ, ਮਿਰਜ਼ਾ, ਜੁਗਨੀ ਤੇ ਹਰ ਤਰ੍ਹਾਂ ਦੇ ਗੀਤਾਂ ਨਾਲ ਵਜਾਈ ਜਾਂਦੀ ਹੈ।

ਤੂੰਬੀ ਦੀ ਬਨਾਵਟ ਬੜੀ ਸਾਧਾਰਨ ਹੈ। ਕੱਦੂ ਜਾਂ ਲੱਕੜੀ ਨੂੰ ਖੋਖਲਾ ਕਰਕੇ ਗੋਲ ਖੋਲ ਬਣਾ ਲਿਆ ਜਾਂਦਾ ਹੈ। ਇਸ ਵਿਚ ਫੁੱਟ ਤੋਂ ਡੇਢ ਉੱਤੇ ਪਤਲੀ ਖੱਲ ਚੜ੍ਹਾਈ ਜਾਂਦੀ ਹੈ। ਡੰਡੇ ਦੇ ਦੂਜੇ ਸਿਰੇ 'ਤੇ ਲੱਕੜੀ ਦੀ ਖੂੰਟੀ ਲਗਾਈ ਜਾਂਦੀ ਹੈ ਜਿਸ ਵਿਚ ਤਾਰ ਪਰੋ ਕੇ ਡੰਡੇ ਦੇ ਹੇਠਲੇ ਪਾਸੇ ਤਾਰ ਨੂੰ ਮਰੋੜੀ ਦੇ ਕੇ ਬੰਨ ਦਿੱਤਾ ਜਾਂਦਾ ਹੈ। ਚਮੜੇ ਉੱਪਰ ਲੱਕੜ ਜਾਂ ਠੀਕਰੀ ਦਾ ਟੋਟਾ ਰੱਖਿਆ ਜਾਂਦਾ ਹੈ। ਇਸ ਉੱਪਰ ਤਾਰ ਟਿਕਦੀ ਹੈ। ਖੂੰਟੀ ਨਾਲ ਤਾਰ ਨੂੰ ਕੱਸ ਕੇ ਜਾਂ ਢਿੱਲਾ ਕਰਕੇ ਮਰਜ਼ੀ ਦਾ ਸੁਰ ਕੱਢ ਲਿਆ ਜਾਂਦਾ ਹੈ। ਇਸ ਨੂੰ ਦੋਵਾਂ ਹੱਥਾਂ ਵਿਚ ਫੜ ਕੇ ਸੱਜੇ ਹੱਥ ਦੀ ਉਂਗਲ ਨਾਲ ਟੁਣਕਾ ਕੇ ਖੱਬੇ ਹੱਥ ਦੀਆਂ ਉਂਗਲਾਂ ਨਾਲ ਤਾਰ ਨੂੰ ਦਬਾ ਕੇ ਸੁਰ ਕੱਢੇ ਜਾਂਦੇ ਹਨ। ਪੰਜਾਬ ਵਿਚ ਇਸ ਸਾਜ਼ ਜਿੰਨੀ ਪ੍ਰਸਿੱਧੀ ਹੋਰ ਕਿਸੇ ਸਾਜ਼ ਨੂੰ ਨਹੀਂ ਹੈ।

**ਸਾਰੰਗੀ:** ਨਾਮ ਤੋਂ ਸਪੱਸ਼ਟ ਹੈ ਸੌ ਰੰਗਾਂ ਵਾਲੀ। ਭਾਰਤੀ ਸੰਗੀਤ ਸਾਜ਼ਾਂ ਵਿਚ ਕੇਵਲ ਸਾਰੰਗੀ ਹੈ ਜਿਸ 'ਤੇ ਗਾਇਕੀ ਦਾ ਹਰ ਅੰਗ ਵਜਾਇਆ ਜਾ ਸਕਦਾ ਹੈ। ਇਹ ਸ਼ਾਸਤਰੀ ਸੰਗੀਤ ਅਤੇ ਲੋਕ ਸੰਗੀਤ ਦੋਵਾਂ ਵਿਚ ਵਰਤੀ ਜਾਂਦੀ ਹੈ। ਸਾਰੰਗੀ ਨਾਲ ਕਲੀਆਂ ਗਾਈਆਂ ਜਾਂਦੀਆਂ ਹਨ।

ਇਸ ਵਿਚ ਤੂੰਬੇ ਦੀ ਥਾਂ 'ਤੇ ਲੱਕੜੀ ਦਾ ਬਣਿਆ ਢਿੱਡ ਹੁੰਦਾ ਹੈ। ਇਹ ਹੇਠਾਂ ਨੂੰ ਚਿਪਕਿਆ ਅਤੇ ਉੱਤੇ ਨੂੰ ਡਮਰੂ ਦੇ ਆਕਾਰ ਦਾ ਹੁੰਦਾ ਹੈ। ਇਹ ਲੱਕੜੀ ਨੂੰ ਖੋਦ ਕੇ ਬਣਾਇਆ ਜਾਂਦਾ ਹੈ। ਇਸ ਉੱਪਰ ਚਮੜਾ ਮੜ੍ਹਿਆ ਜਾਂਦਾ ਹੈ। ਇਸ ਉੱਤੇ ਵਿਚਕਾਰ ਨੂੰ ਊਠ ਦੀ ਹੱਡੀ ਦੀ ਘੋੜੀ ਦੇ ਉੱਪਰੋਂ ਚਾਰ ਤੰਦਾਂ ਖੂੰਟੀਆਂ ਵਲ ਜਾਂਦੀਆਂ ਹਨ। ਇਸ ਨੂੰ ਕਮਾਨ ਜਾਂ ਗਜ਼ ਦੀ ਮਦਦ ਨਾਲ ਵਜਾਇਆ ਜਾਂਦਾ ਹੈ। ਇਹ ਆਮ ਤੌਰ 'ਤੇ ਦੋ ਫੁੱਟ ਲੰਮੀ ਹੁੰਦੀ ਹੈ।

**ਤੂੰਬਾ:** ਪੰਜਾਬ ਦੇ ਲੋਕ ਸੰਗੀਤ ਵਿਚ ਇਸ ਨੂੰ ਘੁਮਚੂ ਜਾਂ ਤੂੰਬਾ ਆਖਿਆ ਜਾਂਦਾ ਹੈ। ਇਸ ਸਮੇਂ ਇਸ ਦੀ ਬਹੁਤੀ ਵਰਤੋਂ ਨਹੀਂ ਕੀਤੀ ਜਾਂਦੀ। ਫੇਰ ਵੀ ਲੋਕ ਗੀਤਾਂ ਜਾਂ ਬੋਲੀਆਂ ਵਿਚ ਇਸ ਦਾ ਪ੍ਰਯੋਗ ਕੰਨਾਂ 'ਚ ਰਸ ਘੋਲਦਾ ਹੈ। ਇਸ ਦੀ ਬਨਾਵਟ ਬੜੀ ਸਾਧਾਰਨ ਹੁੰਦੀ ਹੈ। ਅੰਬ ਦੀ ਲੱਕੜੀ ਤੋਂ ਬਣਦਾ ਹੈ। ਢੱਡ ਵਾਂਗ ਇਸ ਦਾ ਢਿੱਡ ਵਿਚੋਂ ਪਿਚਕਿਆ ਤੇ ਮੂੰਹ ਖੁੱਲ੍ਹਾ ਹੁੰਦਾ ਹੈ। ਇਸ ਦੇ ਇਕ ਮੂੰਹ 'ਤੇ ਚਮੜੇ ਦੀ ਖੱਲ ਮੜ੍ਹੀ ਹੁੰਦੀ ਹੈ। ਇਸ ਦੇ ਵਿਚਕਾਰ ਕਰੀਬ ਅੱਧਾ ਮੀਟਰ ਚਮੜੇ ਵਾਲੇ ਸਿਰੇ ਨੂੰ ਗੰਢ ਦਿੱਤੀ ਜਾਂਦੀ ਹੈ। ਦੂਜੇ ਸਿਰੇ ਨੂੰ ਇਹ ਲੱਕੜੀ ਦੇ ਗੇਟ ਵਿਚ ਗੰਢ ਮਾਰ ਕੇ ਪਰੋ ਦਿੱਤਾ ਜਾਂਦਾ ਹੈ।



**ਦੋ ਤਾਰਾ:** ਇਕ ਤਾਰੇ ਨੂੰ ਥੋੜ੍ਹਾ ਵੱਡਾ ਕਰਨ ਅਤੇ ਇਕ ਤਾਰ ਹੋਰ ਲਗਾਉਣ ਨਾਲ 'ਦੋ ਤਾਰਾ' ਬਣ ਜਾਂਦਾ ਹੈ। ਪੰਜਾਬ ਦੇ ਲੋਕ ਸਾਜ਼ਾਂ ਵਿਚ ਜੋ ਸਥਾਨ ਇਕ ਤਾਰੇ ਨੂੰ ਪ੍ਰਾਪਤ ਹੈ ਦੋ ਤਾਰੇ ਨੂੰ ਨਹੀਂ। ਫਿਰ ਵੀ ਲੋਕ ਗੀਤਾਂ ਵਿਚ ਇਸ ਦੀ ਬੜੀ ਮੱਹਤਤਾ ਹੈ। ਇਸ ਦੀ ਬਨਾਵਟ ਹੂ-ਬ-ਹੂ ਇਕ ਤਾਰੇ ਵਰਗੀ ਹੀ ਹੁੰਦੀ ਹੈ। ਕੇਵਲ ਇਕ ਤਾਰ ਦਾ ਵਾਧਾ ਹੁੰਦਾ ਹੈ, ਇਕ ਖੂੰਟੀ ਦਾ ਵੀ।

ਲੋਕ ਸਾਜ਼ਾਂ ਦੀ ਚੋਖੀ ਵੰਨਗੀ ਘਣ ਸਾਜ਼ਾਂ ਦੀ ਹੈ। ਇਸ ਦੇ ਅੰਤਰਗਤ ਅਜਿਹੇ ਸਾਜ਼ ਆਉਂਦੇ ਹਨ ਜੋ ਆਪਸ ਵਿਚ ਟਕਰਾ ਕੇ ਸੁਰ ਪੈਦਾ ਕਰਦੇ ਹਨ ਜਿਵੇਂ ਛੈਣੇ, ਖੜਤਾਲ, ਘੁੰਗਰੂ, ਚਿਮਟਾ, ਘੜੀ ਮੰਜੀਰਾ, ਕਾਠ ਤਰੰਗ, ਕਾਂਚ ਤਰੰਗ, ਜਲ ਤਰੰਗ ਆਦਿ।

**ਖੜਤਾਲ:** ਪ੍ਰਾਚੀਨ ਸਮੇਂ ਤੋਂ ਹੀ ਇਹ ਸਾਧੂ ਸੰਤਾਂ ਦਾ ਖਾਸ ਸਾਜ਼ ਰਿਹਾ ਹੈ। ਇਸ ਨੂੰ ਕਰਤਾਲ ਵੀ ਆਖਿਆ ਜਾਂਦਾ ਹੈ। ਅੱਜ ਦੇ ਗੱਭਰੂ ਇਕ ਹੱਥ ਵਿਚ ਤੂੰਬੀ ਦੂਜੇ ਵਿਚ ਖੜਤਾਲ ਦੀ ਜੋੜੀ ਲੈ ਕੇ ਵਜਾਉਂਦੇ ਤੇ ਗਾਉਂਦੇ ਹਨ। ਇਸ ਦੇ ਨਿੱਕੇ ਨਿੱਕੇ ਛੈਣਿਆਂ ਦੀ ਆਵਾਜ਼ ਬੜੀ ਮਿੱਠੀ ਹੁੰਦੀ ਹੈ।

ਇਹ ਲੱਕੜੀ ਦੇ ਦੋ ਸਮਾਨ ਟੁਕੜਿਆਂ ਨਾਲ ਬਣਾਈ ਜਾਂਦੀ ਹੈ। ਖੰਜਰੀ ਵਾਂਗ ਪਿੱਤਲ ਦੇ ਗੋਲ ਛੋਟੇ ਛੋਟੇ ਛੈਣੇ ਦੋ ਤਿੰਨ ਥਾਵਾਂ 'ਤੇ ਲਾਏ ਜਾਂਦੇ ਹਨ। ਇਹ ਇਕ ਹੱਥ ਨਾਲ ਹੀ ਫੜੀ ਜਾਂਦੀ ਹੈ। ਇਕ ਹਿੱਸੇ ਵਿਚ ਅੰਗੂਠਾ ਦੂਜੇ ਵਿਚ ਚਾਰੇ ਉਂਗਲਾਂ ਪਾਉਣ ਦੀ ਥਾਂ ਹੁੰਦੀ ਹੈ। ਇਨ੍ਹਾਂ ਦੋਵਾਂ ਹਿੱਸਿਆਂ ਨੂੰ ਆਪਸ ਵਿਚ ਟਕਰਾਉਣ ਨਾਲ ਸੰਗੀਤ ਪੈਦਾ ਹੁੰਦਾ ਹੈ।

**ਘੁੰਗਰੂ:** ਇਹ ਤਾਲ ਪ੍ਰਧਾਨ ਅਤਿ ਪ੍ਰਾਚੀਨ ਕਾਲ ਦਾ ਸਾਜ਼ ਹੈ। ਸਮੁੱਚੇ ਭਾਰਤ ਦੇ ਹਰੇਕ ਪ੍ਰਕਾਰ ਦੇ ਨਾਚ ਵਿਚ ਇਸ ਦਾ ਪ੍ਰਯੋਗ ਹੁੰਦਾ ਹੈ। ਭਾਰਤੀ ਸ਼ਾਸਤਰੀ ਨਾਚਾਂ ਵਿਚ ਇਸ ਦੀ ਵਰਤੋਂ ਜ਼ਰੂਰੀ ਮੰਨੀ ਜਾਂਦੀ ਹੈ। ਇਹ ਔਰਤਾਂ ਮਰਦਾਂ ਦਾ ਸਾਂਝਾ ਸਾਜ਼ ਹੈ। ਲੋਕ ਨਾਚ ਦੇ ਘੁੰਗਰੂ ਚਮੜੇ ਦੇ ਇਕ ਪਟੇ ਵਿਚ ਪਰੋਏ ਹੁੰਦੇ ਹਨ। ਸ਼ਾਸਤਰੀ ਨਾਚ ਵਿਚ ਘੁੰਗਰੂ ਰੱਸੀ ਵਿਚ ਪਰੋਏ ਹੁੰਦੇ ਹਨ। ਇਨ੍ਹਾਂ ਦੀ ਗਿਣਤੀ ਲੋਕ ਨਾਚ ਦੇ ਘੁੰਗਰੂਆਂ ਤੋਂ ਵਧ ਹੁੰਦੀ ਹੈ।

ਘੁੰਗਰੂਆਂ ਦੀ ਬਨਾਵਟ ਦੋ ਤਰ੍ਹਾਂ ਦੀ ਹੁੰਦੀ ਹੈ। ਇਕ ਤਾਂ ਇਕ ਮੂੰਹ ਵਾਲੇ, ਦੂਜੇ ਚਾਰ ਮੂੰਹਾਂ ਵਾਲੇ। ਹਰੇਕ ਘੂੰਗਰੂ ਵਿਚ ਲੋਹੇ ਦੀ ਇਕ ਛੋਟੀ ਗੋਲੀ ਹੁੰਦੀ ਹੈ। ਆਮ ਤੌਰ 'ਤੇ ਘੁੰਗਰੂ ਕਾਂਸੀ ਧਾਤ ਜਾਂ ਪਿੱਤਲ ਦੇ ਬਣੇ ਹੁੰਦੇ ਹਨ।

**ਚਿਮਟਾ:** ਇਸ ਨੂੰ ਲੋਕ ਗੀਤਾਂ ਵਿਚ ਢੋਲਕੀ ਨਾਲ ਵਜਾਇਆ ਜਾਂਦਾ ਹੈ। ਭੰਗੜੇ ਵਿਚ ਪ੍ਰਯੋਗ ਹੋਣ ਵਾਲਾ ਮੁੱਖ ਸਾਜ਼ ਹੈ। ਇਸ ਨੂੰ ਭਜਨ, ਨਗਰ ਕੀਰਤਨ ਜਾਂ ਪ੍ਰਭਾਤ ਫੇਰੀ ਲਈ ਵੀ ਵਰਤਿਆ ਜਾਂਦਾ ਹੈ। ਇਹ ਲੋਹੇ ਦਾ ਬਣਿਆ ਤਿੰਨ ਚਾਰ ਫੁੱਟ ਲੰਮਾ ਆਮ ਚਿਮਟਿਆਂ ਵਾਂਗ ਹੁੰਦਾ ਹੈ। ਇਸ ਦੀ ਮੁੱਠ ਦੇ ਮੋੜ 'ਤੇ ਇਕ ਗੋਲ ਕੜਾ ਹੁੰਦਾ ਹੈ। ਚਿਮਟੇ ਉੱਤੇ ਖੜਤਾਲ ਵਾਂਗ ਗੋਲ ਆਕਾਰ ਦੇ ਛੈਣੇ ਲੱਗੇ ਹੁੰਦੇ ਹਨ, ਪਿੱਤਲ ਜਾਂ ਲੋਹੇ ਦੇ। ਖੱਬੇ ਹੱਥ ਨਾਲ ਕੜੇ ਨੂੰ ਚਿਮਟੇ 'ਤੇ ਮਾਰਦੇ ਹਨ। ਸੱਜੇ ਹੱਥ ਵਾਲੇ ਦੋਵੇਂ ਪਤਰੇ ਆਪਸ ਵਿਚ ਟਕਰਾਉਂਦੇ ਹਨ। ਇਸ ਤਰ੍ਹਾਂ ਬੜਾ ਮਧੁਰ ਸੰਗੀਤ ਪੈਦਾ ਹੁੰਦਾ ਹੈ।

**ਘੜਾ:** ਇਹ ਲੋਕ ਸਾਜ਼ ਪੰਜਾਬ ਦੇ ਲੋਕ ਗੀਤਾਂ ਵਿਚ ਆਮ ਵਰਤਿਆ ਜਾਂਦਾ ਹੈ। ਘੜੇ ਦਾ ਨਾਂ ਲਿਆਂ ਹੀ ਸੋਹਣੀ ਘੁਮਿਆਰੀ ਦਾ ਚਿਹਰਾ ਸਾਹਮਣੇ ਆਉਂਦਾ ਹੈ। ਜਿਹੜਾ ਘੜਾ ਲੋਕ ਗੀਤਾਂ ਵਿਚ ਵਰਤਿਆ ਜਾਂਦਾ ਹੈ ਉਸ ਦਾ ਮੂੰਹ ਛੋਟਾ ਤੇ ਹੇਠਾਂ ਢਿੱਡ ਵੱਡਾ ਹੁੰਦਾ ਹੈ। ਇਸ ਨੂੰ ਦੋਵਾਂ ਹੱਥਾਂ ਨਾਲ ਵਜਾਇਆ ਜਾਂਦਾ ਹੈ। ਇਕ ਹੱਥ ਘੜੇ ਦੇ ਖੁੱਲ੍ਹੇ ਮੂੰਹ ਅਤੇ ਦੂਜਾ ਘੜੇ ਦੇ ਢਿੱਡ ਵਿਚਕਾਰ ਮਾਰਦੇ ਹਨ। ਕਈ ਵਾਰੀ ਇਕ ਹੱਥ ਵਿਚ ਛੱਲੇ ਪਾ ਲਏ ਜਾਂਦੇ ਹਨ। ਇਸ ਨਾਲ ਤਾਲ ਵਿਚ ਮਿਠਾਸ ਆ ਜਾਂਦੀ ਹੈ। ਕਲਾਕਾਰ ਘੜੇ ਨੂੰ ਬਾਹਰੋਂ ਕਈ ਰੰਗਾਂ ਨਾਲ ਪੇਂਟ ਕਰਕੇ ਸੁੰਦਰ ਬਣਾ ਲੈਂਦੇ ਹਨ।

**ਸੱਪ:** ਇਹ ਲੋਕ ਸਾਜ਼ ਕੇਵਲ ਪੰਜਾਬ ਵਿਚ ਮਿਲਦਾ ਹੈ। ਇਸ ਦੀ ਆਵਾਜ਼ ਕਈ ਆਦਮੀਆਂ ਦੇ ਇੱਕੋ ਸਮੇਂ ਤਾਲੀ ਮਾਰਨ ਵਰਗੀ ਹੁੰਦੀ ਹੈ। ਅਸਲੀਅਤ ਵਿਚ ਲੋਕਾਂ ਨੇ ਤਾਲੀ ਦੀ ਜ਼ਰੂਰਤ ਦੀ ਪੂਰਤੀ ਲਈ ਇਸ ਦੀ ਕਾਢ ਕੱਢੀ ਹੈ। ਇਸ ਦੀ ਵਰਤੋਂ ਭੰਗੜਾ, ਗਿੱਧਾ, ਲੁੱਡੀ ਆਦਿ ਵਿਚ ਕੀਤੀ ਜਾਂਦੀ ਹੈ। ਸੱਪ ਸਾਜ਼ ਦੀ ਬਨਾਵਟ ਬੱਚਿਆਂ ਦੇ ਖੇਡਣ ਵਾਸਤੇ ਕਾਨਿਆਂ ਦੇ ਬਣਾਏ ਸੱਪ ਵਰਗੀ ਹੁੰਦੀ ਹੈ। ਫਰਕ ਕੇਵਲ ਕਾਨਿਆਂ ਦੀ ਥਾਂ ਲੱਗੀਆਂ ਫੱਟੀਆਂ ਦਾ ਹੈ। ਇਨ੍ਹਾਂ ਫੱਟੀਆਂ ਦੀ ਲੰਬਾਈ ਇਕ ਫੁੱਟ ਅਤੇ ਮੋਟਾਈ ਚੌੜਾਈ ਕਰੀਬ ਇਕ ਇੰਚ ਹੁੰਦੀ ਹੈ। ਫੱਟੀਆਂ ਦੇ ਸਿਰਿਆਂ 'ਤੇ ਗੋਲ ਛੇਕ ਕੀਤੇ ਜਾਂਦੇ ਹਨ। ਇਕ ਫੱਟੀ ਨੂੰ ਕਾਨਿਆਂ ਵਾਂਗ ਈ ਦੂਜੀ ਫੱਟੀ ਨਾਲ ਜੋੜਿਆ ਹੁੰਦਾ ਹੈ। ਜੋੜ ਪਤਲੇ ਸਰੀਏ ਨਾਲ ਲਾਏ ਜਾਂਦੇ ਹਨ। ਜਿਨ੍ਹਾਂ ਨੂੰ ਫੱਟੀਆਂ ਦੇ ਸਿਰੇ ਵਿਚੋਂ ਕੱਢ ਕੇ ਉਪਰ ਝੰਡ ਕੀਤੀ ਜਾਂਦੀ ਹੈ।

**ਕਾਟੋ:** ਸੱਪ ਸਾਜ਼ ਵਾਂਗ ਇਹ ਲੋਕ ਸਾਜ਼ ਵੀ ਕੇਵਲ ਪੰਜਾਬ ਵਿਚ ਹੀ ਮਿਲਦਾ ਹੈ। ਇਸ ਦੀ ਵਰਤੋਂ ਵੀ ਭੰਗੜਾ, ਗਿੱਧਾ ਲੁੱਡੀ ਵਿਚ ਹੁੰਦੀ ਹੈ ਜਿਸ ਤਰ੍ਹਾਂ ਪੰਜਾਬ ਵਿਚ ਢੱਡ-ਸਾਰੰਗੀ ਦੀ ਜੋੜੀ ਪ੍ਰਸਿੱਧ ਹੈ, ਇਸੇ ਤਰ੍ਹਾਂ ਸੱਪ-ਕਾਟੋ ਦੀ ਜੋੜੀ ਹੈ।

ਇਸ ਦੀ ਬਨਾਵਟ ਬੜੀ ਸਰਲ ਹੈ। ਸਿਰਫ ਇਕ ਡੰਡਾ ਅਤੇ ਲੱਕੜੀ ਦੀ ਬਣੀ ਕਾਟੋ ਹੀ ਹੈ। ਡੰਡੇ ਦੀ ਲੰਬਾਈ ਜ਼ਰੂਰਤ ਅਨੁਸਾਰ ਮੀਟਰ ਜਾਂ ਸਵਾ ਮੀਟਰ ਹੁੰਦੀ ਹੈ। ਉਪਰਲੇ ਸਿਰੇ 'ਤੇ ਬਣੀ ਕਾਟੋ ਦੇ ਮੂੰਹ ਨੂੰ ਰੱਸੀ ਬੰਨ੍ਹ ਕੇ ਖਿੱਚਿਆ ਜਾਂ ਢਿੱਲਾ ਛੱਡਿਆ ਜਾ ਸਕਦਾ ਹੈ। ਕਾਟੋ ਦੀ ਪੂਛ ਨੂੰ ਨਿੱਕੇ ਨਿੱਕੇ ਘੁੰਗਰੂ ਬੰਨ੍ਹ ਦਿੱਤੇ ਜਾਂਦੇ ਹਨ। ਰੱਸੀ ਖਿੱਚਣ ਨਾਲ ਕਾਟੋ ਉਪਰ ਕਦੇ ਹੇਠਾਂ/ਘੁੰਗਰੂਆਂ ਦੀ ਤਾਲ ਉਤੇ ਟੱਪਦੀ ਫਿਰਦੀ ਹੈ।



ਲੋਕ ਸਾਜ਼ਾਂ ਬਾਰੇ ਉਪਰੋਕਤ ਜਾਣਕਾਰੀ ਬਹੁਤ ਹੀ ਸੰਖੇਪ ਹੈ। ਇਹ ਖੇਤਰ ਅਤਿ ਵਿਸ਼ਾਲ ਹੈ। ਸੰਗੀਤ ਦਾ ਸਬੰਧ ਸੰਸਕ੍ਰਿਤੀ ਨਾਲ ਹੈ। ਸੰਸਕ੍ਰਿਤੀ ਦੇਸ਼ ਦਾ ਸ਼ੀਸ਼ਾ ਹੁੰਦਾ ਹੈ। ਖੋਜ ਕਰਨ 'ਤੇ ਸਾਡੀ ਪ੍ਰਾਚੀਨ ਸੱਭਿਅਤਾ ਦਾ ਵੱਡਾ ਪ੍ਰਮਾਣ ਲੋਕ ਸੰਗੀਤ ਵਿਚ ਮਿਲਦਾ ਹੈ। ਲੋਕ ਗੀਤਾਂ ਵਿਚ ਲੋਕ ਸਾਜ਼ਾਂ ਦੀਆਂ ਧੁਨਾਂ ਸਰਲ ਅਤੇ ਸੁਭਾਵਕ ਹੋਣ ਕਾਰਨ ਇੰਨੀਆਂ ਪ੍ਰਭਾਵਸ਼ਾਲੀ ਹੁੰਦੀਆਂ ਹਨ ਕਿ ਸੁਣ ਕੇ ਸਰੋਤੇ ਮਸਤ ਹੋ ਜਾਂਦੇ ਹਨ। ਉਨ੍ਹਾਂ ਦੇ ਜਜ਼ਬਾਤ ਦਾ ਸਾਗਰ ਸੁਰਾਂ ਨਾਲ ਹੁਲਾਰੇ ਲੈਣ ਲੱਗਦਾ ਹੈ।

# ਬੇੜੀ ਦਾ ਪੂਰ ਤ੍ਰਿੰਞਣ ਦੀਆਂ ਕੁੜੀਆਂ

## ਰੰਗ-ਬੇਰੰਗ

**ਡਾ. ਗੁਰਨਾਮ ਕੌਰ**

ਜਿਵੇਂ ਜਿਵੇਂ ਗਿਆਰਵੀਂ ਜਮਾਤ ਦਾ ਸਮਾਂ ਅੱਗੇ ਲੰਘਣ ਲੱਗਿਆ ਤਿਵੇਂ ਤਿਵੇਂ ਕਾਲਜ ਅਤੇ ਹੋਸਟਲ ਵਿਚ ਨਵੇਂਪਨ ਅਤੇ ਓਪਰੇਪਨ ਦਾ ਝਾਕਾ ਉਤਰਦਾ ਗਿਆ। ਵੈਸੇ ਵੀ ਸਾਡਾ ਇਹ ਗੌਰਮਿੰਟ ਕਾਲਜ ਪੜ੍ਹਾਈ ਦੇ ਨਾਲ-ਨਾਲ ਹੋਰ ਵੀ ਬਹੁਤ ਸਾਰੀਆਂ ਗਤੀਵਿਧੀਆਂ ਦਾ ਕੇਂਦਰ ਰਿਹਾ ਹੈ। ਸਤੰਬਰ ਦੀਆਂ ਛੁੱਟੀਆਂ ਤੋਂ ਬਾਅਦ ਇਥੇ ਖੇਡਾਂ ਅਤੇ ਹੋਰ ਵੱਖ-ਵੱਖ ਸਮਾਰੋਹ ਸ਼ੁਰੂ ਹੋ ਜਾਂਦੇ ਸਨ।



ਡਾ. ਗੁਰਨਾਮ ਕੌਰ

ਸਾਲਾਨਾ ਇਮਤਿਹਾਨ ਤੋਂ ਪਹਿਲਾਂ ਸਤੰਬਰ ਟੈਸਟ ਅਤੇ ਦਸੰਬਰ ਟੈਸਟ ਬਹੁਤ ਮਹੱਤਵ ਰੱਖਦੇ ਸਨ ਜਿਨ੍ਹਾਂ ਦੇ ਆਧਾਰ 'ਤੇ ਸਾਲਾਨਾ ਇਮਤਿਹਾਨਾਂ ਦੀ ਫੀਸ ਭੇਜੀ ਜਾਂਦੀ ਸੀ। ਵਾਲੀਬਾਲ, ਬਾਸਕਿਟਬਾਲ, ਬੈਡਮਿੰਟਨ ਅਤੇ ਟੇਬਲ-ਟੈਨਿਸ ਚਾਰ ਅਜਿਹੀਆਂ ਖੇਡਾਂ ਸਨ ਜਿਨ੍ਹਾਂ ਵਿਚ ਸਾਡੇ ਕਾਲਜ ਦੀਆਂ ਟੀਮਾਂ ਦੀ ਸਰਦਾਰੀ ਸੀ। ਇਨ੍ਹਾਂ ਖੇਡਾਂ ਦੀ ਪ੍ਰੈਕਟਿਸ ਦੇਖਣ ਵਿਚ ਹੋਸਟਲ ਦੀਆਂ ਲੜਕੀਆਂ ਦਾ ਮਨੋਰੰਜਨ ਵੀ ਹੋ ਜਾਂਦਾ ਸੀ ਅਤੇ ਸਮਾਂ ਵੀ ਲੰਘ ਜਾਂਦਾ ਸੀ। ਵਾਲੀਬਾਲ ਅਤੇ ਬਾਸਕਿਟਬਾਲ ਦੇ ਅੰਤਰ-ਕਾਲਜ ਮੁਕਾਬਲੇ ਅਕਸਰ ਸਾਡੇ ਕਾਲਜ ਦੀ ਗਰਾਊਂਡ ਵਿਚ ਹੋਇਆ ਕਰਦੇ। ਬਾਸਕਿਟਬਾਲ ਦਾ ਅੰਤਿਮ ਮੁਕਾਬਲਾ ਆਮ ਤੌਰ 'ਤੇ ਗੌਰਮਿੰਟ ਕਾਲਜ ਫਾਰ ਵਿਮਨ ਚੰਡੀਗੜ੍ਹ ਅਤੇ ਸਾਡੇ ਕਾਲਜ ਦੀ ਟੀਮ ਵਿਚ ਹੁੰਦਾ ਸੀ ਜਿਸ ਵਿਚ ਬਹੁਤ ਵਾਰ ਸਾਡੀ ਟੀਮ ਜੇਤੂ ਰਹਿੰਦੀ। ਵਾਲੀਬਾਲ ਦਾ ਅੰਤਿਮ ਮੁਕਾਬਲਾ ਜਲੰਧਰ ਦੇ ਕਾਲਜ (ਸ਼ਾਇਦ ਲਾਇਲਪੁਰ ਖਾਲਸਾ ਕਾਲਜ) ਅਤੇ ਸਾਡੇ ਕਾਲਜ ਦੀ ਟੀਮ ਵਿਚ ਹੁੰਦਾ ਸੀ। ਜਿੱਤ ਅਕਸਰ ਜਲੰਧਰ ਦੀ ਹੁੰਦੀ। ਉਦੋਂ ਪੰਜਾਬ ਇਕੱਠਾ ਪੰਜਾਬ ਸੀ, ਹਾਲੇ ਹਰਿਆਣੇ ਅਤੇ ਹਿਮਾਚਲ ਵਿਚ ਵੰਡ ਨਹੀਂ ਸੀ ਹੋਇਆ। ਇਸ ਲਈ ਸਾਂਝੇ ਪੰਜਾਬ ਦੇ ਸਾਰੇ ਕਾਲਜ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਅਧੀਨ ਸਨ। ਪੰਜਾਬੀ ਜ਼ੁਬਾਨ ਉਦੋਂ ਧੁਰ ਕੁੱਲੂ, ਨਾਰਕੰਡੇ ਆਦਿ ਤੱਕ ਪੜ੍ਹੀ ਜਾਂਦੀ ਸੀ ਅਤੇ ਦਿੱਲੀ ਦੀ ਹੱਦ ਤੋਂ ਪਾਰ ਫਰੀਦਾਬਾਦ ਅਤੇ ਗੁੜਗਾਉਂ ਤੱਕ ਪੰਜਾਬੀ ਜ਼ੁਬਾਨ ਦਾ ਬੋਲਬਾਲਾ ਸੀ। ਹਿਮਾਲਿਆ ਅਤੇ ਸ਼ਿਵਾਲਿਕ ਪਹਾੜੀਆਂ ਦੀਆਂ ਰਮਣੀਕ ਸੈਰਗਾਹਾਂ ਪੰਜਾਬ ਦਾ ਹਿੱਸਾ ਸਨ। ਮੁਲਕ ਦੀ ਵੰਡ ਤੋਂ ਬਾਅਦ ਪੰਜਾਬ ਦੀ ਰਾਜਧਾਨੀ ਲਾਹੌਰ ਖੁੱਸ ਜਾਣ ਅਤੇ ਚੰਡੀਗੜ੍ਹ ਬਣਨ ਤੱਕ ਸ਼ਿਮਲਾ ਪੰਜਾਬ ਦੀ ਰਾਜਧਾਨੀ ਰਿਹਾ।

ਮੈਨੂੰ ਯਾਦ ਹੈ ਕਿ ਪਟਿਆਲੇ ਯੂਨੀਵਰਸਿਟੀ ਨੌਕਰੀ ਕਰਦਿਆਂ ਇਕ ਵਾਰ ਮੈਂ ਆਪਣੀਆਂ ਕੁਝ ਸਹੇਲੀਆਂ ਨਾਲ ਡਲਹੌਜ਼ੀ ਗਈ। ਉਥੇ ਇਕ ਦੁਕਾਨ ਦੀਆਂ ਜਲੇਬੀਆਂ ਬਹੁਤ ਸੁਆਦ ਮੰਨੀਆਂ ਜਾਂਦੀਆਂ ਸਨ ਅਤੇ ਉਸ ਦੇ ਮਾਲਕ ਨੂੰ ''ਚਾਚਾ ਜਲੇਬੀਆਂ ਵਾਲਾ'' ਕਹਿੰਦੇ ਸੀ ਜੋ ਠੇਠ ਪੰਜਾਬੀ ਬੋਲਦਾ ਸੀ। ਉਹ ਹਰੇਕ ਗਾਹਕ ਨੂੰ ਸਦਾ ਤਾਜ਼ੀਆਂ ਜਲੇਬੀਆਂ ਕੱਢ ਕੇ ਦਿੰਦਾ। ਅਸੀਂ ਵੀ ਜਿੰਨੇ ਦਿਨ ਉਥੇ ਰਹੀਆਂ, ਹਰ ਰੋਜ਼ ਸ਼ਾਮ ਨੂੰ ਉਸ ਤੋਂ ਜਲੇਬੀਆਂ ਖਾਂਦੀਆਂ। ਇਕ ਦਿਨ ਉਹ ਬੜੇ ਗੁੱਸੇ ਵਿਚ ਪੰਜਾਬੀ ਸੂਬਾ ਬਣਾਉਣ ਪਿੱਛੇ ਸੰਤ ਫਤਹਿ ਸਿੰਘ ਨੂੰ ਬੁਰਾ ਭਲਾ ਕਹਿ ਰਿਹਾ ਸੀ। ਕਹਿੰਦਾ ''ਸਾਧਾਂ ਨੂੰ ਕੀ ਪਤਾ ਸਿੱਖੀ ਕੀ ਹੁੰਦੀ ਹੈ? ਪੰਜਾਬ ਦਾ ਨਾਸ਼ ਮਾਰ ਕੇ ਰੱਖ ਦਿੱਤਾ ਸੂਬੀ ਬਣਾ ਕੇ।''

ਕਾਲਜ ਵਿਚ ਸਾਇੰਸ ਅਤੇ ਆਰਟਸ ਦੇ ਹੋਰ ਵਿਸ਼ਿਆਂ ਦੇ ਨਾਲ-ਨਾਲ ਹੋਮ ਸਾਇੰਸ, ਫਾਈਨ ਆਰਟਸ, ਵੋਕਲ ਮਿਊਜ਼ਿਕ, ਇੰਸਟਰੂਮੈਂਟਲ ਮਿਊਜ਼ਿਕ ਅਤੇ ਕਲਾਸੀਕਲ ਡਾਂਸ ਆਦਿ ਵਿਸ਼ਿਆਂ ਦੀ ਪੜ੍ਹਾਈ ਦਾ ਖਾਸ ਪ੍ਰਬੰਧ ਸੀ। ਕਾਲਜ ਵਿਚ ਵੋਕਲ ਮਿਊਜ਼ਿਕ, ਇੰਸਟਰੂਮੈਂਟਲ ਮਿਊਜ਼ਿਕ ਅਤੇ ਕਲਾਸੀਕਲ ਡਾਂਸ ਦੇ ਅੰਤਰ-ਕਾਲਜ ਮੁਕਾਬਲੇ ਹੁੰਦੇ। ਇਨ੍ਹਾਂ ਮੁਕਾਬਲਿਆਂ ਵਾਸਤੇ ਲੰਮਾ ਸਮਾਂ ਪ੍ਰੈਕਟਿਸ ਚਲਦੀ ਰਹਿੰਦੀ, ਮੁਕਾਬਲੇ ਵੀ ਦੇਰ ਸ਼ਾਮ ਤੱਕ ਹੁੰਦੇ। ਜਿਥੇ ਡੇ-ਸਕਾਲਰਾਂ ਨੂੰ ਘਰ ਜਾਣ ਦੀ ਕਾਹਲ ਹੁੰਦੀ, ਉਥੇ ਅਸੀਂ ਹੋਸਟਲ ਦੀਆਂ ਕੁੜੀਆਂ ਬੜੇ ਮਜ਼ੇ ਨਾਲ ਇਸ ਸਭ ਦਾ ਅਨੰਦ ਮਾਣਦੀਆਂ। ਇਸ ਤੋਂ ਇਲਾਵਾ ਕਾਲਜ ਦੀ ਪੰਜਾਬੀ ਸੁਸਾਇਟੀ ਵਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਰੱਖਿਆ ਜਾਂਦਾ, ਜਿਸ ਵਿਚ ਗੀਤ-ਸੰਗੀਤ ਦੇ ਨਾਲ ਕੁੜੀਆਂ ਦਾ ਗਿੱਧਾ ਵੀ ਪੈਂਦਾ। ਮਿਸਿਜ਼ ਸ਼ਾਹਾਨੀ ਦੇ ਕਾਲਜ ਦੀ ਪ੍ਰਿੰਸੀਪਲ ਲੱਗਣ ਤੋਂ ਬਾਅਦ ਕਾਲਜ ਵਿਚ ਹਰ ਸਾਲ ਸ਼ੈਕਸਪੀਅਰ ਹਫਤਾ ਮਨਾਇਆ ਜਾਂਦਾ। ਇਸ ਹਫਤੇ ਵਿਚ ਸ਼ੈਕਸਪੀਅਰ ਦੇ ਵੱਖ-ਵੱਖ ਨਾਟਕਾਂ ਤੇ ਬਣੀਆਂ ਫਿਲਮਾਂ ਜਾਂ ਡਾਕੂਮੈਂਟਰੀਆਂ ਦਿਖਾਈਆਂ ਜਾਂਦੀਆਂ ਅਤੇ ਕਾਲਜ ਵਲੋਂ ਇਕ ਨਾਟਕ ਵੀ ਤਿਆਰ ਕਰਕੇ ਖੇਡਿਆ ਜਾਂਦਾ। ਖੇਡਾਂ ਵੀ ਹੁੰਦੀਆਂ ਜਿਨ੍ਹਾਂ ਵਿਚ ਅਸੀਂ ਸਹੇਲੀਆਂ ਮਹਿੰਦਰ ਤਤਲਾ, ਲਖਬੀਰ ਗਰੇਵਾਲ ਅਤੇ ਰਵਿੰਦਰ ਗਿੱਲ ਜ਼ਰੂਰ ਹਿੱਸਾ ਲੈਂਦੀਆਂ।

ਕਾਲਜ ਦੇ ਸਤੰਬਰ ਅਤੇ ਦਸੰਬਰ ਟੈਸਟਾਂ ਦੀ, ਹਰ ਜਮਾਤ ਦੇ, ਹਰ ਵਿਸ਼ੇ ਦੇ, ਹਰ ਇਕ ਸੈਸ਼ਨ ਦੀ ਅਲੱਗ ਅਲੱਗ ਪ੍ਰਤੀਸ਼ਤ ਕੱਢੀ ਜਾਂਦੀ। ਇਸ ਲਈ ਹਰ ਕਲਾਸ ਦੇ, ਹਰੇਕ ਵਿਸ਼ੇ ਵਿਚ, ਹਰ ਸੈਕਸ਼ਨ ਦੇ ਪਹਿਲੇ, ਦੂਜੇ ਅਤੇ ਤੀਜੇ ਦਰਜੇ ਦੇ ਇਨਾਮ ਰੱਖੇ ਜਾਂਦੇ। ਇਹ ਇਨਾਮ ਕੂਪਨਾਂ ਦੇ ਰੂਪ ਵਿਚ ਹੁੰਦੇ ਜਿਸ ਦੀ ਰਕਮ ਦੀਆਂ ਕਿਤਾਬਾਂ ਲੁਧਿਆਣਾ ਦੇ ਚੌੜੇ ਬਾਜ਼ਾਰ ਵਿਚ ਸਥਿਤ ''ਲਾਇਲ ਬੁੱਕ ਡਿਪੋ'' 'ਤੇ ਪਸੰਦ ਕਰਕੇ ਆਉਣੀਆਂ ਹੁੰਦੀਆਂ। ਇਹ ਇਨਾਮ ਦੇਣ ਲਈ ਸਾਲਾਨਾ ਸਮਾਰੋਹ ਕੀਤਾ ਜਾਂਦਾ ਸੀ। ਗਿਆਰਵੀਂ ਵਿਚ ਮੈਨੂੰ ਆਪਣੇ ਸੈਕਸ਼ਨ ਵਿਚ ਪੰਜਾਬੀ ਵਿਚੋਂ ਪਹਿਲੇ ਨੰਬਰ 'ਤੇ ਆਉਣ 'ਤੇ ਇਨਾਮ ਮਿਲਿਆ। ਪਹਿਲੇ ਨੰਬਰ ਦੇ ਕੂਪਨ ਵਿਚ ਇਕ ਤੋਂ ਵਧ ਕਿਤਾਬਾਂ ਆ ਜਾਂਦੀਆਂ ਸੀ। ਇਸ ਇਨਾਮ ਵਿਚ ਪਸੰਦ ਕੀਤੀਆਂ ਕਿਤਾਬਾਂ 'ਚੋਂ ਮੈਨੂੰ ਇਕ ਦਾ ਨਾਂ ਅੱਜ ਵੀ ਯਾਦ ਹੈ। ਇਹ ਪੁਸਤਕ ਅੰਗਰੇਜ਼ੀ ਵਿਚ ਮਹਾਨ ਰੂਸੀ ਲੇਖਕ ਲਿਓ ਟਾਲਸਟਾਇ ਦਾ ਨਾਵਲ ''ਵਾਰ ਐਂਡ ਪੀਸ'' ਸੀ। ਕਾਲਜ ਪੜ੍ਹਦਿਆਂ ਰੂਸੀ ਸਾਹਿਤ ਵਿਚ ਬਹੁਤ ਦਿਲਚਸਪੀ ਜਾਗ ਪਈ ਸੀ। ਰੂਸੀ ਨਾਵਲ ਬਹੁਤ ਹੀ ਵਿਸਥਾਰਤ ਅਤੇ ਘਟਨਾਵਾਂ ਨਾਲ ਭਰਪੂਰ ਹੁੰਦੇ। ਉਦੋਂ ਭਾਰਤ-ਰੂਸ ਦੋਸਤੀ ਨੂੰ ਬੜਾ ਮਹੱਤਵ ਦਿੱਤਾ ਜਾਂਦਾ ਸੀ ਜਿਸ ਕਾਰਨ ਰੂਸੀ ਸਾਹਿਤ ਪੰਜਾਬੀ ਅਤੇ ਹਿੰਦੀ ਵਿਚ ਅਨੁਵਾਦ ਹੋ ਰਿਹਾ ਸੀ ਅਤੇ ਇਹ ਕਿਤਾਬਾਂ ਬਹੁਤ ਸਸਤੀਆਂ ਵੀ ਸਨ। ਵੈਸੇ ਵੀ ਵਿਦਿਆਰਥੀ ਵਰਗ 'ਤੇ ਹੌਲੀ ਹੌਲੀ ਖੱਬੇ-ਪੱਖੀ ਵਿਚਾਰਧਾਰਾ ਦਾ ਅਸਰ ਵਧ ਰਿਹਾ ਸੀ ਪਰ ਲੜਕੀਆਂ 'ਤੇ ਇਸ ਦਾ ਬਹੁਤਾ ਅਸਰ ਨਹੀਂ ਸੀ ਕਿਉਂਕਿ ਉਨ੍ਹਾਂ ਨੂੰ ਰਾਜਨੀਤੀ ਵਿਚ ਬਹੁਤ ਦਿਲਚਸਪੀ ਨਹੀਂ ਸੀ ਹੁੰਦੀ। ਲੜਕੀਆਂ ਦੇ ਕਾਲਜ ਹੜਤਾਲਾਂ ਆਦਿ ਤੋਂ ਦੂਰ ਹੀ ਹੁੰਦੇ ਸਨ। ਹਾਂ! ਕਦੇ ਕਦੇ ਅਸੀਂ ਉਪਰਲੀ ਮੰਜ਼ਿਲ 'ਤੇ ਕਲਾਸਾਂ ਲਾਉਂਦੇ ਹੋਏ ਕਾਲਜ ਦੇ ਮੇਨ ਗੇਟ 'ਤੇ, ਐਗਰੀਕਲਚਰ ਯੂਨੀਵਰਸਿਟੀ ਜਾਂ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦੇ ਵਿਦਿਆਰਥੀਆਂ ਨੂੰ ਕਤਾਰਾਂ ਵਿਚ ਨਾਹਰੇ ਮਾਰਦੇ ਜਾਂਦੇ ਦੇਖਦੇ। ਉਨ੍ਹਾਂ ਦੀ ਪਛਾਣ ਉਨ੍ਹਾਂ ਦੇ ਉਨਾਭੀ ਅਤੇ ਨੀਲੇ ਰੰਗ ਦੇ ਯੂਨੀਫਾਰਮ ਦੇ ਬਲੇਜ਼ਰਾਂ ਤੋਂ ਹੁੰਦੀ। ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਬ ਦੇ ਮੁੱਢਲੇ ਇੰਜੀਨੀਅਰਿੰਗ ਕਾਲਜਾਂ ਵਿਚੋਂ ਇਕ ਕਾਲਜ ਹੈ। ਪੰਜਾਬ ਦੇ ਬਹੁਤੇ ਓਵਰਸੀਅਰ, ਐਸ.ਡੀ.ਓ. ਅਤੇ ਐਕਸੀਅਨ ਇਸੇ ਕਾਲਜ ਦੀ ਪੈਦਾਵਾਰ ਹਨ। ਹੁਣ ਤਾਂ ਪੰਜਾਬ ਵਿਚ ਚੱਪੇ ਚੱਪੇ 'ਤੇ ਟੈਕਨੀਕਲ ਕਾਲਜ ਦੁਕਾਨਾਂ ਵਾਂਗ ਖੁੱਲ੍ਹੇ ਹੋਏ ਹਨ ਜਿਥੋਂ ਧਾੜਾਂ ਦੀਆਂ ਧਾੜਾਂ ਬੱਚੇ ਡਿਗਰੀਆਂ ਲੈ ਕੇ ਬੇਰੁਜ਼ਗਾਰੀ ਦੇ ਰਸਤੇ ਪੈਂਦੇ ਹਨ। ਉਦੋਂ ਇੰਜੀਨੀਅਰਿੰਗ ਦੀ ਡਿਗਰੀ ਲੈਣਾ ਬਹੁਤ ਵੱਡੇ ਮਾਣ ਵਾਲੀ ਗੱਲ ਹੁੰਦੀ ਸੀ। ਦੋ ਹੀ ਤਾਂ ਪੇਸ਼ੇ ਸੀ ਮੁੰਡਿਆਂ ਲਈ-ਡਾਕਟਰੀ ਅਤੇ ਇੰਜਨੀਅਰਿੰਗ। ਹੁਣ ਵਾਂਗ ਨੌਕਰੀਆਂ ਦੀ ਥੁੜ ਨਹੀਂ ਸੀ ਹੁੰਦੀ। ਖਾਲੀ ਥਾਵਾਂ ਨਾਲ ਦੀ ਨਾਲ ਭਰ ਦਿੱਤੀਆਂ ਜਾਂਦੀਆਂ। ਵੈਸੇ ਵੀ ਉਦੋਂ ਨੌਕਰੀਆਂ ਲੈਣ ਲਈ ਹੁਣ ਵਾਂਗ ਸੰਬੰਧਿਤ ਮਨਿਸਟਰਾਂ ਅਤੇ ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰਾਂ ਨੂੰ ਨੋਟਾਂ ਦਾ ਚੜ੍ਹਾਵਾ ਨਹੀਂ ਸੀ ਚੜ੍ਹਾਉਣਾ ਪੈਂਦਾ।

ਰੂਸੀ ਸਾਹਿਤ ਜ਼ਿੰਦਗੀ ਦੀ ਜਦੋਜਹਿਦ ਲਈ ਪ੍ਰੇਰਤ ਕਰਦਾ ਸੀ ਅਤੇ ਸਾਹਿਤ ਪੜ੍ਹਨ ਲਈ ਅਕਾਂਖਿਆ ਵੀ। ਉਦਾਹਰਣ ਲਈ ਮੈਂ ਮੈਕਸਿਮ ਗੋਰਕੀ ਦਾ ''ਮਾਂ'' ਨਾਵਲ ਅਤੇ ਉਸ ਦੀ ਜੀਵਨੀ ਨਾਲ ਸੰਬੰਧਿਤ ਪੁਸਤਕਾਂ ''ਮੇਰਾ ਸਕੂਲ'' ''ਮੇਰੇ ਵਿਸ਼ਵਵਿਦਿਆਲੇ'' ਆਦਿ ਪੜ੍ਹੇ ਜਿਨ੍ਹਾਂ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ। ਦੋਹਾਂ ਸੰਸਾਰ ਯੁੱਧਾਂ ਨਾਲ ਜੁੜੇ ਹੋਏ ਰੂਸੀ ਸਾਹਿਤ ਦਾ ਆਪਣਾ ਵਿਲੱਖਣ ਸਥਾਨ ਹੈ, ਜਿਨ੍ਹਾਂ ਵਿਚੋਂ ''ਬਘਿਆੜਾਂ ਦੇ ਵੱਸ'' ਅਤੇ ''ਅਸਲੀ ਮਨੁੱਖ ਦੀ ਵਾਰਤਾ'' ਖ਼ਾਸ ਧਿਆਨ ਖਿੱਚਦੇ ਹਨ। ਸ਼ੋਲੋਖੋਵ ਦੇ ਨਾਵਲ ''ਤੇ ਡਾਨ ਵਹਿੰਦਾ ਰਿਹਾ'' ਦੀਆਂ ਚਾਰੇ ਜਿਲਦਾਂ ਮੈਂ ਵਿਹਲੇ ਪੀਰੀਅਡਾਂ ਵਿਚ ਕਾਲਜ ਦੀ ਲਾਇਬ੍ਰੇਰੀ ਵਿਚ ਬੈਠ ਕੇ ਇਕ ਮਹੀਨੇ ਵਿਚ ਖਤਮ ਕੀਤੀਆਂ।

ਕਾਲਜ ਵਿਚ ਐਨ.ਸੀ.ਸੀ. ਦੀ ਸਿਖਲਾਈ ਦਾ ਬਾਕਾਇਦਾ ਪ੍ਰਬੰਧ ਸੀ। ਹਫਤੇ ਵਿਚ ਦੋ ਵਾਰ ਐਨ.ਸੀ.ਸੀ. ਦੀਆਂ ਫੌਜੀ ਵਰਦੀਆਂ ਅਤੇ ਭਾਰੇ-ਭਾਰੇ ਖਾਕੀ ਬੂਟ ਪਾ ਕੇ, ਪਰੇਡ ਕਰਨ ਵਿਚ ਬੜਾ ਮਜ਼ਾ ਆਉਂਦਾ, ਖ਼ਾਸ ਕਰਕੇ ਫੌਜੀ ਇੰਸਟਰਕਟਰਾਂ ਦੀ ਅਜੀਬ ਕਿਸਮ ਦੀ ਹਿੰਦੀ ਸੁਣ ਕੇ। ਵਾਇਰਲੈਸ ਸੈਟ ਦੀ ਸਿਖਲਾਈ ਲੈਂਦਿਆਂ ਕਈ ਵਾਰ ਕੁੜੀਆਂ ਰੇਡੀਓ 'ਤੇ ਗਾਣੇ ਸੁਣਨ ਲੱਗ ਪੈਂਦੀਆਂ ਜਿਸ ਲਈ ਉਨ੍ਹਾਂ ਨੂੰ ਖੂਬ ਡਾਂਟ ਪੈਂਦੀ।

ਗਿਆਰਵੀਂ ਦੇ ਇਮਤਿਹਾਨ ਦੇ ਕੇ ਪਿੰਡ ਪਹੁੰਚਣ ਦੀ ਕਾਹਲ ਸੀ ਅਤੇ ਮੇਰੀ ਵੱਡੀ ਭਾਬੀ ਪ੍ਰੇਮ ਕੌਰ ਮੈਨੂੰ ਲੈਣ ਆਈ। ਪਿੰਡ ਭਾਵੇਂ ਨੇੜੇ ਸੀ ਪਰ ਬਿਸਤਰੇ ਅਤੇ ਟਰੰਕ ਨਾਲ ਇਕੱਲਿਆਂ ਬੱਸ 'ਤੇ ਜਾਣਾ ਮੁਸ਼ਕਿਲ ਸੀ। ਉਦੋਂ ਨੈਸ਼ਨਲ ਕੰਪਨੀ ਦੀਆਂ ਬੱਸਾਂ ਲੁਧਿਆਣਾ ਤੋਂ ਕੁਰਾਲੀ ਅਤੇ ਰੋਪੜ ਨੂੰ ਜਾਂਦੀਆਂ ਸਨ ਜੋ ਸਾਡੇ ਬੱਸ ਅੱਡੇ ਕੋਟਲਾ ਸ਼ਮਸ਼ਪੁਰ ਵੀ ਰੁਕਦੀਆਂ। ਹੁਣ ਇਹ ਕੰਪਨੀ ਖਤਮ ਹੋ ਗਈ ਹੈ ਅਤੇ ਸਿਰਫ ਮਿੰਨੀ ਬੱਸਾਂ ਰੁਕਦੀਆਂ ਹਨ। ਰੋਡਵੇਜ਼ ਦੀਆਂ ਬੱਸਾਂ ਸਮਰਾਲੇ ਰੁਕਦੀਆਂ ਹਨ ਜਾਂ ਖਮਾਣੋਂ।

ਪਿੰਡ ਆਉਣ ਦਾ ਬਹੁਤ ਚਾਅ ਸੀ। ਇਸ ਦੇ ਦੋ ਕਾਰਨ ਸਨ। ਇਕ ਕਾਰਨ ਸੀ ਤਕਰੀਬਨ ਸਾਲ ਬਾਅਦ ਘਰ ਆ ਕੇ ਰਹਿਣਾ। ਦੂਸਰਾ ਕਾਲਜ ਵਿਚ ਪੜ੍ਹਨ ਅਤੇ ਹੋਸਟਲ ਵਿਚ ਰਹਿਣ ਦੇ ਇਕ ਮਾਣ ਜਿਹੇ ਨੂੰ ਆਪਣੀਆਂ ਹਮ-ਉਮਰ ਸਹੇਲੀਆਂ, ਭੈਣਾਂ ਨਾਲ ਸਾਂਝਾ ਕਰਨਾ, ਕਿਉਂਕਿ ਪਿੰਡ ਵਿਚ ਰਹਿਣ ਵਾਲੀਆਂ ਕੁੜੀਆਂ ਲਈ ਇਹ ਇਕ ਅਹਿਮ ਗੱਲ ਸੀ। ਇਸ ਲਈ ਰਿਕਸ਼ੇ 'ਤੇ ਸਾਮਾਨ ਲੱਦ ਕੇ ਕਾਹਲੀ ਕਾਹਲੀ ਪ੍ਰਾਈਵੇਟ ਬੱਸਾਂ ਦੇ ਅੱਡੇ 'ਤੇ ਭਾਬੀ ਨਾਲ ਪਹੁੰਚੀ, ਜੋ ਉਦੋਂ ਉਚਾ ਪੁੱਲ ਉਤਰ ਕੇ ਘੰਟਾ ਘਰ ਤੋਂ ਪਹਿਲਾਂ ਹੀ ਆ ਜਾਂਦਾ ਸੀ।



ਉਦੋਂ ਪਿੰਡਾਂ ਵਿਚ ਗਰਮੀਆਂ ਦੇ ਮਹੀਨੇ ਬਹੁਤ ਰੌਣਕ ਹੁੰਦੀ ਸੀ। ਇਸ ਦਾ ਕਾਰਨ ਇਹ ਸੀ ਕਿ ਉਦੋਂ ਵਿਆਹ-ਸ਼ਾਦੀਆਂ ਹਾੜੀ ਦੀ ਫਸਲ ਚੁੱਕਣ ਤੋਂ ਬਾਅਦ ਜੇਠ-ਹਾੜ ਦੇ ਮਹੀਨੇ ਹੀ ਕੀਤੇ ਜਾਂਦੇ ਸਨ। ਇਕ ਤਾਂ ਸਾਉਣੀ ਦੀ ਫਸਲ ਬੀਜਣ ਤੋਂ ਪਹਿਲਾਂ ਦਾ ਸਮਾਂ ਵਿਹਲਾ ਹੁੰਦਾ ਸੀ, ਦੂਸਰਾ ਹਾੜੀ ਦੀ ਫਸਲ ਦੇ ਚਾਰ ਪੈਸੇ ਆਏ ਹੁੰਦੇ ਸਨ ਜੋ ਸਾਉਣੀ ਦੀ ਫਸਲ ਨਾਲੋਂ ਵੱਧ ਵੱਟਕ ਦਿੰਦੀ ਸੀ। ਪਿੰਡ ਦੀ ਵਸੋਂ ਦਾ ਰੁਜ਼ਗਾਰ ਖੇਤੀਬਾੜੀ ਨਾਲ ਹੀ ਜੁੜਿਆ ਹੁੰਦਾ ਸੀ ਭਾਵੇਂ ਕੋਈ ਜ਼ਿਮੀਂਦਾਰ ਹੋਵੇ ਜਾਂ ਕਿਸੇ ਹੋਰ ਭਾਈਚਾਰੇ ਦਾ। ਵਿਆਹਾਂ ਵਿਚ ਲਾਊਡ ਸਪੀਕਰ 'ਤੇ ਗਾਣੇ ਵੱਜਣੇ ਅਤੇ ਹੋਰ ਰਸਮੋ-ਰਿਵਾਜ ਵੀ ਮਨਪਰਚਾਵੇ ਦਾ ਸਾਧਨ ਹੁੰਦੇ ਸਨ। ਵੱਡੇ ਪਿੰਡਾਂ ਵਿਚ ਹਰ ਗਰਮੀਆਂ ਵਿਚ ਅੱਠ-ਦੱਸ ਵਿਆਹ ਹੋ ਜਾਣੇ ਆਮ ਗੱਲ ਹੁੰਦੀ ਸੀ। ਵਿਆਹ ਦੀ ਰੌਣਕ ਵਿਆਹ ਤੋਂ ਕਈ ਦਿਨ ਪਹਿਲਾਂ ਨਿੱਕੀਆਂ-ਨਿੱਕੀਆਂ ਰਸਮਾਂ ਨਾਲ ਗੌਣ ਧਰਕੇ ਸ਼ੁਰੂ ਹੋ ਜਾਂਦੀ ਜਿਵੇਂ ਮੌਲੀ ਕੱਤਣਾ ਤੇ ਤਣਨਾ ਅਤੇ ਵਟਣਾ ਲਾਉਣਾ ਆਦਿ। ਮੌਲੀ ਕੱਤਣ ਅਤੇ ਤਣਨ ਦਾ ਕੰਮ ਵੱਡੀਆਂ ਔਰਤਾਂ ਕਰਦੀਆਂ ਅਤੇ ਗੀਤ ਗਾਉਂਦੀਆਂ। ਵਿਆਹ ਤੋਂ ਪੰਜ-ਸੱਤ ਦਿਨ ਪਹਿਲਾਂ ਵੱਟਣਾ ਲਾਉਣ ਦੀ ਰਸਮ ਸ਼ੁਰੂ ਹੋ ਜਾਂਦੀ ਜੋ ਵਾਰੀ ਵਾਰੀ ਸ਼ਰੀਕੇ-ਕਬੀਲੇ ਦੇ ਘਰਾਂ ਵਿਚ ਕੀਤੀ ਜਾਂਦੀ ਜਿਸ ਤੇ ਆਂਢ-ਗੁਆਂਢ ਦੀਆਂ ਕੁੜੀਆਂ-ਔਰਤਾਂ ਇਕੱਠੀਆਂ ਹੋ ਕੇ ਵੱਟਣਾ ਲਾਉਂਦੀਆਂ ਅਤੇ ਗੀਤ ਗਾਉਂਦੀਆਂ। ਵਿਆਹ ਵਿਚ ਮਠਿਆਈ ਤਿਆਰ ਕਰਨ ਅਤੇ ਦਾਲ-ਸਬਜ਼ੀਆਂ ਬਣਾਉਣ ਦਾ ਕੰਮ ਹਲਵਾਈ ਕਰਦੇ ਪਰ ਪੋਲੀਆਂ, ਫੁਲਕੇ ਬਣਾਉਣ ਦਾ ਕੰਮ ਅਤੇ ਮੱਠੀਆਂ ਵੇਲਣ ਦਾ ਕੰਮ ਕੁੜੀਆਂ ਦੇ ਹਿੱਸੇ ਆਉਂਦਾ। ਮੁੰਡੇ ਜਾਂ ਆਦਮੀ ਲੱਡੂ ਵੱਟਣ ਦਾ ਕੰਮ ਕਰਦੇ। ਇਹ ਰਸਮਾਂ ਸਾਦੀਆਂ ਪਰ ਅਰਥ-ਭਰਪੂਰ ਸਨ ਜਿਸ ਵਿਚ ਭਾਈਚਾਰੇ ਦਾ ਸਹਿਯੋਗ ਸ਼ਾਮਲ ਸੀ। ਹੁਣ ਤਾਂ ਲੋਕ ਮੈਰਿਜ-ਪੈਲੇਸਾਂ ਵਿਚ ਵੰਨ-ਸੁਵੰਨਾ ਖਾਣਾ ਖਾਣ ਅਤੇ ਕੰਨ-ਪਾੜ੍ਹਵਾਂ ਸ਼ੋਰ-ਸ਼ਰਾਬੇ ਵਾਲਾ ਸੰਗੀਤ ਸੁਣਨ ਜਾਂਦੇ ਹਨ। ਆਪਣਾ-ਆਪਣਾ ਚੱਕਲਾ-ਵੇਲਣਾ ਲੈ ਕੇ ਪੋਲੀਆਂ (ਮੰਡੇ) ਅਤੇ ਫੁਲਕੇ ਵੇਲਦੀਆਂ ਕੁੜੀਆਂ ਨਾਲ ਨਾਲ ਗੀਤ ਗਾ ਕੇ ਰੌਣਕ ਵਧਾਉਂਦੀਆਂ। ਮੈਨੂੰ ਫੁਲਕੇ ਵੇਲਣ ਜਾਣਾ ਬੜਾ ਚੰਗਾ ਲਗਦਾ ਸੀ ਕਿਉਂਕਿ ਆਪਣੇ ਨਾਲ ਦੀਆਂ ਸਹੇਲੀਆਂ ਨੂੰ ਮਿਲਣ ਦਾ ਮੌਕਾ ਮਿਲਦਾ ਸੀ। ਇਨ੍ਹਾਂ ਛੁੱਟੀਆਂ ਵਿਚ ਮੈਨੂੰ ਮਿਲਣ ਵਾਲੀਆਂ ਔਰਤਾਂ ਨੇ ਲੁਧਿਆਣੇ ਪੜ੍ਹਨ ਲੱਗਣ ਬਾਰੇ ਅਤੇ ਉਥੇ ਰਹਿੰਦੀ ਕਿੱਥੇ ਹਾਂ, ਬਾਰੇ ਹੀ ਸੁਆਲ ਪੁੱਛੇ। ਜਦੋਂ ਮੈਂ ਰਹਿਣ ਬਾਰੇ ਦੱਸਣਾ ਕਿ ''ਹੋਸਟਲ'' ਵਿਚ ਤਾਂ ਸਭ ਨੇ ਹੈਰਾਨ ਜਿਹਾ ਹੋ ਕੇ ਕਹਿਣਾ 'ਹੋਟਲ' ਵਿਚ? ਪਿੰਡ ਵਿਚ ਬਹੁਤੀ ਪੜ੍ਹਾਈ ਲਿਖਾਈ ਨਾ ਹੋਣ ਕਰਕੇ ਲੋਕਾਂ ਨੂੰ ਹੋਟਲ ਤੇ ਹੋਸਟਲ ਦਾ ਫਰਕ ਨਹੀਂ ਸੀ ਪਤਾ ਅਤੇ ਵੈਸੇ ਵੀ ਮੈਂ ਹੋਸਟਲ ਰਹਿ ਕੇ ਪੜ੍ਹਨ ਵਾਲੀ ਪਿੰਡ ਵਿਚੋਂ ਪਹਿਲੀ ਕੁੜੀ ਸੀ। ਮੈਨੂੰ ਇਸ ਦਾ ਫਰਕ ਦੱਸਣ ਲਈ ਕਾਫੀ ਜਦੋਜਹਿਦ ਕਰਨੀ ਪੈਂਦੀ ਕਿਉਂਕਿ ਪਿੰਡਾਂ ਵਿਚ ਉਦੋਂ ਹੋਟਲਾਂ ਵਿਚ ਜਾਣਾ ਜਾਂ ਰਹਿਣਾ ਚੰਗਾ ਨਹੀਂ ਸੀ ਸਮਝਿਆ ਜਾਂਦਾ। ਹੁਣ ਤਾਂ ਇਹ ਆਮ ਜ਼ਿੰਦਗੀ ਦਾ ਹਿੱਸਾ ਹਨ। ਵਿਆਹ ਵਾਲੇ ਘਰ ਇਕੱਠੀਆਂ ਹੋ ਕੇ ਰੋਟੀ ਖਾਣ ਜਾਣਾ, ਦਿਖਾਵਾ ਦੇਖਣ ਜਾਣਾ ਚੰਗਾ ਲਗਦਾ ਹੁੰਦਾ ਸੀ। ਮੁੰਡੇ ਦੇ ਵਿਆਹ ਤੋਂ ਬਾਅਦ ਗੋਤ-ਕਨਾਲੇ ਦੀ ਰਸਮ, ਸ਼ਰੀਕੇ ਦੀਆਂ ਵਹੁਟੀਆਂ ਨੇ ਇਕੱਠੇ ਹੋ ਕੇ ਰੋਟੀ ਅਤੇ ਮਿੱਠੇ ਚੌਲ ਖਾਣੇ ਅਤੇ ਫਿਰ ਕੁੜੀਆਂ-ਕੱਤਰੀਆਂ ਵਲੋਂ ਮਿੱਠੇ ਚੌਲ ਵੰਡਣ ਜਾਣਾ ਵੀ ਇਕ ਵਧੀਆ ਰਸਮ ਹੁੰਦੀ ਸੀ। ਗੋਤ-ਕਨਾਲੇ ਦਾ ਮਤਲਬ ਹੁੰਦਾ ਸੀ ਕਿ ਨਵੀਂ ਵਹੁਟੀ, ਜੋ ਕਿਸੇ ਦੂਸਰੇ ਗੋਤ ਵਿਚੋਂ ਆਈ ਹੈ, ਦਾ ਗੋਤ ਆਪਣੇ ਨਾਲ ਰਲਾਉਣਾ।

ਛੁੱਟੀਆਂ ਦਾ ਦੂਜਾ ਚਾਅ ਨਾਨਕੀਂ ਜਾ ਕੇ ਕੁਝ ਦਿਨ ਆਪਣੇ ਮਾਮਾ ਜੀ ਦੀ ਸੰਗਤ ਵਿਚ ਰਹਿ ਕੇ ਸਿੱਖ ਇਤਿਹਾਸ ਦੀਆਂ ਗੱਲਾਂ ਸੁਣਨ ਦਾ ਅਤੇ ਰਾਜਨੀਤੀ ਬਾਰੇ ਚਰਚਾ ਕਰਨ ਦਾ ਹੁੰਦਾ ਸੀ। ਮੇਰੇ ਨਾਨਕੇ ਭਾਵੇਂ 'ਬੜੇ ਮਕੜੌਨੇ' ਹਨ ਪਰ ਮੇਰੇ ਮਾਮੇ ਨੇ ਆਪਣੇ ਸਾਲੇ ਨੂੰ ਬੇਲੇ-ਬਹਿਰਾਮਪੁਰ ਕੋਲ ਜੱਸੜਾਂ ਪਿੰਡ ਵਿਚ ਜ਼ਮੀਨ ਖਰੀਦ ਕੇ ਦਿੱਤੀ ਸੀ। ਆਪਣਾ ਕੋਈ ਬੱਚਾ ਨਾ ਹੋਣ ਕਰਕੇ ਮਾਮਾ-ਮਾਮੀ ਉਨ੍ਹਾਂ ਦੇ ਨਾਲ ਹੀ ਰਹਿੰਦੇ ਸੀ। ਸਕੂਲ ਪੜ੍ਹਦਿਆਂ ਮੈਂ ਤੇ ਮੇਰਾ ਭਤੀਜਾ ਹਰਦੇਵ ਜਦੋਂ ਜੀਅ ਕਰਦਾ ਸਨਿਚਰਵਾਰ ਨੂੰ ਆਪਣਾ ਆਪਣਾ ਸਾਈਕਲ ਚੁੱਕ ਕੇ ਬਹਿਲੋਲਪੁਰ ਤੋਂ ਸਰਹੰਦ-ਨਹਿਰ ਪੈ ਕੇ, ਜਿਸ ਨੂੰ ਕੱਚੀ ਨਹਿਰ ਵੀ ਕਹਿੰਦੇ ਹਨ, ਚਮਕੌਰ ਸਾਹਿਬ ਜਾ ਨਿਕਲਦੇ ਜਿੱਥੋਂ ਬੇਲੇ ਨੂੰ ਸਿੱਧੀ ਸੜਕ ਜਾਂਦੀ ਹੈ। ਸਾਰੇ ਰਾਹ ਨਹਿਰ ਅਤੇ ਸੜਕ ਦੇ ਕੰਢੇ ਉਗੇ ਖਜੂਰਾਂ ਦੇ ਉਚੇ-ਲੰਮੇ ਦਰਖਤ ਬੜੇ ਸੋਹਣੇ ਲਗਦੇ। ਕਹਿੰਦੇ ਹਨ ਕਿ ਮੁਗ਼ਲ ਫੌਜ ਖਜੂਰਾਂ ਖਾਂਦੀ ਹੁੰਦੀ ਸੀ ਅਤੇ ਦਸਮ ਪਾਤਿਸ਼ਾਹ ਹਜ਼ੂਰ ਨਾਲ ਯੁੱਧ ਕਰਦਿਆਂ ਜਿਥੇ ਜਿਥੇ ਵੀ ਮੁਗਲ ਫੌਜ ਨੇ ਡੇਰੇ ਲਾਏ, ਉਥੇ ਉਥੇ ਖੰਜੂਰ ਦੇ ਦਰਖਤ ਉਗ ਆਏ। ਸਾਈਕਲ ਚਲਾਉਂਦਿਆਂ ਮਨ ਵਿਚ ਗੁਰੂ ਸਾਹਿਬ ਦੇ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਵਿਚ ਬੈਠੇ ਮੁਗਲ ਫੌਜਾਂ ਦਾ ਮੁਕਾਬਲਾ ਕਰਨ ਦੇ ਦ੍ਰਿਸ਼ ਚਿਤਵਦੇ ਰਹਿਣਾ। ਉਦੋਂ ਗੜ੍ਹੀ ਦੀ ਕਾਰ-ਸੇਵਾ ਕਰਕੇ ਬਹੁਤੀ ਢਾਹ-ਭੰਨ ਹਾਲੇ ਨਹੀਂ ਸੀ ਹੋਈ। ਕਤਲਗੜ੍ਹ ਗੁਰਦੁਆਰੇ ਦੀ ਛੱਤ 'ਤੇ ਚੜ੍ਹ ਕੇ ਚਾਰ-ਚੁਫੇਰਾ ਦੇਖਣਾ ਅਤੇ ਯੁੱਧ ਨੂੰ ਚਿਤਵਣਾ ਚੰਗਾ ਲਗਦਾ ਸੀ। ਕਹਿੰਦੇ ਹੁੰਦੇ ਸੀ ਕਿ ਕਤਲਗੜ੍ਹ ਗੁਰਦੁਆਰਾ ਮੱਕੇ ਦੇ ਨਮੂਨੇ 'ਤੇ ਬਣਿਆ ਹੋਇਆ ਸੀ। ਹੁਣ ਤਾਂ ਕਾਰ ਸੇਵਾ ਵਾਲੇ ਬਾਬਿਆਂ ਨੇ ਸਾਰੇ ਗੁਰਦੁਆਰਿਆਂ ਦਾ ਢਾਂਚਾ ਇਕੋ ਜਿਹਾ ਘੜ ਦਿੱਤਾ ਹੈ। ਧੰਨ ਹਨ ਗੁਰੂ ਦੇ ਇਹ ਸਿੱਖ ਕਾਰ ਸੇਵਾ ਵਾਲੇ ਬਾਬੇ ਜਿਹੜੇ ਸਾਰੀਆਂ ਪੁਰਾਣੀਆਂ ਨਿਸ਼ਾਨੀਆਂ ਤੇ ਹੂੰਝਾ ਫੇਰੀ ਜਾ ਰਹੇ ਹਨ।

# ਘਰ ਫੂਕ ਤਮਾਸ਼ਾ ਵੇਖਣ ਵਾਲੇ

**ਬਲਜੀਤ ਬਾਸੀ**

ਲੰਘੀ 20 ਮਈ ਨੂੰ ਪੰਜਾਬ ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਦੇ ਆਡੀਟੋਰੀਅਮ ਵਿਚ ਭਾਸ਼ਾ ਵਿਭਾਗ ਦਾ ਇਸ ਸਾਲ ਦਾ ਇਨਾਮ ਵੰਡ ਸਮਾਗਮ ਹੋਇਆ। ਇਸ ਵਿਚ ਰਘਬੀਰ ਸਿੰਘ ਸਿਰਜਣਾ ਨੂੰ ਇਸ ਸਾਲ ਦਾ ਸ਼੍ਰੋਮਣੀ ਸਾਹਿਤਕ ਪੱਤਰਕਾਰ ਦਾ ਇਨਾਮ ਮਿਲਿਆ। ਇਸ ਨਾਲ ਉਹ ਇਕ ਗੋਲਡ ਮੈਡਲ ਤੇ ਢਾਈ ਲੱਖ ਰੁਪਈਆ ਲੈ ਕੇ ਅਮੀਰ ਹੋਏ ਪਰ ਉਨ੍ਹਾਂ ਜ਼ਿੰਦਗੀ ਵਿਚ ਸ਼ਾਇਦ ਕਦੇ ਪੁੰਨ ਦਾਨ ਨਹੀਂ ਕੀਤਾ, ਇਸ ਲਈ ਬੁਰੀ ਨਜ਼ਰ ਤੋਂ ਨਹੀਂ ਬਚ ਸਕੇ।

ਹੋਇਆ ਇਸ ਤਰਾਂ ਕਿ 22 ਮਈ ਨੂੰ ਦੁਪਹਿਰ ਦੇ ਬਾਰਾਂ ਕੁ ਵਜੇ (ਸਰਦਾਰਾਂ ਦੇ ਬਾਰਾਂ ਵਜੇ ਵਾਲੀ ਗੱਲ ਵੱਲ ਕੋਈ ਸੰਕੇਤ ਨਹੀਂ) ਉਹ ਖੁਸ਼ਹਾਲੀ ਦੇ ਰਉਂ ਵਿਚ ਚੰਡੀਗੜ੍ਹ ਦੇ 22 ਸੈਕਟਰ ਵਿਚ ਜਾ ਕੇ ਆਪਣੀ ਪਤਨੀ ਨੂੰ ਖੁਸ਼ ਕਰਨ ਲਈ ਬਜਾਜੀ ਦੀ ਦੁਕਾਨ ਤੋਂ ਸੂਟ ਪੜਵਾਉਣ ਲੱਗ ਪਏ। ਬਾਅਦ ਵਿਚ ਲੂਣ, ਤੇਲ ਤੇ ਲੱਕੜੀਆਂ ਯਾਨਿ ਗਰੌਸਰੀ ਕਰਨ ਪਿੱਛੋਂ 43 ਸੈਕਟਰ ਵਿਚ ਲਗਦੀ ਸਬਜ਼ੀ ਮਾਰਕਿਟ ਤੋਂ ਸਸਤੀ ਤੇ ਤਾਜ਼ੀ ਸਬਜ਼ੀ ਖਰੀਦਣ ਚਲੇ ਗਏ। ਉਹ ਸਬਜ਼ੀ ਦੀ ਚੋਣ ਕਰ ਰਹੇ ਸਨ ਕਿ ਗੁਆਂਢੀਆਂ ਵਲੋਂ ਸੈਲ ਫੋਨ ਖੜਕਿਆ ਕਿ ਉਨ੍ਹਾਂ ਦੇ ਘਰ ਦੇ ਬਾਰ ਤੇ ਖਿੜਕੀਆਂ ਚੁਪੱਟ ਖੁਲ੍ਹੇ ਹਨ, ਕੋਈ ਭਾਣਾ ਵਰਤ ਗਿਆ ਹੈ। ਰਘਬੀਰ ਸਿੰਘ ਹੁਰੀਂ ਘਬਰਾਏ ਹੋਏ ਉਨ੍ਹੀਂ ਪੈਰੀਂ ਘਰ ਪਰਤ ਆਏ। ਉਨ੍ਹਾਂ ਦੀ ਮਾਰੂਤੀ ਪਿਛਲੇ ਸਾਲ ਚੋਰੀ ਹੋ ਗਈ ਸੀ। ਘਰ ਜਾ ਕੇ ਦੇਖਿਆ, ਸਾਮਾਨ ਦੀ ਚੱਕ ਥੱਲ ਕੀਤੀ ਪਈ ਸੀ; ਬਿਸਤਰੇ ਖੂਬ ਫਰੋਲੇ ਪਏ ਸਨ। ਚੋਰਾਂ ਨੇ ਸਮਝਿਆ ਹੋਣਾ ਕਿ ਡਾਕਟਰ ਸਾਹਿਬ ਢਾਈ ਲੱਖ ਰੁਪਏ ਦੇ ਨੋਟ ਬਿਸਤਰੇ ਹੇਠਾਂ ਵਿਛਾ ਕੇ ਉਪਰ ਸੌਂਦੇ ਹੋਣਗੇ ਪਰ ਜੋ ਅਸਲ ਵਿਚ ਚੋਰੀ ਹੋਇਆ ਉਹ ਸੀ ਦੋ ਘੜੀਆਂ, ਕੁਝ ਬਨਾਉਟੀ ਚਾਂਦੀ ਦੇ ਗਹਿਣੇ ਤੇ ਸੋਨੇ ਦੀ ਝਾਲ ਫਿਰਿਆ ਮੈਡਲ। ਉਨ੍ਹਾਂ ਸ਼ੁਕਰ ਕੀਤਾ ਕਿ ਚਲੋ ਬਚਾ ਹੋ ਗਿਆ, ਬਹੁਤਾ ਹਰਜਾ ਨਹੀਂ ਹੋਇਆ। ਬਹੁਤੇ ਝੰਜਟ 'ਚ ਪੈਣ ਦੇ ਡਰੋਂ ਉਨ੍ਹਾਂ ਪੁਲਿਸ ਕੋਲ ਐਫ. ਆਈ. ਆਰ. ਵੀ ਦਰਜ ਨਾ ਕਰਾਈ, ਬੱਸ ਡੀ. ਡੀ. ਆਰ. ਨਾਲ ਹੀ ਗੁਜ਼ਾਰਾ ਕਰ ਲਿਆ। ਪਰ ਜਦ ਘਰ ਆ ਕੇ ਹੋਰ ਫੋਲਾ ਫਾਲੀ ਕੀਤੀ ਤਾਂ ਪਤਾ ਲੱਗਾ ਕਿ ਉਨ੍ਹਾਂ ਦਾ ਨਵਾਂ ਖਰੀਦਿਆ ਲੈਪਟੌਪ ਵੀ ਚੋਰੀ ਹੋ ਚੁੱਕਾ ਸੀ। ਖੈਰ! ਫਿਰ ਵੀ ਉਨ੍ਹਾਂ ਸੀ ਨਾ ਕੀਤੀ ਪਰ ਅਗਲੀ ਗੱਲ ਇਹ ਹੋਈ ਕਿ ਪ੍ਰੈਸ, ਜਿਸ ਨੇ ਪਹਿਲਾਂ ਇਨਾਮ ਦੀ ਖਬਰ ਏਨੀ ਚੁੱਕ ਕੇ ਨਹੀਂ ਸੀ ਪ੍ਰਕਾਸ਼ਤ ਕੀਤੀ, ਚੋਰੀ ਦੀ ਖਬਰ ਨਾਲ ਬਹੁਤ ਉਤੇਜਿਤ ਹੋ ਉਠੀ। ਰਾਸ਼ਟਰੀ ਅਖਬਾਰਾਂ ਤੇ ਟੀ.ਵੀ. ਚੈਨਲਾਂ ਦੇ ਪੱਤਰਕਾਰਾਂ ਦਾ ਉਨ੍ਹਾਂ ਦੇ ਘਰ ਤਾਂਤਾ ਲੱਗਾ ਰਿਹਾ। ਚੋਰੀ ਦੀ ਖਬਰ ਖੂਬ ਉਛਾਲੀ ਗਈ ਤੇ ਉਨ੍ਹਾਂ ਦੀਆਂ ਮੂਰਤਾਂ ਛਪੀਆਂ।

ਰਘਬੀਰ ਸਿੰਘ ਹੁਰੀਂ ਅੰਦਰੋਂ ਖੁਸ਼ ਸਨ ਕਿ ਜੇ ਏਨੀ ਕੁ ਚੋਰੀ ਨਾਲ ਏਨੀ ਪਬਲਿਸਿਟੀ ਮਿਲਦੀ ਹੈ ਤਾਂ ਕੋਈ ਘਾਟੇ ਵਾਲਾ ਸੌਦਾ ਨਹੀਂ, ਸਮੇਂ ਸਮੇਂ ਤੇ ਇਹ ਭਾਣਾ ਵਰਤ ਜਾਣਾ ਚਾਹੀਦਾ ਹੈ। ਲੋਕ ਪਬਲੀਸਿਟੀ ਕਰਵਾਉਣ ਲਈ ਕਿੰਨੇ ਪੈਸੇ ਲੁਟਾ ਦਿੰਦੇ ਹਨ, ਇਹ ਤੇ ਕੁਝ ਵੀ ਨਹੀਂ।

## ਤੁਹਾਡੀ ਰਾਇ

# ਪਹਿਲਾਂ ਤੋਲੀਏ, ਫਿਰ ਬੋਲੀਏ ਹੀ ਨਹੀਂ
# ਪਹਿਲਾਂ ਸਿੱਖੀਏ, ਫਿਰ ਲਿਖੀਏ

ਸਤਿੰਦਰ ਸਰਤਾਜ ਬਾਰੇ ਲਿਖੇ ਦੋ ਲੇਖ 'ਪੰਜਾਬ ਟਾਈਮਜ਼' ਵਿਚ ਪੜ੍ਹਨ ਨੂੰ ਮਿਲੇ। ਇਨ੍ਹਾਂ ਦਾ ਹੋਰ ਕੋਈ ਫਾਇਦਾ ਹੋਵੇ ਨਾ ਹੋਵੇ ਪਰ ਸਤਿੰਦਰ ਨੂੰ ਬੇਲੋੜੀ ਮਸ਼ਹੂਰੀ ਜ਼ਰੂਰ ਮਿਲ ਗਈ ਕਿਉਂਕਿ ਆਲੋਚਨਾ ਵਿਅਕਤੀ ਵਿਸ਼ੇਸ਼ ਦਾ ਭਾਵੇਂ ਚੰਗਾ ਪੱਖ ਉਜਾਗਰ ਕਰਨ ਲਈ ਕੀਤੀ ਗਈ ਹੋਵੇ, ਭਾਵੇਂ ਮਾੜਾ ਪਰ ਇਹ ਬੰਦੇ ਨੂੰ ਆਮ ਤੋਂ ਖਾਸ ਜ਼ਰੂਰ ਬਣਾ ਦਿੰਦੀ ਹੈ।

ਬੀਤੇ ਦਸੰਬਰ ਵਿਚ ਅਸੀਂ ਹਿਊਸਟਨ, ਟੈਕਸਸ ਤੋਂ ਕੈਲੀਫੋਰਨੀਆ ਗਏ। ਸਟਾਕਟਨ ਅਸੀਂ ਜਿਨ੍ਹਾਂ ਵੱਲ ਠਹਿਰੇ, ਸਾਨੂੰ ਵੇਖ ਕੇ ਉਨ੍ਹਾਂ ਖਾਸਾ ਉਤਸ਼ਾਹ ਪ੍ਰਗਟ ਕੀਤਾ। ਰਾਤ ਦੇ ਗਿਆਰਾਂ ਵਜੇ ਪਰਿਵਾਰ ਦੇ ਇਕ ਮੈਂਬਰ ਨੇ ਸਾਨੂੰ ਕੋਈ ਨਾਯਾਬ ਚੀਜ਼ ਆਪਣੇ ਲੈਪਟੌਪ 'ਤੇ ਦਿਖਾਉਣ ਦੀ ਤਾਕੀਦ ਕੀਤੀ। ਅਸੀਂ ਮਨ੍ਹਾਂ ਕੀਤਾ ਕਿਉਂਕਿ ਸਾਨੂੰ ਥਕੇਵਾਂ ਬਹੁਤ ਸੀ ਪਰ ਬੰਦਾ ਅੜਿਆ ਰਿਹਾ। ਅਸੀਂ ਹਾਰ ਗਏ। ਅਸਲ ਵਿਚ ਮੇਜ਼ਬਾਨ ਨੇ ਸਾਨੂੰ ਸਤਿੰਦਰ ਸਰਤਾਜ ਵਰਗਾ ਕਲਾਕਾਰ ਦਰਸਾਉਣਾ ਸੀ ਕਿਉਂਕਿ ਬਦਕਿਸਮਤੀ ਨਾਲ ਹੁਣ ਤਕ ਅਸੀਂ ਉਸਦੇ ਅੰਦਰੂਨੀ ਅਤੇ ਬਾਹਰੀ ਸੁਹੱਪਣ ਨਾਲ ਮੁਠਭੇੜ ਤੋਂ ਵਾਂਝੇ ਸਾਂ। ਸਚੂ ਵਾਲੀ ਗੱਲ ਹੈ ਕਿ ਸਾਡਾ ਉਸ ਬੰਦੇ ਦੇ ਦਰਸ਼ਨ ਦੀਦਾਰ ਕਰਦਿਆਂ ਹੀ ਹਾਸਾ ਨਿਕਲ ਗਿਆ ਪਰ ਕਿਉਂਕਿ ਸਾਹਮਣੇ ਉਸਦਾ ਇਕ ਗੰਭੀਰ ਸਰੋਤਾ ਬੈਠਾ ਸੀ ਤੇ ਜਿਨ੍ਹਾਂ ਗੀਤਾਂ ਨੂੰ ਉਹ ਵਜ਼ਨਦਾਰ ਭਾਸ਼ਾ ਵਿਚ ਸਲਾਹ ਰਿਹਾ ਸੀ, ਉਸ ਉਤੇ ਅਸੀਂ ਖੁੱਲ੍ਹ ਕੇ ਹੱਸ ਵੀ ਨਹੀਂ ਸੀ ਸਕਦੇ।

ਸਾਡੇ ਮੇਜ਼ਬਾਨ ਦਾ ਕਹਿਣਾ ਸੀ ਕਿ ਉਸ ਲਈ ਟਰੱਕ ਚਲਾਉਣਾ ਔਖਾ ਹੋ ਜਾਂਦਾ ਹੈ ਕਿਉਂਕਿ ਸਤਿੰਦਰ ਦੇ ਗੀਤ ਸੁਣ ਕੇ ਉਸਦਾ ਰੋਣਾ ਬੰਦ ਹੋਵੇ ਤਾਂ ਟਰੱਕ ਚੱਲੇ। ਉਹ ਸਾਨੂੰ ਉਸਦੀ ਸੀ. ਡੀ. ਲੈਣ ਲਈ ਕਹਿ ਰਿਹਾ ਸੀ ਪਰ ਜਿਵੇਂ ਚੌਲਾਂ ਦੇ ਇਕ ਦਾਣੇ ਨੂੰ ਟੋਹ ਕੇ ਪਤਾ ਲੱਗ ਜਾਂਦਾ ਹੈ ਕਿ ਸਾਰੇ ਚੌਲ ਪੱਕੇ ਨੇ ਕਿ ਨਹੀਂ। ਸਾਨੂੰ ਸਮਝ ਨਹੀਂ ਸੀ ਆ ਰਿਹਾ ਕਿ ਹਾਸਾ ਸਾਨੂੰ ਉਸਦੇ ਵੇਸ ਤੋਂ ਆ ਰਿਹਾ ਹੈ, ਉਸਦੇ ਧੱਕੇ ਨਾਲ ਸੂਫੀ ਅਖਵਾਉਂਦੇ ਗੀਤਾਂ 'ਤੇ ਜਾਂ ਮੇਜ਼ਬਾਨ ਦੇ ਸੰਜੀਦਗੀ ਭਰਪੂਰ ਹਾਵਾਂ-ਭਾਵਾਂ 'ਤੇ ਜਿਹੜਾ ਸਾਨੂੰ ਫਾਹੇ ਲਾਈ ਬੈਠਾ ਸੀ।

ਹਨੀ ਜੀ ਨੇ ਕਿਹਾ ਹੈ ਕਿ 'ਪਹਿਲਾਂ ਤੋਲੀਏ ਫਿਰ ਬੋਲੀਏ', ਸ਼ਾਇਦ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਅਖਾਣ 'ਪਹਿਲਾਂ ਸਿੱਖੀਏ, ਫੇਰ ਲਿਖੀਏ' ਵੀ ਹੋਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਦੇ ਨਾਂ ਤੋਂ ਤਾਂ ਇਹ ਵੀ ਨਹੀਂ ਪਤਾ ਲੱਗਦਾ ਕਿ ਉਨ੍ਹਾਂ ਨੂੰ ਭੈਣ ਜੀ ਕਹਿ ਕੇ ਸੰਬੋਧਨ ਕੀਤਾ ਜਾਵੇ ਜਾਂ ਭਾਜੀ।

ਨਾ ਤੇ ਸੁਰਿੰਦਰ ਸੋਹਲ ਅਤੇ ਗੁਰਮੁਖ ਸਿੰਘ ਭੁੱਲਰ ਮੇਰੇ ਸਕੇ ਨੇ ਤੇ ਨਾ ਹੀ ਹਨੀ ਜੀ ਮੇਰੇ ਦੁਸ਼ਮਣ, ਮੈਂ ਤਾਂ ਕਿਸੇ ਨੂੰ ਵੀ ਵਿਅਕਤੀਗਤ ਤੌਰ 'ਤੇ ਨਹੀਂ ਜਾਣਦੀ ਪਰ ਜੇ ਨਿਰਪੱਖ ਹੋ ਕੇ 24 ਅਪਰੈਲ ਦੇ ਪੰਜਾਬ ਟਾਈਮਜ਼ ਵਿਚ ਛਪਿਆ ਲੇਖ ਪੜ੍ਹੀਏ ਤਾਂ ਲੇਖਕ ਨਿਰ੍ਹਾ ਤੋਲਦੇ ਅਤੇ ਬੋਲਦੇ ਹੀ ਨਜ਼ਰ ਨਹੀਂ ਆਉਂਦੇ ਬਲਕਿ ਦੂਰਦ੍ਰਿਸ਼ਟੀ ਪਿੱਟਦੇ ਜਾਪਦੇ ਹਨ ਕਿ ਬੇਤੁਕੀਆਂ ਮਾਰਨ ਵਾਲੇ ਗਾਇਕਾਂ ਦੇ ਸ਼ੈਦਾਈ ਬਣਨ ਤੋਂ ਪਹਿਲਾਂ ਜ਼ਰਾ ਕੁਝ ਸੋਚੋ ਤੇ ਸਮਝੋ। ਸ਼ਾਇਦ ਉਹ ਉਨ੍ਹਾਂ ਸਰੋਤਿਆਂ ਨੂੰ ਬੁਰੇ ਲੱਗਦੇ ਹੋਣ ਜਿਹੜੇ ਬੇਤੁਕੀ ਸ਼ਾਇਰੀ ਅਤੇ ਬੇਤੁਕੇ ਗੀਤਾਂ 'ਤੇ ਲੱਕ ਮਟਕਾਉਂਦੇ, ਤਾੜੀਆਂ ਮਾਰਦੇ ਅਤੇ ਲੁੱਡੀਆਂ-ਭੁੰਗਰ ਪਾਉਂਦੇ ਨੇ। ਉਨ੍ਹਾਂ ਨੇ ਅਸਲ ਵਿਚ ਕਿਸੇ ਵਿਅਕਤੀ ਵਿਸ਼ੇਸ਼ ਦੀ ਗੱਲ ਨਹੀਂ ਕੀਤੀ। ਧਿਆਨ ਨਾਲ ਵੇਖੋ, ਜਦੋਂ ਉਨ੍ਹਾਂ ਜੈਜ਼ੀ ਬੀ ਅਤੇ ਤੂਤਕ ਤੂਤਕ ਤੂਤੀਆਂ ਦਾ ਜ਼ਿਕਰ ਕੀਤਾ ਹੈ ਤਾਂ ਹਨੀ ਜੀ ਨੂੰ ਬੁਰਾ ਨਹੀਂ ਲੱਗਾ। ਸੁਰਿੰਦਰ ਸੋਹਲ ਅਤੇ ਉਸ ਨਾਲ ਹੋਰ ਲੇਖਕਾਂ ਨੇ ਜੋ ਵੀ ਲਿਖਿਆ ਹੈ, ਉਦਾਹਰਨਾਂ ਸਮੇਤ ਲਿਖਿਆ ਹੈ ਅਤੇ ਆਪਣੀ ਕਲਮ ਦੀ ਪਰਪੱਕਤਾ ਨੂੰ ਕਾਇਮ ਰੱਖਦਿਆਂ ਹੋਇਆਂ ਲਿਖਿਆ ਹੈ। ਆਮ ਲੋਕਾਂ ਦੀ ਸਿਮਰਤੀ 'ਤੇ ਸਵਾਰ ਹੋਏ ਕਲਾਕਾਰ ਦੀ ਲੋਕ ਝੱਟ ਨਕਲ ਕਰਨ ਲੱਗਦੇ ਹਨ। ਇਸੇ ਕਰਕੇ ਸਿੱਖਾਂ ਦੇ ਮੁੰਡਿਆਂ ਵਿਚੋਂ ਕਈਆਂ ਨੇ ਆਪਣੀ ਸ਼ਕਲ ਜੈਜ਼ੀ ਬੀ ਵਰਗੀ ਬਣਾ ਲਈ ਹੈ ਅਤੇ ਕਈਆਂ ਦੇ ਸਿਰਾਂ ਤੋਂ ਪੱਗਾਂ ਤੇ ਹੱਥਾਂ 'ਚੋਂ ਕੜੇ ਲਹਿ ਗਏ ਹਨ ਤੇ ਥਾਂ ਲੈ ਲਈ ਹੈ ਵਾਲਾਂ ਨੂੰ ਸ਼ਿਆਰਨ ਵਾਲੀਆਂ ਜੈਲਾਂ ਨੇ, ਕੜਿਆਂ ਦੀ ਥਾਂ ਮੌਲੀਆਂ ਨੇ ਤੇ ਨਾਂਵਾਂ ਮਗਰ ਸਿੰਘ ਗਾਇਬ ਹੋ ਗਿਆ ਹੈ।

ਵੈਸੇ ਜਿਸ ਗੀਤ ਵਿਚ ਸਤਿੰਦਰ ਨੇ ਯਾਮਾ ਚਲਾ ਕੇ ਵਿਦਿਆਰਥੀਆਂ ਦੀ ਆਰਥਿਕ ਮੰਦਹਾਲੀ ਦਾ ਜ਼ਿਕਰ ਕੀਤਾ ਹੈ, ਮੈਨੂੰ ਉਸ ਵਿਚ ਕੋਈ ਮਾੜੀ ਗੱਲ ਨਹੀਂ ਲੱਗੀ ਕਿਉਂਕਿ ਜਿਨ੍ਹਾਂ ਸੂਫੀ ਕਵੀਆਂ ਦਾ ਪ੍ਰਭਾਵ ਉਨ੍ਹਾਂ 'ਤੇ ਲੱਗ ਰਿਹਾ ਹੈ, ਉਨ੍ਹਾਂ ਦੇ ਜ਼ਮਾਨੇ 'ਚ ਯਾਮਾ ਨਹੀਂ ਸੀ ਤੇ ਫੇਰ ਉਹ ਕਿਸ 'ਤੇ ਲਿਖਦੇ? ਤਾਂ ਹੀ ਤੇ ਬੁੱਲ੍ਹੇ ਸ਼ਾਹ ਹੁਰਾਂ ਨੇ ਕੁੱਤਿਆਂ ਦਾ ਜ਼ਿਕਰ ਕੀਤਾ ਹੈ ਕਿ ਬੰਦੇ ਦੇ ਉਤੋਂ ਦੀ ਬਾਜ਼ੀ ਮਾਰ ਗਏ ਨੇ। ਘੱਟ ਜਮਾਤਾਂ ਪੜ੍ਹੀ ਹੋਣ ਕਰਕੇ ਇਹ ਤਾਂ ਮੈਨੂੰ ਸਮਝ ਆ ਗਿਆ ਪਰ 'ਹੋਰ ਦੱਸ ਕੀ ਭਾਲਦੀ' ਦੀ ਸਾਹਿਤਕ ਡੂੰਘਾਈ ਨਹੀਂ ਪਤਾ ਲੱਗੀ ਕਿਉਂਕਿ ਆਰਥਿਕ ਮੰਦਹਾਲੀ ਦਾ ਸੰਬੰਧ ਸਿੱਧਾ ਤ੍ਰਾਸਦੀ ਨਾਲ ਹੈ ਤੇ ਤ੍ਰਾਸਦੀ 'ਤੇ ਭੰਗੜੇ ਨਹੀਂ ਪੈਂਦੇ, ਨਾ ਹੀ ਤਾੜੀਆਂ ਵੱਜਦੀਆਂ ਨੇ। ਮੈਂ ਅਰਦਾਸ ਕਰਦੀ ਹਾਂ ਕਿ ਕੋਈ



ਸਤਿੰਦਰ ਸਰਤਾਜ

ਖ਼ਬਰਾਂ ਪੜ੍ਹਨ ਵਾਲਾ ਸਤਿੰਦਰ ਦਾ ਫੈਨ ਹੋਵੇ ਅਤੇ ਉਹ ਖਬਰ ਕੁਝ ਇਸ ਤਰ੍ਹਾਂ ਪੜ੍ਹੇ, "ਕਰਜ਼ੇ ਤੋਂ ਤੰਗ ਆ ਕੇ ਪੰਜਾਬ ਦੇ ਇਕ ਹੋਰ ਗਰੀਬ ਕਿਸਾਨ ਨੇ ਜ਼ਹਿਰ ਖਾ ਕੇ ਖੁਦਕੁਸ਼ੀ ਕੀਤੀ, ਹੋਰ ਦੱਸ ਕੀ ਭਾਲਦੀ" ਤੇ ਜਾਂ "ਬੇਮੌਸਮੀ ਗੜੇ ਪੈਣ 'ਤੇ ਖੜੀ ਫਸਲ ਤਬਾਹ, ਹੋਰ ਦੱਸ ਕੀ ਭਾਲਦੀ?" ਵਿਦਿਆਰਥੀ ਅਸੀਂ ਵੀ ਸੀ ਤੇ ਅੱਜ ਜਦੋਂ ਅਸੀਂ ਆਪਣੇ ਬੱਚਿਆਂ ਦੇ ਮੂੰਹਾਂ ਵਿਚ ਚਾਂਦੀ ਦੇ ਚਮਚਿਆਂ ਦੀ ਤੁਲਨਾ ਆਪਣੇ ਵਿਦਿਆਰਥੀ ਜੀਵਨ ਦੇ ਖੱਦਰ ਦੇ ਲੀੜਿਆਂ ਨਾਲ ਕਰੀਏ ਤਾਂ ਦਿਲ ਰੁਮਾਂਚਿਤ ਨਹੀਂ ਹੁੰਦਾ। ਸ਼ਾਇਦ ਇਹ ਸਤਿੰਦਰ ਵਲੋਂ ਈਜਾਦ ਕੀਤਾ ਗਿਆ 'ਟਰਾਂਸਪੋਰਟ ਕਾਵਿ' ਹੈ ਕਿ ਜੇ ਕਿਸੇ ਆਪਣੇ ਟਰੱਕ ਨੂੰ ਜੀ. ਟੀ. ਰੋਡ 'ਤੇ ਕੱਢਿਆ ਤੇ ਇਨ੍ਹਾਂ ਯਾਮੇ ਨੂੰ ਕਿੱਕ ਮਾਰ ਲਈ।

ਹੁਣ ਗੱਲ ਆਉਂਦੀ ਹੈ ਕਿ ਜਨਾਬ ਸਤਿੰਦਰ ਸਰਤਾਜ ਆਪਣੇ ਆਪ ਨੂੰ ਸੂਫੀ ਨਹੀਂ ਅਖਵਾਉਂਦਾ। ਲੋਕਾਂ ਨੇ ਇਹ ਮੋਹਰ ਉਨ੍ਹਾਂ 'ਤੇ ਲਾਈ ਹੈ। ਜੇ ਇਹੀ ਗੱਲ ਹੈ ਤਾਂ ਸਤਿੰਦਰ ਲੋਕਾਂ ਦੇ ਮਨਾਂ ਵਿਚੋਂ ਇਹ ਭੁਲੇਖਾ ਕੱਢੇ। ਕੱਲ ਨੂੰ ਕੋਈ ਪ੍ਰੋਮੋਟਰ ਉਸ ਨੂੰ ਰੈਪ ਸਿੰਗਰ ਦੱਸੇਗਾ ਤਾਂ ਉਦੋਂ ਭਲਾ ਉਹ ਚੁੱਪ ਰਹੇਗਾ? ਯਾਮੇ ਵਾਲਾ ਗੀਤ ਤਾਂ ਉਸ ਨੂੰ ਲੈ ਕੇ ਵੀ ਉਧਰ ਹੀ ਜਾ ਰਿਹਾ। ਸੂਫੀ ਬਾਬੇ ਤੇ ਫੱਕਰ ਸਨ, ਜਿਨ੍ਹਾਂ ਨੇ ਆਪਣੀ ਵੇਸ਼ਭੂਸ਼ਾ ਤੇ ਉਸਦੇ ਸੁਹੱਪਣ ਨਾਲ ਕੁਝ ਲੈਣਾ-ਦੇਣਾ ਨਹੀਂ ਸੀ। ਪਰ ਸਤਿੰਦਰ ਨੇ ਸਿੱਖਾਂ ਦੀ ਪੱਗ 'ਤੇ ਗਹਿਣਾ ਪਾ ਕੇ ਤੇ ਜੈਲ ਲਾ ਪਿਛੋਂ ਬੂਦਰੀਆਂ ਖਿਲਾਰ ਕੇ ਪਤਾ ਨਹੀਂ ਕਿਹੜਾ ਇਮੇਜ ਸਿਰਜਣ ਦੀ ਕੋਸ਼ਿਸ਼ ਕੀਤੀ ਹੈ? ਸ਼ੁਕਰੀਆ ਹਨੀ ਜੀ ਦਾ ਜੋ ਸਰਤਾਜ ਦੇ ਵਾਲ ਖੋਲ੍ਹਣ 'ਤੇ ਹੋਏ ਇਤਰਾਜ਼ 'ਤੇ ਸਹਿਮਤ ਹਨ ਪਰ ਉਨ੍ਹਾਂ ਸੂਫੀ ਕਾਵਿ ਦੇ ਮੁਰੀਦ ਦੇ ਮੂੰਹ 'ਤੇ ਚੱਲੇ ਉਸਤਰੇ ਬਾਰੇ ਆਪਣੇ ਸ਼ੁਭ ਵਿਚਾਰ ਨਹੀਂ ਪ੍ਰਗਟ ਕੀਤੇ।

ਮੇਰੇ ਵਿਚਾਰ ਵਿਚ ਜਦੋਂ ਕਲਾਕਾਰ ਆਪਣੀ ਕਲਾ ਨੂੰ ਇਕ ਜਨੂੰਨ ਦੀ ਹੱਦ ਤੱਕ ਲੈ ਜਾਂਦਾ ਹੈ, ਉਹ ਇਸਦੀ ਖੁਮਾਰੀ ਹੇਠ ਆਪਣੇ ਆਪ ਨੂੰ ਭੁੱਲ ਜਾਂਦਾ ਹੈ ਪਰ ਸਤਿਕਾਰਯੋਗ ਜਨਾਬ ਸਤਿੰਦਰ ਨੂੰ ਪਤਾ ਹੈ ਕਿ ਕਲਾ ਦਾ ਬਾਜ਼ਾਰੀਕਰਨ ਕਿੰਦਾਂ ਕਰਨਾ ਹੈ? ਜਾਂ ਇਉਂ ਕਹਿ ਲਵੋ ਕਿ ਉਹ ਉਨ੍ਹਾਂ ਪ੍ਰੋਮੋਟਰਾਂ ਦੇ ਹੱਥਾਂ ਵਿਚ ਖੇਡ ਰਹੇ ਹਨ ਜਿਹੜੇ ਸਰਤਾਜ ਨੂੰ ਸਿਰਫ ਇਕ ਵਸਤੂ ਬਣਾ ਕੇ ਵੇਚ ਰਹੇ ਹਨ। ਜਿਸ ਤਰ੍ਹਾਂ ਸੰਤ ਸਮਾਜੀ ਆਪਣੇ ਮੱਤ ਨੂੰ ਸਿੱਖ ਧਰਮ ਤੋਂ ਵੱਖਰਾ ਸਾਬਤ ਕਰਨ ਲਈ ਆਪਣੇ ਭਗਤਾਂ ਨੂੰ ਵੀ ਬਾਕੀਆਂ ਨਾਲੋਂ ਵੱਖਰਾ ਕਰਨ ਲਈ ਕਹਿੰਦੇ ਨੇ, ਉਸੇ ਤਰਾਂ ਇਹ ਕਲਾਕਾਰ ਕਦੀ ਸਤਰੰਗੀ ਪੱਗਾਂ ਬੰਨ੍ਹ ਕੇ, ਕਦੇ ਪੱਗਾਂ ਨੂੰ ਚਮਕੀਲੇ ਬਟਨ ਜਾਂ ਗੋਟਾ ਲਾ ਕੇ ਆਪਣੀ ਵੱਖਰੀ ਪਛਾਣ ਬਣਾਉਣ ਦੀ ਕੋਸ਼ਿਸ਼ ਕਰਦੇ ਨੇ ਕਿਉਂਕਿ ਇਨ੍ਹਾਂ ਨੂੰ ਪਤਾ ਹੈ ਕਿ ਅੱਜ ਦੇ ਬਾਜ਼ਾਰੀਕਰਨ ਦੇ ਯੁਗ ਵਿਚ ਕਲਾ ਨੂੰ 'ਮੇਕ ਓਵਰ' ਦਾ ਤੜਕਾ ਲਾਉਣਾ ਬਹੁਤ ਜ਼ਰੂਰੀ ਹੈ, ਨਹੀਂ ਤੇ ਗਾਹਕ ਨਹੀਂ ਮਿਲਦੇ। ਲੋਕੀਂ ਤੇ ਜਨਾਬ ਦੀਆਂ ਪੱਗਾਂ ਦੇ ਗਹਿਣੇ ਦੇ ਵਿਵਾਦ ਵਿਚ ਫਸੇ ਨੇ। ਅਚਾਨਕ ਵੇਖਿਆਂ ਇਹ ਘੁੰਗਰੂ ਗਹਿਣਾ ਨਹੀਂ ਲੱਗਦੇ, ਲੱਗਦੈ ਪੱਗ 'ਤੇ ਕੋਹੜ ਕਿਰਲੀ ਬੈਠੀ ਹੈ।

ਹਨੀ ਜੀ ਨੂੰ ਇਕ ਸੁਹਿਰਦ ਰਾਏ, ਜਦੋਂ ਵੀ ਕੋਈ ਵਿਅਕਤੀ ਪਬਲਿਕ ਵਿਚ ਜਾਂਦਾ ਹੈ ਤਾਂ ਉਸ ਨੂੰ ਕਿਸੇ ਨੇ ਚੰਗਾ ਕਹਿਣਾ ਹੈ ਕਿਸੇ ਨੇ ਮਾੜਾ। ਉਸ ਸਖ਼ਸ਼ ਨੂੰ ਆਪਣੀ ਆਲੋਚਨਾ ਅਤੇ ਤਾਰੀਫ ਦੋਵੇਂ ਸੁਣਨ ਲਈ ਤਿਆਰ ਰਹਿਣਾ ਚਾਹੀਦਾ ਹੈ। ਜਿਸ ਕਿਸੇ ਨੂੰ ਆਲੋਚਨਾ ਤੋਂ ਬਹੁਤਾ ਡਰ ਲੱਗਦਾ ਹੋਵੇ ਉਹ ਚੁੱਪ ਕਰਕੇ ਆਪਣੇ ਘਰ ਬੈਠੇ।

ਇਕ ਗੱਲ ਸਿੱਧੀ ਸਰਤਾਜ ਨਾਲ, ਸਿਰਾਂ ਦੇ ਤਾਜ ਜੀ, ਤੁਸੀਂ ਅਧਿਆਪਕ ਹੋ ਤੇ ਅਧਿਆਪਕ ਦੀ ਗੱਲ ਅਤੇ ਵੇਸ਼ਭੂਸ਼ਾ ਵਿਚ ਸਾਦਗੀ ਦੀ ਖਿੱਚ ਹੋਣੀ ਚਾਹੀਦੀ ਹੈ। ਤੁਸੀਂ ਇਕੱਲੇ ਹੀ ਸੂਫੀਆਂ ਦੀ ਇਬਾਦਤ ਨਹੀਂ ਕਰਨ ਲੱਗੇ। ਸੂਫੀ ਕਵੀ ਗੁਰੂ ਨਾਨਕ ਦੇਵ ਤੋਂ ਵੀ ਪਹਿਲਾਂ ਵੀ ਹੋਏ ਸਨ, ਕੀ ਉਨ੍ਹਾਂ ਤੇ ਕਵੀਆਂ ਨੇ ਕੋਈ ਪ੍ਰਭਾਵ ਨਹੀਂ ਛੱਡਿਆ ਜਾਂ ਫੇਰ ਜਦੋਂ ਗੁਰੂ ਗੋਬਿੰਦ ਸਿੰਘ ਨੇ ਭਾਈ ਮਨੀ ਸਿੰਘ ਪਾਸੋਂ ਗੁਰੂ ਗ੍ਰੰਥ ਸਾਹਿਬ ਲਿਖਵਾਇਆ ਤਾਂ ਪਹਿਲਾਂ ਵੇਸ ਬਦਲਣ ਦੀ ਲੋੜ ਸਮਝੀ? ਕਿਉਂਕਿ ਉਸ ਵਿਚ ਬਾਣੀ ਸੂਫੀਆਂ ਦੀ ਵੀ ਸੀ। ਪ੍ਰਭਾਵਸ਼ਾਲੀ ਵਿਅਕਤੀ ਹੁੰਦਾ ਹੈ ਨਾ ਕਿ ਵੇਸ਼ਭੂਸ਼ਾ, ਜਿਸ ਦਾ ਕਿ ਦੁਕਵਾਂ ਉਦਾਹਰਨ ਹਨ, ਸੰਤ ਭਿੰਡਰਾਂਵਾਲੇ, ਭਗਤ ਪੂਰਨ ਸਿੰਘ, ਜਿਹੜੇ ਮੇਕਓਵਰ ਦੇ ਗੁਲਾਮ ਨਹੀਂ ਸਨ। ਕਲਾਕਾਰਾਂ ਦੇ ਸਿਰ 'ਤੇ ਇਕ ਵੱਡੀ ਸਮਾਜਿਕ ਜ਼ਿੰਮੇਵਾਰੀ ਹੁੰਦੀ ਹੈ ਤੇ ਅੱਜ ਕੋਈ ਦੱਸ ਦੇਵੇ, ਜਿਸਨੇ ਪੈਸੇ ਕਮਾਉਣ ਤੋਂ ਬਾਅਦ ਸ਼ਿਮਲੇ ਕੋਠੀ ਪਾਉਣ ਦੀ ਬਜਾਏ ਇਕ ਹੋਰ ਪਿੰਗਲਵਾੜਾ ਬਣਾਉਣ ਦੀ ਗੱਲ ਕੀਤੀ ਹੋਵੇ। ਅਸੀਂ ਤੁਹਾਡੇ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਬੜੀ ਹੀ ਸਰਲ ਭਾਸ਼ਾ ਦੀ ਵਰਤੋਂ ਆਪਣੇ ਗੀਤਾਂ ਵਿਚ ਕੀਤੀ ਹੈ ਕਿਉਂਕਿ ਸ਼ਿਵ ਕੁਮਾਰ ਬਟਾਲਵੀ, ਭਾਈ ਵੀਰ ਸਿੰਘ, ਧਨੀ ਰਾਮ ਚਾਤ੍ਰਿਕ, ਅੰਮ੍ਰਿਤਾ ਪ੍ਰੀਤਮ ਵਰਗੇ ਤੇ ਸਾਡੇ ਪੱਲੇ ਕਦੇ ਪਏ ਨਹੀਂ।

ਸਤਿੰਦਰ ਜੀ, ਇਹ ਸੂਫੀ ਕਾਵਿ ਹੀ ਹੈ, ਬੋਲੀਐ ਸਚੁ ਧਰਮ ਝੂਠ ਨਾ ਬੋਲੀਐ। ਜੋ ਗੁਰ ਦਸੈ ਵਾਟ ਮੁਰੀਦਾ ਜੋਲੀਐ॥" ਇਹ 'ਮੇਕ ਓਵਰ' ਤਿਆਗ ਕੇ 'ਅੱਲਾ ਕਹੋ'। ਨਹੀਂ ਤੇ ਸਾਡੇ ਮਾਮੂਲੀ ਬੰਦਿਆਂ ਦੀ ਸ਼੍ਰੇਣੀ ਵਿਚ ਸ਼ਾਮਲ ਹੋ ਜਾਵੋਗੇ, ਜਿਨ੍ਹਾਂ ਬਾਰੇ ਬੁੱਲ੍ਹੇ ਸ਼ਾਹ ਲਿਖਦੇ ਨੇ:

"ਪੜ੍ਹ ਪੜ੍ਹ ਮਸਲੇ ਰੋਜ਼ ਸਤਾਵੇਂ,
ਖਾਣਾ ਸ਼ੱਕ ਸ਼ੁਬੇ ਦਾ ਖਾਵੇਂ,
ਦਿਸੇ ਹੋਰ ਤੇ ਹੋਰ ਕਹਾਵੇਂ,
ਅੰਦਰ ਖੋਟ ਤੇ ਬਾਹਰੋਂ ਸਚਿਆਰ।
ਇਲਮੋਂ ਬੱਸ ਕਰੀਂ ਓ ਯਾਰ।"

–ਗੁਰਜੀਤ ਕੌਰ
*ਬੇਟਾਊਨ, ਟੈਕਸਸ

# ਰਵਿਦਾਸ ਮਹਾਰਾਜ ਦੀ ਦਸਤਾਰ ਵਾਲੀ ਤਸਵੀਰ

ਮਾਣਯੋਗ ਸੰਪਾਦਕ ਜੀ,

29 ਮਈ ਦੇ ਪੰਜਾਬ ਟਾਈਮਜ਼ ਵਿਚ ਸ੍ਰੀ ਗੁਰਦਿਆਲ ਸਿੰਘ ਦਾ ਲੇਖ ਪੜ੍ਹ ਕੇ ਦਿਲ ਬਾਗੋ ਬਾਗ ਹੋ ਗਿਆ। ਇਸ ਲੇਖ ਦੇ ਨਾਲ ਹੀ ਛਪੀ ਭਗਤ ਰਵਿਦਾਸ ਜੀ ਦੇ ਦਸਤਾਰਧਾਰੀ ਸਰੂਪ ਦੀ ਤਸਵੀਰ ਦੇਖ ਕੇ ਰੂਹ ਖਿੜ੍ਹ ਗਈ। ਲੇਖਕ ਨੇ ਜਿਹੜੇ ਨੁਕਤੇ ਪ੍ਰਸੰਗ ਵਿਚ ਦਸਤਾਰ ਦੀ ਮਹੱਤਤਾ ਬਾਰੇ ਉਠਾਏ ਹਨ, ਅਸੀਂ ਉਨ੍ਹਾਂ ਨਾਲ ਸੋਲਾਂ ਆਨੇ ਸਹਿਮਤ ਹਾਂ। ਇਕ ਪਾਸੇ ਬਿਪਰਵਾਦੀ ਚਿੱਤਰਕਾਰਾਂ ਵਲੋਂ ਬਣਾਈ ਗਈ ਨੰਗੇ ਸੀਸ ਵਾਲੀ ਤਸਵੀਰ ਦੇਖੋ, ਦੂਜੇ ਪਾਸੇ ਮਹਾਰਾਜ ਜੀ ਦੀ ਬਾਣੀ ਵਿਚ ਡੰਕੇ ਦੀ ਚੋਟ ਨਾਲ ਲਿਖਿਆ ਹੋਇਆ ਆਪਣਾ ਕਿੱਤਾ ਦੇਖੋ? ਠੰਡੇ ਦਿਮਾਗ ਨਾਲ ਸੋਚੀਏ ਕਿ ਮੌਜੂਦਾ ਖੁੱਲ੍ਹੇ ਕੇਸਾਂ ਵਾਲੀ ਫੋਟੋ ਅਨੁਸਾਰ ਕੀ ਇਹ ਕਿੱਤਾ ਮਹਾਰਾਜ ਜੀ ਕਰ ਸਕਦੇ ਸਨ? ਕਤਈ ਨਹੀਂ! ਜਿਨ੍ਹਾਂ ਤਾਕਤਾਂ ਨੇ ਭਗਤ ਜੀ ਦੇ ਜਨਮ ਵੇਲੇ ਦੁੱਧ ਨਾ ਚੁੰਘਣ ਅਤੇ ਸੱਤ ਜਨੇਊ ਮੋਢਾ ਪਾੜ ਕੇ ਦਿਖਾਉਣ ਵਰਗੀਆਂ ਮਨੋਕਲਪਿਤ ਸਾਖੀਆਂ ਘੜੀਆਂ, ਇਹ ਬਿਨਾ ਦਸਤਾਰ ਤਸਵੀਰ ਪ੍ਰਚਲਿਤ ਕਰਨ ਪਿਛੇ ਵੀ ਉਨ੍ਹਾਂ ਹੀ ਬਿਪਰ ਸ਼ਕਤੀਆਂ ਦਾ ਹੀ ਹੱਥ ਹੈ ਤਾਂ ਕਿ ਭਗਤ ਜੀ ਦੇ ਸਰੂਪ ਨੂੰ ਸ਼ਿਵਜੀ ਆਦਿ ਹਿੰਦੂ ਰਿਸ਼ੀਆਂ-ਮੁਨੀਆਂ ਨਾਲ ਰਲਗਡ ਕੀਤਾ ਜਾ ਸਕੇ। ਮੈਨੂੰ ਪਤਾ ਹੈ ਕਿ ਸਾਡੇ ਕੁਝ ਵੀਰ ਮਹਾਰਾਜ ਰਵਿਦਾਸ ਜੀ ਨੂੰ ਭਗਤ ਕਹੇ ਜਾਣ 'ਤੇ ਵੀ ਖਫਾ ਹੋਣਗੇ ਕਿਉਂਕਿ ਉਹ ਵੀਰ ਮਹਾਰਾਜ ਜੀ ਨੂੰ ਸਿੱਖਾਂ ਦੇ ਨੇੜੇ ਨਹੀਂ ਹਿੰਦੂਆਂ ਦੇ ਨੇੜੇ ਦੱਸਣਾ ਚਾਹੁੰਦੇ ਹਨ। ਮੇਰੀ ਬੇਨਤੀ ਹੈ ਕਿ ਗੁਰਬਾਣੀ ਅਨੁਸਾਰ ਭਗਤ, ਬ੍ਰਹਮਗਿਆਨੀ, ਗੁਰਮੁਖ, ਸੰਤ ਅਤੇ ਗੁਰੂ ਇਕੋ ਹੀ ਪਦਵੀ ਦੇ ਲਖਾਇਕ ਹਨ। ਜੋ ਲੋਕ ਉਨ੍ਹਾਂ ਨੂੰ ਗੁਰੂ ਆਖ ਕੇ ਖੁਸ਼ ਹੁੰਦੇ ਹਨ ਮੈਨੂੰ ਉਸ 'ਤੇ ਕੋਈ ਇਤਰਾਜ਼ ਨਹੀਂ ਪਰ ਉਹ ਦੂਜਿਆਂ ਵਲੋਂ ਭਗਤ ਕਹੇ ਜਾਣ 'ਤੇ ਵੀ ਖਫਾ ਨਾ ਹੋਣ।

ਸ੍ਰੀ ਗੁਰਦਿਆਲ ਸਿੰਘ ਹੋਰਾਂ ਦੇ ਕਹਿਣ ਅਨੁਸਾਰ ਜਿਨ੍ਹਾਂ ਸਾਡੇ ਵੀਰਾਂ ਭੈਣਾਂ ਨੂੰ ਪਗੜੀ ਨਾਲ ਅਲਰਜੀ ਹੈ, ਮੈਂ ਉਨ੍ਹਾਂ ਨੂੰ ਹੱਥ ਬੰਨ ਕੇ ਅਰਜ ਕਰਨੀ ਚਾਹੁੰਦਾ ਕਿ ਸਿੱਖ ਕੌਮ ਵੱਲ ਵੇਖੋ ਉਨ੍ਹਾਂ ਦੇ ਪੈਰ ਦੇ ਅੰਗੂਠੇ ਤੋਂ ਲੈ ਕੇ ਚੋਟੀ ਤੱਕ ਸਾਰਾ ਕੁਝ ਬ੍ਰਾਹਮਣ ਨਾਲੋਂ ਇਕ ਦਮ ਭਿੰਨ ਹੈ। ਪੰਜ ਕਕਾਰ, ਦਸਤਾਰ, ਸਾਬਤ ਦਾਹੜੀ, ਮੁੱਛਾਂ ਆਦਿ ਸਾਰਾ ਕੁਝ ਹੁੰਦਿਆਂ ਸੁੰਦਿਆਂ ਬ੍ਰਾਹਮਣ ਉਨ੍ਹਾਂ ਨੂੰ ਕੇਸਾਧਾਰੀ ਹਿੰਦੂ (ਸੰਵਿਧਾਨ ਦੀ ਧਾਰਾ 25) ਗਰਦਾਨਦਾ ਹੈ। ਸਿੱਖਾਂ ਨੇ ਧਾਰਾ 25 ਫੂਕ ਫੂਕ ਕੇ ਵੇਖ ਲਈ, ਮੋਰਚੇ ਲਾ ਕੇ ਵੇਖ ਲਏ ਪਰ ਆਰ ਐਸ ਐਸ ਸਿੱਖਾਂ ਨੂੰ ਅਲੱਗ ਪੰਥ ਤੇ ਕੌਮ ਮੰਨਣ ਤੋਂ ਇਨਕਾਰੀ ਹੈ।

ਆਓ ਹੁਣ ਜ਼ਰਾ ਆਪਣੇ ਵੱਲ ਝਾਤੀ ਮਾਰੀਏ। ਭਗਤ ਰਵਿਦਾਸ ਜੀ ਦੇ ਪਾਵਨ ਨਾਮ 'ਤੇ ਬਣਾਏ ਗੁਰਧਾਮਾਂ ਨੂੰ ਅਸੀਂ ਰਵਿਦਾਸ ਮੰਦਰ ਕਹਿਣ ਲੱਗ ਪਏ ਹਾਂ। ਆਖਰੀ ਦਮ ਤੱਕ ਸਿਰੜ ਅਤੇ ਸਿਦਕ ਨਾਲ ਮੂਰਤੀ ਪੂਜਕਾਂ ਦਾ ਹੰਕਾਰ ਤੋੜਨ ਵਾਲੇ ਮਹਾਰਾਜ ਜੀ ਦੀ ਮੂਰਤੀ ਅਸੀਂ ਬਣਾ ਕੇ ਉਨ੍ਹਾਂ ਮੰਦਰਾਂ ਵਿਚ ਰੱਖ ਲਈ ਹੈ, ਪੱਗ ਨੂੰ ਅਸੀਂ ਅਲਵਿਦਾ ਕਹਿ ਦਿੱਤੀ ਹੈ ਅਤੇ ਹੋਰ ਕਈ ਕਰਮਕਾਂਡ ਅਸੀਂ ਬਿਪਰਵਾਦੀਆਂ ਵਾਂਗ ਕਰਨ ਲੱਗ ਪਏ ਹਾਂ। ਇਹ ਸਭ ਕੁਝ ਕਰਦਿਆਂ ਕਰਾਉਂਦਿਆਂ ਅਸੀਂ ਰੌਲਾ ਪਾ ਰਹੇ ਹਾਂ ਬ੍ਰਾਹਮਣਵਾਦ ਤੋਂ ਬਚਣ ਦਾ। ਇਹ ਕੀ ਤਮਾਸ਼ਾ ਹੋਇਆ, ਅਖੇ ਖਾਣੇ ਗੋਗਲੇ ਅਤੇ ਤੇਲ ਤੋਂ ਪ੍ਰਹੇਜ।

ਅਜੇ ਵੀ ਪੰਜਾਬ ਦੇ ਪਿੰਡਾਂ ਵਿਚ ਜਾ ਕੇ ਦੇਖੋ ਉਥੇ ਰਵਿਦਾਸੀਏ ਭਾਈਚਾਰੇ ਦੇ ਸਾਰੇ ਬਜ਼ੁਰਗ ਸਿਰਾਂ 'ਤੇ ਪੱਗਾਂ ਬੰਨ ਕੇ ਰੱਖਦੇ ਹਨ। ਬੇਸ਼ਕ ਉਹ ਹੁੱਕਾ ਤੇ ਸਿਗਰਟ ਬੀੜੀ ਪੀਂਦੇ ਹੋਣ ਪਰ ਪੱਗ ਦਾ ਵਿਸਾਹ ਨਹੀਂ ਖਾਂਦੇ। ਪੱਗ ਇੱਜ਼ਤ-ਮਾਣ ਦਾ ਪ੍ਰਤੀਕ ਹੈ। ਪੰਜਾਬ ਦੇ ਹਿੰਦੂ ਅਤੇ ਮੁਸਲਮਾਨ ਵੀ ਸਿਰਾਂ 'ਤੇ ਪੱਗ ਰੱਖਦੇ ਹਨ। ਇਕ ਨੁਕਤਾ ਹੋਰ, ਆਹ ਜਿਹੜੀ ਨੰਗੇ ਸੀਸ ਵਾਲੀ ਤਸਵੀਰ ਹੈ ਇਹ ਕੋਈ ਖੁਦਾ ਨੇ ਨਹੀਂ ਬਣਾਈ। ਮਹਾਰਾਜ ਰਵਿਦਾਸ ਹੋਰਾਂ ਦੀ ਕੋਈ ਤਸਵੀਰ ਜਾਂ ਉਨ੍ਹਾਂ ਦਾ ਕੋਈ ਅਸਲ ਚਿੱਤਰ ਉਪਲਬਧ ਹੀ ਨਹੀਂ ਹੈ। ਨੰਗੇ ਸਿਰ ਵਾਲੀ ਤਸਵੀਰ ਕਿਸ ਨੇ ਬਣਾਈ, ਉਪਰ ਦੱਸ ਹੀ ਆਏ ਹਾਂ। ਆਪਾਂ ਇਹਦੇ ਵਿਚ ਇੱਜ਼ਤ ਅਣਖ ਦੀ ਪ੍ਰਤੀਕ ਦਸਤਾਰ ਸ਼ਾਮਲ ਕਰਨ ਲਈ ਕਿਸੇ ਤੋਂ ਸਰਟੀਫਿਕੇਟ ਨਹੀਂ ਲੈਣਾ। ਜਿਹੜੇ ਸਾਡੇ ਕੌਮੀ ਭਾਈ ਦਸਤਾਰ ਦੀ ਅਹਿਮੀਅਤ ਸਮਝਦੇ ਹਨ ਉਹ ਇਕੱਠੇ ਹੋ ਕੇ ਦਸਤਾਰ ਵਾਲੀ ਤਸਵੀਰ ਪ੍ਰਚੱਲਤ ਕਰਵਾਉਣ ਲਈ ਇਕਮੁੱਠ ਹੋਣ। ਗੁਰੂ ਮਹਾਰਾਜ ਸਫਲਤਾ ਜ਼ਰੂਰ ਬਖ਼ਸ਼ਣਗੇ। ਇਹ ਮੇਰੀ ਇਸ ਤਸਵੀਰ ਦਾ ਵਿਰੋਧ ਕਰਨ ਵਾਲਿਆਂ ਨੂੰ ਵੀ ਬੇਨਤੀ ਹੈ ਕਿ ਉਹ ਜੇ ਆਪਣੀ ਕਲਪਨਾ ਵਾਲੀ ਬਿਨਾ ਦਸਤਾਰ ਨੰਗੇ ਸਿਰ ਤਸਵੀਰ ਵਿਚ ਮਨ ਟਿਕਾਉਣਾ ਚਾਹੁੰਦੇ ਹਨ ਤਾਂ ਟਿਕਾਈ ਰੱਖਣ ਪਰ ਦੂਜਿਆਂ ਦਾ ਵਿਰੋਧ ਵੀ ਨਾ ਕਰਨ।

ਇਹ ਸ਼ਰਧਾ ਭਰੀ ਸੱਚੀ ਸੁੱਚੀ ਆਵਾਜ਼ ਬੁਲੰਦ ਕਰਨ ਲਈ ਅਸੀਂ ਸ੍ਰੀ ਗੁਰਦਿਆਲ ਸਿੰਘ ਦਾ ਧੰਨਵਾਦ ਕਰਦੇ ਹੋਏ ਇਹ ਵੀ ਕਹਿਣਾ ਚਾਹੁੰਦੇ ਹਾਂ ਕਿ ਆਪਾਂ ਮੂਰਤੀ ਪੂਜਾ ਤੋਂ ਉਪਰ ਉਠ ਕੇ ਮਹਾਰਾਜ ਜੀ ਦੀ ਬਾਣੀ ਨੂੰ ਅਪਨਾਈਏ, ਉਨ੍ਹਾਂ ਦੇ ਮਿਸ਼ਨ ਨੂੰ ਸਮਰਪਿਤ ਹੋਈਏ। ਮੂਰਤੀਆਂ ਜਾਂ ਡੇਰੇਦਾਰਾਂ ਦੇ ਮਗਰ ਲੱਗ ਕੇ ਮੁੜ ਬ੍ਰਾਹਮਣਵਾਦ ਦੇ ਖਾਰੇ ਸਮੁੰਦਰ ਵਿਚ ਨਾ ਗਰਕੀਏ। ਭੁੱਲਾਂ ਲਈ ਮੁਆਫੀ।

–ਫਕੀਰ ਚੰਦ ਸੈਂਪਲਾ,
ਐਲ ਏ, ਕੈਲੀਫੋਰਨੀਆ

## ਕਾਵਿ-ਮੰਚ

### ਅਮਰਦੀਪ ਸਿੰਘ ਅਮਰ ਦੀਆਂ ਗ਼ਜ਼ਲਾਂ

(1)

ਔਖੇ ਸਮੇਂ 'ਚ ਜਿਸ ਜਗ੍ਹਾ ਬਣ ਗਈ ਮੇਰੀ ਠਹਿਰ ਸੀ।
ਬਾਅਦ 'ਚ ਪਤਾ ਚੱਲਿਆ ਉਹ ਸਾਜ਼ਿਸ਼ਾਂ ਦਾ ਸ਼ਹਿਰ ਸੀ।
ਹਰ ਸ਼ਾਮ ਸੀ ਉਦਾਸ, ਤੇ ਹਰ ਸਵੇਰ ਸੀ ਸੋਗਵਾਰ,
ਹਰ ਕਲੀ ਦੇ ਪਿੰਡੇ ਉਤੇ ਗੁਜ਼ਰਿਆ ਕੋਈ ਕਹਿਰ ਸੀ।
ਹੱਥ ਕੀ ਲਗਾਇਆ ਉਸ, ਨੂੰ ਨੀਲੀ ਹੋ ਗਈ ਆਤਮਾ,
ਕਿਸੇ ਦਮੂੰਹੀ ਸੱਪਣੀ ਦੇ ਵਿਚ ਲੋਹੜਿਆਂ ਦੀ ਜ਼ਹਿਰ ਸੀ।
ਵਾਰ ਵਾਰ ਲੜੀ ਉਹ, ਤੇ ਮਦਹੋਸ਼ ਹੋਏ ਅਸੀਂ ਵੀ,
ਉਹਦੇ ਇਕ ਇਕ ਡੰਗ ਅੰਦਰ ਪੂਰੇ ਨਸ਼ੇ ਦੀ ਲਹਿਰ ਸੀ।
ਹਰ ਚਾਨਣੀ 'ਚ ਜਿਹਦੇ ਪੂਲ 'ਤੇ ਚੰਨ ਹੁੰਦਾ ਸੀ ਕਤਲ
ਮੇਰੇ ਪਿੰਡ ਕੋਲੋਂ ਸੱਜਣੋਂ ਗੁਜ਼ਰਦੀ ਇਕ ਨਹਿਰ ਸੀ।
ਔਖਾਂ 'ਚ ਮੁਸਕਾਨ ਤੇ ਤੁਰ ਜਾਣ ਬਾਅਦ ਉਸ ਕਿਹਾ,
'ਅਮਰ' ਤੇਰੀ ਜ਼ਿੰਦਗੀ ਦਾ ਅੰਤਲਾ ਇਹ ਪਹਿਰ ਸੀ।

(2)


ਫਾਇਦਾ ਕੋਈ ਨਾ ਹੋਣਾ ਚਾਹੇ ਦੀਵੇ ਜਗਾਉਣ ਦਾ।
ਹਨੇਰੀਆਂ ਨੂੰ ਵਲ ਆਉਂਦੈ ਲਾਟਾਂ ਬੁਝਾਉਣ ਦਾ।
ਭਾਵੇਂ ਸੂਰਜ ਨਹੀਂ ਹਾਂ, ਜੁਗਨੂੰ ਹਾਂ ਸਿਰਫ ਅਸੀਂ,
ਛੱਡਾਂਗੇ ਨਾ ਸੁਭਾਅ ਫਿਰ ਵੀ ਟਿਮਟਿਮਾਉਣ ਦਾ।
ਹਨੇਰਾ ਸਮਝੇ ਨਾ ਕਿ ਚਾਨਣ ਡਰ ਗਿਆ ਮੈਥੋਂ,
ਅਹਿਦ ਏਸੇ ਲਈ ਲਿਐ ਸੱਧਰਾਂ ਜਲਾਉਣ ਦਾ।
ਸਾਡੇ ਵੱਲ ਜਦ ਵੀ ਤੀਰ ਆਇਐ ਆਪਣਿਆਂ ਦਾ,
ਦੁਸ਼ਮਣ 'ਚ ਜੇਰਾ ਨਹੀਂ ਸੀ ਅੱਖਾਂ ਮਿਲਾਉਣ ਦਾ।
ਜਦ ਜ਼ੁਬਾਨਾਂ ਸੀਣਗੇ ਤੋੜਨਗੇ ਕਲਮਾਂ ਜਦੋਂ
ਕਾਜ ਕਰਨਗੇ ਰਾਜੇ ਆਪਣੀ ਹੀ ਹਸਤੀ ਮਿਟਾਉਣ ਦਾ।
ਪੰਛੀਆ ਕੁਰਲਾਅ ਨਾ ਖਾ ਕੇ ਤੀਰ ਜਿਗਰ ਉਤੇ,
ਹੋਣਾ ਇਹੋ ਹਸ਼ਰ ਸੀ 'ਅਮਰ' ਗੀਤ ਗਾਉਣ ਦਾ।

(3)

ਮੌਸਮ ਚਲੇ ਗਏ ਤੇ ਰੰਗ ਬਦਲਾਏ ਗਏ।
ਦਿਲਾਂ ਬਦਲੇ ਦਰਦ ਕੁਝ ਇਸ ਤਰ੍ਹਾਂ ਵਟਾਏ ਗਏ।
ਹੋਰ ਕੁਝ ਨਾ ਬਚਿਆ ਖਿੰਡਿਆ ਜਦ ਕਾਫਲਾ,
ਦੋਹਾਂ ਧਿਰਾਂ ਵਿਚ ਕੁਝ ਆਦਮੀ ਪਰਤਾਏ ਗਏ।
ਰੰਗ ਨਾ ਕੋਈ ਚੜ੍ਹਿਆ ਰਿਸ਼ਤਿਆਂ ਦੀ ਡੋਰ 'ਤੇ,
ਔਖੇ-ਸੌਖੇ ਫਿਰ ਵੀ ਇਹ ਰਿਸ਼ਤੇ ਨਿਭਾਏ ਗਏ।
ਪਤਾ ਹੈ ਮੈਨੂੰ ਵਿਛੜ ਕੇ ਰੋਈ ਉਹ ਬਹੁਤ ਹੋਣੀ,
ਜਿਸ ਬਦਲੀ ਦੀ ਸਰਦਲ ਤੋਂ ਪੰਛੀ ਤਿਹਾਏ ਗਏ।
ਮਜਬੂਰ ਸੀ ਕੁਝ ਉਹ ਵੀ, ਮੈਂ ਵੀ ਲਾਚਾਰ ਸਾਂ,
ਯਾਦ ਹਨ ਪਰ ਪਲ ਉਹ ਜੋ ਕੱਠੇ ਬਿਤਾਏ ਗਏ।
'ਅਮਰ' ਤੈਨੂੰ ਭਾਸਦਾ ਕੰਡੇ ਜਿਹਾ ਹੋਣੈ ਅੱਜ ਕੱਲ੍ਹ,
ਫੁੱਲ ਸਾਂ, ਪਰ ਕਰਮਾਂ 'ਚ ਕੰਡੇ ਹੀ ਲਿਖਾਏ ਗਏ।

# ਬਾਲੀਵੁੱਡ ਖ਼ਬਰਨਾਮਾ

## ਸ਼ਾਹਿਦ ਦੇ ਇਸ਼ਕ 'ਚ ਕਮਲੀ ਹੋਈ ਫਿਰਦੀ ਈਰਾਨਣ



ਅਸਲ ਪਿਆਰ ਕਹਾਣੀਆਂ ਕਈ ਵਾਰ ਫਿਲਮੀ ਬਾਲੀਵੁੱਡ ਵਿਚ ਵੀ ਬਣ ਜਾਂਦੀਆਂ ਹਨ। ਇਸ ਦੀ ਜਿਉਂਦੀ ਜਾਗਦੀ ਮਿਸਾਲ ਈਰਾਨ ਦੀ ਪਰਵਨੇਹ ਮੁਰਤਜ਼ਾ ਹੈ। ਉਹ ਬਾਲੀਵੁੱਡ ਸਟਾਰ ਸ਼ਾਹਿਦ ਕਪੂਰ ਦੇ ਇਸ਼ਕ ਵਿਚ ਕਮਲੀ ਹੋਈ ਫਿਰਦੀ ਹੈ। ਇਹ 39 ਸਾਲਾ ਈਰਾਨਣ ਸ਼ਾਦੀਸ਼ੁਦਾ ਹੈ ਅਤੇ ਉਸ ਦੇ 15 ਸਾਲਾ ਬੇਟੀ ਜ਼ਾਰਾ ਵੀ ਹੈ। ਉਹ ਟੈਲੀਵਿਜ਼ਨ 'ਤੇ ਸ਼ਾਹਿਦ ਨੂੰ ਦੇਖ ਕੇ ਉਸ ਦੀ ਦੀਵਾਨੀ ਹੋ ਗਈ ਅਤੇ ਉਸ ਨੂੰ ਲੱਗਿਆ ਕਿ ਉਸ ਦਾ ਪਤੀ ਉਸ ਨੂੰ ਪਿਆਰ ਨਹੀਂ ਕਰਦਾ। ਇਸੇ ਲਈ ਉਸ ਨੇ ਆਪਣਾ ਪਤੀ ਛੱਡ ਦਿੱਤਾ। ਸ਼ਾਹਿਦ ਦੇ ਦੀਦਾਰ ਦੀ ਪਿਆਸੀ ਪਰਵਨੇਹ 7 ਮਈ ਨੂੰ ਦੂਜੀ ਵਾਰ ਮੁੰਬਈ ਆ ਗਈ ਤਾਂ ਜੋ ਉਹ ਆਪਣੇ ਪਿਆਰੇ ਸ਼ਾਹਿਦ ਕਪੂਰ ਨੂੰ ਮਿਲ ਸਕੇ। ਮੌਜੂਦਾ ਸਮੇਂ ਉਹ ਇਕ ਸੁਧਾਰ ਘਰ ਵਿਚ ਹੈ ਅਤੇ ਪੁਲਿਸ ਉਸ ਨੂੰ ਵਾਪਸ ਈਰਾਨ ਭੇਜਣ ਦੇ ਆਹਰੇ ਲੱਗੀ ਹੋਈ ਹੈ। ਇਸ ਤੋਂ ਪਹਿਲਾਂ ਵੀ ਉਹ ਪਿਛਲੇ ਸਾਲ ਫਰਵਰੀ ਵਿਚ ਮੁੰਬਈ ਆਈ ਸੀ ਤਾਂ ਜੋ ਸ਼ਾਹਿਦ ਨੂੰ ਵਿਆਹ ਲਈ ਮਨਾਇਆ ਜਾ ਸਕੇ। ਉਸ ਨੇ ਦੱਸਿਆ ਕਿ ਮੈਂ ਲੋਕਾਂ ਨੂੰ ਸ਼ਾਹਿਦ ਦੀ ਫੋਟੋ ਦਿਖਾ ਕੇ ਉਸ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਸੀ। ਪਰਵਨੇਹ ਨੇ ਦੱਸਿਆ ਕਿ ਏਅਰਪੋਰਟ 'ਤੇ ਦੂਰੋਂ ਹੀ ਉਸ ਨੂੰ ਸ਼ਾਹਿਦ ਦੇ ਦੀਦਾਰ ਹੋਏ ਸਨ। ਮੈਂ ਉਸ ਨੂੰ ਉਚੀ ਆਵਾਜ਼ ਵਿਚ ਪੁਕਾਰਿਆ ਅਤੇ ਉਹ ਮੇਰੇ ਵੱਲ ਦੇਖ ਕੇ ਮੁਸਕਰਾ ਪਿਆ। ਮੈਂ ਫਿਰ ਉਸ ਨੂੰ ਪੁਕਾਰਿਆ ਤੇ ਉਹ ਫਿਰ ਮੁਸਕਰਾ ਪਿਆ ਪਰ ਮੇਰੀ ਉਸ ਨਾਲ ਮੁਲਾਕਾਤ ਨਹੀਂ ਹੋ ਸਕੀ।

ਇਸ ਵਾਰ ਵੀ ਜਦੋਂ 7 ਮਈ ਨੂੰ ਉਹ ਮੁੰਬਈ ਪੁੱਜੀ ਤਾਂ ਉਸ ਨੇ ਲੋਕਾਂ ਤੋਂ ਸ਼ਾਹਿਦ ਬਾਰੇ ਪੁੱਛਣਾ ਸ਼ੁਰੂ ਕਰ ਦਿੱਤਾ। ਸ਼ਾਹਰ ਥਾਣੇ ਵਿਚ ਜਦੋਂ ਉਸ ਨੂੰ ਲਿਆਂਦਾ ਗਿਆ ਤਾਂ ਉਥੇ ਵੀ ਉਸ ਨੇ ਸ਼ਾਹਿਦ ਨਾਲ ਮੁਲਾਕਾਤ ਲਈ ਹੰਗਾਮਾ ਕੀਤਾ। ਜਦੋਂ ਪੁਲਿਸ ਨੇ ਉਸ ਨੂੰ ਕਿਹਾ ਕਿ ਤੈਨੂੰ ਤੁਰੰਤ ਈਰਾਨ ਵਾਪਸ ਭੇਜ ਦਿੱਤਾ ਜਾਵੇਗਾ ਤਾਂ ਉਸ ਨੇ ਆਪਣਾ ਪਾਸਪੋਰਟ ਟੁਕੜੇ-ਟੁਕੜੇ ਕਰ ਦਿੱਤਾ। ਇਸ 'ਤੇ 10 ਮਈ ਨੂੰ ਪੁਲਿਸ ਉਸ ਨੂੰ ਕਾਂਦਵੀ ਵਿਚ ਇਕ ਰੈਸਕਿਊ ਫਾਊਂਡੇਸ਼ਨ ਵਿਖੇ ਛੱਡ ਆਈ ਤੇ ਉਸ ਦੇ ਨਵੇਂ ਪਾਸਪੋਰਟ ਦਾ ਜੁਗਾੜ ਕਰਨ ਲੱਗੀ।

ਸੁਧਾਰ ਘਰ ਵਿਚ ਉਸ ਦਾ ਪਹਿਲਾ ਦਿਨ ਵੀ ਹੰਗਾਮਾਖੇਜ਼ ਰਿਹਾ ਅਤੇ ਉਹ ਸ਼ਾਹਿਦ ਨੂੰ ਮਿਲਣ ਦੀ ਜ਼ਿੱਦ ਕਰਦੀ ਰਹੀ। ਉਸ ਨੇ ਸ਼ਾਹਿਦ ਲਈ ਕਵਿਤਾਵਾਂ ਅਤੇ ਪੱਤਰ ਵੀ ਲਿਖੇ ਹੋਏ ਹਨ ਅਤੇ ਉਸ ਨਾਲ ਖਿਆਲੀ ਮੁਲਾਕਾਤਾਂ ਦਾ ਖਰੜਾ ਵੀ ਤਿਆਰ ਕੀਤਾ ਹੋਇਆ ਹੈ। ਸੁਧਾਰ ਘਰ ਦੇ ਸੁਪਰਡੈਂਟ ਨੇ ਦੱਸਿਆ ਕਿ ਜਦੋਂ ਅਸੀਂ ਉਸ ਨੂੰ ਕਿਹਾ ਕਿ ਸ਼ਾਹਿਦ ਨਾਲੋਂ ਤਾਂ ਤੂੰ ਕਾਫੀ ਵੱਡੀ ਹੈ ਤਾਂ ਉਸ ਨੇ ਕਿਹਾ, "ਪਿਆਰ ਵਿਚ ਉਮਰ ਕੋਈ ਮਾਅਨੇ ਨਹੀਂ ਰੱਖਦੀ। ਪਿਆਰ ਕਿਸੇ ਵੀ ਉਮਰ ਵਿਚ ਹੋ ਸਕਦਾ ਹੈ।" ਉਹ ਗਰੀਬ ਘਰ ਦੀ ਹੈ ਅਤੇ ਉਸ ਦੀ ਦੇਖ-ਭਾਲ ਕਰਨ ਵਾਲਾ ਕੋਈ ਨਹੀਂ ਹੈ ਅਤੇ ਆਮਦਨ ਦਾ ਸਰੋਤ ਵੀ ਕੋਈ ਨਹੀਂ। ਉਹ ਚਾਹੁੰਦੀ ਹੈ ਕਿ ਸ਼ਾਹਿਦ ਕਪੂਰ ਉਸ ਦੀ ਵਿੱਤੀ ਮਦਦ ਵੀ ਕਰੇ।



## ਮੰਜਰੇਕਰ ਦੀ ਫ਼ਿਲਮ 'ਚ ਇਕ ਵਾਰ ਫਿਰ ਤੱਬੂ

ਪਿਛਲੇ ਕਾਫੀ ਸਮੇਂ ਤੋਂ ਤੱਬੂ ਬਹੁਤ ਘੱਟ ਫਿਲਮਾਂ 'ਚ ਨਜ਼ਰ ਆ ਰਹੀ ਹੈ ਪਰ ਉਸ ਦੀ ਇਕ ਖ਼ੂਬੀ ਇਹ ਹੈ ਕਿ ਉਹ ਜਿੰਨੀਆਂ ਵੀ ਫਿਲਮਾਂ ਕਰਦੀ ਹੈ, ਸਭ 'ਚ ਉਸ ਦੇ ਕੰਮ ਅਤੇ ਕਿਰਦਾਰਾਂ ਦੀ ਪ੍ਰਸ਼ੰਸਾ ਜ਼ਰੂਰ ਹੁੰਦੀ ਹੈ। ਉਂਜ ਤੱਬੂ ਦੀ ਹੁਣ ਤੱਕ ਦੀ ਸਭ ਤੋਂ ਬਿਹਤਰੀਨ ਭੂਮਿਕਾ ਮਹੇਸ਼ ਮੰਜਰੇਕਰ ਦੀ ਫਿਲਮ 'ਅਸਤਿਤਵ' 'ਚ ਦੱਸੀ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਇਸ ਫਿਲਮ 'ਚ ਤੱਬੂ ਨੇ ਜੋ ਕਿਰਦਾਰ ਨਿਭਾਇਆ ਸੀ, ਉਹ ਉਸ ਦਾ ਹੁਣ ਤੱਕ ਦਾ ਸਰਵੋਤਮ ਪ੍ਰਦਰਸ਼ਨ ਹੈ। ਖੈਰ ਇਸ ਵੇਲੇ ਤੱਬੂ ਮਹੇਸ਼ ਮੰਜਰੇਕਰ ਦੀ ਹੀ ਫਿਲਮ 'ਚ ਮੁੱਖ ਕਿਰਦਾਰ ਨਿਭਾਅ ਰਹੀ ਹੈ ਅਤੇ ਖੁਦ ਮਹੇਸ਼ ਮੰਜਰੇਕਰ ਦਾ ਮੰਨਣਾ ਹੈ ਕਿ ਇਸ ਫਿਲਮ 'ਚ ਨਾਇਕਾ ਦੇ ਕਿਰਦਾਰ 'ਚ ਤੱਬੂ ਨਾਲੋਂ ਬਿਹਤਰ ਹੋਰ ਕੋਈ ਅਦਾਕਾਰਾ ਨਹੀਂ ਹੋ ਸਕਦੀ। ਕਹਾਣੀ ਪੱਖੋਂ ਵੀ ਇਹ ਫਿਲਮ 'ਅਸਤਿਤਵ' ਨਾਲੋਂ ਵਧੇਰੇ ਪ੍ਰਭਾਵਸ਼ਾਲੀ ਹੈ। ਅਸੀਂ ਚਰਚਾ ਕਰ ਰਹੇ ਹਾਂ ਮਹੇਸ਼ ਮੰਜਰੇਕਰ ਦੀ ਫਿਲਮ 'ਵ੍ਹਾਈਟ' ਦੀ, ਜਿਸ ਦੀ ਕਹਾਣੀ ਤੱਬੂ ਦੇ ਆਲੇ-ਦੁਆਲੇ ਘੁੰਮਦੀ ਨਜ਼ਰ ਆਵੇਗੀ। ਉਂਜ ਅਜੇ ਇਹ ਪਤਾ ਨਹੀਂ ਲੱਗਾ ਕਿ ਮੰਜਰੇਕਰ ਇਸ ਫਿਲਮ 'ਚ ਤੱਬੂ ਦੇ ਆਪੋਜ਼ਿਟ ਕਿਸ ਨੂੰ ਲੈ ਰਹੇ ਹਨ। ਇੰਨਾ ਜ਼ਰੂਰ ਹੀ ਪਤਾ ਲੱਗਾ ਹੈ ਕਿ ਤੱਬੂ ਇਸ ਫਿਲਮ 'ਚ ਇਕ ਅਜਿਹੀ ਮੱਧਵਰਗੀ ਔਰਤ ਦਾ ਕਿਰਦਾਰ ਨਿਭਾਵੇਗੀ, ਜੋ ਆਪਣੇ ਨੀਰਸ ਅਤੇ ਉਦਾਸੀਨ ਪਤੀ ਨੂੰ ਛੱਡ ਕੇ ਇਕ ਛੋਟੀ ਉਮਰ ਦੇ ਮੁੰਡੇ ਨਾਲ ਸੰਬੰਧ ਸਥਾਪਤ ਕਰਦੀ ਹੈ। ਅਸਲ 'ਚ ਇਸ ਫਿਲਮ ਦੀ ਕਹਾਣੀ ਔਰਤ 'ਚ ਯੌਨ ਇੱਛਾਵਾਂ ਅਤੇ ਉਨ੍ਹਾਂ ਦੀਆਂ ਹੋਰ ਇੱਛਾਵਾਂ 'ਤੇ ਆਧਾਰਤ ਹੈ।

**ਕੈਟਰੀਨਾ ਦਾ ਬਲੱਡ ਟੈਸਟ:** ਅੱਜਕਲ ਕੈਟਰੀਨਾ ਕੈਫ ਦੀ ਝੋਲੀ ਫਿਲਮਾਂ ਨਾਲ ਭਰੀ ਪਈ ਹੈ ਅਤੇ ਉਸ ਕੋਲ ਕੰਮ ਹੀ ਕੰਮ ਹੈ। ਇਨ੍ਹਾਂ ਸਾਰੇ ਰੁਝੇਵਿਆਂ ਵਿਚਕਾਰ ਉਸ ਦੀ ਸਿਹਤ 'ਤੇ ਬੁਰਾ ਅਸਰ ਹੋ ਰਿਹਾ ਹੈ ਤੇ ਉਸ ਨੂੰ ਖੂਨ ਦੀ ਕਮੀ ਦੀ ਸਮੱਸਿਆ ਨਾਲ ਜੂਝਣਾ ਪੈ ਰਿਹਾ ਹੈ। ਕੈਟਰੀਨਾ ਦੇ ਸਰੀਰ 'ਚ ਹੀਮੋਗਲੋਬਿਨ ਦੀ ਕਮੀ ਹੈ, ਜਿਸ ਕਰਕੇ ਉਸ ਨੂੰ ਹਰ ਮਹੀਨੇ ਖੂਨ ਦੀ ਜਾਂਚ ਕਰਵਾਉਣੀ ਪੈ ਰਹੀ ਹੈ।

## ਪ੍ਰਿਯੰਕਾ ਦੀ 'ਖਾਮੋਸ਼ੀ'

ਇਕ ਪਾਸੇ ਜਿਥੇ ਬਾਲੀਵੁੱਡ ਦੀਆਂ ਛੋਟੀਆਂ-ਛੋਟੀਆਂ ਲਗਭਗ ਸਾਰੀਆਂ ਹੀਰੋਇਨਾਂ ਹਾਲੀਵੁੱਡ ਦੀਆਂ ਫਿਲਮਾਂ 'ਚ ਕੰਮ ਕਰਨ ਲਈ ਬੇਤਾਬ ਰਹਿੰਦੀਆਂ ਹਨ ਅਤੇ ਇਨ੍ਹਾਂ ਫਿਲਮਾਂ 'ਚ ਛੋਟੀ ਤੋਂ ਛੋਟੀ ਭੂਮਿਕਾ ਮਿਲ ਜਾਣ 'ਤੇ ਇਸ ਨੂੰ ਆਪਣੀ ਵੱਡੀ ਪ੍ਰਾਪਤੀ ਮੰਨ ਕੇ ਆਸਮਾਨ ਸਿਰ 'ਤੇ ਚੁੱਕ ਲੈਂਦੀਆਂ ਹਨ, ਉਥੇ ਹੀ ਪੀ. ਸੀ. ਬੇਬੀ ਨੇ ਪਿਛਲੇ ਦਿਨੀਂ ਇਕ ਹਾਲੀਵੁੱਡ ਫਿਲਮ 'ਚ ਅਹਿਮ ਭੂਮਿਕਾ ਦੀ ਪੇਸ਼ਕਸ਼ ਠੁਕਰਾ ਕੇ ਸਿੱਧ ਕਰ ਦਿੱਤਾ ਕਿ ਉਹ ਆਪਣੇ ਅਸੂਲਾਂ ਨਾਲ ਕੋਈ ਸਮਝੌਤਾ ਨਹੀਂ ਕਰਦੀ।

ਅਸਲ 'ਚ ਪ੍ਰਿਯੰਕਾ ਚੋਪੜਾ ਪਿਛਲੇ ਦਿਨੀਂ ਆਪਣੀ ਫਿਲਮ 'ਅਨਜਾਨਾ-ਅਨਜਾਨੀ' ਦੀ ਸ਼ੂਟਿੰਗ ਦੇ ਸਿਲਸਿਲੇ 'ਚ ਅਮਰੀਕਾ 'ਚ ਸੀ। ਇਸੇ ਦੌਰਾਨ ਉਸ ਨੂੰ ਹਾਲੀਵੁੱਡ ਫਿਲਮ 'ਡੌਨ ਆਫ ਵਾਰ' ਦੀ ਅਗਲੀ ਕਿਸ਼ਤ 'ਚ ਕੰਮ ਕਰਨ ਦੀ ਪੇਸ਼ਕਸ਼ ਕੀਤੀ ਗਈ ਅਤੇ ਅਪਰੈਲ ਮਹੀਨੇ 'ਚ ਤਰੀਕਾਂ ਮੰਗੀਆਂ ਗਈਆਂ ਪਰ ਕਿਉਂਕਿ ਪ੍ਰਿਯੰਕਾ ਪਹਿਲਾਂ ਹੀ ਇਹ ਤਰੀਕਾਂ ਵਿਸ਼ਾਲ ਭਾਰਦਵਾਜ ਦੀ ਬਹੁਤੀਆਂ ਇੱਛਾਵਾਂ ਵਾਲੀ ਫਿਲਮ 'ਸਾਤ ਖੂਨ ਮਾਫ' ਲਈ ਦੇ ਚੁੱਕੀ ਸੀ, ਇਸ ਲਈ ਉਸ ਦੇ ਸਾਹਮਣੇ ਇਨ੍ਹਾਂ ਦੋਹਾਂ ਫਿਲਮਾਂ 'ਚੋਂ ਕੋਈ ਇਕ ਚੁਣਨ ਦਾ ਬਦਲ ਸੀ ਅਤੇ ਪ੍ਰਿਯੰਕਾ ਨੇ ਹਾਲੀਵੁੱਡ ਫਿਲਮ ਦੀ ਇਹ ਸ਼ਾਨਦਾਰ ਪੇਸ਼ਕਸ਼ ਠੁਕਰਾ ਦਿੱਤੀ।

ਪ੍ਰਿਯੰਕਾ ਦੇ ਇਨਕਾਰ ਤੋਂ ਬਾਅਦ ਹਾਲੀਵੁੱਡ ਫਿਲਮ 'ਚ ਬ੍ਰਿਟਿਸ਼ ਹੀਰੋ ਹੈਨਰੀ ਕੇਵਿਲ ਦੇ ਆਪੋਜ਼ਿਟ ਫਰੀਦਾ ਪਿੰਟੋ ਨੂੰ ਲੈ ਲਿਆ ਗਿਆ।

ਖੈਰ ਪ੍ਰਿਯੰਕਾ ਨੂੰ ਇਹ ਹਾਲੀਵੁੱਡ ਪੇਸ਼ਕਸ਼ ਠੁਕਰਾਉਣ ਦਾ ਕੋਈ ਅਫਸੋਸ ਨਹੀਂ ਹੈ ਕਿਉਂਕਿ ਇਸ ਵੇਲੇ ਉਹ ਬਾਲੀਵੁੱਡ ਦੀਆਂ ਸਫਲ ਹੀਰੋਇਨਾਂ 'ਚ ਸ਼ਾਮਲ ਹੈ ਅਤੇ ਉਸ ਕੋਲ ਬਾਲੀਵੁੱਡ 'ਚ ਬਿਹਤਰੀਨ ਫਿਲਮਾਂ ਦੀਆਂ ਪੇਸ਼ਕਸ਼ਾਂ ਦੀ ਕਮੀ ਨਹੀਂ ਹੈ। ਚਰਚਾ ਹੈ ਕਿ ਪ੍ਰਿਯੰਕਾ ਸ਼ਾਹਰੁਖ ਨਾਲ 'ਡੌਨ-2' 'ਚ ਵੀ ਕੰਮ ਕਰੇਗੀ। ਇਸ ਤੋਂ ਇਲਾਵਾ ਪ੍ਰਿਯੰਕਾ ਨੇ ਰਣਬੀਰ ਕਪੂਰ ਨਾਲ ਇਕ ਫਿਲਮ 'ਖਾਮੋਸ਼ੀ' ਸਾਈਨ ਕੀਤੀ ਹੈ, ਜਿਸ 'ਚ ਉਹ ਮਾਨਸਿਕ ਰੋਗੀ ਦੇ ਕਿਰਦਾਰ 'ਚ ਨਜ਼ਰ ਆਵੇਗੀ। ਭਾਵੇਂ ਇਸ ਫਿਲਮ 'ਚ ਪ੍ਰਿਯੰਕਾ ਦੇ ਦਰਸ਼ਨ ਇੰਟਰਵਲ ਤੋਂ ਬਾਅਦ ਹੀ ਹੋਣਗੇ ਪਰ ਦੱਸਿਆ ਜਾ ਰਿਹਾ ਹੈ ਕਿ ਫਿਲਮ 'ਚ ਪ੍ਰਿਯੰਕਾ ਦੀ ਭੂਮਿਕਾ ਕਾਫੀ ਜਾਨਦਾਰ ਹੈ। ਪ੍ਰਿਯੰਕਾ ਦੀ ਰਣਬੀਰ ਨਾਲ ਇਹ ਦੂਜੀ ਫਿਲਮ ਹੈ।



## ਮਨੀਸ਼ਾ ਕੋਇਰਾਲਾ ਚੜ੍ਹ ਜਾਵੇਗੀ ਡੋਲੀ 19 ਜੂਨ ਨੂੰ



ਬਾਲੀਵੁੱਡ ਵਿਚ ਆਪਣੇ ਸਮੇਂ ਦੀ ਸੁਪਰ ਹੀਰੋਇਨ ਮਨੀਸ਼ਾ ਕੋਇਰਾਲਾ ਦਾ ਨੇਪਾਲੀ ਵਪਾਰ ਸਮਰਾਟ ਦਾਹਲ ਨਾਲ ਵਿਆਹ ਇਕ ਪਰਿਵਾਰਕ ਸਮਾਗਮ ਹੀ ਹੋਵੇਗਾ, ਜਿਸ ਦੇ ਪ੍ਰੋਗਰਾਮ ਅਨੁਸਾਰ ਮੰਗਣੀ 18 ਜੂਨ ਨੂੰ ਹੋਵੇਗੀ ਅਤੇ ਉਸ ਤੋਂ ਅਗਲੇ ਦਿਨ ਕਾਠਮੰਡੂ ਵਿਚ ਪੂਰੀਆਂ ਧਾਰਮਿਕ ਰੀਤਾਂ ਮੁਤਾਬਕ ਲਾਵਾਂ-ਫੇਰੇ ਹੋ ਜਾਣਗੇ। ਵਿਆਹ ਵਿਚ ਮਨੀਸ਼ਾ ਦੀ ਪੱਕੀ ਸਹੇਲੀ ਦੀਪਤੀ ਨਵਲ ਤੋਂ ਬਿਨਾਂ ਹੋਰ ਕੋਈ ਬਾਲੀਵੁੱਡ ਹਸਤੀ ਹਾਜ਼ਰੀ ਨਹੀਂ ਦੇਵੇਗੀ ਜਦਕਿ ਮਾਨਿਆ ਉਸ ਤੋਂ ਬਾਅਦ ਮੁੰਬਈ ਵਿਚ ਰਿਸੈਪਸ਼ਨ ਲਈ ਆਪਣੇ ਬੀ-ਟਾਊਨ ਦੇ ਮਿੱਤਰਾਂ ਨੂੰ ਨਿਓਂਦਾ ਦੇਵੇਗੀ। ਵੇਰਵਿਆਂ ਅਨੁਸਾਰ "ਇਹ ਰਵਾਇਤੀ ਨੇਪਾਲੀ ਵਿਆਹ ਸਮਾਗਮ ਤਿੰਨ ਦਿਨ ਚੱਲੇਗਾ ਅਤੇ ਉਸ ਵਿਚ ਰਿਵਾਜ ਵਜੋਂ ਸਵੰਬਰ ਵੀ ਸ਼ਾਮਲ ਹੈ। ਆਮ ਮਹਿੰਦੀ ਦੇ ਸਥਾਨ 'ਤੇ 'ਦੁਰਾਈ' ਨਾਮਕ ਰਸਮ ਹੋਵੇਗੀ। ਮਾਨਿਆ ਦੀ ਮਾਂ ਅਤੇ ਭਰਾ ਵਿਆਹ ਦੀਆਂ ਤਿਆਰੀਆਂ ਦੀ ਦੇਖਰੇਖ ਕਰ ਰਹੇ ਹਨ।"

ਵਿਆਹ ਤੋਂ ਪਹਿਲਾਂ ਰਸਮਾਂ ਲਈ ਡਿਜ਼ਾਇਨਰ ਸਬਿਆਸਾਚੀ ਮੁਖਰਜੀ ਅਤੇ ਅੰਨਾ ਸਿੰਘ ਪੁਸ਼ਾਕਾਂ ਦੀ ਡਿਜ਼ਾਈਨਿੰਗ ਕਰਨਗੇ। ਵਿਆਂਹਦੜ ਇਸ ਮਹੱਤਵਪੂਰਨ ਦਿਨ ਹੀਰਿਆਂ ਅਤੇ ਸੋਨੇ ਦੀ ਕਸ਼ੀਦਾਕਾਰੀ ਵਾਲੀ ਲਾਲ ਸਾੜੀ ਪਹਿਨੇਗੀ ਜਦਕਿ ਸਮਰਾਟ ਆਪਣੀ ਅਮਰੀਕਾ ਰਹਿੰਦੀ ਭੈਣ ਵਲੋਂ ਚੁਣੀ ਹੋਈ ਰਵਾਇਤੀ ਨੇਪਾਲੀ ਪੋਸ਼ਾਕ ਪਹਿਨੇਗਾ। ਰਿਸੈਪਸ਼ਨ ਦੇ ਸਥਾਨ ਬਾਰੇ ਅਜੇ ਫੈਸਲਾ ਕੀਤਾ ਜਾਣਾ ਹੈ ਪਰ ਸੂਤਰਾਂ ਨੇ ਦਾਅਵਾ ਕੀਤਾ ਹੈ ਕਿ ਇਹ ਜੁਹੂ ਮੁੰਬਈ ਵਿਚ ਇਕ ਫਾਈਵ ਸਟਾਰ ਹੋਟਲ ਵਿਖੇ ਹੋਵੇਗੀ। ਸੂਤਰ ਨੇ ਅੱਗੇ ਕਿਹਾ, "ਪਿਛਲੇ ਕੁਝ ਸਾਲ ਅਲੋਪ ਜਿਹੀ ਰਹਿਣ ਵਾਲੀ ਮਨੀਸ਼ਾ ਹੁਣ ਪਰਦੇ ਤੋਂ ਬਾਹਰ ਆ ਗਈ ਹੈ। ਉਹ ਆਪਣੇ ਪੁਰਾਣੇ ਮਿੱਤਰਾਂ ਨਾਲ ਫਿਰ ਸਮਾਜ ਵਿਚ ਵਿਚਰਨ ਲੱਗੀ ਹੈ ਅਤੇ ਨਵੇਂ ਦੋਸਤ ਵੀ ਬਣਾਉਣ ਲੱਗੀ ਹੈ।" ਇਕ ਸੂਤਰ ਨੇ ਮਾਨਿਆ ਦੇ ਹੋਣ ਵਾਲੇ ਸਹੁਰਿਆਂ ਬਾਰੇ ਖੁਲਾਸਾ ਕੀਤਾ ਹੈ, "ਉਹ ਸਮਰਾਟ ਨੂੰ ਅਮਰੀਕਾ ਵਿਚ ਮਿਲੀ ਸੀ। ਉਹ ਨੇਪਾਲ ਵਿਚ ਇਕ ਬਦਲਵੀਂ ਉਰਜਾ ਕੰਪਨੀ ਸਥਾਪਤ ਕਰਨ ਦੀ ਪ੍ਰਕ੍ਰਿਆ ਵਿਚ ਹੈ। ਉਹ ਆਪਣੇ ਮਾਂ-ਬਾਪ ਦੀ ਸਭ ਤੋਂ ਛੋਟੀ ਸੰਤਾਨ ਹੈ। ਉਸ ਦਾ ਸਭ ਤੋਂ ਵੱਡਾ ਭਰਾ ਇਕ ਕਾਠਮੰਡੂ ਅਕਾਦਮੀ ਦਾ ਮੁਖੀ ਹੈ ਅਤੇ ਭੈਣ ਅਮਰੀਕਾ ਵਿਚ ਪੀ.ਐਚ.ਡੀ. ਕਰ ਰਹੀ ਹੈ। ਨੇਪਾਲ ਅਤੇ ਅਮਰੀਕਾ ਦੋਹਾਂ ਦੇਸ਼ਾਂ ਵਿਚ ਉਸ ਦੇ ਮਕਾਨ ਹਨ। ਮਨੀਸ਼ਾ ਨੇ ਹਾਲ ਹੀ ਵਿਚ ਦੀਪਿੰਦਰ ਖਾਨਾਲ ਦੀ ਨੇਪਾਲੀ ਫਿਲਮ 'ਧਰਮਾ' ਪੂਰੀ ਕੀਤੀ ਸੀ। ਉਹ ਅੱਜਕਲ ਇਕ ਤੇਲਗੂ ਫ਼ਿਲਮ ਦੀ ਸ਼ੂਟਿੰਗ ਲਈ ਕੋਚੀਨ ਵਿਖੇ ਹੈ।

## ਨਕਲਚੀ ਸਲਮਾਨ



ਸਲਮਾਨ ਖਾਨ ਦੇ ਸੱਜੇ ਗੁੱਟ 'ਤੇ ਫਿਰੋਜ਼ੀ ਬ੍ਰੈਸਲੇਟ ਹਮੇਸ਼ਾ ਨਜ਼ਰ ਆਉਂਦਾ ਹੈ ਕਿਉਂਕਿ ਸਲਮਾਨ ਇਸ ਨੂੰ ਆਪਣੇ ਲਈ ਕਿਸਮਤ ਵਾਲਾ ਸਮਝਦਾ ਹੈ। ਇਸ ਨੂੰ ਸਲਮਾਨ ਦਾ ਲੱਕੀ ਚਾਰਮ ਮੰਨਿਆ ਜਾਂਦਾ ਹੈ ਅਤੇ ਉਹ ਆਪਣੀਆਂ ਫ਼ਿਲਮਾਂ ਦੀ ਸ਼ੂਟਿੰਗ ਦੌਰਾਨ ਵੀ ਕਦੇ ਇਸ ਨੂੰ ਨਹੀਂ ਲਾਹੁੰਦਾ ਪਰ ਪਹਿਲੀ ਵਾਰ ਫ਼ਿਲਮ 'ਦਬੰਗ' 'ਚ ਇਸ ਤੋਂ ਬਿਨਾਂ ਨਜ਼ਰ ਆਵੇਗਾ।

ਸਲਮਾਨ ਦੇ ਇਕ ਨਜ਼ਦੀਕੀ ਮੁਤਾਬਕ 'ਸਲਮਾਨ ਨੂੰ ਇਸ ਬ੍ਰੈਸਲੇਟ ਨਾਲ ਪਿਆਰ ਹੈ। ਉਸ ਨੇ ਪਿਛਲੇ 15 ਸਾਲਾਂ ਤੋਂ ਵਧੇਰੇ ਸਮੇਂ ਤੋਂ ਇਸ ਨੂੰ ਪਹਿਨਿਆ ਹੋਇਆ ਹੈ ਪਰ ਇਸ ਪਿੱਛੇ ਕੋਈ ਅੰਧ-ਵਿਸ਼ਵਾਸ ਨਹੀਂ ਹੈ। ਸਲਮਾਨ ਨੇ ਇਸ ਨੂੰ ਅਪਣੇ ਲਈ ਇਸ ਲਈ ਖਰੀਦਿਆ ਸੀ ਕਿਉਂਕਿ ਉਸ ਦੇ ਪਿਤਾ ਸਲੀਮ ਖਾਨ ਅਜਿਹਾ ਹੀ ਬ੍ਰੈਸਲੇਟ ਪਹਿਨਦੇ ਹਨ। ਸਲਮਾਨ ਆਪਣੇ ਪਿਤਾ ਨੂੰ ਆਪਣਾ ਹੀਰੋ ਮੰਨਦਾ ਹੈ ਅਤੇ ਉਹ ਜੋ ਕਰਦੇ ਹਨ ਉਹੀ ਕਰਨ ਦੀ ਨਕਲ ਕਰਦਾ ਹੈ।"

'ਦਬੰਗ' 'ਚ ਸਲਮਾਨ ਪੁਲਿਸ ਵਾਲਾ ਬਣਿਆ ਹੈ ਅਤੇ ਇਸ ਕਿਸਮ ਦੀ ਅਸੈਸਰੀ ਉਸ ਦੇ ਰੋਲ ਨਾਲ ਮੇਲ ਨਹੀਂ ਖਾਂਦੀ। 'ਦਬੰਗ' ਦੇ ਨਿਰਦੇਸ਼ਕ ਅਭਿਨਵ ਕਸ਼ਯਪ ਨੇ ਇਸ ਖ਼ਬਰ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਫ਼ਿਲਮ 'ਚ ਸਲਮਾਨ ਆਪਣਾ ਲੱਕੀ ਚਾਰਮ ਨਹੀਂ ਪਹਿਨ ਰਿਹਾ ਕਿਉਂਕਿ ਇਸ 'ਚ ਉਹ ਪੁਲਿਸ ਵਾਲੇ ਦਾ ਰੋਲ ਕਰ ਰਿਹਾ ਹੈ ਅਤੇ ਪੁਲਿਸ ਵਾਲੇ ਸਟੋਨ ਲੱਗੇ ਬ੍ਰੈਸਲੇਟ ਨਹੀਂ ਪਹਿਨਦੇ। ਅਭਿਨਵ ਦਾ ਕਹਿਣਾ ਹੈ ਕਿ ਜਦੋਂ ਉਸ ਨੇ ਸਲਮਾਨ ਨੂੰ ਕਿਹਾ ਕਿ ਉਸ ਨੂੰ ਸ਼ੂਟਿੰਗ ਲਈ ਆਪਣਾ ਲੱਕੀ ਚਾਰਮ ਲਾਹੁਣਾ ਪਵੇਗਾ ਤਾਂ ਉਹ ਖੁਸ਼ੀ-ਖੁਸ਼ੀ ਤਿਆਰ ਹੋ ਗਿਆ ਕਿਉਂਕਿ ਉਹ ਪੂਰੀ ਤਰ੍ਹਾਂ ਪ੍ਰੋਫੈਸ਼ਨਲ ਹੈ।


RANGERS CLUB OF FRESNO
proudly presents...
RANGERS CLUB OF FRESNO
Janice Miller
Satti Satvinder
Gill Hardeep
Ishmeet Nirula
Tania Gill
Geeta Zaildar
VAISAKHI MELA 2010
SUNDAY • JUNE 13TH • 1:00PM
WOODWARD PARK FRESNO
7775 N. FRIANT AVENUE • FRESNO, CA 93720
Tickets $10 & VIP
KBIF 900AM
The Central Valley's Asian Voice
jus punjabi
HOSTS:
HARJINDER KANG & GURDEEP SHERGILL
GRAND SPONSOR
Where there's spirit, there's community
When people come together to celebrate shared beliefs, they create an instant community of the spirit.
Have a joyous Vaisakhi!
wellsfargo.com
WELLS FARGO
OUR SPONSORS
VALLEY PACIFIC
PAPÉ
BUD LIGHT
SHAWN'S REALTY & FINANCE GROUP
BULLDOG FREIGHT WAY
SD TRUCK LINES
COAST TO COAST EXPRESS
METAL CRAFT MCC CONSTRUCTION
PAUL BRAR CERTIFIED PUBLIC ACCOUNTANT
NKRS
AERO TRANSPORT INC
FARMERS
NEW YORK LIFE
TIM'S TRUCK PARKING
BHATTI TRUCKING
WEST STAR ENVIRONMENTAL, INC.
CENTRAL VALLEY TRAILER REPAIR (CVTR)
Chevron
Borrego Springs Bank
ARROW TRUCK SALES
DHILLONS TRUCKING
GANDJ
Budweiser
Kam-Way
ORBITAL TRANSPORTATION FRESNO CA
PLACERS TRUCK & TRAILER SALES
A-1 REALTY
•E Z CARGO
•CALWA SALES
•MAJOR EXPRESS
•S&S TRUCKING
•INFINITY EXPRESS
•SHIFT TRANSPORT
•KST TRANSPORT
•GILL TRANSPORT
•GILL BROS CARRIER (GHALLI)
•STONE TRUCK LINES
•GOLDEN STATE EXPRESS
•LIMO'S BY MULTANI
•NORTH INDIA BAR & GRILL
•SUMEET TRANSPORTATION
559.681.4309 • 559.259.1815
www.thefresnorangers.com

ੴ ਸਤਿਗੁਰ ਪ੍ਰਸਾਦਿ॥

ਸਭਨਾਂ ਧਰਮਾਂ ਅਤੇ ਕੌਮਾਂ ਦੇ ਮਨੁੱਖਾਂ ਨੂੰ ਬਰਾਬਰ ਦਾ ਸਤਿਕਾਰ ਦੇਣ ਵਾਲੇ, ਧਰਮ ਦੇ ਪਾਵਨ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਸਾਈਂ ਮੀਆਂ ਮੀਰ ਤੋਂ ਰਖਵਾਉਣ ਵਾਲੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰਨਾਂ ਫਿਰਕਿਆਂ ਦੇ ਭਗਤਾਂ ਦੀ ਬਾਣੀ ਸ਼ਾਮਲ ਕਰਕੇ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੇ

# ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ

## ਦੇ 404 ਸਾਲਾ ਸ਼ਹੀਦੀ ਦਿਵਸ ਮੌਕੇ

# ਗੁਰਦੁਆਰਾ ਸਾਹਿਬ ਐਲ ਸਬਰਾਂਟੇ


ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਇਸ ਸਾਲ ਵੀ ਸਿਟੀ ਆਫ ਬਰਕਲੇ ਵਿਚ

# 'ਸਰਬ ਧਰਮ ਸਾਂਝੀਵਾਲਤਾ ਨਗਰ ਕੀਰਤਨ'

**ਨਗਰ ਕੀਰਤਨ**
ਸਵੇਰੇ 10:00 ਤੋਂ 4:00 ਵਜੇ ਤੱਕ

**6 ਜੂਨ, 2010 (ਦਿਨ ਐਤਵਾਰ)**

**At Civic Center Park**
on Martin Luther Jr. Way, Berkeley, CA






ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਗੁਰਦੁਆਰਾ ਸਾਹਿਬ ਐਲ ਸਬਰਾਂਟੇ ਵਲੋਂ ਇਲਾਕੇ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ 404 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ 'ਸਰਬ ਧਰਮ ਸਾਂਝੀਵਾਲਤਾ ਨਗਰ ਕੀਰਤਨ' 6 ਜੂਨ, 2010 (ਦਿਨ ਐਤਵਾਰ) ਨੂੰ ਕੱਢਿਆ ਜਾ ਰਿਹਾ ਹੈ। ਇਸ ਨੂੰ ਇਤਿਹਾਸਕ ਬਣਾਉਣ ਲਈ ਪ੍ਰਬੰਧਕਾਂ ਵਲੋਂ ਜੰਗੀ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ। ਇਹ ਨਗਰ ਕੀਰਤਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਇੰਟਰ ਫੇਥ, ਇੰਟਰ ਕਾਸਟ ਅਤੇ ਮਨੁੱਖਤਾ ਦੀ ਭਲਾਈ ਲਈ ਪਾਏ ਗਏ ਯੋਗਦਾਨ ਨੂੰ ਸਮਰਪਿਤ ਹੋਵੇਗਾ। ਸਮੂਹ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸੰਗਤਾਂ ਨੂੰ ਇਸ ਨਗਰ ਕੀਰਤਨ ਵਿਚ ਸ਼ਾਮਲ ਹੋਣ ਲਈ ਨਿਮਰਤਾ ਸਹਿਤ ਬੇਨਤੀ ਹੈ ਜੀ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਫਰੀ ਪਾਰਕਿੰਗ ਦਾ ਪ੍ਰਬੰਧ ਹੋਵੇਗਾ।

For any questions or comments, please contact: sikhcenterbayarea@sbcglobal.net

**ਸੰਗਤਾਂ ਦੇ ਦਾਸ**


ਪ੍ਰਧਾਨ-ਗੁਰਬਚਨ ਸਿੰਘ 510-334-3225

ਮੀਤ ਪ੍ਰਧਾਨ-ਝਿਰਮਲ ਸਿੰਘ 510-910-3966

ਸਕੱਤਰ-ਗੁਰਮੇਲ ਸਿੰਘ ਸੈਣੀ 510-672-1605

ਮੀਤ ਸਕੱਤਰ-ਰਵਿੰਦਰ ਸਿੰਘ ਬਾਠ 925-323-8626

ੴ ਸਤਿਗੁਰ ਪ੍ਰਸਾਦਿ॥

# ਸ਼ਹੀਦੀ ਦਿਹਾੜਾ

# ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

## ਐਤਵਾਰ, 13 ਜੂਨ, 2010

ਜੂਨ 1984 ਵਿਚ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦਾ ਸ਼ਹੀਦੀ ਦਿਹਾੜਾ ਮਨਾਉਂਦੇ ਹੋਏ ਬੇ-ਕਸੂਰ ਅਤੇ ਨਿਹੱਥੇ ਸਿੰਘਾਂ-ਸਿੰਘਣੀਆਂ 'ਤੇ ਹਿੰਦੋਸਤਾਨ ਦੀ ਬ੍ਰਾਹਮਣ ਸਰਕਾਰ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੀਤੇ ਗਏ ਖੂਨੀ ਸਾਕੇ ਵਿਚ ਸ਼ਹੀਦ ਹੋਏ ਸਮੂਹ ਸਿੰਘਾਂ-ਸਿੰਘਣੀਆਂ ਤੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਸ਼ਹਾਦਤ ਦਾ 26ਵਾਂ ਸ਼ਹੀਦੀ ਪੁਰਬ ਮਨਾਉਂਦਿਆਂ ਹੋਇਆਂ

## ਗੁਰਦੁਆਰਾ ਸਟਾਕਟਨ ਵਿਖੇ

ਜੋ ਗਦਰੀ ਬਾਬਿਆਂ ਦਾ ਪਵਿਤਰ ਅਸਥਾਨ, ਜੋ ਨਾਰਥ ਅਮਰੀਕਾ ਦਾ ਪਹਿਲਾ ਗੁਰੂ ਘਰ ਹੈ ਜਿਸ ਗੁਰੂ ਘਰ ਤੋਂ ਹਿੰਦੋਸਤਾਨ ਦੀ ਆਜ਼ਾਦੀ ਲਈ ਸੰਘਰਸ਼ ਅਰੰਭ ਕਰਨ ਲਈ ਗਦਰੀ ਬਾਬਿਆਂ ਵਲੋਂ ਅਰੰਭੇ ਹੋਏ ਸੰਘਰਸ਼ ਵਿਚ ਆਪਣੀਆਂ ਜਾਨਾਂ ਵਾਰੀਆਂ ਸਨ, ਉਸ ਅਸਥਾਨ ਵਿਖੇ ਜੂਨ 11, 12 ਅਤੇ 13, 2010 ਨੂੰ ਸ਼ਹੀਦਾਂ ਦੀ ਯਾਦ ਮਨਾਈ ਜਾ ਰਹੀ ਹੈ। ਇਸ ਸਬੰਧੀ ਸ੍ਰੀ ਅਖੰਡ ਪਾਠ ਅਰੰਭ ਕੀਤੇ ਜਾ ਰਹੇ ਹਨ ਜਿਨ੍ਹਾਂ ਦਾ ਭੋਗ 13 ਜੂਨ, 2010 (ਦਿਨ ਐਤਵਾਰ) ਨੂੰ ਸਵੇਰੇ 11 ਵਜੇ ਪਾਏ ਜਾ ਰਹੇ ਹਨ।



ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

## ਪ੍ਰੋਗਰਾਮ ਦਾ ਵੇਰਵਾ

**ਅਰੰਭ ਸ੍ਰੀ ਅਖੰਡ ਪਾਠ**
11 ਜੂਨ, 2010
**ਭੋਗ ਸ੍ਰੀ ਅਖੰਡ ਪਾਠ**
13 ਜੂਨ, 2010
**ਉਪਰੰਤ ਕੀਰਤਨ**

ਇਹ ਤਿੰਨੇ ਦਿਨ:
*ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਪਰਪਾਲ ਸਿੰਘ ਜੀ ਦਾ ਜਥਾ ਸੰਗਤਾਂ ਨੂੰ ਸ਼ਬਦ ਕੀਰਤਨ ਨਾਲ ਨਿਹਾਲ ਕਰੇਗਾ।
*ਭਾਈ ਰਾਮ ਸਿੰਘ ਦਮਦਮੀ ਟਕਸਾਲ ਕਥਾ-ਕੀਰਤਨ ਦਾ ਪਰਵਾਹ ਚਲਾਉਣਗੇ
*ਭਾਈ ਕੁਲਵੰਤ ਸਿੰਘ ਬੀ.ਏ. ਦਾ ਢਾਡੀ ਜਥਾ ਬੀਰ ਰਸੀ ਵਾਰਾਂ ਗਾ ਕੇ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜੇਗਾ
*ਪੰਥਕ ਬੁਲਾਰੇ ਸੰਗਤਾਂ ਨੂੰ ਸੰਬੋਧਨ ਕਰਨਗੇ।
*ਕਵੀਸ਼ਰੀ ਜਥੇ ਵੀ ਸੰਗਤਾਂ ਨੂੰ ਨਿਹਾਲ ਕਰਨਗੇ।
*ਪਾਰਕਿੰਗ ਤੇ ਸਕਿਓਰਿਟੀ ਦਾ ਖਾਸ ਪ੍ਰਬੰਧ ਹੈ।

ਜਾਰੀ ਕਰਤਾ

## ਸਮੂਹ ਸਾਧ ਸੰਗਤ ਤੇ ਪ੍ਰਬੰਧਕ ਕਮੇਟੀ, ਗੁਰਦੁਆਰਾ ਸਟਾਕਟਨ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

ਪ੍ਰਧਾਨ-ਭਾਈ ਮਨਜੀਤ ਸਿੰਘ ਉਪਲ
ਫੋਨ 209-649-2767

ਸਕੱਤਰ-ਭਾਈ ਅਮਰਜੀਤ ਸਿੰਘ ਤੁੰਗ
ਫੋਨ 209-954-2881

ਭਾਈ ਗੁਲਭਿੰਦਰ ਸਿੰਘ ਭਿੰਦਾ
ਫੋਨ 209-487-3699